ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Saturday, 2 August, 2025) ਪਟਿਆਲਾ ਸ਼ਨੀਵਾਰ, 2 ਅਗਸਤ, 2025, 18 ਸਾਵਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 212 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਬਿਹਾਰ 'ਚ ਡਰਾਫਟ ਵੋਟਰ ਸੂਚੀ ਜਾਰੀ, ਸਿਆਸੀ ਦਲਾਂ ਨੂੰ ਦਿੱਤੀ ਕਾਪੀ

ਨਵੀਂ ਦਿੱਲੀ, 1 ਅਗਸਤ(ਚੜ੍ਹਦੀਕਲਾ ਬਿਊਰੋ) : ਚੋਣ ਕਮਿਸ਼ਨ ਨੇ ਬਿਹਾਰ 'ਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮਹੀਨਾ ਭਰ ਚੱਲਣ ਵਾਲੀ ਵਿਸ਼ੇਸ਼ ਤੀਬਰ ਸੋਧ (ਐੱਸ ਆਈ ਆਰ) ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ ਸ਼ੁੱਕਰਵਾਰ ਨੂੰ ਰਾਜ ਲਈ ਡਰਾਫਟ ਵੋਟਰ ਸੂਚੀਆਂ ਪ੍ਰਕਾਸ਼ਤ ਕੀਤੀਆਂ। ਕੋਈ ਸੰਕਲਿਤ ਸੂਚੀ ਉਪਲਬਧ ਨਹੀਂ ਕਰਵਾਈ ਗਈ ਹੈ, ਪਰ ਵੋਟਰ ਚੋਣ ਕਮਿਸ਼ਨ ਦੀ ਵੈੱਬਸਾਈਟ 'ਤੇ ਆਪਣੇ ਨਾਮ ਚੈੱਕ ਕਰ ਸਕਦੇ ਹਨ।ਚੋਣ ਕਮਿਸ਼ਨ ਦੇ ਅਨੁਸਾਰ ਜੂਨ 'ਚ (ਬਾਕੀ ਸਫ਼ਾ 2 'ਤੇ)

## ਪੰਜਾਬ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ 'ਨਸ਼ਾ ਰੋਕਥਾਮ' ਪਾਠਕ੍ਰਮ, ਮਾਨ ਵੱਲੋਂ ਸ਼ੁਰੂਆਤ



ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ
================

ਅਰਨੀਵਾਲਾ (ਫਾਜ਼ਿਲਕਾ),1 ਅਗਸਤ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ ਇਕ ਮਿਸਾਲੀ ਪਹਿਲਕਦਮੀ ਤਹਿਤ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖ਼ਤਰੇ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ 'ਨਸ਼ਿਆਂ ਖ਼ਿਲਾਫ਼ ਜੰਗ' ਤਹਿਤ ਸਕੂਲੀ ਪਾਠਕ੍ਰਮ ਜਾਰੀ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਪੰਜਾਬ ਦੇ ਇਸ ਸਰਹੱਦੀ ਜ਼ਿਲ੍ਹੇ ਤੋਂ ਸੂਬੇ ਦੀ ਨਸ਼ਿਆਂ ਖ਼ਿਲਾਫ਼ ਜੰਗ ਵਿੱਚ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਪੰਜਾਬ ਦੀ ਜੰਗ ਫੈਸਲਾਕੁੰਨ ਮੋੜ ਉੱਤੇ ਪੁੱਜ ਗਈ ਹੈ ਅਤੇ ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤੀਜੇ ਪੜਾਅ ਤਹਿਤ ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਲਈ ਸਾਰੇ ਸਰਕਾਰੀ ਸਕੂਲਾਂ ਵਿੱਚ ਵਿਸ਼ੇਸ਼ ਪਾਠਕ੍ਰਮ ਲਿਆਂਦਾ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਪਾਠਕ੍ਰਮ ਰਾਹੀਂ ਇਨ੍ਹਾਂ ਜਮਾਤਾਂ ਦੇ ਅੱਠ ਲੱਖ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਇਆ ਜਾਵੇਗਾ ਅਤੇ ਨਸ਼ੇ ਦੇ (ਬਾਕੀ ਸਫ਼ਾ 2 'ਤੇ)

## ਉਪ ਰਾਸ਼ਟਰਪਤੀ ਦੀ ਚੋਣ 9 ਸਤੰਬਰ ਨੂੰ: ਚੋਣ ਕਮਿਸ਼ਨ

ਨਵੀਂ ਦਿੱਲੀ, 1 ਅਗਸਤ(ਚੜ੍ਹਦੀਕਲਾ ਬਿਊਰੋ) : ਦੇਸ਼ ਦੇ ਦੂਜੇ ਸਭ ਤੋਂ ਉੱਚੇ ਸੰਵਿਧਾਨਕ ਅਹੁਦੇ ਉਪ ਰਾਸ਼ਟਰਪਤੀ ਦੀ ਚੋਣ ਲਈ ਮੰਚ ਤਿਆਰ ਹੋ ਗਿਆ ਹੈ। ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਚੋਣ ਪ੍ਰੋਗਰਾਮ ਲਈ ਤਰੀਕਾਂ ਐਲਾਨ ਦਿੱਤੀਆਂ ਹਨ। ਚੋਣਾਂ ਲਈ ਨੋਟੀਫਿਕੇਸ਼ਨ 7 ਅਗਸਤ ਨੂੰ ਜਾਰੀ ਕੀਤਾ ਜਾਵੇਗਾ, ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖਰੀ ਮਿਤੀ 21 ਅਗਸਤ, ਪੜਤਾਲ ਦੀ ਆਖਰੀ ਮਿਤੀ 22 ਅਗਸਤ ਅਤੇ ਜੇ ਜ਼ਰੂਰੀ ਹੋਇਆ ਤਾਂ ਵੋਟਿੰਗ ਦੀ ਮਿਤੀ 9 ਸਤੰਬਰ ਹੋਵੇਗੀ। ਚੋਣ ਕਮਿਸ਼ਨ ਨੇ ਕਿਹਾ ਕਿ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 25 ਅਗਸਤ ਹੋਵੇਗੀ।

ਜੇਕਰ ਇੱਕ ਤੋਂ ਵੱਧ ਉਮੀਦਵਾਰ ਹਨ ਤਾਂ 9 ਸਤੰਬਰ ਨੂੰ ਵੋਟਾਂ ਪੈਣਗੀਆਂ ਅਤੇ ਵੋਟਾਂ ਦੀ ਗਿਣਤੀ ਉਸੇ ਤਰੀਕ ਨੂੰ ਹੋਵੇਗੀ। ਇਸ ਦੌਰਾਨ ਵਿਰੋਧੀ ਧਿਰਾਂ ਦੇ ਇੰਡੀਆ ਗੱਠਜੋੜ ਨੇ ਕਿਹਾ ਹੈ ਕਿ ਉਹ ਇੱਕ ਸਾਂਝਾ ਉਮੀਦਵਾਰ ਖੜ੍ਹਾ ਕਰਨਗੇ। ਉਧਰ ਭਾਜਪਾ ਨੇ ਅਜੇ ਤੱਕ ਇਸ ਮੁੱਦੇ 'ਤੇ ਸਹਿਯੋਗੀਆਂ ਨਾਲ ਚਰਚਾ ਸ਼ੁਰੂ ਨਹੀਂ ਕੀਤੀ ਹੈ, ਅਤੇ ਸੂਤਰਾਂ ਨੇ ਦੱਸਿਆ ਕਿ ਚਰਚਾ ਅਗਲੇ ਹਫ਼ਤੇ ਹੋਵੇਗੀ। ਜਗਦੀਪ ਧਨਖੜ ਨੇ 11 ਅਗਸਤ, 2022 ਨੂੰ ਭਾਰਤ ਦੇ 14ਵੇਂ ਉਪ ਰਾਸ਼ਟਰਪਤੀ ਅਤੇ ਰਾਜ ਸਭਾ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ ਸੀ। ਉਨ੍ਹਾਂ ਐੱਮ ਵੈਂਕਈਆ ਨਾਇਡੂ ਦੀ ਥਾਂ ਲਈ ਸੀ। ਧਨਖੜ ਨੇ 21 ਜੁਲਾਈ ਨੂੰ ਖ਼ਰਾਬ ਸਿਹਤ ਦੇ ਹਵਾਲੇ ਨਾਲ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਜਿਸ ਕਾਰਨ ਚੋਣ ਕਰਵਾਉਣ ਦੀ ਲੋੜ ਪਈ। ਨਵੇਂ ਚੁਣੇ ਜਾਣ ਵਾਲੇ ਉਪ ਰਾਸ਼ਟਰਪਤੀ ਦਾ ਕਾਰਜਕਾਲ ਅਹੁਦਾ ਸੰਭਾਲਣ ਦੀ ਮਿਤੀ ਤੋਂ ਪੂਰੇ ਪੰਜ ਸਾਲ ਲਈ ਹੋਵੇਗਾ।

# ਵਿਰੋਧੀ ਧਿਰਾਂ ਵੱਲੋਂ 'ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ' ਲੈ ਕੇ ਹੰਗਾਮਾ

### ਲੋਕ ਸਭਾ ਤੇ ਰਾਜ ਸਭਾ ਪੂਰੇ ਦਿਨ ਲਈ ਮੁਲਤਵੀ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 1 ਅਗਸਤ:ਵਿਰੋਧੀ ਧਿਰਾਂ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦੇ ਅਮਲ ਉੱਤੇ ਚਰਚਾ ਦੀ ਮੰਗ ਨੂੰ ਲੈ ਕੇ ਅੱਜ ਵੀ ਬਜ਼ਿੱਦ ਰਹੀਆਂ। ਵਿਰੋਧੀ ਧਿਰਾਂ ਵੱਲੋਂ ਪਾਏ ਰੌਲੇ ਰੱਪੇ ਕਰਕੇ ਸ਼ੁੱਕਰਵਾਰ ਨੂੰ ਵੀ ਉਪਰਲੇ ਸਦਨ ਦੀ ਕਾਰਵਾਈ ਵਿਚ ਅੜਿੱਕਾ ਪਿਆ। ਸਦਨ ਦੀ ਕਾਰਵਾਈ ਪਹਿਲਾਂ 12 ਵਜੇ ਤੱਕ ਤੇ ਮੁੜ ਕੇ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ ਗਈ। ਸਦਨ ਹੁਣ ਸੋਮਵਾਰ ਨੂੰ ਸਵੇਰੇ 11 ਵਜੇ ਮੁੜ ਜੁੜੇਗਾ।



ਇਸ ਤੋਂ ਪਹਿਲਾਂ ਅੱਜ ਸਵੇਰੇ ਜਿਵੇਂ ਹੀ ਸਦਨ ਦੀ ਕਾਰਵਾਈ ਸ਼ੁਰੂ ਹੋਈ ਤਾਂ ਸੂਚੀਬੱਧ ਪੇਪਰਾਂ ਨੂੰ ਪੇਸ਼ ਕੀਤੇ ਜਾਣ ਤੋਂ ਫੌਰੀ ਮਗਰੋਂ ਡਿਪਟੀ ਚੇਅਰਮੈਨ ਹਰਿਵੰਸ਼ ਨੇ ਕਿਹਾ ਕਿ ਉਨ੍ਹਾਂ ਨੂੰ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ, ਦੂਜੇ ਰਾਜਾਂ ਵਿੱਚ ਬੰਗਾਲੀ ਪਰਵਾਸੀ ਕਾਮਿਆਂ ਨਾਲ ਕਥਿਤ ਵਿਤਕਰਾ, ਭਾਰਤੀ ਦਰਾਮਦਾਂ 'ਤੇ 25 ਫੀਸਦੀ ਟੈਰਿਫ ਲਗਾਉਣ ਦੇ ਅਮਰੀਕੀ ਫੈਸਲੇ ਦਾ ਪ੍ਰਭਾਵ, ਅਤੇ ਭਾਰਤੀ ਆਈਟੀ ਖੇਤਰ ਵਿੱਚ ਵੱਡੇ ਪੱਧਰ 'ਤੇ ਛਾਂਟੀ ਆਦਿ ਮਸਲਿਆਂ 'ਤੇ ਚਰਚਾ ਲਈ ਨਿਯਮ 267 ਤਹਿਤ 30 ਮੁਲਤਵੀ ਨੋਟਿਸ ਮਿਲੇ ਹਨ। ਉਨ੍ਹਾਂ ਕਿਹਾ ਕਿ ਕਿਉਂਕਿ ਨੋਟਿਸ ਚੇਅਰ ਵੱਲੋਂ ਦਿੱਤੇ ਗਏ ਵਿਸਤ੍ਰਿਤ ਨਿਰਦੇਸ਼ਾਂ ਅਨੁਸਾਰ ਨਹੀਂ ਹਨ, ਇਸ ਲਈ ਉਨ੍ਹਾਂ ਨੂੰ ਰੱਦ ਕਰ ਦਿੱਤਾ ਗਿਆ। ਵਿਰੋਧੀ ਧਿਰ ਨੇ ਚੇਅਰਪਰਸਨ ਦੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਨਾਅਰੇਬਾਜ਼ੀ ਕੀਤੀ। ਕਈ ਮੈਂਬਰ ਸਦਨ ਦੇ ਐਨ ਵਿਚਾਲੇ ਆ ਗਏ।

ਚੇਅਰਪਰਸਨ ਨੇ ਆਰਜੇਡੀ ਦੇ ਮਨੋਜ ਕੁਮਾਰ ਝਾਅ ਨੂੰ ਬੋਲਣ ਦੀ ਇਜਾਜ਼ਤ ਦਿੱਤੀ, ਜਿਨ੍ਹਾਂ ਚੇਅਰਪਰਸਨ ਨੂੰ ਐਸ.ਆਈ.ਆਰ. 'ਤੇ ਚਰਚਾ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ। ਹਰਿਵੰਸ਼ ਨੇ ਕਿਹਾ ਕਿ ਕਿਉਂਕਿ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ, ਇਸ ਲਈ ਉਹ ਇਸ 'ਤੇ ਚਰਚਾ ਦੀ ਇਜਾਜ਼ਤ ਨਹੀਂ ਦੇ ਸਕਦੇ। ਉਨ੍ਹਾਂ ਕਿਹਾ, "ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ ਅਤੇ ਇਸ ਸਦਨ ਦੇ ਨਿਯਮ ਬਹੁਤ ਸਪੱਸ਼ਟ ਹਨ। ਮੈਂ (ਚਰਚਾ) ਦੀ ਇਜਾਜ਼ਤ ਨਹੀਂ ਦੇ ਸਕਦਾ।" ਉਨ੍ਹਾਂ ਪ੍ਰਦਰਸ਼ਨਕਾਰੀ ਮੈਂਬਰਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਕੀਤੀ ਅਤੇ 'ਆਪ' ਦੇ ਅਸ਼ੋਕ ਕੁਮਾਰ ਮਿੱਤਲ ਨੂੰ ਸਿਫ਼ਰ ਕਾਲ ਦੌਰਾਨ ਆਪਣੀ ਗੱਲ ਰੱਖਣ ਲਈ ਬੁਲਾਇਆ। ਹਾਲਾਂਕਿ ਵਿਰੋਧੀ ਧਿਰਾਂ ਦਾ ਪ੍ਰਦਰਸ਼ਨ ਜਾਰੀ ਰਿਹਾ। ਚੇਅਰਪਰਸਨ ਦੀਆਂ ਸੁਚਾਰੂ ਕੰਮਕਾਜ ਯਕੀਨੀ ਬਣਾਉਣ ਲਈ ਵਾਰ-ਵਾਰ ਕੀਤੀਆਂ ਅਪੀਲਾਂ ਦਾ ਵਿਰੋਧੀ ਧਿਰਾਂ 'ਤੇ ਕੋਈ ਅਸਰ ਨਹੀਂ ਪਿਆ ਤੇ ਸਦਨ ਦੀ ਕਾਰਵਾਈ ਨੂੰ 11 ਮਿੰਟਾਂ ਅੰਦਰ ਹੀ 12 ਵਜੇ ਤੱਕ ਲਈ ਮੁਲਤਵੀ ਕਰ (ਬਾਕੀ ਸਫ਼ਾ 2 'ਤੇ)

## ਗੁਰਦਾਸਪੁਰ ਤੋਂ ਕਾਂਗਰਸੀ ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਦੇ ਪੁੱਤਰ ਨੂੰ ਜਾਨੋਂ ਮਾਰਨ ਦੀ ਧਮਕੀ

ਚੜ੍ਹਦੀਕਲਾ ਬਿਊਰੋ
================

ਅੰਮ੍ਰਿਤਸਰ , 1 ਅਗਸਤ: ਗੁਰਦਾਸਪੁਰ ਤੋਂ ਲੋਕ ਸਭਾ ਮੈਂਬਰ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ ਸਾਂਝੀ ਕਰਕੇ ਦਾਅਵਾ ਕੀਤਾ ਹੈ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਉਨ੍ਹਾਂ ਦੇ ਪੁੱਤਰ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਰੰਧਾਵਾ ਨੇ ਐਕਸ 'ਤੇ ਇਕ ਪੋਸਟ ਵਿਚ ਲਿਖਿਆ ਕਿ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਵਿਦੇਸ਼ ਵਿਚ ਪੜ੍ਹ ਰਹੇ ਉਨ੍ਹਾਂ ਦੇ ਪੁੱਤਰ ਉਦੈਵੀਰ ਸਿੰਘ ਰੰਧਾਵਾ ਨੂੰ ਇਹ ਧਮਕੀ ਦਿੱਤੀ ਹੈ। ਰੰਧਾਵਾ ਨੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਤੇ ਪੁਲਿਸ ਤੋਂ ਫੌਰੀ ਕਾਰਵਾਈ ਦੀ ਮੰਗ ਕੀਤੀ ਹੈ। ਰੰਧਾਵਾ ਨੇ ਕਿਹਾ ਕਿ ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ ਤੇ ਅਜਿਹੀਆਂ ਘਟਨਾਵਾਂ ਕਰਕੇ ਆਮ ਲੋਕਾਂ ਵਿਚ ਡਰ ਦਾ ਮਾਹੌਲ ਬਣ ਰਿਹਾ ਹੈ।



ਰੰਧਾਵਾ ਨੇ ਵੀਰਵਾਰ ਦੇਰ ਰਾਤ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਉਨ੍ਹਾਂ ਦੇ ਪੁੱਤਰ ਨੂੰ ਮਿਲਣ ਤੋਂ ਸਿਰਫ਼ ਇੱਕ ਘੰਟੇ ਬਾਅਦ ਹੀ ਉਸ 'ਤੇ ਗੋਲੀਬਾਰੀ ਕੀਤੀ ਗਈ ਅਤੇ ਗੈਂਗਸਟਰ ਨੇ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ। ਸੁਖਜਿੰਦਰ ਰੰਧਾਵਾ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਨੂੰ ਗੈਂਗਸਟਰਾਂ ਦਾ ਅੱਡਾ (ਬਾਕੀ ਸਫ਼ਾ 2 'ਤੇ)

# ਚੋਣ ਕਮਿਸ਼ਨ 'ਵੋਟ ਚੋਰੀ' ਵਿੱਚ ਸ਼ਾਮਲ: ਰਾਹੁਲ ਗਾਂਧੀ

### ਸਾਡੇ ਕੋਲ 'ਐਟਮ ਬੰਬ' ਵਾਂਗ ਪੱਕੇ ਸਬੂਤ...

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 1 ਅਗਸਤ: ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਦਾਅਵਾ ਕੀਤਾ ਕਿ ਚੋਣ ਕਮਿਸ਼ਨ ਭਾਜਪਾ ਲਈ 'ਵੋਟ ਚੋਰੀ' ਵਿਚ ਸ਼ਾਮਲ ਹੈ ਤੇ ਉਨ੍ਹਾਂ ਦੀ ਪਾਰਟੀ ਕੋਲ ਇਸ ਬਾਰੇ 'ਐਟਮ ਬੰਬ' ਵਾਂਗ ਪੱਕੇ ਸਬੂਤ ਹਨ। ਗਾਂਧੀ ਨੇ ਕਿਹਾ ਕਿ 'ਜਿਸ ਦਿਨ ਇਹ ਬੰਬ ਫਟਿਆ' ਉਸ ਦਿਨ ਚੋਣ ਕਮਿਸ਼ਨ ਨੂੰ ਮੂੰਹ ਲੁਕਾਉਣ ਲਈ ਕੋਈ ਥਾਂ ਨਹੀਂ ਲੱਭਣੀ।

ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੇ ਇਥੇ ਸੰਸਦੀ ਕੰਪਲੈਕਸ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਮੈਂ ਕਿਹਾ ਸੀ ਕਿ 'ਵੋਟ ਚੋਰੀ' ਹੋ ਰਹੀ ਹੈ ਤੇ ਹੁਣ ਸਾਡੇ ਕੋਲ ਇਸ ਬਾਰੇ ਪੱਕੇ ਸਬੂਤ ਹਨ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿਚ ਸ਼ਾਮਲ ਹੈ। ਉਨ੍ਹਾਂ ਕਿਹਾ, "ਮੈਂ ਇਹ ਮਜ਼ਾਕ ਵਿਚ ਨਹੀਂ ਕਹਿ ਰਿਹਾ। ਮੈਂ 100 ਫੀਸਦ ਸਬੂਤ ਨਾਲ ਇਹ ਗੱਲ ਕਹਿ ਰਿਹਾ ਹਾਂ। ਜਿਵੇਂ ਹੀ ਅਸੀਂ ਇਹ ਸਬੂਤ ਨਸ਼ਰ ਕੀਤੇ, ਪੂਰੇ ਦੇਸ਼ ਨੂੰ ਪਤਾ ਲੱਗ ਜਾਵੇਗਾ ਕਿ ਚੋਣ ਕਮਿਸ਼ਨ 'ਵੋਟ ਚੋਰੀ' ਵਿਚ ਸ਼ਾਮਲ ਹੈ। ਉਹ ਭਾਜਪਾ ਲਈ ਇਹ ਕਰ ਰਿਹਾ ਹੈ।" ਗਾਂਧੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਪਿਛਲੇ ਸਾਲ ਮੱਧ ਪ੍ਰਦੇਸ਼ ਅਸੈਂਬਲੀ ਚੋਣਾਂ ਵਿਚ ਚੋਣ ਬੇਨਿਯਮੀਆਂ ਦਾ ਸ਼ੱਕ ਹੋਇਆ ਸੀ, ਫਿਰ ਲੋਕ ਸਭਾ ਚੋਣਾਂ ਤੇ ਮਹਾਰਾਸ਼ਟਰ ਚੋਣਾਂ ਵਿਚ ਇਹ ਹੋਰ ਵਧ ਗਿਆ।



ਗਾਂਧੀ ਨੇ ਕਿਹਾ, "ਸਾਡਾ ਮੰਨਣਾ ਹੈ ਕਿ ਵੋਟ ਚੋਰੀ ਸੂਬਾਈ ਪੱਧਰ 'ਤੇ (ਮਹਾਰਾਸ਼ਟਰ ਵਿੱਚ) ਹੋਈ ਹੈ। ਵੋਟਰਾਂ ਦੀ ਸੋਧ ਹੋਈ ਸੀ ਅਤੇ ਕਰੋੜਾਂ ਵੋਟਰ ਸ਼ਾਮਲ ਕੀਤੇ ਗਏ ਸਨ। ਚੋਣ ਕਮਿਸ਼ਨ ਨੇ ਕੋਈ ਹੱਥ ਪੱਲਾ ਨਹੀਂ ਫੜਾਇਆ ਤਾਂ ਅਸੀਂ ਆਪਣੇ ਪੱਧਰ 'ਤੇ ਜਾਂਚ ਕੀਤੀ ਤੇ ਇਸ ਦੀ ਹੋਰ ਡੂੰਘਾਈ ਨਾਲ ਜਾਂਚ ਕਰਨ ਦਾ ਫੈਸਲਾ ਕੀਤਾ।"

ਉਨ੍ਹਾਂ ਕਿਹਾ, "ਅਸੀਂ ਆਪਣੀ ਜਾਂਚ ਖ਼ੁਦ ਕਰਵਾਈ, ਇਸ ਵਿੱਚ ਛੇ ਮਹੀਨੇ ਲੱਗੇ ਅਤੇ ਜੋ ਸਾਨੂੰ ਮਿਲਿਆ ਹੈ ਉਹ ਇੱਕ ਐਟਮ ਬੰਬ ਹੈ। ਜਦੋਂ ਇਹ ਫਟਿਆ ਤਾਂ ਚੋਣ ਕਮਿਸ਼ਨ ਕੋਲ ਦੇਸ਼ ਵਿੱਚ ਸਿਰ ਲੁਕਾਉਣ ਲਈ ਕੋਈ ਥਾਂ ਨਹੀਂ ਹੋਵੇਗੀ।" ਕਾਂਗਰਸ ਆਗੂ ਨੇ ਚੇਤਾਵਨੀ (ਬਾਕੀ ਸਫ਼ਾ 2 'ਤੇ)

*ਟਰੰਪ ਵੱਲੋਂ ਟੈਕਸ ਸੂਚੀ ਜਾਰੀ*

## ਭਾਰਤ 'ਤੇ 25 ਫ਼ੀਸਦੀ ਟੈਕਸ ਜਦਕਿ ਪਾਕਿ ਨੂੰ 10 ਫ਼ੀਸਦੀ ਦੀ ਰਿਆਇਤ




ਚੜ੍ਹਦੀਕਲਾ ਬਿਊਰੋ
================

ਨਿਊਯਾਰਕ/ਵਾਸ਼ਿੰਗਟਨ, 1 ਅਗਸਤ: ਅਮਰੀਕਾ ਵੱਲੋਂ ਦੁਨੀਆਂ ਭਰ ਦੇ ਦੇਸ਼ਾਂ ਤੋਂ ਹੋਣ ਵਾਲੇ ਨਿਰਯਾਤ 'ਤੇ ਲਗਾਏ ਜਾ ਰਹੇ ਟੈਕਸਾਂ ਦੀ ਇੱਕ ਵਿਸਤ੍ਰਿਤ ਸੂਚੀ ਜਾਰੀ ਕੀਤੀ ਗਈ ਹੈ। ਜਿਸ ਵਿਚ ਅਮਰੀਕਾ ਨੇ ਭਾਰਤ 'ਤੇ 25 ਫੀਸਦੀ ਟੈਕਸ ਲਗਾਉਣ ਦਾ ਐਲਾਨ ਕੀਤਾ ਹੈ। ਖਾਸ ਗੱਲ ਇਹ ਹੈ ਕਿ ਗੁਆਂਢੀ ਦੇਸ਼ ਪਾਕਿਸਤਾਨ ਅਤੇ ਸ੍ਰੀਲੰਕਾ ਦੇ ਮੁਕਾਬਲੇ ਭਾਰਤ 'ਤੇ ਜ਼ਿਆਦਾ ਟੈਕਸ ਲਗਾਇਆ ਗਿਆ ਹੈ।

ਆਪਸੀ ਟੈਕਸ ਦਰਾਂ ਵਿੱਚ ਹੋਰ ਸੋਧ ਸਿਰਲੇਖ ਵਾਲੇ ਇੱਕ ਸਰਕਾਰੀ ਹੁਕਮ ਵਿੱਚ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆਂ ਭਰ ਦੇ ਲਗਭਗ 70 ਦੇਸ਼ਾਂ ਲਈ (ਬਾਕੀ ਸਫ਼ਾ 2 'ਤੇ)

## ਜ਼ਰੂਰੀ ਮੁਰੰਮਤ ਕਾਰਜਾਂ ਕਾਰਨ ਅਮਰਨਾਥ ਯਾਤਰਾ ਭਲਕੇ ਤੱਕ ਮੁਅੱਤਲ



ਸ੍ਰੀਨਗਰ/ਜੰਮੂ, 1 ਅਗਸਤ (ਚੜ੍ਹਦੀਕਲਾ ਬਿਊਰੋ) : ਭਾਰੀ ਮੀਂਹ ਤੋਂ ਬਾਅਦ ਯਾਤਰਾ ਦੇ ਦੋਵਾਂ ਰਸਤਿਆਂ 'ਤੇ ਜ਼ਰੂਰੀ ਮੁਰੰਮਤ ਅਤੇ ਰੱਖ-ਰਖਾਅ ਦੇ ਕੰਮ ਕੀਤੇ ਜਾਣ ਕਾਰਨ ਸ਼ਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਾਲਾਨਾ ਅਮਰਨਾਥ ਯਾਤਰਾ ਨੂੰ ਸ਼ੁੱਕਰਵਾਰ ਨੂੰ 3 ਅਗਸਤ ਤੱਕ ਮੁਅੱਤਲ ਕਰ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਸਵੇਰੇ ਪਹਿਲਗਾਮ ਰੂਟ ਤੋਂ ਯਾਤਰਾ ਮੁਅੱਤਲ ਰਹੀ ਅਤੇ ਸ਼ਰਧਾਲੂਆਂ ਦੇ ਕਿਸੇ ਵੀ ਨਵੇਂ ਜਥੇ ਨੂੰ ਪਵਿੱਤਰ ਗੁਫਾ ਵੱਲ ਜਾਣ ਦੀ (ਬਾਕੀ ਸਫ਼ਾ 2 'ਤੇ)

## ਦਲ ਬਦਲੀ ਨਾਲ ਕਮਜ਼ੋਰ ਹੁੰਦੈ ਲੋਕਤੰਤਰ, ਇਸ ਨੂੰ ਰੋਕਣਾ ਜ਼ਰੂਰੀ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 1 ਅਗਸਤ:ਸੁਪਰੀਮ ਕੋਰਟ ਨੇ ਤੇਲੰਗਾਨਾ ਵਿਧਾਨ ਸਭਾ ਸਪੀਕਰ ਨੂੰ ਹੁਕਮ ਦਿੱਤਾ ਹੈ ਕਿ ਉਹ ਸੱਤਾਧਾਰੀ ਕਾਂਗਰਸ ਵਿਚ ਸ਼ਾਮਲ ਹੋਣ ਵਾਲੇ ਭਾਰਤ ਰਾਸ਼ਟਰ ਸਮਿਤੀ (ਬੀ. ਆਰ. ਐੱਸ.) ਦੇ 10 ਵਿਧਾਇਕਾਂ ਖਿਲਾਫ ਅਯੋਗਤਾ ਪਟੀਸ਼ਨਾਂ 'ਤੇ 3 ਮਹੀਨਿਆਂ 'ਚ ਫੈਸਲਾ ਲੈਣ। ਅਦਾਲਤ ਨੇ ਕਿਹਾ ਕਿ ਜੇ ਸਿਆਸੀ ਦਲ-ਬਦਲ 'ਤੇ ਰੋਕ ਨਾ ਲਾਈ ਗਈ ਤਾਂ ਇਹ ਲੋਕਤੰਤਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ।



ਚੋਟੀ ਦੀ ਅਦਾਲਤ ਨੇ ਕਿਹਾ ਕਿ ਸੰਵਿਧਾਨ ਦੀ 10ਵੀਂ ਅਨੁਸੂਚੀ ਤਹਿਤ ਅਯੋਗਤਾ 'ਤੇ ਫੈਸਲਾ ਲੈਂਦੇ ਸਮੇਂ ਵਿਧਾਨ ਸਭਾ ਸਪੀਕਰ ਇਕ ਟ੍ਰਿਬਿਊਨਲ ਦੇ ਰੂਪ 'ਚ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਜੁਡੀਸ਼ੀਅਲ ਜਾਂਚ ਖਿਲਾਫ 'ਸੰਵਿਧਾਨਕ ਪ੍ਰਤੀਰੱਖਿਆ' ਹਾਸਲ ਨਹੀਂ ਹੈ। ਸੰਵਿਧਾਨ ਦੀ 10ਵੀਂ ਅਨੁਸੂਚੀ ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਦੀ ਵਿਵਸਥਾ ਨਾਲ ਸਬੰਧਤ ਹੈ। ਚੋਟੀ ਦੀ ਅਦਾਲਤ ਨੇ ਕਿਹਾ ਕਿ ਅਯੋਗਤਾ ਪਟੀਸ਼ਨਾਂ 'ਤੇ ਫੈਸਲਾ ਲੈਣ 'ਚ ਸਪੀਕਰ ਵੱਲੋਂ ਕੀਤੀ ਜਾਣ ਵਾਲੀ ਦੇਰੀ ਨਾਲ ਨਜਿੱਠਣ ਲਈ ਇਕ ਸਿਸਟਮ ਤਿਆਰ ਕਰਨਾ ਸੰਸਦ ਦਾ ਕੰਮ ਹੈ। ਅਦਾਲਤ ਨੇ ਕਿਹਾ,"ਹਾਲਾਂਕਿ ਸਾਡੇ ਕੋਲ ਕੋਈ ਸਲਾਹ ਦੇਣ ਦਾ ਹੱਕ ਨਹੀਂ, ਫਿਰ ਵੀ ਇਹ ਸੰਸਦ ਨੇ ਵਿਚਾਰ ਕਰਨਾ ਹੈ ਕਿ ਦਲ-ਬਦਲ ਦੇ ਆਧਾਰ 'ਤੇ ਅਯੋਗਤਾ ਦੇ ਮੁੱਦੇ 'ਤੇ ਫੈਸਲਾ ਲੈਣ ਦਾ ਅਹਿਮ ਕੰਮ ਸਪੀਕਰ/ਚੇਅਰਮੈਨ ਨੂੰ ਸੌਂਪਣ ਦੀ ਵਿਵਸਥਾ ਸਿਆਸੀ ਦਲ-ਬਦਲ ਨਾਲ ਅਸਰਦਾਰ ਢੰਗ ਨਾਲ ਨਜਿੱਠਣ ਦੇ (ਬਾਕੀ ਸਫ਼ਾ 2 'ਤੇ)

## ਹਾਈਕੋਰਟ ਵੱਲੋਂ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਕੰਗਨਾ ਰਣੌਤ ਦੀ ਪਟੀਸ਼ਨ ਰੱਦ

ਚੰਡੀਗੜ੍ਹ, 1 ਅਗਸਤ(ਚੜ੍ਹਦੀਕਲਾ ਬਿਊਰੋ) : ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਅੱਜ ਇੱਕ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਹੈ। ਹਾਈਕੋਰਟ ਵਲੋਂ ਪਟੀਸ਼ਨ ਖ਼ਾਰਜ ਹੋਣ ਨਾਲ ਕੰਗਨਾ ਰਣੌਤ ਖ਼ਿਲਾਫ਼ ਬਠਿੰਡਾ ਦੀ ਅਦਾਲਤ ਵਿੱਚ ਚੱਲ ਰਹੇ ਮਾਣਹਾਨੀ ਕੇਸ ਲਈ ਰਾਹ ਪੱਧਰਾ ਹੋ ਗਿਆ ਹੈ।ਦੱਸਣਯੋਗ ਹੈ ਕਿ ਜਦੋਂ ਕੇਂਦਰ ਸਰਕਾਰ ਖ਼ਿਲਾਫ਼ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਅੰਦੋਲਨ ਚੱਲ ਰਿਹਾ ਸੀ ਤਾਂ ਉਸ ਵੇਲੇ ਕੰਗਨਾ ਰਣੌਤ ਨੇ ਇੱਕ ਬਜ਼ੁਰਗ ਮਾਈ 'ਤੇ ਟਿੱਪਣੀ ਕਰਦਿਆਂ ਉਸਨੂੰ ਭਾੜੇ ਦੀ ਔਰਤ ਦੱਸਿਆ ਸੀ।



ਬਠਿੰਡਾ ਜ਼ਿਲ੍ਹਾ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਬਜ਼ੁਰਗ ਮਾਈ ਮਹਿੰਦਰ ਕੌਰ ਨੇ 5 ਜਨਵਰੀ 2021 ਨੂੰ ਬਠਿੰਡਾ ਦੀ ਅਦਾਲਤ ਵਿੱਚ ਧਾਰਾ 499,500 ਤਹਿਤ ਕੰਗਨਾ ਰਣੌਤ ਖ਼ਿਲਾਫ਼ ਮਾਣਹਾਨੀ ਦੇ ਕੇਸ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਸੀ, (ਬਾਕੀ ਸਫ਼ਾ 2 'ਤੇ)

## ਤਰਨਤਾਰਨ ਝੂਠੇ ਮੁਕਾਬਲੇ ਦੇ ਮਾਮਲੇ 'ਚ 5 ਤਤਕਾਲੀ ਪੁਲਿਸ ਅਧਿਕਾਰੀ ਦੋਸ਼ੀ ਕਰਾਰ

ਚੜ੍ਹਦੀਕਲਾ ਬਿਊਰੋ
================

ਮੋਹਾਲੀ , 1 ਅਗਸਤ: ਮੋਹਾਲੀ ਅਦਾਲਤ ਨੇ 1993 'ਚ ਤਰਨਤਾਰਨ 'ਚ ਹੋਏ ਇਕ ਫੇਕ ਐਨਕਾਊਂਟਰ ਦੇ ਮਾਮਲੇ ਵਿੱਚ ਪੰਜ ਤਤਕਾਲੀ ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਹ ਫੈਸਲਾ 32 ਸਾਲਾਂ ਬਾਅਦ ਆਇਆ ਹੈ। ਅਦਾਲਤ ਵੱਲੋਂ ਤਤਕਾਲੀ ਐਸਐਸਪੀ ਭੁਪਿੰਦਰਜੀਤ ਸਿੰਘ, ਤਤਕਾਲੀ ਡੀਐਸਪੀ ਦਵਿੰਦਰ ਸਿੰਘ, ਤਤਕਾਲੀ ਇੰਸਪੈਕਟਰ ਸੂਬਾ ਸਿੰਘ, ਥਾਣੇਦਾਰ ਗੁਲਬਰਗ ਸਿੰਘ ਅਤੇ ਥਾਣੇਦਾਰ ਰਘਬੀਰ ਸਿੰਘ ਨੂੰ ਧਾਰਾ 302, 201, 218 ਅਤੇ 120 ਵਿੱਚ ਦੋਸ਼ੀ ਕਰਾਰ ਦਿੰਦਿਆਂ ਜੇਲ੍ਹ ਭੇਜ ਦਿੱਤਾ ਗਿਆ ਹੈ। ਇਸ ਮਾਮਲੇ 'ਚ 4 ਅਗਸਤ ਨੂੰ ਪੰਜਾਂ ਪੁਲਿਸ ਵਾਲਿਆਂ ਨੂੰ ਸਜ਼ਾ ਸੁਣਾਈ ਜਾਵੇਗੀ।



ਪੀੜਤ ਪਰਿਵਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ 32 ਸਾਲਾਂ ਬਾਅਦ ਇਨਸਾਫ ਮਿਲਿਆ ਹੈ। ਪੀੜਤਾਂ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਨੇ ਦੱਸਿਆ ਕਿ ਉਹ ਚਾਰ ਅਗਸਤ ਨੂੰ ਅੱਗੇ ਬੇਨਤੀ ਕਰਨਗੇ ਕਿ ਸੱਤ ਜਣਿਆਂ ਦੀ ਮੌਤ ਦੇ ਮਾਮਲੇ ਵਿੱਚ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਇਸ ਤੋਂ ਇਲਾਵਾ ਇੱਕ ਹੋਰ ਅਧਿਕਾਰੀ ਦਾ ਨਾਂ ਵੀ ਇਸ 'ਚ ਸ਼ਾਮਲ ਹੈ। ਇਹ ਕੇਸ ਕਾਫ਼ੀ ਸਮੇਂ ਤੋਂ ਮੋਹਾਲੀ ਅਦਾਲਤ 'ਚ ਚੱਲ ਰਿਹਾ ਸੀ ਅਤੇ ਅੱਜ ਇਸ 'ਤੇ ਵੱਡਾ ਫੈਸਲਾ ਸੁਣਾਇਆ ਗਿਆ ਹੈ।

## ਆਜ਼ਾਦੀ ਦਿਹਾੜੇ ਮੌਕੇ ਫਰੀਦਕੋਟ ਵਿਖੇ ਹੋਵੇਗਾ ਸੂਬਾ ਪੱਧਰੀ ਸਮਾਗਮ

ਚੰਡੀਗੜ੍ਹ, 1 ਅਗਸਤ (ਚੜ੍ਹਦੀਕਲਾ ਬਿਊਰੋ) : 15 ਅਗਸਤ 2025 ਨੂੰ ਦੇਸ਼ ਭਰ ਵਿਚ ਅਜ਼ਾਦੀ ਦਿਹਾੜਾ ਮਨਾਇਆ ਜਾਵੇਗਾ ਅਤੇ ਅਜ਼ਾਦੀ ਨੂੰ ਸਮਰਪਿਤ ਪ੍ਰੋਗਰਾਮ ਕਰਵਾਏ ਜਾਣਗੇ। ਪੰਜਾਬ ਸਰਕਾਰ ਵੱਲੋਂ ਵੀ ਸੂਬੇ ਭਰ ਵਿਚ ਅਜ਼ਾਦੀ ਦਿਹਾੜਾ ਧੂਮ-ਧਾਮ ਨਾਲ ਮਨਾਇਆ ਜਾਵੇਗਾ ਅਤੇ ਪੰਜਾਬ ਦਾ ਸੂਬਾ ਪੱਧਰੀ ਸਮਾਗਮ ਫਰੀਦਕੋਟ ਵਿਖੇ ਕਰਵਾਇਆ ਜਾਵੇਗਾ। ਇਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੌਮੀ ਝੰਡਾ ਲਹਿਰਾਇਆ ਜਾਵੇਗਾ ਅਤੇ ਪਰੇਡ ਤੋਂ ਸਲਾਮੀ ਲਈ ਜਾਵੇਗੀ। ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਫਿਰੋਜ਼ਪੁਰ ਵਿਖੇ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਵੱਲੋਂ ਫਾਜ਼ਿਲਕਾ ਵਿਖੇ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਰੂਪਨਗਰ ਵਿਖੇ, ਛਪਾਈ ਅਤੇ ਲਿਖਣ ਸਮੱਗਰੀ ਦੇ ਮੰਤਰੀ ਅਮਨ ਅਰੋੜਾ (ਬਾਕੀ ਸਫ਼ਾ 2 'ਤੇ)

## ਕਾਂਗਰਸ ਵੱਲੋਂ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਪਟਿਆਲਾ 'ਚ ਰੋਸ ਪ੍ਰਦਰਸ਼ਨ

### ਜੇ ਮੌਜੂਦਾ ਸਰਕਾਰ ਇਸ ਨੂੰ ਵਾਪਸ ਨਹੀਂ ਲੈਂਦੀ ਤਾਂ ਕਾਂਗਰਸ ਸਰਕਾਰ ਲਵੇਗੀ: ਵੜਿੰਗ

ਰੁਪਾਣਾ
================

ਪਟਿਆਲਾ, 1 ਅਗਸਤ : ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਕਿਸਾਨਾਂ ਦੀ ਲੜਾਈ ਨੂੰ ਇਸਦੇ ਸਹੀ ਨਤੀਜੇ ਤੱਕ ਲੈ ਕੇ ਜਾਵੇਗੀ ਅਤੇ ਸਰਕਾਰ ਨੂੰ ਇਸਨੂੰ ਵਾਪਸ ਲੈਣ ਲਈ ਮਜਬੂਰ ਕਰ ਦੇਵੇਗੀ।



ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹਾ ਨਹੀਂ ਕਰਦੀ, ਤਾਂ 2027 ਵਿੱਚ ਬਣਨ ਵਾਲੀ ਕਾਂਗਰਸ ਦੀ ਸਰਕਾਰ ਇਸਨੂੰ ਰੱਦ ਕਰ ਦੇਵੇਗੀ।ਇੱਥੇ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਆਯੋਜਿਤ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ, ਵੜਿੰਗ ਨੇ ਕਿਹਾ ਕਿ ਇਹ 'ਆਪ' (ਬਾਕੀ ਸਫ਼ਾ 2 'ਤੇ)

## ਨਾ ਮੌਸਮ, ਨਾ ਮੁਨਾਫ਼ਾ... ਪੰਜਾਬ 'ਚੋਂ ਕਿਵੇਂ ਮੁਰਝਾ ਗਈ 'ਕਪਾਹ' ?

ਚੜ੍ਹਦੀਕਲਾ ਬਿਊਰੋ
================

ਚੰਡੀਗੜ੍ਹ, 1 ਅਗਸਤ :ਪੰਜਾਬ ਸਰਕਾਰ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਬਾਰੇ ਲਗਾਤਾਰ ਜਾਗਰੂਕ ਕਰ ਰਹੀ ਹੈ, ਪਰ ਪੰਜਾਬ ਦੇ ਕਿਸਾਨ ਕਪਾਹ ਦੀ ਫਸਲ ਤੋਂ ਨਿਰਾਸ਼ ਹੋ ਰਹੇ ਹਨ। ਕਿਸਾਨ ਹੁਣ ਕਪਾਹ ਦੀ ਕਾਸ਼ਤ ਨਹੀਂ ਕਰਨਾ ਚਾਹੁੰਦੇ। ਨਤੀਜਾ ਇਹ ਹੈ ਕਿ ਹਰ ਸਾਲ ਸੂਬੇ 'ਚ ਕਪਾਹ ਦੀ ਕਾਸ਼ਤ ਘੱਟ ਰਹੀ ਹੈ। ਜੇਕਰ ਪਿਛਲੇ 10 ਸਾਲਾਂ ਦੀ ਗੱਲ ਕਰੀਏ ਤਾਂ ਕਪਾਹ ਦੀ ਪੈਦਾਵਾਰ 'ਚ 25.66 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ। ਕਿਸਾਨ ਆਗੂ ਜੰਗਵੀਰ ਸਿੰਘ ਕਹਿੰਦੇ ਹਨ ਕਿ 10 ਸਾਲ ਪਹਿਲਾਂ ਮਾਲਵਾ ਪੱਟੀ ਦੇ ਕਿਸਾਨ ਬਹੁਤ ਜ਼ਿਆਦਾ ਕਪਾਹ ਬੀਜਦੇ ਸਨ, ਪਰ ਹੁਣ ਹਾਲਾਤ ਅਜਿਹੇ ਹੋ ਗਏ ਹਨ ਕਿ ਕਿਸਾਨ ਕਪਾਹ ਦੀ ਬਜਾਏ ਉਹ ਫ਼ਸਲਾਂ ਲਗਾਉਣਾ ਚਾਹੁੰਦੇ ਹਨ, ਜਿਨ੍ਹਾਂ 'ਚ



ਕੀਟਨਾਸ਼ਕ ਘੱਟ ਪੈਂਦੇ ਹਨ ਅਤੇ ਫ਼ਸਲ ਦੀ ਕੀਮਤ ਵੀ ਘੱਟੋ-ਘੱਟ ਸਮਰਥਨ ਮੁੱਲ ਦੀ ਵਾਜਬ ਕੀਮਤ 'ਤੇ ਮਿਲਦੀ ਹੈ।

ਪੰਜਾਬ ਵਿੱਚ ਤਿੰਨ ਮਹੱਤਵਪੂਰਨ ਬੈਲਟਾਂ ਹਨ - ਮਾਲਵਾ, ਮਾਝਾ, ਦੋਆਬਾ। ਮਾਝਾ ਬੈਲਟ ਕਾਟਨ ਬੈਲਟ ਯਾਨੀ ਕਪਾਹ ਦੀ ਖੇਤੀ ਲਈ ਜਾਣੀ ਜਾਂਦੀ ਹੈ। ਕਾਰਨ ਇਹ ਹੈ ਕਿ ਕਪਾਹ ਨੂੰ ਘੱਟ ਪਾਣੀ ਦੀ ਲੋੜ ਹੁੰਦੀ ਹੈ। ਇਸ ਦੇ ਨਾਲ ਹੀ ਮਾਲਵਾ ਬੈਲਟ 'ਚ ਕਪਾਹ ਦੀ ਜ਼ਿਆਦਾ ਕਾਸ਼ਤ ਕੀਤੀ ਜਾਂਦੀ ਸੀ, ਪਰ ਬਾਜ਼ਾਰ 'ਚ ਨਕਲੀ ਬੀਜ ਤੇ ਨਕਲੀ ਕੀਟਨਾਸ਼ਕਾਂ ਨੇ ਕਿਸਾਨਾਂ ਦੀ ਕਮਰ ਤੋੜ ਦਿੱਤੀ। ਨਤੀਜੇ ਵਜੋਂ, ਸਾਲ ਬੀਤਦੇ ਗਏ ਤੇ ਕਪਾਹ ਦੀ ਖੇਤੀ ਘੱਟ ਗਈ। ਹਾਲਾਤ ਅਜਿਹੇ ਹੋ ਗਏ ਹਨ ਕਿ ਕਿਸਾਨ ਹੁਣ ਸਿਰਫ਼ ਝੋਨੇ ਤੇ ਕਣਕ ਦੀ ਖੇਤੀ ਕਰ ਰਹੇ ਹਨ।

ਕਿਸਾਨ ਆਗੂ ਜੰਗਵੀਰ ਸਿੰਘ ਨੇ ਕਿਹਾ ਕਿ ਇੱਕ ਸਮੱਸਿਆ ਇਹ ਹੈ ਕਿ ਕਿਸਾਨ ਆਪਣੀ ਫਸਲ ਤੋਂ ਇਲਾਵਾ ਹੋਰ ਕੋਈ ਫਸਲ ਨਹੀਂ ਉਗਾਉਂਦਾ। ਨਤੀਜੇ ਵਜੋਂ, ਉਹ ਫਸਲ ਇੰਨੀ ਵੱਧ ਜਾਂਦੀ ਹੈ ਕਿ ਇਸ ਦੀ ਕੀਮਤ ਘੱਟ ਜਾਂਦੀ ਹੈ। ਇਸ ਸਮੇਂ ਪੰਜਾਬ ਦੇ ਮਾਝਾ ਤੇ ਮਾਲਵਾ ਬੈਲਟ 'ਚ ਸਫੈਦੇ ਦੀ ਫਸਲ (ਯੂਕੇਲਿਪਟਸ) ਹੀ ਉਗਾਈ ਜਾ ਰਹੀ ਹੈ। ਪੰਜਾਬ ਯੂਨੀਵਰਸਿਟੀ ਦੇ ਖੇਤੀਬਾੜੀ ਵਿਗਿਆਨੀ ਡਾ. ਹਰਸ਼ ਨੇ ਕਿਹਾ ਕਿ ਕਿਸਾਨ ਕਪਾਹ ਦੀ ਫਸਲ ਚਾਹੁੰਦਾ ਹੈ, ਪਰ ਗੁਲਾਬੀ ਸੁੰਡੀ ਅਤੇ ਚਿੱਟੀ ਮੱਖੀ ਦੇ ਪ੍ਰਕੋਪ ਨੇ ਕਿਸਾਨਾਂ ਨੂੰ ਇਸ ਖੇਤੀ ਤੋਂ ਦੂਰ ਕਰ ਦਿੱਤਾ ਹੈ।

**ਕਿੰਨੀ ਮਿਲਣੀ ਚਾਹੀਦੀ ਕਪਾਹ ਦੀ ਕੀਮਤ**

ਦੂਜਾ ਸਭ ਤੋਂ ਵੱਡਾ ਕਾਰਨ ਘੱਟੋ-ਘੱਟ ਸਮਰਥਨ ਮੁੱਲ 'ਤੇ ਅਨਿਸ਼ਚਿਤਤਾ ਹੈ। ਫਸਲ ਘੱਟ ਕੀਮਤ 'ਤੇ ਉਪਲਬਧ ਹੈ। ਖੇਤੀਬਾੜੀ ਵਿਗਿਆਨੀ ਡਾ. ਹਰਸ਼ (ਬਾਕੀ ਸਫ਼ਾ 2 'ਤੇ)

## ਮੋਦੀ ਸਰਕਾਰ ਵੱਲੋਂ ਦਿੱਤੇ ਝਟਕਿਆਂ ਕਾਰਨ ਭਾਰਤੀ ਅਰਥਚਾਰਾ ਹੋਇਆ ਤਬਾਹ : ਕਾਂਗਰਸ

ਚੜ੍ਹਦੀਕਲਾ ਬਿਊਰੋ
================

ਨਵੀਂ ਦਿੱਲੀ, 1 ਅਗਸਤ: ਕਾਂਗਰਸ ਨੇ ਸ਼ੁੱਕਰਵਾਰ ਨੂੰ ਦੋਸ਼ ਲਗਾਇਆ ਕਿ ਨਰਿੰਦਰ ਮੋਦੀ ਸਰਕਾਰ ਨੇ ਭਾਰਤੀ ਅਰਥਵਿਵਸਥਾ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ ਪਰ ਆਰਥਿਕਤਾ ਦੀ ਸਥਿਤੀ 'ਤੇ ਇੱਕ ਕਲਪਨਾ ਦੀ ਦੁਨੀਆਂ ਵਿੱਚ ਜੀਅ ਰਹੀ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਇਹ ਦੋਸ਼ ਉਸ ਸਮੇਂ ਲਗਾਇਆ, ਜਦੋਂ ਇਕ ਦਿਨ ਪਹਿਲਾਂ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਵਲੋਂ ਦਾਅਵਾ ਕੀਤਾ ਗਿਆ ਸੀ ਕਿ ਅਰਥਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ।



ਰਮੇਸ਼ ਨੇ 'ਐਕਸ' 'ਤੇ ਪੋਸਟ ਕੀਤਾ, 'ਪਿਛਲੇ ਇਕ ਦਹਾਕੇ ਵਿੱਚ ਮੋਦੀ ਸਰਕਾਰ ਦੁਆਰਾ ਦਿੱਤੇ ਗਏ ਪੰਜ ਝਟਕਿਆਂ ਨੇ ਭਾਰਤੀ ਅਰਥਵਿਵਸਥਾ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਇਸ ਲਈ ਕਿਸੇ ਹੋਰ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ।' ਉਨ੍ਹਾਂ ਕਿਹਾ, 'ਨੋਟਬੰਦੀ ਨੇ ਸਾਡੀ ਵਿਕਾਸ ਗਤੀ ਨੂੰ ਪੂਰੀ ਤਰ੍ਹਾਂ ਵਿਗਾੜ ਦਿੱਤਾ ਅਤੇ ਕਰੋੜਾਂ ਭਾਰਤੀ ਨਾਗਰਿਕਾਂ ਦੀ ਰੋਜ਼ੀ-ਰੋਟੀ ਨੂੰ ਤਬਾਹ ਕਰ ਦਿੱਤਾ।' ਰਮੇਸ਼ ਨੇ ਇਹ ਵੀ ਦਾਅਵਾ ਕੀਤਾ, 'ਇੱਕ ਬੁਨਿਆਦੀ ਤੌਰ 'ਤੇ ਨੁਕਸਦਾਰ ਜੀਐੱਸਟੀ ਨੇ ਦੇਸ਼ ਭਰ ਦੇ ਹਜ਼ਾਰਾਂ ਵਪਾਰਕ (ਬਾਕੀ ਸਫ਼ਾ 2 'ਤੇ)

### ਬੁਲੰਦਸ਼ਹਿਰ ਦੇ ਸਿਆਨਾ ਹਿੰਸਾ ਤੇ ਇੰਸਪੈਕਟਰ ਸੁਬੋਧ ਕਤਲ ਮਾਮਲਾ

# ਅਦਾਲਤ ਵੱਲੋਂ ਪੰਜ ਦੋਸ਼ੀਆਂ ਨੂੰ ਉਮਰ ਕੈਦ ਤੇ 33 ਨੂੰ ਸੱਤ ਸਾਲ ਕੈਦ ਦੀ ਸਜ਼ਾ




ਬੁਲੰਦਸ਼ਹਿਰ, 1 ਅਗਸਤ (ਚ.ਨ.ਸ.): ਸਿਆਨਾ ਹਿੰਸਾ ਤੇ ਤਤਕਾਲੀ ਕੋਤਵਾਲ ਕਤਲ ਮਾਮਲੇ 'ਚ ਲਗਭਗ ਸਾਢੇ ਛੇ ਸਾਲ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਣਾਇਆ। ਇਸ 'ਚ ਇੰਸਪੈਕਟਰ ਸੁਬੋਧ ਕਤਲ ਮਾਮਲੇ ਦੇ ਪੰਜ ਦੋਸ਼ੀਆਂ ਨੂੰ ਉਮਰ ਕੈਦ ਤੇ ਹਿੰਸਾ ਦੇ 33 ਦੋਸ਼ੀਆਂ ਨੂੰ ਸੱਤ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਹਿੰਸਾ ਦੇ ਪੰਜ ਦੋਸ਼ੀਆਂ 'ਚ ਭਾਜਪਾ ਨੇਤਾ ਸਚਿਨ ਅਹਿਲਾਵਤ (ਭਾਜਪਾ ਬੀਬੀਨਗਰ ਮੰਡਲ ਪ੍ਰਧਾਨ) ਅਤੇ ਜ਼ਿਲ੍ਹਾ ਪੰਚਾਇਤ ਮੈਂਬਰ ਯੋਗੇਸ਼ ਰਾਜ ਦਾ ਵੀ ਨਾਮ ਹੈ। 3 ਦਸੰਬਰ, 2018 ਨੂੰ ਸਿਆਨਾ ਕੋਤਵਾਲੀ ਦੇ ਮਹਾਵ ਪਿੰਡ ਵਿਚ ਇੱਕ ਗਾਂ ਦੇ ਅਵਸ਼ੇਸ਼ ਮਿਲਣ ਤੋਂ ਬਾਅਦ ਹਿੰਸਾ ਅਤੇ ਅੱਗ ਲਾ ਦਿੱਤੀ ਗਈ ਸੀ। ਬੁਲੰਦਸ਼ਹਿਰ ਵਿੱਚ ਇਜਤਸਾ ਵਿੱਚ ਗਾਂ ਦਾ ਮਾਸ ਮਿਲਣ ਦੀ ਅਫਵਾਹ ਫੈਲੀ ਸੀ। ਇਸ ਤੋਂ ਬਾਅਦ ਨਯਾ ਬਾਂਸ, ਹਰਵਾਨਪੁਰ, ਚਿੰਗਰਾਵਤੀ, ਮਹਾਵ ਆਦਿ ਪਿੰਡਾਂ ਦੇ ਪਿੰਡ ਵਾਸੀਆਂ ਅਤੇ ਹਿੰਦੂ ਸੰਗਠਨਾਂ ਦੇ ਲੋਕਾਂ ਨੇ ਹੰਗਾਮਾ ਕੀਤਾ ਅਤੇ ਬੁਲੰਦਸ਼ਹਿਰ-ਸਿਆਨਾ ਸੜਕ ਨੂੰ ਜਾਮ ਕਰ ਦਿੱਤਾ। ਉਸ ਦੌਰਾਨ ਕੋਤਵਾਲੀ ਇੰਚਾਰਜ ਸੁਬੋਧ ਕੁਮਾਰ ਦੀ ਆਪਣੀ ਸਰਕਾਰੀ ਪਿਸਤੌਲ ਨਾਲ ਹੱਤਿਆ ਕਰ ਦਿੱਤੀ ਗਈ। ਪੁਲਿਸ ਨੇ 44 ਲੋਕਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਸੀ। ਇਨ੍ਹਾਂ ਵਿੱਚੋਂ ਪੰਜ ਲੋਕਾਂ ਦੀ ਮੌਤ ਹੋ ਗਈ ਹੈ, ਇੱਕ ਨਾਬਾਲਗ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਬੁੱਧਵਾਰ ਨੂੰ ਏ.ਡੀ.ਜੇ.-12 ਗੋਪਾਲ ਜੀ ਨੇ ਮੁਲਜ਼ਮਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜਣ ਦੇ ਹੁਕਮ ਦਿੱਤੇ। ਅਦਾਲਤ ਨੇ ਇੰਸਪੈਕਟਰ ਸੁਬੋਧ ਕੁਮਾਰ ਦੇ ਕਤਲ ਦੇ ਪੰਜ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਸੀ। ਕੋਤਵਾਲ ਦੇ ਕਤਲ ਦੇ ਮੁਲਜ਼ਮਾਂ ਵਿੱਚ ਪ੍ਰਸ਼ਾਂਤ ਪੁੱਤਰ ਸੁਰੇਂਦਰ, ਡੇਵਿਡ ਪੁੱਤਰ ਮਹੀਪਾਲ, ਲੋਕੇਂਦਰ ਪੁੱਤਰ ਵੀਰ ਸਿੰਘ, ਜੌਨੀ ਪੁੱਤਰ ਸੁਸ਼ੀਲ ਕੁਮਾਰ, ਸਾਰੇ ਪਿੰਡ ਚਿੰਗਰਾਵਠੀ ਥਾਣਾ ਸਿਆਨਾ ਦੇ ਵਸਨੀਕ ਅਤੇ ਰਾਹੁਲ ਪੁੱਤਰ ਭੀਮਸੇਨ ਵਾਸੀ ਪਿੰਡ ਨਰਾਇਣਪੁਰ ਥਾਣਾ ਸਯਾਨਾ ਸ਼ਾਮਲ ਹਨ। ਭੀੜ ਹਿੰਸਾ ਅਤੇ ਸਯਾਨਾ ਦੇ ਤਤਕਾਲੀ ਕੋਤਵਾਲ ਸੁਬੋਧ ਕੁਮਾਰ ਦੀ ਹੱਤਿਆ ਦੇ ਦੋਸ਼ੀ ਪ੍ਰਸ਼ਾਂਤ, ਜੌਨੀ, ਲੋਕੇਂਦਰ, ਰਾਹੁਲ ਤੇ ਡੇਵਿਡ ਨੂੰ ਏ.ਡੀ.ਜੇ.-12 ਜੱਜ ਗੋਪਾਲ ਜੀ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। 33 ਦੋਸ਼ੀਆਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਸਾਰੇ ਦੋਸ਼ੀਆਂ ਨੂੰ ਨਿਆਂਇਕ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ ਹੈ।

# ਪੰਜਾਬ 'ਚ 5 ਅਗਸਤ ਤੱਕ ਭਾਰੀ ਮੀਂਹ ਤੇ ਤੂਫ਼ਾਨ ਦੀ ਭਵਿੱਖਬਾਣੀ



ਚੰਡੀਗੜ੍ਹ, 1 ਅਗਸਤ (ਚ.ਨ.ਸ.): ਪੰਜਾਬ ਦੇ ਮੌਸਮ ਵਿੱਚ ਵੱਡਾ ਬਦਲਾਅ ਵੇਖਣ ਨੂੰ ਮਿਲਿਆ ਹੈ। ਪੰਜਾਬ ਦੇ ਜਲੰਧਰ, ਅੰਮ੍ਰਿਤਸਰ, ਗੁਰਦਾਸਪੁਰ ਸਮੇਤ ਕੁਝ ਜ਼ਿਲ੍ਹਿਆਂ ਅੱਜ ਭਾਰੀ ਮੀਂਹ ਪਿਆ, ਜਿਸ ਕਰਕੇ ਮੌਸਮ ਸੁਹਾਵਣਾ ਹੋਇਆ ਪਿਆ ਹੈ। ਮੌਸਮ ਵਿਭਾਗ ਵੱਲੋਂ ਆਉਣ ਵਾਲੇ ਦਿਨਾਂ ਨੂੰ ਲੈ ਕੇ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਤਾਜ਼ਾ ਜਾਣਕਾਰੀ ਮੁਤਾਬਕ ਸੰਗਰੂਰ, ਬਰਨਾਲਾ, ਪਟਿਆਲਾ, ਫਤਹਿਗੜ੍ਹ ਸਾਹਿਬ, ਲੁਧਿਆਣਾ, ਮੋਗਾ, ਫਿਰੋਜ਼ਪੁਰ, ਜਲੰਧਰ, ਤਰਨਤਾਰਨ, ਕਪੂਰਥਲਾ, ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਪਠਾਨਕੋਟ ਵਿਚ ਮੀਂਹ ਦੇ ਨਾਲ ਅਸਮਾਨੀ ਬਿਜਲੀ ਅਤੇ ਤੇਜ਼ ਹਵਾਵਾਂ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਵੱਲੋਂ 5 ਅਗਸਤ ਤੱਕ ਪੰਜਾਬ ਦੇ ਮੌਸਮ ਦੀ ਭਵਿੱਖਬਾਣੀ ਕੀਤੀ ਗਈ ਹੈ। 2 ਅਗਸਤ ਲਈ ਕੀਤੀ ਗਈ ਭਵਿੱਖਬਾਣੀ ਮੁਤਾਬਕ ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ, ਮੋਹਾਲੀ, ਫਤਹਿਗੜ੍ਹ ਸਾਹਿਬ ਵਿਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਜਤਾਈ ਗਈ ਹੈ। ਇਸੇ ਤਰ੍ਹਾਂ 3, 4 ਅਤੇ 5 ਅਗਸਤ ਨੂੰ ਵੀ ਪੰਜਾਬ ਭਾਰੀ ਬਾਰਿਸ਼ ਦੱਸੀ ਗਈ ਹੈ। ਭਾਰੀ ਬਾਰਿਸ਼ ਅਤੇ ਤੇਜ਼ ਹਵਾਵਾਂ ਚੱਲਣ ਨਾਲ ਜ਼ਿਆਦਾਤਰ ਜ਼ਿਲ੍ਹੇ ਪ੍ਰਭਾਵਿਤ ਹੋਣਗੇ। ਇਥੇ ਇਹ ਵੀ ਦੱਸ ਦੇਈਏ ਕਿ ਮੌਸਮ ਵਿਗਿਆਨ ਕੇਂਦਰ ਵੱਲੋਂ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਰਾਜ ਦੇ ਤਾਪਮਾਨ ਵਿੱਚ 0.6 ਡਿਗਰੀ ਦੀ ਹਲਕੀ ਕਮੀ ਦਰਜ ਕੀਤੀ ਗਈ ਹੈ, ਜਿਸ ਤੋਂ ਬਾਅਦ ਹੁਣ ਸੂਬੇ ਦਾ ਤਾਪਮਾਨ ਸਾਧਾਰਣ ਨਾਲੋਂ 3.4 ਡਿਗਰੀ ਘੱਟ ਰਿਕਾਰਡ ਕੀਤਾ ਗਿਆ ਹੈ। ਗੁਰਦਾਸਪੁਰ 'ਚ ਸਭ ਤੋਂ ਵੱਧ 33.5 ਡਿਗਰੀ ਤਾਪਮਾਨ ਦਰਜ ਹੋਇਆ।

# ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਪੁੱਤਰ ਮਨੀ ਲਾਂਡਰਿੰਗ ਮਾਮਲੇ 'ਚ ਭਗੌੜਾ ਕਰਾਰ



ਚੰਡੀਗੜ੍ਹ, 1 ਅਗਸਤ (ਚ.ਨ.ਸ.): ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਦੇ ਪੁੱਤਰ ਹਰਪ੍ਰੀਤ ਸਿੰਘ ਨੂੰ 2024 ਦੇ ਮਨੀ ਲਾਂਡਰਿੰਗ (ਪੀ.ਐਮ.ਐਲ.ਏ.) ਮਾਮਲੇ ਵਿੱਚ ਭਗੌੜਾ (ਭਗੌੜਾ ਅਪਰਾਧੀ) ਐਲਾਨ ਦਿੱਤਾ ਹੈ। ਅਦਾਲਤ ਨੇ ਹਰਪ੍ਰੀਤ ਸਿੰਘ ਦੀ ਜਾਇਦਾਦਾਂ ਦੇ ਵੇਰਵੇ ਵੀ ਮੰਗੇ ਹਨ, ਤਾਂ ਜੋ ਜ਼ਾਬਤਾ ਫੌਜਦਾਰੀ ਪ੍ਰਕਿਰਿਆ (ਸੀ.ਆਰ.ਪੀ.ਸੀ.) ਦੀ ਧਾਰਾ 83 ਦੇ ਤਹਿਤ ਕੁਰਕੀ ਦੀ ਕਾਰਵਾਈ ਸ਼ੁਰੂ ਕੀਤੀ ਜਾ ਸਕੇ। ਅਦਾਲਤ ਦੇ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਦੋਸ਼ੀ ਹਰਪ੍ਰੀਤ ਸਿੰਘ ਪੁੱਤਰ ਸਾਧੂ ਸਿੰਘ ਧਰਮਸੋਤ ਵਿਰੁੱਧ 28 ਮਾਰਚ, 2025 ਨੂੰ ਐਲਾਨ ਕੀਤਾ ਗਿਆ ਸੀ। ਉਹ ਅਜੇ ਤੱਕ ਅਦਾਲਤ ਵਿੱਚ ਪੇਸ਼ ਨਹੀਂ ਹੋਇਆ ਹੈ। 30 ਦਿਨਾਂ ਦੀ ਕਾਨੂੰਨੀ ਮਿਆਦ ਖਤਮ ਹੋ ਗਈ ਹੈ, ਇਸ ਲਈ ਦੋਸ਼ੀ ਨੂੰ ਅਪਰਾਧੀ ਐਲਾਨਿਆ ਜਾਂਦਾ ਹੈ। ਜ਼ਰੂਰੀ ਜਾਣਕਾਰੀ ਸਬੰਧਤ ਪੁਲਿਸ ਸਟੇਸ਼ਨ ਨੂੰ ਭੇਜੀ ਜਾਵੇ। ਅਦਾਲਤ ਦੇ ਹੁਕਮਾਂ ਦੀ ਇੱਕ ਕਾਪੀ ਹਰਪ੍ਰੀਤ ਸਿੰਘ ਦੇ ਘਰ ਵਾਰਡ ਨੰਬਰ 6, ਅਨੈਜ ਰੋਡ, ਅਮਲੋਹ, ਫਤਿਹਗੜ੍ਹ ਸਾਹਿਬ ਵਿਖੇ ਚਿਪਕਾਈ ਗਈ। ਇੱਕ ਕਾਪੀ ਜਨਤਕ ਥਾਂ 'ਤੇ ਲਗਾਈ ਗਈ ਸੀ ਅਤੇ ਤੀਜੀ ਕਾਪੀ ਮੋਹਾਲੀ ਅਦਾਲਤ ਦੇ ਨੋਟਿਸ ਬੋਰਡ 'ਤੇ ਲਗਾਈ ਗਈ ਸੀ। ਦੱਸ ਦੇਈਏ ਕਿ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ 2024 ਵਿੱਚ ਪੀ.ਐਮ.ਐਲ.ਏ. ਮਾਮਲੇ ਵਿੱਚ ਈ.ਡੀ. ਨੇ ਗ੍ਰਿਫ਼ਤਾਰ ਕੀਤਾ ਸੀ। ਦੋਸ਼ ਹੈ ਕਿ ਉਨ੍ਹਾਂ ਨੇ ਜੰਗਲਾਤ ਵਿਭਾਗ ਵਿੱਚ ਭ੍ਰਿਸ਼ਟਾਚਾਰ ਅਤੇ ਗੈਰ-ਕਾਨੂੰਨੀ ਕਮਾਈ ਰਾਹੀਂ ਕਰੋੜਾਂ ਰੁਪਏ ਦੀ ਮਨੀ ਲਾਂਡਰਿੰਗ ਕੀਤੀ ਸੀ। ਇਸ ਵੇਲੇ ਧਰਮਸੋਤ ਇਸ ਮਾਮਲੇ ਵਿੱਚ ਜ਼ਮਾਨਤ 'ਤੇ ਬਾਹਰ ਹਨ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 19 ਅਗਸਤ ਲਈ ਤੈਅ ਕੀਤੀ ਹੈ। ਤੁਹਾਨੂੰ ਦੱਸ ਦੇਈਏ ਕਿ ਧਰਮਸੋਤ ਨੂੰ ਜਲੰਧਰ ਈ.ਡੀ. ਨੇ ਗ੍ਰਿਫ਼ਤਾਰ ਕੀਤਾ ਸੀ।

## ਲੰਡਨ 'ਚ ਸਿੱਖ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ, ਤਿੰਨ ਔਰਤਾਂ ਸਮੇਤ ਪੰਜ ਗ੍ਰਿਫ਼ਤਾਰ

ਲੰਡਨ, 1 ਅਗਸਤ (ਚ.ਨ.ਸ.): ਲੰਡਨ ਵਿੱਚ ਇੱਕ ਸਨਸਨੀਖੇਜ਼ ਘਟਨਾ ਸਾਹਮਣੇ ਆਈ ਹੈ। ਬ੍ਰਿਟਿਸ਼ ਪੁਲਿਸ ਨੇ ਜਾਣਕਾਰੀ ਦਿੱਤੀ ਕਿ ਪੂਰਬੀ ਲੰਡਨ ਵਿੱਚ ਇੱਕ 30 ਸਾਲਾ ਬ੍ਰਿਟਿਸ਼ ਸਿੱਖ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਇਹ ਹਮਲਾ ਇੱਕ-ਦੂਜੇ ਨੂੰ ਜਾਣਨ ਵਾਲੇ ਲੋਕਾਂ ਵਿਚਕਾਰ ਹੋਇਆ। ਗੈਰੀ ਵਜੋਂ ਮਸ਼ਹੂਰ ਗੁਰਮੁੱਖ ਸਿੰਘ ਦੀ ਪਿਛਲੇ ਹਫ਼ਤੇ ਪੂਰਬੀ ਲੰਡਨ ਦੇ ਇਲਫੋਰਡ ਦੇ ਫੇਲਬ੍ਰਿਜ ਰੋਡ 'ਤੇ ਮੌਤ ਹੋ ਗਈ ਸੀ ਅਤੇ ਉਸ ਦੀ ਪਛਾਣ ਵੀਰਵਾਰ ਨੂੰ ਮੈਟਰੋਪੋਲੀਟਨ ਪੁਲਿਸ ਦੁਆਰਾ ਜਨਤਕ ਕੀਤੀ ਗਈ। ਪੁਲਿਸ ਨੇ ਕਿਹਾ ਕਿ ਉਸ ਦੇ ਅਧਿਕਾਰੀਆਂ ਨੇ 23 ਜੁਲਾਈ ਨੂੰ ਹੋਏ ਕਤਲ ਦੇ ਸ਼ੱਕ ਦੇ ਆਧਾਰ 'ਤੇ 27 ਸਾਲਾ ਅਮਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

# ਪਹਿਲੇ ਸਫ਼ੇ ਦੀ ਬਾਕੀ

## ਬਿਹਾਰ 'ਚ ਡਰਾਫਟ ਵੋਟਰ ਸੂਚੀ

ਐੱਸ ਆਈ ਆਰ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਰਾਜ ਵਿੱਚ 7.93 ਕਰੋੜ ਵੋਟਰ ਰਜਿਸਟਰਡ ਸਨ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਅੱਜ ਪ੍ਰਕਾਸ਼ਿਤ ਡਰਾਫਟ ਸੂਚੀਆਂ ਵਿੱਚ ਕਿੰਨੇ ਵੋਟਰ ਸ਼ਾਮਲ ਹਨ। ਡਰਾਫਟ ਸੂਚੀਆਂ ਦੇ ਪ੍ਰਕਾਸ਼ਨ ਦੇ ਨਾਲ, ਦਾਅਵਿਆਂ ਅਤੇ ਇਤਰਾਜ਼ਾਂ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਗਈ ਹੈ, ਜੋ 1 ਸਤੰਬਰ ਤੱਕ ਜਾਰੀ ਰਹੇਗੀ ਅਤੇ ਇਸ ਸਮੇਂ ਦੌਰਾਨ ਵੋਟਰ ਨਾਮ ਗਲਤ ਢੰਗ ਨਾਲ ਹਟਾਉਣ ਦੀਆਂ ਸ਼ਿਕਾਇਤਾਂ ਨਾਲ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

ਬਿਹਾਰ ਵਿੱਚ ਇਸ ਸਾਲ ਦੇ ਅੰਤ 'ਚ ਵਿਧਾਨ ਸਭਾ ਚੋਣਾਂ ਦਾ ਪ੍ਰਸਤਾਵ ਹੈ। ਇਸ ਦੇ ਨਾਲ ਹੀ ਡਰਾਫਟ ਵੋਟਰ ਸੂਚੀ ਦੀ ਇੱਕ ਕਾਪੀ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨੂੰ ਸੌਂਪ ਦਿੱਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਕਮਿਸ਼ਨ ਨੇ ਸਪੱਸ਼ਟ ਕੀਤਾ ਹੈ ਕਿ ਇਸ ਪ੍ਰਕਿਰਿਆ ਦਾ ਉਦੇਸ਼ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਇੱਕ ਸ਼ੁੱਧ, ਅੱਪਡੇਟ ਅਤੇ ਗਲਤੀ-ਮੁਕਤ ਵੋਟਰ ਸੂਚੀ ਤਿਆਰ ਕਰਨਾ ਹੈ। ਕਮਿਸ਼ਨ ਨੇ ਸਾਰੇ ਨਾਗਰਿਕਾਂ, ਖਾਸ ਕਰਕੇ ਨੌਜਵਾਨਾਂ ਨੂੰ ਇਸ ਮੌਕੇ ਦਾ ਫਾਇਦਾ ਉਠਾਉਣ ਅਤੇ ਸਮੇਂ ਸਿਰ ਆਪਣੇ ਵੋਟਰ ਵੇਰਵਿਆਂ ਦੀ ਜਾਂਚ ਅਤੇ ਸੁਧਾਰ ਕਰਵਾਉਣ ਦੀ ਅਪੀਲ ਕੀਤੀ ਹੈ।

## ਵਿਰੋਧੀ ਧਿਰਾਂ ਵੱਲੋਂ 'ਵੋਟਰ ਸੂਚੀਆਂ

ਦਿੱਤਾ। ਸਦਨ ਮੁੜ ਜੁੜਿਆ ਤਾਂ ਵਿਰੋਧੀ ਧਿਰਾਂ ਦਾ ਰੌਲਾ ਰੱਪਾ ਜਾਰੀ ਰਿਹਾ, ਜਿਸ ਕਰਕੇ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਅੱਤਲ ਕਰ ਦਿੱਤੀ ਗਈ।

ਖੜਗੇ ਸਮੇਤ ਕਈ ਵਿਰੋਧੀ ਆਗੂਆਂ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਖਿਲਾਫ਼ ਪ੍ਰਦਰਸ਼ਨ ਵਿਰੋਧੀ ਪਾਰਟੀਆਂ ਦੇ 'ਇੰਡੀਆ' ਗੱਠਜੋੜ ਵਿਚ ਸ਼ਾਮਲ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਬਿਹਾਰ ਵਿਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਦਾ ਵਿਰੋਧ ਕਰਦੇ ਹੋਏ ਸ਼ੁੱਕਰਵਾਰ ਨੂੰ ਸੰਸਦ ਭਵਨ ਕੰਪਲੈਕਸ ਵਿਚ ਪ੍ਰਦਰਸ਼ਨ ਕੀਤਾ। ਸੰਸਦ ਦੇ ਮਕਰ ਦੁਆਰ ਨੇੜੇ ਕੀਤੇ ਇਸ ਵਿਰੋਧ ਪ੍ਰਦਰਸ਼ਨ ਵਿਚ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ, ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਤੇ ਕਈ ਹੋਰ ਪਾਰਟੀਆਂ ਦੇ ਐੱਮਪੀ'ਜ਼ ਸ਼ਾਮਲ ਸੀ। ਵਿਰੋਧੀ ਧਿਰਾਂ ਨੇ ਇਸ ਮੌਕੇ ਇਕ ਵੱਡਾ ਬੈਨਰ ਵੀ ਫੜਿਆ ਹੋਇਆ ਸੀ, ਜਿਸ ਉੱਤੇ 'ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ -ਲੋਕਤੰਤਰ 'ਤੇ ਵਾਰ' ਲਿਖਿਆ ਹੋਇਆ ਸੀ। ਉਨ੍ਹਾਂ ਨੇ 'ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੁਧਾਈ ਵਾਪਸ ਲਓ' ਦੇ ਨਾਅਰੇ ਵੀ ਲਾਏ। ਖੜਗੇ ਨੇ ਮਗਰੋਂ ਐਕਸ 'ਤੇ ਇਕ ਪੋਸਟ ਵਿਚ ਲਿਖਿਆ, "ਐੱਸਆਈਆਰ ਹੈ ਲੋਕਤੰਤਰ ਪਰ ਵਾਰ, ਨਹੀਂ ਛੀਨਨੇ ਦੇਂਗੇ ਤਬਕੋਂ ਕੇ ਮਤਦਾਨ ਕਾ ਅਧਿਕਾਰ।' 'ਇੰਡੀਆ' ਗੱਠਜੋੜ ਦੀ ਲੜਾਈ ਜਾਰੀ ਹੈ।"

ਵਿਰੋਧੀ ਧਿਰ ਦੇ ਹੰਗਾਮੇ ਕਾਰਨ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ

ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੋਧ ਨੂੰ ਲੈ ਕੇ ਵਿਰੋਧੀ ਪਾਰਟੀਆਂ ਦੇ ਲਗਾਤਾਰ ਹੰਗਾਮੇ ਕਾਰਨ ਸ਼ੁੱਕਰਵਾਰ ਨੂੰ ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਜਿਵੇਂ ਹੀ ਦੁਪਹਿਰ 2 ਵਜੇ ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਈ, ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਜਾਰੀ ਰੱਖੀ। ਸਪੀਕਰ ਵੱਲੋਂ ਗੋਆ ਵਿਧਾਨ ਸਭਾ ਵਿੱਚ ਅਨੁਸੂਚਿਤ ਕਬੀਲਿਆਂ ਨੂੰ ਸੀਟਾਂ ਪ੍ਰਦਾਨ ਕਰਨ ਵਾਲੇ ਬਿੱਲ ਨੂੰ ਪੇਸ਼ ਕਰਨ ਦੀਆਂ ਅਪੀਲਾਂ ਦਾ ਕੋਈ ਅਸਰ ਨਹੀਂ ਹੋਇਆ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਹੈਰਾਨੀ ਪ੍ਰਗਟਾਈ ਕਿ ਕੀ ਵਿਰੋਧੀ ਧਿਰ ਅਨੁਸੂਚਿਤ ਕਬੀਲਿਆਂ ਦੇ ਹਿੱਤਾਂ ਦੇ ਵਿਰੁੱਧ ਹੈ ਅਤੇ ਉਨ੍ਹਾਂ ਦੀ ਨੀਅਤ 'ਤੇ ਸਵਾਲ ਚੁੱਕੇ।

ਵਿਰੋਧੀ ਧਿਰ ਦਾ ਹੰਗਾਮਾ ਜਾਰੀ ਰਹਿਣ 'ਤੇ ਸਦਨ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ। ਇਸ ਤੋਂ ਪਹਿਲਾਂ ਦਿਨ ਵਿੱਚ ਪ੍ਰਦਰਸ਼ਨਕਾਰੀ ਮੈਂਬਰਾਂ ਵੱਲੋਂ ਨਾਅਰੇਬਾਜ਼ੀ ਅਤੇ ਤਖ਼ਤੀਆਂ ਲਹਿਰਾਉਣ ਦੌਰਾਨ, ਸਪੀਕਰ ਓਮ ਬਿਰਲਾ ਨੇ ਕਿਹਾ ਕਿ ਸਦਨ ਦੀ ਮਰਿਆਦਾ ਬਣਾਈ ਰੱਖੀ ਜਾਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਆਪਣੀਆਂ ਸੀਟਾਂ 'ਤੇ ਵਾਪਸ ਜਾਣ ਦੀ ਅਪੀਲ ਵੀ ਕੀਤੀ।

## ਪੰਜਾਬ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ

ਪਦਾਰਥਾਂ ਤੋਂ ਦੂਰ ਰਹਿਣ ਲਈ ਉਤਸ਼ਾਹਤ ਕੀਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਪ੍ਰੋਗਰਾਮ ਵਿੱਚ 3658 ਸਕੂਲਾਂ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਵਿਦਿਆਰਥੀਆਂ ਵਿਚਾਲੇ ਜਾਗਰੂਕਤਾ ਵਧਾਉਣ ਲਈ ਪ੍ਰਸਿੱਧ ਵਿਗਿਆਨੀ ਇਸ ਪ੍ਰੋਗਰਾਮ ਨਾਲ ਜੁੜਨਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਸ ਪਾਠਕ੍ਰਮ ਵਿੱਚ 35 ਮਿੰਟ ਦੇ ਸੈਸ਼ਨ ਸ਼ਾਮਲ ਹਨ, ਜਿਹੜੇ 27 ਹਫ਼ਤਿਆਂ ਤੱਕ ਪੰਦਰਵਾੜਾ ਆਧਾਰ ਉੱਤੇ ਕਰਵਾਏ ਜਾਣਗੇ ਅਤੇ ਇਨ੍ਹਾਂ ਵਿੱਚ ਦਸਤਾਵੇਜ਼ੀ, ਪ੍ਰਸ਼ਨੋਤਰੀ, ਪੋਸਟਰ ਅਤੇ ਵਿਚਾਰ-ਵਟਾਂਦਰਾ ਗਤੀਵਿਧੀਆਂ ਸ਼ਾਮਲ ਹੋਣਗੀਆਂ। ਉਨ੍ਹਾਂ ਕਿਹਾ ਕਿ ਇਨ੍ਹਾਂ ਸੈਸ਼ਨਾਂ ਵਿੱਚ ਨਸ਼ਿਆਂ ਬਾਰੇ ਮਿੱਥਾਂ, ਨਸ਼ਿਆਂ ਨੂੰ ਨਾਂਹ ਕਹਿਣ ਦੀਆਂ ਰਣਨੀਤੀਆਂ ਅਤੇ ਸਾਥੀਆਂ ਦੇ ਦਬਾਅ ਨੂੰ ਨਕਾਰਨ ਦੀਆਂ ਜੁਗਤਾਂ ਉੱਤੇ ਧਿਆਨ ਕੇਂਦਰਤ ਕੀਤਾ ਜਾਵੇਗਾ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਹਿਲਾਂ ਹੀ ਨਸ਼ਿਆਂ ਵਿਰੁੱਧ ਜੰਗ ਸ਼ੁਰੂ ਕੀਤੀ ਹੋਈ ਹੈ ਅਤੇ ਇਸ ਪਹਿਲਕਦਮੀ ਤਹਿਤ 15 ਹਜ਼ਾਰ ਤਸਕਰਾਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਤੇ ਇਕ ਹਜ਼ਾਰ ਕਿੱਲੋ ਤੋਂ ਵੱਧ ਹੈਰੋਇਨ ਬਰਾਮਦ ਕੀਤੀ ਗਈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਗੈਰ ਕਾਨੂੰਨੀ ਕਾਰੋਬਾਰ ਰਾਹੀਂ ਬਣਾਈ ਤਸਕਰਾਂ ਦੀ ਜਾਇਦਾਦ ਨੂੰ ਢਾਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰੋਬਾਰ ਦੇ ਸਭ ਤੋਂ ਬਦਨਾਮ ਸਰਗਨਾ ਨੂੰ ਸੂਬੇ ਵਿਚਲੀ ਈਮਾਨਦਾਰ ਸਰਕਾਰ ਨੇ ਸਲਾਖਾਂ ਪਿੱਛੇ ਸੁੱਟਿਆ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਇਸ ਨਸ਼ਾ ਕਾਰੋਬਾਰੀ ਦੇ ਹੱਕ ਵਿੱਚ ਆ ਗਈਆਂ ਹਨ, ਜਿਸ ਨਾਲ ਉਨ੍ਹਾਂ ਦਾ ਘਿਨਾਉਣਾ ਚਿਹਰਾ ਬੇਨਕਾਬ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਸਿਆਸੀ ਪਾਰਟੀਆਂ ਨਸ਼ਿਆਂ ਕਾਰਨ ਸੂਬੇ ਦੀ ਹੋਈ ਦੁਰਦਸ਼ਾ ਬਾਰੇ ਤਾਂ ਚੁੱਪ ਹਨ, ਪਰ ਨਸ਼ਿਆਂ ਦੇ ਸਰਗਨਾ ਦਾ ਸਮਰਥਨ ਕਰ ਰਹੀਆਂ ਹਨ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ 'ਨਸ਼ਾ ਵਿਰੋਧੀ ਯਾਤਰਾ' 10 ਹਜ਼ਾਰ ਤੋਂ ਵੱਧ ਪਿੰਡਾਂ ਤੇ ਵਾਰਡਾਂ ਵਿੱਚ ਜਾ ਚੁੱਕੀ ਹੈ ਅਤੇ ਇਸ ਦੇ ਸਾਰਥਿਕ ਨਤੀਜੇ ਆ ਰਹੇ ਹਨ।

ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਹਰੇਕ ਨੌਜਵਾਨ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸੂਬਾ ਸਰਕਾਰ ਦੀ ਇਸ ਨਿਵੇਕਲੀ ਤੇ ਮਹਾਨ ਪਹਿਲਕਦਮੀ ਦੀ ਹਮਾਇਤ ਕਰੇ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦਾ ਪਹਿਲੀ ਵਾਰ ਸਵਾਦ ਦੇਖਣ ਦੇ ਸਾਥੀਆਂ ਦੇ ਦਬਾਅ ਅੱਗੇ ਨਹੀਂ ਝੁਕਣਾ ਚਾਹੀਦਾ ਕਿਉਂਕਿ ਇਹ ਉਨ੍ਹਾਂ ਲਈ ਘਾਤਕ ਹੋ ਸਕਦਾ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਸਾਡੇ ਸਾਰਿਆਂ ਲਈ ਅੱਗੇ ਆ ਕੇ ਨਸ਼ਿਆਂ ਵਿਰੁੱਧ ਜੰਗ ਵਿੱਚ ਸ਼ਾਮਲ ਹੋਣ ਦਾ ਢੁਕਵਾਂ ਸਮਾਂ ਹੈ। ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਵਾਲੇ ਪੀੜਤਾਂ ਦੇ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਵੀ ਚੱਲ ਰਹੀਆਂ ਹਨ ਤਾਂ ਕਿ ਉਹ ਮੁੜ ਆਪਣੇ ਪੈਰਾਂ ਦੇ ਖੜ੍ਹੇ ਹੋ ਕੇ ਮਾਣ ਤੇ ਸਤਿਕਾਰ ਨਾਲ ਜੀਵਨ ਬਸਰ ਕਰ ਸਕਣ।

'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਇਹ ਬਹੁਤ ਮੰਦਭਾਗਾ ਹੈ ਕਿ ਕੋਈ ਵੀ ਸੂਬਾ ਜਾਂ ਦੇਸ਼ ਨਸ਼ਿਆਂ ਦੇ ਖ਼ਤਰੇ ਤੋਂ ਅਣਛੋਹਿਆ ਨਹੀਂ ਹੈ। ਉਨ੍ਹਾਂ ਉਮੀਦ ਜਤਾਈ ਕਿ ਸਾਰੇ ਸੂਬੇ ਨਸ਼ਿਆਂ ਦੀ ਜੜ੍ਹ ਵੱਢਣ ਲਈ ਅਜਿਹੀਆਂ ਜਾਗਰੂਕਤਾ ਮੁਹਿੰਮਾਂ ਚਲਾਉਣਗੇ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਮੰਦੇਭਾਗੀ ਪੰਜਾਬ ਕੌਮਾਂਤਰੀ ਸਰਹੱਦ ਉੱਤੇ ਪੈਣ ਕਾਰਨ ਆਪਣੀ ਭੂਗੋਲਿਕ ਸਥਿਤੀ ਦੇ ਮੱਦੇਨਜ਼ਰ ਤਸਕਰਾਂ ਲਈ ਲਾਂਘਾ ਬਣਿਆ ਹੈ।

'ਆਪ' ਦੇ ਕੌਮੀ ਕਨਵੀਨਰ ਨੇ ਦ੍ਰਿੜ੍ਹਤਾ ਨਾਲ ਆਖਿਆ ਕਿ ਪੰਜਾਬ ਦੇ ਲੋਕਾਂ ਨੇ ਇਕਜੁੱਟ ਹੋ ਕੇ ਆਪਣੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਅਹਿਦ ਲਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਤਸਕਰਾਂ ਵਿਰੁੱਧ ਸਖ਼ਤੀ ਨਾਲ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਹੈ। ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਮਾਜ ਨੂੰ ਜ਼ਹਿਰ ਦੇ ਕੇ ਆਲੀਸ਼ਾਨ ਘਰਾਂ ਵਿੱਚ ਵਿਲਾਸੀ ਸਹੂਲਤਾਂ ਦਾ ਆਨੰਦ ਮਾਣਨ ਵਾਲੇ ਤਸਕਰ ਸਾਡੇ ਲੋਕਾਂ ਦੇ ਅਸਲ ਦੁਸ਼ਮਣ ਹਨ ਅਤੇ ਸੂਬਾ ਸਰਕਾਰ ਇਨ੍ਹਾਂ ਨੂੰ ਕਿਸੇ ਵੀ ਕੀਮਤ ਉੱਤੇ ਨਹੀਂ ਬਖ਼ਸ਼ੇਗੀ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੀਆਂ ਲਾਮਿਸਾਲ ਕੋਸ਼ਿਸ਼ਾਂ ਨਾਲ ਸਰਕਾਰੀ ਸਕੂਲਾਂ ਦਾ ਕਾਇਆ-ਕਲਪ ਹੋਇਆ ਹੈ। ਉਨ੍ਹਾਂ ਕਿਹਾ ਕਿ ਹੁਣ ਵਿਦਿਆਰਥੀਆਂ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਲੈ ਰਹੇ ਹਨ, ਜਿਸ ਤੋਂ ਲੋਕਾਂ ਦਾ ਭਰੋਸਾ ਝਲਕਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਤਰ੍ਹਾਂ ਦੇ ਪ੍ਰੋਗਰਾਮ ਨਹੀਂ ਹੋਣੇ ਚਾਹੀਦੇ ਸਨ ਪਰ ਮੰਦੇਭਾਗੀ ਪੰਜਾਬ ਨੂੰ ਅਜਿਹੇ ਹਾਲਾਤ ਵਿੱਚ ਫਸਾ ਦਿੱਤਾ ਗਿਆ ਹੈ, ਜਿਸ ਕਾਰਨ ਇਹ ਪ੍ਰੋਗਰਾਮ ਕਰਵਾਉਣੇ ਲਾਜ਼ਮੀ ਹੋ ਗਏ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੇ ਮੱਥੇ ਉੱਤੇ ਨਸ਼ਿਆਂ ਦਾ ਧੱਬਾ ਲਾ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ ਦਾ ਕਾਰਜਕਾਲ ਸੰਭਾਲਣ ਮਗਰੋਂ ਸਾਨੂੰ ਰਣਨੀਤੀ ਬਣਾਉਣ ਲਈ ਸਮਾਂ ਲੱਗਿਆ ਅਤੇ ਹੁਣ ਸੂਬਾ ਸਰਕਾਰ ਨੇ ਨਸ਼ਾ ਛੱਡਣ ਵਾਲਿਆਂ ਦਾ ਇਲਾਜ ਯਕੀਨੀ ਬਣਾਉਣ ਲਈ ਨਸ਼ਾ-ਛੁਡਾਊ ਕੇਂਦਰ ਸ਼ੁਰੂ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਹੁਨਰਮੰਦ ਕਰਨ ਲਈ ਵੀ ਕੰਮ ਕਰ ਰਹੀ ਹੈ ਤਾਂ ਕਿ ਉਹ ਮਾਣ ਤੇ ਸਤਿਕਾਰ ਨਾਲ ਜੀਵਨ ਜੀਣ ਦੇ ਕਾਬਲ ਹੋਣ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਜੰਗ ਪਿਛਲੇ 150 ਦਿਨਾਂ ਤੋਂ ਜਾਰੀ ਹੈ ਅਤੇ ਸੈਂਕੜੇ ਪੰਚਾਇਤਾਂ ਨੇ ਮਤੇ ਪਾਸ ਕਰ ਕੇ ਇਹ ਪ੍ਰਣ ਲਿਆ ਹੈ ਕਿ ਉਹ ਕਦੇ ਵੀ ਨਸ਼ਾ ਤਸਕਰਾਂ ਦਾ ਸਾਥ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇਹ ਜੰਗ ਹੁਣ ਲੋਕ ਲਹਿਰ ਵਿੱਚ ਬਦਲ ਗਈ ਹੈ ਅਤੇ ਇਸ ਦੇ ਹਿੱਸੇ ਵਜੋਂ ਸੂਬਾ ਸਰਕਾਰ ਨੇ ਸਕੂਲੀ ਸਿਲੇਬਸ ਵਿੱਚ ਨਸ਼ਾ ਵਿਰੋਧੀ ਸਿੱਖਿਆ ਨੂੰ ਸ਼ਾਮਲ ਕੀਤਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਲੱਛਣਾਂ ਅਤੇ ਖ਼ਤਰਿਆਂ ਤੋਂ ਜਾਣੂੰ ਕਰਵਾਇਆ ਜਾਵੇਗਾ। ਕਿਉਂਕਿ ਨਸ਼ਿਆਂ ਦੀ ਪਹਿਲੀ ਵਾਰ ਕੀਤੀ ਵਰਤੋਂ ਹੀ ਜ਼ਿੰਦਗੀ ਦੀ ਤਬਾਹੀ ਦੀ ਸ਼ੁਰੂਆਤ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੋਟ ਬੈਂਕ ਦੀ ਰਾਜਨੀਤੀ ਨਹੀਂ ਕਰਦੀ ਅਤੇ ਸਕੂਲੀ ਬੱਚਿਆਂ ਦੀ ਤਾਂ ਵੋਟ ਵੀ ਨਹੀਂ ਹੁੰਦੀ, ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਇਸ ਸਰਾਪ ਵਿਰੁੱਧ ਜਾਗਰੂਕ ਕਰਨਾ ਚਾਹੁੰਦੇ ਹਾਂ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇ ਕੇ ਨੌਜਵਾਨਾਂ ਨੂੰ ਬਰਬਾਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਆਗੂ ਪਾਰਟੀਆਂ ਵੀ ਪਹਾੜਾਂ ਵਿੱਚ ਕਰਦੇ ਸਨ ਅਤੇ ਉੱਥੇ ਹੀ ਜ਼ਮੀਨਾਂ ਖ਼ਰੀਦਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਬੱਚੇ ਹਥਿਆਰਬੰਦ ਗਾਰਡਾਂ ਦੀ ਸੁਰੱਖਿਆ ਹੇਠ ਸਕੂਲ ਜਾਂਦੇ ਸਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਇਨ੍ਹਾਂ ਆਗੂਆਂ ਵਿਰੁੱਧ ਫੈਸਲਾਕੁੰਨ ਕਾਰਵਾਈ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਮਜੀਠੀਆ ਨੂੰ ਫੜਿਆ ਗਿਆ ਸੀ ਤਾਂ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਸਾਰੇ ਉਨ੍ਹਾਂ ਦੇ ਸਮਰਥਨ ਵਿੱਚ ਆ ਗਏ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕੁਝ ਆਗੂ ਕਹਿੰਦੇ ਹੁੰਦੇ ਸਨ ਕਿ ਉਹ ਮਜੀਠੀਆ ਨੂੰ ਉਸ ਦਾ ਕਾਲਰ ਫੜ ਕੇ ਘਸੀਟਣਗੇ, ਪਰ ਹੁਣ ਉਹ ਉਸ ਦੀ ਹਮਾਇਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਗੈਰ-ਕਾਨੂੰਨੀ ਢੰਗ ਨਾਲ ਪੈਸਾ ਕਮਾਉਣ ਦੀ ਲਾਲਸਾ ਵਿੱਚ ਇਨ੍ਹਾਂ ਆਗੂਆਂ ਨੇ ਪੰਜਾਬ ਨੂੰ ਲੁੱਟਿਆ ਅਤੇ ਬਰਬਾਦ ਕਰ ਦਿੱਤਾ। ਮੰਤਰੀਆਂ ਦੀਆਂ ਸਰਕਾਰੀ ਕਾਰਾਂ ਵਿੱਚ ਨਸ਼ਿਆਂ ਦੇ ਪੈਕੇਟ ਸਪਲਾਈ ਕੀਤੇ ਜਾਂਦੇ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਾ ਤਸਕਰਾਂ ਨੂੰ ਹਾਕਮਾਂ ਦੇ ਕਰੀਬੀ ਦੋਸਤ ਮੰਨਿਆ ਜਾਂਦਾ ਹੈ, ਜਿਸ ਕਾਰਨ ਸੂਬੇ ਵਿੱਚ ਨਸ਼ਿਆਂ ਨੇ ਆਪਣੇ ਪੈਰ ਪਸਾਰੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਜੀਠੀਆ ਵਿਰੁੱਧ ਕਾਨੂੰਨੀ ਲੜਾਈ ਉਦੋਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਉਸ ਨੂੰ ਆਪਣੇ ਪਾਪਾਂ ਲਈ ਮਿਸਾਲੀ ਸਜ਼ਾ ਨਹੀਂ ਮਿਲ ਜਾਂਦੀ। ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਸਿਰਫ਼ ਆਪਣੇ ਰਿਸ਼ਤੇਦਾਰਾਂ ਦੇ ਨਾਮ ਹੀ ਪਤਾ ਹਨ ਅਤੇ ਉਹ ਪੰਜਾਬ ਦੀ ਮੁੱਢਲੀ ਭੂਗੋਲਿਕ ਸਥਿਤੀ ਤੋਂ ਵੀ ਅਣਜਾਣ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਨੇ ਬਾਦਲਾਂ ਨੂੰ ਕਈ ਵਾਰ ਚੁਣਿਆ, ਪਰ ਇਨ੍ਹਾਂ ਲੋਕਾਂ ਨੇ ਕਦੇ ਵੀ ਜਨਤਾ ਜਾਂ ਸੂਬੇ ਦੀ ਪਰਵਾਹ ਨਹੀਂ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਨਸ਼ਿਆਂ ਦੇ ਖ਼ਤਰੇ ਤੋਂ ਸੂਬੇ ਦੇ ਨੌਜਵਾਨਾਂ ਨੂੰ ਦੂਰ ਰੱਖਣ ਲਈ ਪੰਜਾਬ ਸਰਕਾਰ ਹਰੇਕ ਪਿੰਡ ਵਿੱਚ ਖੇਡ ਮੈਦਾਨ ਤੇ ਜਿੰਮਾਂ ਦੀ ਉਸਾਰੀ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਬਾਰੇ ਜਾਣਕਾਰੀ ਦੇਣ ਲਈ ਲੋਕਾਂ ਵਾਸਤੇ ਵਟਸਐਪ ਨੰਬਰ 97791-00200 ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਦੀ ਪਛਾਣ ਬਿੱਲਕੁੱਲ ਗੁਪਤ ਰੱਖੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਸ਼ਾ ਛੱਡ ਰਹੇ ਪੀੜਤਾਂ ਦੇ ਮੁੜ ਵਸੇਬੇ ਦੀਆਂ ਕੋਸ਼ਿਸ਼ਾਂ ਵੀ ਚੱਲ ਰਹੀਆਂ ਹਨ ਤਾਂ ਕਿ ਉਹ ਮੁੜ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਕੇ ਮਾਣ ਤੇ ਸਤਿਕਾਰ ਨਾਲ ਜੀਵਨ ਜੀਅ ਸਕਣ।

ਆਪਣੇ ਸੰਬੋਧਨ ਵਿੱਚ 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਨੇ ਕਿਹਾ ਕਿ ਪੰਜਾਬ ਹਮੇਸ਼ਾ ਹਰ ਖੇਤਰ ਵਿੱਚ ਮੋਹਰੀ ਰਿਹਾ ਹੈ ਅਤੇ ਹੁਣ ਸੂਬੇ ਦੇ ਸਕੂਲੀ ਬੱਚੇ ਨਸ਼ਿਆਂ ਨੂੰ ਨਾਂਹ ਕਹਿਣ ਵਿੱਚ ਦੇਸ਼ ਦੀ ਅਗਵਾਈ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਤੋਂ ਬਾਅਦ ਪ੍ਰਾਈਵੇਟ ਸਕੂਲਾਂ ਵਿੱਚ ਵੀ ਇਹ ਪਾਠਕ੍ਰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਹੋ ਗਿਆ ਹੈ ਅਤੇ ਸੂਬਾ ਹੁਣ ਸਿੱਖਿਆ ਦੇ ਖੇਤਰ ਵਿੱਚ ਦੇਸ਼ ਵਿੱਚ ਪਹਿਲੇ ਸਥਾਨ 'ਤੇ ਹੈ। ਮਨੀਸ਼ ਸਿਸੋਦੀਆ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਇਸ ਘਿਨਾਉਣੇ ਅਪਰਾਧ ਨੂੰ ਤੁਰੰਤ ਬੰਦ ਕਰਨ ਜਾਂ ਸਖ਼ਤ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੌਜੂਦਾ ਸਰਕਾਰ ਦੌਰਾਨ ਸਿੱਖਿਆ ਖੇਤਰ ਵਿੱਚ ਇਨਕਲਾਬੀ ਤਬਦੀਲੀਆਂ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੌਰਾਨ ਸੂਬੇ ਵਿੱਚ ਨਸ਼ਿਆਂ ਦੀ ਮਹਾਂਮਾਰੀ ਨੇ ਆਪਣੇ ਪੈਰ ਪਸਾਰ ਲਏ ਸਨ। ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਵੱਡੇ ਪੱਧਰ 'ਤੇ ਕਾਰਵਾਈ ਸ਼ੁਰੂ ਕੀਤੀ ਹੈ ਅਤੇ ਨਸ਼ਿਆਂ ਦੇ ਖ਼ਤਰੇ ਵਿਰੁੱਧ ਪਾਠਕ੍ਰਮ ਸ਼ੁਰੂ ਕਰਨ ਨਾਲ ਸੂਬੇ ਵਿੱਚੋਂ ਇਸ ਲਾਹਨਤ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿੱਚ ਮੱਦਦ ਮਿਲੇਗੀ।

ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ, ਸਿੱਖਿਆ ਸਕੱਤਰ ਅਨਿੰਦਿਤਾ ਮਿੱਤਰਾ ਤੇ ਹੋਰ ਹਾਜ਼ਰ ਸਨ।

## ਗੁਰਦਾਸਪੁਰ ਤੋਂ ਕਾਂਗਰਸੀ ਸਾਂਸਦ ਸੁਖਜਿੰਦਰ ਸਿੰਘ ਰੰਧਾਵਾ

ਬਣਾ ਦਿੱਤਾ ਹੈ। ਰੰਧਾਵਾ ਨੇ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਤਬਾਹ ਹੋ ਗਈ ਹੈ ਅਤੇ ਅਜਿਹੀਆਂ ਘਟਨਾਵਾਂ ਆਮ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀਆਂ ਹਨ। ਜਾਣਕਾਰੀ ਅਨੁਸਾਰ ਵੀਰਵਾਰ ਨੂੰ ਫਤਿਹਗੜ੍ਹ ਚੂੜੀਆਂ ਕਸਬੇ ਦੇ ਪਰਮਿੰਦਰ ਸਿੰਘ ਦੇ ਟਰਬਨ ਸੈਂਟਰ 'ਤੇ ਦੋ ਅਣਪਛਾਤੇ ਬਾਈਕ ਸਵਾਰਾਂ ਨੇ ਗੋਲੀਆਂ ਚਲਾਈਆਂ। ਇਹ ਘਟਨਾ ਵੀਰਵਾਰ ਸਵੇਰੇ 11 ਵਜੇ ਵਾਪਰੀ। ਉਕਤ ਘਟਨਾ ਤੋਂ ਇੱਕ ਘੰਟਾ ਪਹਿਲਾਂ ਤੱਕ ਰੰਧਾਵਾ ਦਾ ਪੁੱਤਰ ਉੱਥੇ ਮੌਜੂਦ ਸੀ। ਜਿਸ ਕਾਰਨ ਉਨ੍ਹਾਂ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ।

ਕਾਨੂੰਨ ਵਿਵਸਥਾ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਨਿਸ਼ਾਨਾ ਬਣਾਉਂਦਿਆਂ ਰੰਧਾਵਾ ਨੇ ਕਿਹਾ ਕਿ ਉਹ ਇਸ ਸਮੇਂ ਸੰਸਦ ਦੇ ਮੌਨਸੂਨ ਸੈਸ਼ਨ ਲਈ ਦਿੱਲੀ ਵਿੱਚ ਹਨ, ਪਰ ਕਿਸੇ ਵੀ ਗੈਂਗਸਟਰ ਦੀ ਧਮਕੀ ਉਨ੍ਹਾਂ ਨੂੰ ਹਿਲਾ ਨਹੀਂ ਸਕਦੀ। ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ 'ਤੇ ਹੱਲਾ ਬੋਲਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਗੈਂਗਸਟਰਾਂ ਦਾ ਅੱਡਾ ਬਣਾ ਦਿੱਤਾ ਗਿਆ ਹੈ ਅਤੇ ਸੂਬੇ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਗਈ ਹੈ। ਉਧਰ ਪੁਲਿਸ ਨੇ ਮਾਮਲੇ ਦਾ ਨੋਟਿਸ ਲੈਂਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ, ਪਰ ਅਜੇ ਤੱਕ ਇਸ ਸਬੰਧ ਵਿਚ ਕੋਈ ਜਾਣਕਾਰੀ ਸਾਹਮਣੇ ਨਹੀਂ ਆਈ ਹੈ।

## ਚੋਣ ਕਮਿਸ਼ਨ 'ਵੋਟ ਚੋਰੀ' ਵਿੱਚ

ਦਿੱਤੀ ਕਿ ਚੋਣ ਕਮਿਸ਼ਨ ਦੇ ਉੱਪਰ ਤੋਂ ਲੈ ਕੇ ਹੇਠਾਂ ਤੱਕ ਜਿਹੜੇ ਵੀ ਲੋਕ ਇਸ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਕਿਉਂਕਿ ਉਹ 'ਭਾਰਤ ਵਿਰੁੱਧ ਕੰਮ ਕਰ ਰਹੇ ਹਨ।' ਗਾਂਧੀ ਨੇ ਕਿਹਾ, "ਇਹ ਦੇਸ਼ਧ੍ਰੋਹ ਹੈ, ਇਸ ਤੋਂ ਘੱਟ ਕੁਝ ਨਹੀਂ। ਤੁਸੀਂ ਸੇਵਾਮੁਕਤ ਹੋ ਸਕਦੇ ਹੋ, ਤੁਸੀਂ ਕਿਤੇ ਵੀ ਹੋ ਸਕਦੇ ਹੋ, ਅਸੀਂ ਤੁਹਾਨੂੰ ਲੱਭ ਲਵਾਂਗੇ।"

## ਭਾਰਤ 'ਤੇ 25 ਫ਼ੀਸਦੀ ਟੈਕਸ ਜਦਕਿ

ਟੈਕਸ ਦਰਾਂ ਦਾ ਐਲਾਨ ਕੀਤਾ। ਵੀਰਵਾਰ ਨੂੰ ਜਾਰੀ ਕੀਤੀ ਗਈ ਸੂਚੀ ਅਨੁਸਾਰ ਭਾਰਤ 'ਤੇ 25 ਫੀਸਦੀ ਪਰਸਪਰ ਟੈਕਸ ਲਗਾਇਆ ਗਿਆ ਹੈ।

ਟੈਕਸ ਲਾਗੂ ਕਰਨ ਦੀ ਆਖਰੀ ਮਿਤੀ 1 ਅਗਸਤ ਸੀ, ਪਰ ਨਵੀਆਂ ਟੈਕਸ ਦਰਾਂ 7 ਅਗਸਤ ਤੋਂ ਲਾਗੂ ਹੋਣਗੀਆਂ। ਟਰੰਪ ਨੇ ਇੱਕ ਸਰਕਾਰੀ ਹੁਕਮ ਵਿੱਚ ਕਿਹਾ ਕਿ ਕੁਝ ਵਪਾਰਕ ਭਾਈਵਾਲ ਅਮਰੀਕਾ ਨਾਲ ਸਾਰਥਕ ਵਪਾਰ ਅਤੇ ਸੁਰੱਖਿਆ ਪ੍ਰਤੀਬੱਧਤਾਵਾਂ 'ਤੇ ਸਹਿਮਤ ਹੋ ਗਏ ਹਨ ਜਾਂ ਸਹਿਮਤ ਹੋਣ ਦੇ ਨੇੜੇ ਹਨ, ਜੋ ਵਪਾਰਕ ਰੁਕਾਵਟਾਂ ਨੂੰ ਸਥਾਈ ਤੌਰ 'ਤੇ ਦੂਰ ਕਰਨ ਅਤੇ ਆਰਥਿਕ ਅਤੇ ਕੌਮੀ ਸੁਰੱਖਿਆ ਮਾਮਲਿਆਂ 'ਤੇ ਅਮਰੀਕਾ ਨਾਲ ਤਾਲਮੇਲ ਬਿਠਾਉਣ ਦੇ ਉਨ੍ਹਾਂ ਦੇ ਇਮਾਨਦਾਰ ਇਰਾਦੇ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ, "ਹੋਰ ਵਪਾਰਕ ਭਾਈਵਾਲਾਂ ਨੇ ਗੱਲਬਾਤ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਅਜਿਹੀਆਂ ਸ਼ਰਤਾਂ ਪੇਸ਼ ਕੀਤੀਆਂ ਹਨ ਜੋ ਮੇਰੇ ਵਿਚਾਰ ਵਿੱਚ ਸਾਡੇ ਵਪਾਰਕ ਸਬੰਧਾਂ ਵਿੱਚ ਅਸੰਤੁਲਨ ਨੂੰ ਢੁਕਵੇਂ ਰੂਪ ਵਿੱਚ ਹੱਲ ਨਹੀਂ ਕਰਦੀਆਂ ਜਾਂ ਆਰਥਿਕ ਅਤੇ ਕੌਮੀ ਸੁਰੱਖਿਆ ਦੇ ਮਾਮਲਿਆਂ ਵਿੱਚ ਅਮਰੀਕਾ ਨਾਲ ਤਾਲਮੇਲ ਕਰਨ ਵਿੱਚ ਅਸਫਲ ਰਹੀਆਂ ਹਨ।"

## ਆਜ਼ਾਦੀ ਦਿਹਾੜੇ ਮੌਕੇ ਫਰੀਦਕੋਟ ਵਿਖੇ ਹੋਵੇਗਾ ਸੂਬਾ

ਵੱਲੋਂ ਲੁਧਿਆਣਾ ਵਿਖੇ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਵਿਖੇ, ਪਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਸੰਜੀਵ ਅਰੋੜਾ ਵੱਲੋਂ ਸੰਗਰੂਰ ਵਿਖੇ ਝੰਡਾ ਲਹਿਰਾਉਣਗੇ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੰਮ੍ਰਿਤਸਰ ਵਿਖੇ, ਜਲ ਸਪਲਾਈ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਗੁਰਦਾਸਪੁਰ ਵਿਖੇ, ਜੰਗਲਾਤ ਮੰਤਰੀ ਲਾਲ ਚੰਦ ਵੱਲੋਂ ਤਰਨ ਤਾਰਨ ਵਿਖੇ, ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਮਾਨਸਾ ਵਿਖੇ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮੋਗਾ ਵਿਖੇ ਝੰਡਾ ਲਹਿਰਾਇਆ ਜਾਵੇਗਾ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਵੱਲੋਂ ਪਟਿਆਲਾ ਵਿਖੇ, ਜਲ ਸਰੋਤ ਮੰਤਰੀ ਬਰਿੰਦਰ ਗੋਇਲ ਵੱਲੋਂ ਬਠਿੰਡਾ ਵਿਖੇ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਧ ਵੱਲੋਂ ਜਲੰਧਰ ਵਿਖੇ, ਸਥਾਨਕ ਸਰਕਾਰਾਂ ਦੇ ਮੰਤਰੀ ਡਾ. ਰਵਜੋਤ ਸਿੰਘ ਵੱਲੋਂ ਪਠਾਨਕੋਟ ਵਿਖੇ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਐਸ ਏ ਐਸ ਨਗਰ ਵਿਖੇ, ਬਾਗਬਾਨੀ ਵਿਭਾਗ ਦੇ ਮੰਤਰੀ ਮੋਹਿੰਦਰ ਭਗਤ ਵੱਲੋਂ ਹੁਸ਼ਿਆਰਪੁਰ ਵਿਖੇ ਕੌਮੀ ਝੰਡਾ ਲਹਿਰਾਇਆ ਜਾਵੇਗਾ।

## ਹਾਈਕੋਰਟ ਵੱਲੋਂ ਮਾਣਹਾਨੀ ਮਾਮਲੇ ਨੂੰ ਚੁਣੌਤੀ ਦੇਣ ਵਾਲੀ

ਜਿਸਨੂੰ ਕੰਗਨਾ ਰਣੌਤ ਨੇ ਹਾਈਕੋਰਟ ਵਿੱਚ ਚੁਣੌਤੀ ਦੇ ਦਿੱਤੀ ਸੀ। ਹਾਈਕੋਰਟ ਨੇ ਬਠਿੰਡਾ ਅਦਾਲਤ ਵਿੱਚ ਚੱਲ ਰਿਹਾ ਇਹ ਕੇਸ ਸਟੇਅ ਕਰ ਦਿੱਤਾ ਸੀ। ਅੱਜ ਹਾਈਕੋਰਟ ਨੇ ਕੰਗਨਾ ਰਣੌਤ ਦੀ ਪਟੀਸ਼ਨ ਨੂੰ ਰੱਦ ਕਰਕੇ ਬਠਿੰਡਾ ਅਦਾਲਤ ਦੇ ਕੇਸ ਲਈ ਰਾਹ ਪੱਧਰਾ ਕਰ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਬਠਿੰਡਾ ਅਦਾਲਤ ਦੀ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਦੀ ਅਦਾਲਤ ਵਿੱਚ 11 ਅਗਸਤ ਨੂੰ ਹੋਵੇਗੀ।

## ਜ਼ਰੂਰੀ ਮੁਰੰਮਤ ਕਾਰਜਾਂ ਕਾਰਨ

ਇਜਾਜ਼ਤ ਨਹੀਂ ਦਿੱਤੀ ਗਈ, ਜਦਕਿ ਬਾਲਟਾਲ ਰੂਟ ਤੋਂ ਯਾਤਰਾ ਦੀ ਇਜਾਜ਼ਤ ਦਿੱਤੀ ਗਈ ਸੀ। ਹਾਲਾਂਕਿ ਭਾਰੀ ਮੀਂਹ ਕਾਰਨ ਬਾਅਦ ਵਿੱਚ ਬਾਲਟਾਲ ਰੂਟ ਤੋਂ ਵੀ ਯਾਤਰਾ ਮੁਅੱਤਲ ਕਰ ਦਿੱਤੀ ਗਈ। ਜੰਮੂ ਦੇ ਭਗਵਤੀ ਨਗਰ ਬੇਸ ਕੈਂਪ ਤੋਂ ਸ਼ਰਧਾਲੂਆਂ ਦੀ ਆਵਾਜਾਈ ਲਗਾਤਾਰ ਦੂਜੇ ਦਿਨ ਵੀ ਮੁਅੱਤਲ ਰਹੀ। ਕਸ਼ਮੀਰ ਦੇ ਡਿਵੀਜ਼ਨਲ ਕਮਿਸ਼ਨਰ ਵਿਜੇ ਕੁਮਾਰ ਬਿਧੂੜੀ ਨੇ ਕਿਹਾ, "ਹਾਲ ਹੀ ਵਿੱਚ ਹੋਏ ਭਾਰੀ ਮੀਂਹ ਕਾਰਨ ਸ੍ਰੀ ਅਮਰਨਾਥ ਜੀ ਯਾਤਰਾ ਦੇ ਬਾਲਟਾਲ ਰੂਟ 'ਤੇ ਮੁਰੰਮਤ ਅਤੇ ਰੱਖ-ਰਖਾਅ ਦੇ ਕੰਮ ਕਰਨ ਦੀ ਲੋੜ ਹੈ। ਯਾਤਰੀਆਂ ਦੀ ਸੁਰੱਖਿਆ ਦੇ ਹਿੱਤ ਵਿੱਚ 3 ਅਗਸਤ ਨੂੰ ਬਾਲਟਾਲ ਰੂਟ ਤੋਂ ਵੀ ਕਿਸੇ ਯਾਤਰਾ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।" ਉਨ੍ਹਾਂ ਕਿਹਾ ਕਿ ਹੋਰ ਸੂਚਨਾ ਸਮੇਂ ਸਿਰ ਜਾਰੀ ਕੀਤੀ ਜਾਵੇਗੀ। ਬਿਧੂੜੀ ਨੇ ਕਿਹਾ ਕਿ ਪਹਿਲਗਾਮ ਅਤੇ ਬਾਲਟਾਲ ਦੋਵਾਂ ਰੂਟਾਂ 'ਤੇ ਹਾਲ ਹੀ ਵਿੱਚ ਭਾਰੀ ਮੀਂਹ ਪਿਆ ਹੈ, ਜਿਸ ਕਾਰਨ ਬਾਲਟਾਲ ਰੂਟ 'ਤੇ ਤੁਰੰਤ ਮੁਰੰਮਤ ਦੇ ਕੰਮ ਕਰਨ ਦੀ ਲੋੜ ਹੈ। 2 ਜੁਲਾਈ ਤੋਂ ਹੁਣ ਤੱਕ ਜੰਮੂ ਬੇਸ ਕੈਂਪ ਤੋਂ ਕੁੱਲ 1,44,124 ਸ਼ਰਧਾਲੂ ਘਾਟੀ ਲਈ ਰਵਾਨਾ ਹੋ ਚੁੱਕੇ ਹਨ।

## ਦਲ-ਬਦਲ ਨਾਲ ਕਮਜ਼ੋਰ ਹੁੰਦੈ

ਮਨੋਰਥ ਨੂੰ ਪੂਰਾ ਕਰ ਰਹੀ ਹੈ ਜਾਂ ਨਹੀਂ।"

ਚੋਟੀ ਦੀ ਅਦਾਲਤ 'ਚ ਦਾਖਲ ਇਕ ਪਟੀਸ਼ਨ ਵਿਚ ਬੀ. ਆਰ. ਐੱਸ. ਦੇ 3 ਵਿਧਾਇਕਾਂ ਦੀ ਅਯੋਗਤਾ ਦੀ ਮੰਗ ਵਾਲੀਆਂ ਪਟੀਸ਼ਨਾਂ ਨਾਲ ਸਬੰਧਤ ਤੇਲੰਗਾਨਾ ਹਾਈ ਕੋਰਟ ਦੇ ਨਵੰਬਰ, 2024 ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ, ਜਦੋਂਕਿ ਇਕ ਹੋਰ ਪਟੀਸ਼ਨ ਦਲ-ਬਦਲ ਕਰਨ ਵਾਲੇ ਬਾਕੀ 7 ਵਿਧਾਇਕਾਂ ਨਾਲ ਸਬੰਧਤ ਹੈ।

## ਕਾਂਗਰਸ ਵੱਲੋਂ ਲੈਂਡ ਪੂਲਿੰਗ ਨੀਤੀ

ਸਰਕਾਰ ਦੀ ਕਿਸਾਨਾਂ ਤੋਂ ਜ਼ਮੀਨਾਂ ਖੋਹਣ ਅਤੇ ਬਾਅਦ ਵਿੱਚ ਆਪਣੀਆਂ ਵੱਖ-ਵੱਖ ਯੋਜਨਾਵਾਂ ਲਈ ਉਨ੍ਹਾਂ ਜ਼ਮੀਨਾਂ 'ਤੇ ਕਰਜ਼ਾ ਲੈਣ ਦੀ ਇੱਕ ਲੁਕਵੀਂ ਚਾਲ ਹੈ। ਜਿਨ੍ਹਾਂ ਸਕੀਮਾਂ ਨੂੰ ਉਹ ਲਾਗੂ ਕਰਨ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਪਹਿਲਾਂ ਹੀ 4.5 ਲੱਖ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਦੇ ਬੋਝ ਹੇਠਾਂ ਦੱਬ ਚੁੱਕਾ ਹੈ। ਉਨ੍ਹਾਂ ਕਿਹਾ ਕਿ 'ਆਪ' ਨਾ ਸਿਰਫ਼ ਪੰਜਾਬ ਨੂੰ ਦੀਵਾਲੀਏਪਨ ਵੱਲ ਧੱਕ ਰਹੀ ਹੈ, ਸਗੋਂ 50,000 ਏਕੜ ਜ਼ਮੀਨ ਵਿੱਚ ਕੰਕਰੀਟ ਦਾ ਜੰਗਲ ਬਣਾਉਣ ਦੀ ਕੋਸ਼ਿਸ਼ ਵੀ ਕਰ ਰਹੀ ਹੈ, ਜੋ ਇਸਨੇ ਕਿਸਾਨਾਂ ਤੋਂ ਜ਼ਬਰਦਸਤੀ ਖੋਹਣੀ ਹੈ।

ਆਲ ਇੰਡੀਆ ਕਿਸਾਨ ਕਾਂਗਰਸ ਦੇ ਚੇਅਰਮੈਨ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਦੇ ਵਿਚਾਰਾਂ ਦਾ ਸਮੱਰਥਨ ਕਰਦਿਆਂ, ਉਨ੍ਹਾਂ ਕਿਹਾ ਕਿ ਕਿਤੇ ਵੀ ਕੋਈ ਨਵੀਂ ਸ਼ਹਿਰੀ ਜਾਇਦਾਦ ਬਣਾਉਣ ਦੀ ਨਾ ਤਾਂ ਕੋਈ ਮੰਗ ਹੈ ਅਤੇ ਨਾ ਹੀ ਕੋਈ ਲੋੜ ਹੈ।

ਵੜਿੰਗ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਇੱਕ ਖੇਤੀਬਾੜੀ ਸੂਬਾ ਹੈ ਅਤੇ ਇਸਦੀ ਆਰਥਿਕਤਾ ਖੇਤੀਬਾੜੀ 'ਤੇ ਨਿਰਭਰ ਹੈ। ਉਨ੍ਹਾਂ ਕਿਹਾ ਕਿ ਸੂਬਾ ਹਰ ਸਾਲ ਖੇਤੀਬਾੜੀ ਉਪਜ ਤੋਂ ਲੱਗਭੱਗ 80,000 ਕਰੋੜ ਰੁਪਏ ਹਾਸਿਲ ਕਰਦਾ ਹੈ। ਇਨ੍ਹਾਂ ਹਾਲਾਤਾਂ ਵਿੱਚ ਜੇਕਰ 50,000 ਏਕੜ ਜ਼ਮੀਨ ਖੋਹ ਲਈ ਜਾਂਦੀ ਹੈ, ਤਾਂ ਇਹ ਪੰਜਾਬ ਦੀ ਆਰਥਿਕਤਾ ਨੂੰ ਹੋਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ।

## ਨਾ ਮੌਸਮ, ਨਾ ਮੁਨਾਫ਼ਾ... ਪੰਜਾਬ 'ਚੋਂ

ਅਨੁਸਾਰ, ਕਪਾਹ ਦੀ ਕੀਮਤ ਪ੍ਰਤੀ ਕੁਇੰਟਲ ਸੱਤ ਤੋਂ ਅੱਠ ਹਜ਼ਾਰ ਹੋਣੀ ਚਾਹੀਦੀ ਹੈ, ਪਰ ਅਜਿਹਾ ਨਹੀਂ ਹੈ। ਮਾਲਵਾ ਪੱਟੀ ਹੁਣ ਕੈਂਸਰ ਪੱਟੀ ਬਣਦੀ ਜਾ ਰਹੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਉੱਥੇ ਫਸਲਾਂ ਲਈ ਵਰਤੇ ਜਾਣ ਵਾਲੇ ਕੀਟਨਾਸ਼ਕ ਧਰਤੀ ਹੇਠਲੇ ਪਾਣੀ 'ਚ ਰਲ ਗਏ। ਇਸ ਕਾਰਨ ਪਾਣੀ ਇੰਨਾ ਦੂਸ਼ਿਤ ਹੋ ਗਿਆ ਕਿ ਲੋਕ ਇਸ ਬਿਮਾਰੀ ਨਾਲ ਪੀੜਤ ਹੋ ਰਹੇ ਹਨ।

ਜਦੋਂ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੋਂ ਕਿਸਾਨਾਂ ਦੇ ਕਪਾਹ ਦੀ ਖੇਤੀ ਤੋਂ ਨਿਰਾਸ਼ ਹੋਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਕਿਸਾਨਾਂ ਨੂੰ ਉਤਸ਼ਾਹਿਤ ਕਰ ਰਹੇ ਹਾਂ, ਉਨ੍ਹਾਂ ਨੂੰ ਸਮਝਾ ਰਹੇ ਹਾਂ ਕਿ ਉਨ੍ਹਾਂ ਨੂੰ ਕਪਾਹ ਦੀ ਖੇਤੀ ਕਰਨੀ ਚਾਹੀਦੀ ਹੈ। ਕਿਸਾਨਾਂ ਨੂੰ ਕਪਾਹ ਦਾ ਵੀ ਵਾਜਬ ਮੁੱਲ ਮਿਲੇਗਾ।

## ਮੋਦੀ ਸਰਕਾਰ ਵੱਲੋਂ ਦਿੱਤੇ ਝਟਕਿਆਂ ਕਾਰਨ

ਉੱਦਮਾਂ 'ਤੇ ਤਬਾਹੀ ਮਚਾ ਦਿੱਤੀ ਹੈ, ਸਿਵਾਏ ਉਨ੍ਹਾਂ ਵੱਡੀਆਂ ਕੰਪਨੀਆਂ ਦੇ, ਜੋ ਜੀਐੱਸਟੀ ਪਾਲਣਾ ਨਾਲ ਜੁੜੇ ਖ਼ਰਚੇ ਸਹਿ ਸਕਦੀਆਂ ਹਨ।'

ਉਨ੍ਹਾਂ ਦੇ ਅਨੁਸਾਰ ਚੀਨ ਤੋਂ ਰਿਕਾਰਡ ਦਰਾਮਦ ਕਾਰਨ ਦੇਸ਼ ਭਰ ਵਿੱਚ ਲੱਖਾਂ ਐੱਮਐੱਸਐੱਮਈ ਬੰਦ ਹੋ ਗਏ ਹਨ। ਇਕੱਲੇ ਗੁਜਰਾਤ ਵਿੱਚ, ਸਟੇਨਲੈਸ ਸਟੀਲ ਉਦਯੋਗ ਵਿੱਚ ਲੱਗਭੱਗ ਇੱਕ ਤਿਹਾਈ ਐੱਮਐੱਸਐੱਮਈ ਨੇ ਆਪਣੇ ਕੰਮ ਬੰਦ ਕਰ ਦਿੱਤੇ ਹਨ। ਉਨ੍ਹਾਂ ਕਿਹਾ, 'ਨਿੱਜੀ ਨਿਵੇਸ਼ ਨੇ 2004-14 ਦੌਰਾਨ ਦਿਖਾਈ ਗਈ ਗਤੀ ਗੁਆ ਦਿੱਤੀ ਹੈ। ਭਾਰਤੀ ਉਦਯੋਗਪਤੀ ਲਗਾਤਾਰ ਵਧਦੇ ਅਨੁਪਾਤ ਵਿੱਚ ਵਿਦੇਸ਼ੀ ਨਾਗਰਿਕ ਬਣ ਰਹੇ ਹਨ। ਰਾਜਨੀਤਿਕ ਤੌਰ 'ਤੇ ਪ੍ਰੇਰਿਤ ਅਤੇ ਜਬਰਦਸਤੀ ਗੁਰੀਲਾ ਸ਼ਾਸਨ ਅਤੇ ਮੋਦੀ ਦੇ ਵਧਦੇ ਪ੍ਰਭਾਵ ਨੇ ਭਾਰਤੀ ਅਰਥਵਿਵਸਥਾ ਵਿੱਚ ਵਿਸ਼ਵਾਸ ਨੂੰ ਘਟਾ ਦਿੱਤਾ ਹੈ।' ਕਾਂਗਰਸ ਨੇਤਾ ਨੇ ਕਿਹਾ, 'ਪਿਛਲੇ ਦਹਾਕੇ ਦੌਰਾਨ ਸਾਰੇ ਖੇਤਰਾਂ ਅਤੇ ਵਰਗਾਂ ਵਿੱਚ ਜ਼ਿਆਦਾਤਰ ਭਾਰਤੀਆਂ ਲਈ ਉਜਰਤਾਂ ਸਥਿਰ ਰਹੀਆਂ ਹਨ। ਇਹ ਖਾਸ ਤੌਰ 'ਤੇ ਪੇਂਡੂ ਭਾਰਤ ਵਿੱਚ ਸੱਚ ਹੈ। ਘਰੇਲੂ ਬੱਚਤਾਂ ਵਿੱਚ ਤੇਜ਼ੀ ਨਾਲ ਗਿਰਾਵਟ ਆਈ ਹੈ, ਜਿਵੇਂ ਕਿ ਘਰੇਲੂ ਕਰਜ਼ਾ ਤੇਜ਼ੀ ਨਾਲ ਵਧਿਆ ਹੈ।' ਰਮੇਸ਼ ਨੇ ਦਾਅਵਾ ਕੀਤਾ ਕਿ ਨਿੱਜੀ ਖਪਤ ਕਮਜ਼ੋਰ ਹੋ ਰਹੀ ਹੈ, ਜਦੋਂ ਕਿ ਲਗਜ਼ਰੀ ਵਸਤੂਆਂ ਦੀ ਖਪਤ ਵਿੱਚ ਕੋਈ ਕਮੀ ਨਹੀਂ ਆਈ ਹੈ, ਜੋ ਸਪੱਸ਼ਟ ਤੌਰ 'ਤੇ ਵੱਧ ਰਹੀ ਆਰਥਿਕ ਅਸਮਾਨਤਾਵਾਂ ਵੱਲ ਇਸ਼ਾਰਾ ਕਰਦੀ ਹੈ। ਉਨ੍ਹਾਂ ਕਿਹਾ, 'ਮੋਦੀ ਸਰਕਾਰ ਅਤੇ ਇਸ ਦੇ ਚੀਅਰਲੀਡਰ ਇੱਕ ਕਾਲਪਨਿਕ ਦੁਨੀਆਂ ਵਿੱਚ ਰਹਿ ਰਹੇ ਹਨ। ਉਹ ਅਰਥਵਿਵਸਥਾ ਦੀ ਅਸਲ ਸਥਿਤੀ ਨੂੰ ਸਵੀਕਾਰ ਕਰਨ ਤੋਂ ਝਿਜਕ ਰਹੇ ਹਨ।'


## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ ਪੰਜਾਬ ਸਟੇਟ ਡੀਅਰ 50 ਕੌਲਟ ਸ਼ੁੱਕਰਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ ਡਰਾਅ ਮਿਤੀ : 01.08.2025

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 25 ਲੱਖ (ਲੜੀਆਂ ਨਾਲ 5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1 ਲੱਖ + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁ. 26.25 ਲੱਖ)
A 61168

ਦੂਜੇ ਇਨਾਮ ਦੀ ਰਾਸ਼ੀ (50) ਰੁਪਏ 9,000/- (5 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 1000/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 10,100/- ਹਰੇਕ)
09696 23291 26002 35413 50920 51507 60615 76745 82656 85090

ਤੀਜੇ ਇਨਾਮ ਦੀ ਰਾਸ਼ੀ (250) ਰੁਪਏ 5,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 500/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁ. 5,600/- ਹਰੇਕ)
1499 2534 7051 7761 9838

ਚੌਥੇ ਇਨਾਮ ਦੀ ਰਾਸ਼ੀ (500) ਰੁਪਏ 2,000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 200/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 2,250/- ਹਰੇਕ)
1050 2992 3556 3717 4758 5168 5615 7601 7887 9175

ਪੰਜਵੇਂ ਇਨਾਮ ਦੀ ਰਾਸ਼ੀ (500) ਰੁਪਏ 1000/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 100/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁ. 1,150/- ਹਰੇਕ)
0066 0359 0466 1489 3667 5074 8297 8614 9427 9570

ਛੇਵੇਂ ਇਨਾਮ ਦੀ ਰਾਸ਼ੀ (500) ਰੁਪਏ 500/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 50/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁ. 570/- ਹਰੇਕ)
0911 1967 2039 3999 4320 4328 5347 5354 8347 8667

ਛੇਵੇਂ ਇਨਾਮ ਦੀ ਰਾਸ਼ੀ (40,000) ਰੁਪਏ 100/- (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ. 20/- + ਸਬ ਸਟਾਕਿਸਟ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁ. 125/- ਹਰੇਕ)

| | | | | | | | | | |
|---|---|---|---|---|---|---|---|---|---|
| 0012 | 0045 | 0093 | 0104 | 0106 | 0115 | 0133 | 0135 | 0136 | 0141 |
| 0151 | 0214 | 0244 | 0276 | 0288 | 0302 | 0327 | 0331 | 0336 | 0338 |
| 0340 | 0371 | 0375 | 0376 | 0391 | 0392 | 0395 | 0417 | 0421 | 0441 |
| 0446 | 0449 | 0450 | 0473 | 0477 | 0493 | 0520 | 0538 | 0544 | 0545 |
| 0562 | 0615 | 0621 | 0622 | 0624 | 0647 | 0658 | 0660 | 0673 | 0680 |
| 0689 | 0696 | 0704 | 0716 | 0719 | 0727 | 0729 | 0758 | 0766 | 0782 |
| 0789 | 0802 | 0803 | 0806 | 0842 | 0843 | 0879 | 0883 | 0886 | 0895 |
| 0903 | 0923 | 0927 | 0930 | 0935 | 0937 | 0939 | 0956 | 0975 | 1007 |
| 1008 | 1011 | 1013 | 1021 | 1041 | 1045 | 1065 | 1068 | 1079 | 1083 |
| 1098 | 1104 | 1120 | 1128 | 1132 | 1136 | 1137 | 1141 | 1159 | 1160 |
| 1186 | 1194 | 1198 | 1217 | 1218 | 1249 | 1267 | 1268 | 1296 | 1349 |
| 1357 | 1359 | 1409 | 1420 | 1426 | 1435 | 1482 | 1503 | 1506 | 1545 |
| 1547 | 1567 | 1568 | 1570 | 1578 | 1583 | 1591 | 1616 | 1617 | 1630 |
| 1650 | 1657 | 1665 | 1667 | 1672 | 1674 | 1685 | 1710 | 1736 | 1738 |
| 1742 | 1746 | 1755 | 1756 | 1760 | 1762 | 1777 | 1782 | 1791 | 1795 |
| 1806 | 1819 | 1825 | 1838 | 1886 | 1893 | 1903 | 1914 | 1915 | 1921 |
| 1928 | 1933 | 1938 | 1948 | 1956 | 1958 | 1959 | 1973 | 1975 | 1977 |
| 1982 | 1992 | 2004 | 2005 | 2008 | 2011 | 2014 | 2021 | 2025 | 2054 |
| 2063 | 2072 | 2096 | 2118 | 2164 | 2178 | 2189 | 2195 | 2201 | 2207 |
| 2226 | 2244 | 2245 | 2260 | 2261 | 2264 | 2270 | 2287 | 2304 | 2318 |
| 2327 | 2339 | 2398 | 2400 | 2451 | 2452 | 2520 | 2526 | 2531 | 2533 |
| 2548 | 2551 | 2557 | 2569 | 2607 | 2626 | 2627 | 2640 | 2656 | 2657 |
| 2663 | 2665 | 2672 | 2675 | 2676 | 2680 | 2681 | 2719 | 2723 | 2730 |
| 2735 | 2757 | 2761 | 2765 | 2772 | 2780 | 2783 | 2809 | 2814 | 2826 |
| 2829 | 2839 | 2843 | 2861 | 2863 | 2883 | 2907 | 2912 | 2937 | 2951 |
| 3019 | 3021 | 3040 | 3071 | 3111 | 3125 | 3135 | 3138 | 3144 | 3177 |
| 3192 | 3194 | 3205 | 3213 | 3226 | 3230 | 3231 | 3256 | 3260 | 3264 |
| 3265 | 3269 | 3286 | 3288 | 3307 | 3311 | 3317 | 3320 | 3343 | 3351 |
| 3354 | 3387 | 3398 | 3411 | 3420 | 3448 | 3454 | 3461 | 3466 | 3476 |
| 3478 | 3488 | 3490 | 3516 | 3532 | 3536 | 3538 | 3560 | 3561 | 3622 |
| 3625 | 3628 | 3633 | 3649 | 3658 | 3666 | 3674 | 3676 | 3723 | 3743 |
| 3747 | 3793 | 3808 | 3813 | 3815 | 3840 | 3846 | 3904 | 3907 | 3912 |
| 3915 | 3939 | 3957 | 3994 | 4004 | 4009 | 4022 | 4035 | 4041 | 4043 |
| 4045 | 4067 | 4078 | 4081 | 4103 | 4106 | 4112 | 4135 | 4141 | 4148 |
| 4164 | 4198 | 4205 | 4207 | 4223 | 4234 | 4295 | 4318 | 4325 | 4335 |
| 4354 | 4364 | 4366 | 4385 | 4393 | 4408 | 4418 | 4421 | 4422 | 4428 |
| 4440 | 4449 | 4472 | 4474 | 4475 | 4477 | 4484 | 4512 | 4521 | 4552 |
| 4553 | 4591 | 4593 | 4612 | 4629 | 4644 | 4647 | 4651 | 4655 | 4672 |
| 4678 | 4685 | 4697 | 4698 | 4707 | 4717 | 4765 | 4771 | 4784 | 4797 |
| 4798 | 4816 | 4825 | 4831 | 4832 | 4837 | 4863 | 4878 | 4887 | 4919 |
| 4968 | 4973 | 4987 | 4991 | 5007 | 5009 | 5010 | 5013 | 5017 | 5027 |
| 5031 | 5044 | 5047 | 5054 | 5064 | 5081 | 5082 | 5116 | 5118 | 5126 |
| 5138 | 5144 | 5153 | 5154 | 5159 | 5161 | 5182 | 5183 | 5193 | 5202 |
| 5210 | 5223 | 5227 | 5232 | 5241 | 5253 | 5262 | 5271 | 5272 | 5274 |
| 5279 | 5289 | 5296 | 5313 | 5318 | 5324 | 5329 | 5339 | 5346 | 5353 |
| 5369 | 5401 | 5426 | 5427 | 5443 | 5466 | 5481 | 5489 | 5495 | 5509 |
| 5514 | 5517 | 5529 | 5534 | 5536 | 5538 | 5541 | 5560 | 5569 | 5618 |
| 5636 | 5648 | 5678 | 5701 | 5711 | 5712 | 5716 | 5729 | 5744 | 5747 |
| 5761 | 5763 | 5764 | 5766 | 5771 | 5783 | 5793 | 5803 | 5808 | 5815 |
| 5823 | 5827 | 5848 | 5856 | 5909 | 5917 | 5928 | 5952 | 5964 | 5995 |
| 6002 | 6027 | 6071 | 6084 | 6105 | 6110 | 6123 | 6133 | 6137 | 6147 |
| 6153 | 6157 | 6167 | 6214 | 6230 | 6240 | 6255 | 6286 | 6289 | 6304 |
| 6308 | 6313 | 6315 | 6325 | 6335 | 6350 | 6359 | 6369 | 6372 | 6379 |
| 6382 | 6394 | 6429 | 6439 | 6458 | 6471 | 6472 | 6487 | 6532 | 6535 |
| 6548 | 6555 | 6561 | 6569 | 6584 | 6597 | 6612 | 6668 | 6672 | 6683 |
| 6697 | 6706 | 6724 | 6726 | 6745 | 6749 | 6783 | 6821 | 6829 | 6845 |
| 6870 | 6871 | 6872 | 6914 | 6923 | 6927 | 6946 | 6947 | 6959 | 6967 |
| 6987 | 6991 | 7003 | 7006 | 7041 | 7052 | 7086 | 7088 | 7116 | 7145 |
| 7161 | 7174 | 7179 | 7181 | 7193 | 7194 | 7227 | 7231 | 7232 | 7235 |
| 7240 | 7255 | 7257 | 7258 | 7297 | 7319 | 7331 | 7332 | 7334 | 7353 |
| 7366 | 7390 | 7393 | 7394 | 7407 | 7414 | 7416 | 7430 | 7435 | 7437 |
| 7463 | 7468 | 7469 | 7481 | 7483 | 7487 | 7488 | 7504 | 7505 | 7514 |
| 7529 | 7540 | 7552 | 7555 | 7556 | 7566 | 7598 | 7623 | 7631 | 7651 |
| 7697 | 7703 | 7718 | 7724 | 7732 | 7737 | 7747 | 7770 | 7810 | 7816 |
| 7846 | 7904 | 7917 | 7920 | 7922 | 7932 | 7957 | 7967 | 7978 | 7984 |
| 7985 | 7986 | 7996 | 8016 | 8030 | 8039 | 8056 | 8077 | 8097 | 8116 |
| 8123 | 8153 | 8182 | 8207 | 8215 | 8219 | 8232 | 8273 | 8277 | 8279 |
| 8313 | 8338 | 8352 | 8362 | 8373 | 8379 | 8394 | 8410 | 8427 | 8436 |
| 8446 | 8481 | 8498 | 8499 | 8506 | 8517 | 8565 | 8567 | 8574 | 8576 |
| 8581 | 8594 | 8595 | 8605 | 8619 | 8627 | 8640 | 8656 | 8659 | 8660 |
| 8684 | 8702 | 8711 | 8712 | 8728 | 8742 | 8748 | 8751 | 8787 | 8789 |
| 8802 | 8809 | 8819 | 8835 | 8838 | 8855 | 8857 | 8863 | 8864 | 8867 |
| 8884 | 8885 | 8889 | 8915 | 8926 | 8928 | 8930 | 8932 | 8942 | 8946 |
| 8948 | 8952 | 8958 | 8965 | 8982 | 8984 | 8987 | 8992 | 8995 | 9024 |
| 9079 | 9087 | 9100 | 9103 | 9104 | 9108 | 9115 | 9127 | 9171 | 9174 |
| 9182 | 9199 | 9211 | 9244 | 9249 | 9255 | 9265 | 9294 | 9304 | 9349 |
| 9373 | 9376 | 9390 | 9406 | 9431 | 9440 | 9448 | 9451 | 9458 | 9481 |
| 9491 | 9494 | 9524 | 9525 | 9542 | 9544 | 9560 | 9567 | 9572 | 9576 |
| 9596 | 9611 | 9640 | 9678 | 9708 | 9716 | 9719 | 9735 | 9773 | 9783 |
| 9792 | 9798 | 9870 | 9951 | 9959 | 9965 | 9977 | 9981 | 9989 | 9995 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

RO. No. PR-Advt. No. 1118/11/2025-26/1418/Dated CHD 28.7.2025



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਗੁਰਮੀਤ ਸਿੰਘ ਖੁੱਡੀਆਂ ਨੇ 11 ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ

## ਖੇਤੀਬਾੜੀ ਮੰਤਰੀ ਨੇ ਨਵ-ਨਿਯੁਕਤ ਅਫ਼ਸਰਾਂ ਨੂੰ ਦਿੱਤੀ ਵਧਾਈ ਤੇ ਕਿਸਾਨਾਂ ਦੀ ਭਲਾਈ ਲਈ ਇਮਾਨਦਾਰੀ ਨਾਲ ਸੇਵਾਵਾਂ ਨਿਭਾਉਣ ਲਈ ਕੀਤਾ ਪ੍ਰੇਰਿਤ



ਚੰਡੀਗੜ੍ਹ, 1 ਅਗਸਤ (ਚ.ਨ.ਸ.): ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਆਪਣੇ ਦਫ਼ਤਰ ਵਿਖੇ ਖੇਤੀਬਾੜੀ ਵਿਭਾਗ ਵਿੱਚ 11 ਨੌਜਵਾਨਾਂ ਨੂੰ ਖੇਤੀਬਾੜੀ ਵਿਕਾਸ ਅਫ਼ਸਰ (ਏ.ਡੀ.ਓ.) ਵਜੋਂ ਨਿਯੁਕਤੀ ਪੱਤਰ ਸੌਂਪੇ।

ਨਵ-ਨਿਯੁਕਤ ਏ.ਡੀ.ਓਜ਼ ਨੂੰ ਵਧਾਈ ਦਿੰਦੇ ਹੋਏ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਉਨ੍ਹਾਂ ਨੂੰ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦਿਆਂ ਸੂਬੇ ਦੇ ਕਿਸਾਨਾਂ ਦੀ ਬਿਹਤਰੀ ਅਤੇ ਖੇਤੀਬਾੜੀ ਸੈਕਟਰ ਦੇ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਜਾਣ ਲਈ ਅਣਥੱਕ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

ਕੈਬਨਿਟ ਮੰਤਰੀ ਨੇ ਨਵ-ਨਿਯੁਕਤ ਅਫਸਰਾਂ ਦੀਆਂ ਜ਼ਿੰਮੇਵਾਰੀਆਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਪੰਜਾਬ ਨੂੰ ਇੱਕ ਖੁਸ਼ਹਾਲ ਖੇਤੀਬਾੜੀ ਸੂਬਾ ਬਣਾਉਣ ਲਈ ਕਿਸਾਨਾਂ ਨੂੰ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ।

ਖੇਤੀਬਾੜੀ ਵਿਭਾਗ ਦੀ ਭਰਤੀ ਮੁਹਿੰਮ 'ਤੇ ਚਾਨਣਾ ਪਾਉਂਦਿਆਂ ਖੁੱਡੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ 20 ਮਈ, 2025 ਨੂੰ 184 ਖੇਤੀਬਾੜੀ ਵਿਕਾਸ ਅਫਸਰਾਂ ਨੂੰ ਨਿਯੁਕਤੀ ਪੱਤਰ ਸੌਂਪੇ ਗਏ ਸਨ। ਇਨ੍ਹਾਂ 11 ਨਵ-ਨਿਯੁਕਤ ਏ.ਡੀ.ਓਜ਼ ਦੀ ਭਰਤੀ ਨਾਲ ਵਿਭਾਗ ਵਿੱਚ ਭਰਤੀ ਕੀਤੇ ਗਏ ਏ.ਡੀ.ਓਜ਼ ਦੀ ਕੁੱਲ ਗਿਣਤੀ ਹੁਣ 195 ਹੋ ਗਈ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੱਤਾ ਸੰਭਾਲਣ ਤੋਂ ਲੈ ਕੇ ਹੁਣ ਤੱਕ ਸੂਬੇ ਦੇ ਨੌਜਵਾਨਾਂ ਨੂੰ 55000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਖੇਤੀਬਾੜੀ ਮੰਤਰੀ ਨੇ ਕਿਹਾ ਕਿ ਇਹ ਭਰਤੀ ਵਿਭਾਗ ਦੀ ਸਮਰੱਥਾ ਵਿੱਚ ਵਾਧਾ ਕਰੇਗੀ, ਜਿਸ ਨਾਲ ਸੂਬੇ ਦੇ ਕਿਸਾਨਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਕੁਸ਼ਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਸਕਣਗੀਆਂ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਨੇ ਨਵ-ਨਿਯੁਕਤ ਖੇਤੀਬਾੜੀ ਵਿਕਾਸ ਅਫਸਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਪੀਪੀਸੀਬੀ ਨੇ ਪ੍ਰਦੂਸ਼ਨ ਫੈਲਾਉਣ ਵਾਲੇ ਹੌਟ ਮਿਕਸ ਪਲਾਂਟ ਨੂੰ ਕੀਤਾ ਸੀਲ

ਮੋਹਾਲੀ, 1 ਅਗਸਤ (ਚ.ਨ.ਸ.): ਇੱਕ ਚਿੰਤਤ ਨਾਗਰਿਕ ਨੇ ਹੌਟ ਮਿਕਸ ਪਲਾਂਟ ਵੱਲੋਂ ਹਵਾ ਵਿੱਚ ਜ਼ਹਿਰੀਲਾ ਧੂੰਆਂ ਛੱਡੇ ਜਾਣ ਦੀ ਵੀਡੀਓ ਪੋਸਟ ਕੀਤੀ ਅਤੇ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦੇ ਦਖਲ ਦੀ ਬੇਨਤੀ ਕੀਤੀ। ਸ਼ਿਕਾਇਤ 'ਤੇ ਕਾਰਵਾਈ ਕਰਦੇ ਹੋਏ, ਪੀਪੀਸੀਬੀ ਦੀ ਚੇਅਰਪਰਸਨ, ਰੀਨਾ ਗੁਪਤਾ ਨੇ ਅਧਿਕਾਰੀਆਂ ਨੂੰ ਪ੍ਰਦੂਸ਼ਨ ਫੈਲਾਉਣ ਵਾਲੇ ਪਲਾਂਟ ਨੂੰ ਸੀਲ ਕਰਨ ਲਈ ਸਾਈਟ ਦਾ ਦੌਰਾ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੇ ਦਫ਼ਤਰ ਨੇ ਸਥਿਤੀ ਦੀ ਨੇੜਿਓਂ ਨਿਗਰਾਨੀ ਕੀਤੀ ਅਤੇ ਇਹ ਯਕੀਨੀ ਬਣਾਇਆ ਕਿ ਹੋਰ ਜ਼ਹਿਰੀਲਾ ਧੂੰਆਂ ਹਵਾ ਵਿੱਚ ਨਾ ਛੱਡਿਆ ਜਾਵੇ। ਗੁਪਤਾ ਨੇ ਕਿਹਾ, ਪੀਪੀਸੀਬੀ ਪੰਜਾਬ ਦੇ ਪਾਣੀ ਅਤੇ ਹਵਾ ਦੀ ਰੱਖਿਆ ਲਈ ਵਚਨਬੱਧ ਹੈ ਤੇ ਪ੍ਰਦੂਸ਼ਨ ਦੀ ਕਿਸੇ ਵੀ ਘਟਨਾ ਨੂੰ ਬਹੁਤ ਗੰਭੀਰਤਾ ਨਾਲ ਲੈਂਦਾ ਹੈ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪ੍ਰਦੂਸ਼ਕਾਂ ਵਿਰੁੱਧ ਸਖ਼ਤ ਕਾਰਵਾਈ ਲਈ ਪੰਜਾਬ ਵਿੱਚ ਪ੍ਰਦੂਸ਼ਨ ਦੀਆਂ ਘਟਨਾਵਾਂ



ਦੀ ਰਿਪੋਰਟ ਪੀਪੀਸੀਬੀ ਨੂੰ ਕਰਨ।

ਪੀਪੀਸੀਬੀ ਆਉਣ ਵਾਲੇ ਮਹੀਨਿਆਂ ਵਿੱਚ ਪ੍ਰਦੂਸ਼ਨ ਫੈਲਾਉਣ ਵਾਲੇ ਉਦਯੋਗਾਂ ਦੀ ਜਾਂਚ ਲਈ ਇੱਕ ਤੇਜ ਜਾਂਚ ਮੁਹਿੰਮ ਸ਼ੁਰੂ ਕਰੇਗਾ।

# ਭਾਰਤ ਤੇ ਯੂਕਰੇਨ ਵਿੱਚ ਲੋਕ ਸੰਸਕ੍ਰਿਤੀ ਤੇ ਸਹਿਤ ਦੀ ਸਮਰਸਤਾ ਨਵੀਂ ਦੁਨੀਆ ਵਿੱਚ ਅਮਨ ਦੀ ਮਿਸਾਲ ਹੈ : ਡਾ. ਯੂਰੀ ਬੋਤਵਿਨਕਿਨ

ਜੈਪੁਰ, 1 ਅਗਸਤ (ਕ੍ਰਿਸ਼ਨ ਕੁਮਾਰ ਰੱਤੂ): ਭਾਰਤ ਅਤੇ ਯੂਕਰੇਨ ਵਿੱਚ ਗਹਿਰੇ ਸਦੀਆਂ ਪੁਰਾਣੇ ਲੋਕ ਸੰਸਕ੍ਰਿਤੀ ਅਤੇ ਸੰਸਕ੍ਰਿਤ ਭਾਸ਼ਾ ਦੇ ਜਿਸ ਤਰ੍ਹਾਂ ਦੇ ਸਬੰਧ ਮਿਲਦੇ ਹਨ, ਉਹਨਾਂ ਨਾਲ ਇਹਨਾਂ ਦੋਨਾਂ ਦੇਸ਼ਾਂ ਦੀ ਅਮਨ ਦੀ ਚਾਹਤ ਅਤੇ ਸਮਰੱਥਾ ਦਾ ਚਿਹਰਾ ਦਿਖਾਈ ਦਿੰਦਾ ਹੈ ।

ਇਹ ਵਿਚਾਰ ਯੂਕਰੇਨੀ ਭਾਸ਼ਾ ਅਤੇ ਹਿੰਦੀ ਭਾਸ਼ਾ ਦੇ ਵਿਗਿਆਨੀ ਅਤੇ ਲੇਖਕ ਡਾ. ਯੂਰੀ ਬੋਤਵਿੰਨਕਿਨ ਨੇ ਅੱਜ ਜੈਪੁਰ ਵਿੱਚ ਆਪਣੇ ਸਨਮਾਨ ਵਿੱਚ ਹੋਏ ਲੇਖਕ ਨੂੰ ਮਿਲੀਏ ਪ੍ਰੋਗਰਾਮ ਵਿੱਚ ਪ੍ਰਗਟ ਕੀਤੇ।

ਜੈਪੁਰ ਵਿਚ ਹੋਏ ਇਸ ਪ੍ਰੋਗਰਾਮ ਵਿੱਚ ਪੰਜਾਬੀ ਹਿੰਦੀ ਦੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ ਡਾ. ਕ੍ਰਿਸ਼ਨ ਕੁਮਾਰ ਰੱਤੂ ਤੋਂ ਨਾਲ ਇੱਕ ਸੰਵਾਦੀ ਗੱਲ ਵਿੱਚ ਡਾਕਟਰ ਯੂਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਉਹ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਬਾਰੇ ਵੀ ਰੁੱਖ ਕਰਨਗੇ। ਇੱਥੇ ਇਹ ਵਰਨਣਯੋਗ ਹੈ ਕਿ ਯੂਕਰੇਨੀ ਹਿੰਦੀ ਅਤੇ ਇਤਿਹਾਸ ਵਿੱਚ ਪੀ ਐਚ ਡੀ ਕੀਤੀ ਹੈ ਅਤੇ ਉਹ ਪਿਛਲੇ 30 ਸਾਲਾਂ ਤੋਂ ਹਿੰਦੀ ਵਿੱਚ ਕੰਮ ਕਰ ਰਹੇ ਹਨ। ਉਹਨਾਂ ਨੇ ਭਾਰਤੀ ਸਾਹਿਤ ਵਿੱਚ ਤੇ ਸਮਾਜ ਵਿੱਚ ਆ ਰਹੇ ਬਦਲਾਵਾਂ ਬਾਰੇ ਗੱਲ ਕਰਦਿਆਂ ਡਾ ਰੱਤੂ ਨੂੰ ਦੱਸਿਆ, ਕਿ ਉਹ ਇਸ ਨੂੰ ਪੂਰੇ ਵਿਸ਼ਵ ਨਾਲੋਂ ਅਲੱਗ ਮੰਨਦੇ ਹਨ। ਕਿਉਂਕਿ ਜਿਸ ਤੇਜ਼ੀ ਨਾਲ ਭਾਰਤ ਅੱਗੇ ਵੱਧ ਰਿਹਾ ਹੈ, ਉਹ ਇਕ ਵੱਡੀ ਗੱਲ ਹੈ ਅਤੇ ਦੁਨੀਆਂ ਨੂੰ ਅੱਜ ਹੈਰਾਨ ਕਰ ਰਹੀ ਹੈ। ਡਾ. ਯੂਰੀ ਜੋ ਕਿ ਕੀਵ ਯੂਨੀਵਰਸਿਟੀ ਯੂਕਰੇਨ ਵਿੱਚ ਹਿੰਦੀ ਭਾਸ਼ਾ ਦੇ ਮੁਖੀ ਅਤੇ ਹਿੰਦੀ ਅਤੇ ਯੂਕਰੇਨੀ ਦੇ ਪ੍ਰਸਿੱਧ ਲੇਖਕ ਹਨ, ਅੱਜ ਲੇਖਕਾਂ ਨਾਲ ਗੱਲ ਕਰਦਿਆਂ ਹੋਇਆਂ ਦੱਸਿਆ, ਕਿ ਦੁਨੀਆਂ ਵਿੱਚ ਹਰ ਆਦਮੀ ਦਾ ਦੁੱਖ ਸੁੱਖ ਅਤੇ ਭਾਵਨਾਵਾਂ ਇੱਕੋ ਜਿਹੀਆਂ ਹੀ ਹਨ।




ਉਨ੍ਹਾਂ ਨੇ ਇਹ ਗੱਲ ਰਮਾਇਣ ਤੇ ਗੀਤਾ ਸ੍ਰੀ ਰਾਮ ਤੇ ਸ੍ਰੀ ਕ੍ਰਿਸ਼ਨ ਜੀ ਦੇ ਲੋਕ ਕਿਰਦਾਰਾਂ ਬਾਰੇ ਗੱਲ ਕਰਦੇ ਹੋਏ ਆਪਣੇ ਡਰਾਮੇ ਅਤੇ ਕਵਿਤਾਵਾਂ ਨਾਲ ਇਸ ਵੱਡੇ ਸਬੰਧਾਂ ਨੂੰ ਚਿਤਰਿਆ। ਯੂਰੀ ਨੇ ਕਈ ਸਵਾਲਾਂ ਦੇ ਜਵਾਬ ਦਿੰਦਿਆਂ ਦੱਸਿਆ ਕਿ ਭਾਸ਼ਾ ਆਦਮੀ ਦੇ ਹਿੱਸੇ ਨੂੰ ਅਮੀਰ ਬਣਾਉਂਦੀ ਹੈ ਅਤੇ ਇਹ ਭਾਸ਼ਾ ਹੀ ਹੈ ਜਿਹੜੀ ਦੇਸ਼ਾਂ ਨੂੰ ਜਿਓਗ੍ਰਾਫੀ ਦੀ ਹੱਦਾਂ ਤੋਂ ਬਾਹਰ ਜੋੜਦੀ ਹੈ ਅੰਤ ਵਿੱਚ ਉਹਨਾਂ ਨੇ ਆਪਣੀਆਂ ਤਿੰਨ ਚੋਣਵੀਆਂ ਕਵਿਤਾਵਾਂ ਸੁਣਾਈਆਂ ਜਿਹੜੀਆਂ ਕਿ ਹਿੰਦੀ ਵਿੱਚ ਸਨ। ਇਸ ਮੌਕੇ 'ਤੇ ਰਾਜਸਥਾਨ ਦੇ ਬਹੁਤ ਸਾਰੇ ਲੇਖਕ ਤੇ ਪੱਤਰਕਾਰ ਮੌਜੂਦ ਸਨ।

# ਗੁਰੂ ਨਾਨਕ ਜਹਾਜ਼ ਦਿਹਾੜੇ ਮੌਕੇ ਸਰੀ ਸਿਟੀ ਹਾਲ ਵਿੱਚ ਯਾਦਗਾਰੀ ਸਮਾਗਮ ਕਰਵਾਇਆ

## ਗੁਰੂ ਨਾਨਕ ਜਹਾਜ ਨਾਂ ਦੀ ਬਹਾਲੀ ਲਈ ਸਾਰੀਆਂ ਸੰਸਥਾਵਾਂ ਇਕਜੁੱਟ

ਮਲੇਰਕੋਟਲਾ, 1 ਅਗਸਤ (ਚ.ਨ.ਸ.): ਬ੍ਰਿਟਿਸ ਕੋਲੰਬੀਆ ਸਰੀ ਸਿਟੀ ਕੌਂਸਲ ਸਿਟੀ ਹਾਲ ਵਿੱਚ ਗੁਰੂ ਨਾਨਕ ਜਹਾਜ ਦੀ 111ਵੀਂ ਵਰ੍ਹੇਗੰਢ ਮੌਕੇ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਮੌਕੇ 2 ਦਰਜਨ ਤੋਂ ਵੱਧ ਸੰਸਥਾਵਾਂ ਨੇ ਇੱਕਜੁੱਟਤਾ ਦਿਖਾਉਂਦੇ ਹੋਏ ਬ੍ਰਿਟਿਸ ਬਸਤੀਵਾਦ ਨਾਮ ਕਾਮਾਗਾਟਾਮਾਰੂ ਦੀ ਥਾਂ ਗੁਰਦਿੱਤ ਸਿੰਘ ਜੀ ਅਤੇ ਮੁਸਾਫਿਰਾਂ ਵੱਲੋਂ ਜਹਾਜ 66 ਹਜ਼ਾਰ ਡਾਲਰ ਤੇ ਚਾਰਟਰ ਕਰਨ ਮਗਰੋਂ ਰੱਖੇ ਗਏ ਗੁਰੂ ਨਾਨਕ ਜਹਾਜ ਦੇ ਨਾਮ ਨੂੰ ਬਹਾਲ ਕਰਨ ਦਾ ਅਹਿਦ ਲਿਆ ਗਿਆ। ਗੁਰੂ ਨਾਨਕ ਜਹਾਜ ਹੈਰੀਟੇਜ ਸੁਸਾਇਟੀ ਵੱਲੋਂ ਪ੍ਰੋਗਰਾਮ ਦੌਰਾਨ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ ਦੇ ਇਤਿਹਾਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹਾਜ਼ਰ ਸੰਗਤਾਂ ਨੂੰ ਜੀ ਆਇਆਂ ਆਖਿਆ। ਗੁਰੂ ਨਾਨਕ ਜਹਾਜ ਦਿਹਾੜੇ ਨੂੰ ਇਤਿਹਾਸਕ ਮਾਨਤਾ ਮਿਲਣ 'ਤੇ ਇਸ ਸਮਾਗਮ ਵਿੱਚ ਧਾਰਮਿਕ ਵਿੱਦਿਅਕ, ਸਮਾਜਿਕ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਬੇਮਿਸਾਲ ਉਤਸ਼ਾਹ ਦਿਖਾਇਆ। ਸਰੀ ਸਿਟੀ ਦੀ ਮੇਅਰ ਬਰਿੰਡਾ ਲੌਕ ਵੱਲੋਂ ਜਾਰੀ ਐਲਾਨਨਾਮੇ ਨੂੰ ਕੌਂਸਲਰ ਹੈਰੀ ਬੈਂਸ, ਜਨਮੀਤ ਸਿੰਘ ਖਾਲੜਾ ਪੁੱਤਰ ਜਸਵੰਤ ਸਿੰਘ ਖਾਲੜਾ ਨੂੰ ਭੇਟ ਕੀਤਾ ਗਿਆ। ਇਸ ਸਮਾਗਮ ਵਿਚ ਸਰਬਜੀਤ ਸਿੰਘ ਬੈਂਸ, ਸੈਨੇਟਰ ਬਲਜੀਤ ਸਿੰਘ ਢਿੱਲੋਂ, ਐਮ ਪੀ ਸੁੱਖ ਧਾਲੀਵਾਲ, ਐਨ ਪੀ ਗੁਰਬਖਸ਼ ਸੈਣੀ, ਐਮ ਐਲ ਏ ਅਮੀਨਾ ਨੇ ਵੀ ਸੰਬੋਧਨ ਕੀਤਾ। ਇਹ ਦਿਵਸ ਜਪਾਨੀ ਸਟੀਮਰ ਜਹਾਜ ਕਾਮਾਗਾਟਾਮਾਰੂ ਤੇ ਸਵਾਰ 376 ਭਾਰਤੀ ਯਾਤਰੀਆਂ ਨੂੰ 23 ਜੁਲਾਈ 1914 ਨੂੰ ਵੈਨਕੋਵਰ ਬੰਦਰਗਾਹ ਤੋਂ ਵਾਪਸ ਭੇਜ ਦਿੱਤਾ ਗਿਆ ਸੀ। ਕਿਉਂਕਿ ਸ਼ੱਕ ਸੀ ਕਿ ਜਹਾਜ਼ ਵਿਚ ਸਵਾਰ ਲੋਕ ਕਰਾਂਤੀਕਾਰੀ ਸਨ । ਜਿਨ੍ਹਾਂ ਵਿਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸ਼ਾਮਲ ਸਨ। ਇਸ ਮੌਕੇ ਪੰਜਾਬ ਤੋਂ ਪ੍ਰਸਿੱਧ ਸੰਗੀਤਕਾਰ ਭਾਈ ਬਲਦੀਪ ਸਿੰਘ, ਸਿੱਖ ਵਿਦਵਾਨ ਹਰਿੰਦਰ ਸਿੰਘ, ਪਾਕਿਸਤਾਨ ਤੋਂ ਸਤਿਕਾਰਤ ਸ਼ਖ਼ਸੀਅਤ ਰਾਏ ਅਜੀਲ ਉਲਾ ਖ਼ਾਨ, ਸੀਨੀਅਰ ਪੱਤਰਕਾਰ ਮੁਕੰਦ ਸਿੰਘ ਚੀਮਾ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਮੌਕੇ ਕੈਨੇਡਾ ਦਾ ਰਾਸ਼ਟਰੀ ਗੀਤਾ ਪੇਸ਼ ਕੀਤਾ ਗਿਆ ਅਤੇ ਖ਼ਾਲਸਾ ਸਕੂਲ ਦੀ ਗੱਤਕਾ ਟੀਮ ਨੇ ਆਪਣੀ ਕਲਾ ਦੇ ਜ਼ੌਹਰ ਦਿਖਾਏ। ਸਮਾਗਮ ਦਾ ਸੰਚਾਲਨ ਸਾਹਿਬ ਕੌਰ ਵੱਲੋਂ ਕੀਤਾ ਗਿਆ। ਇਸ ਮੌਕੇ ਪਰਗਟ ਸਿੰਘ ਧਾਲੀਵਾਲ ਦੁਲਮਾਂ, ਹਰਮਿੰਦਰ ਸਿੰਘ ਰਾਣੂ ਖੁਰਦ, ਕੁਲਜੀਤ ਸਿੰਘ ਪੱਪੂ ਬਾਪਲਾ, ਏਕਮ ਸਿੰਘ ਕਹਿਲ ਸੰਦੌੜ, ਕੁਲਵੰਤ ਸਿੰਘ ਸਰਪੰਚ ਲੋਹਗੜ੍ਹ, ਸਰਪੰਚ ਸੁਖਦੇਵ ਸਿੰਘ ਮੰਡੀਆ, ਜਸਕਿੰਦਰ ਸਿੰਘ ਧਾਲੀਵਾਲ ਦੁਲਮਾ, ਬਲਦੇਵ ਸਿੰਘ ਖੱਟੜਾ , ਚਮਕੌਰ ਸਿੰਘ ਕਲਿਆਣ ਆਦਿ ਆਗੂਆਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ।




## ਸੰਪਾਦਕੀ

# ਭਵਿੱਖ ਦੇ ਭਾਰਤ-ਅਮਰੀਕਾ ਰਿਸ਼ਤੇ

ਕੁਝ ਸਮੇਂ ਤੋਂ ਜਿਸ ਤਰ੍ਹਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਖ-ਵੱਖ ਦੇਸ਼ਾਂ 'ਤੇ ਟੈਰਿਫ ਲਗਾਉਣ ਦੀ ਗੱਲ ਕਰ ਰਹੇ ਸਨ, ਉਸ ਨੂੰ ਕਈ ਤਰੀਕਿਆਂ ਨਾਲ ਦਬਾਅ ਦੀ ਰਣਨੀਤੀ ਮੰਨਿਆ ਜਾ ਰਿਹਾ ਸੀ। ਪਰ ਹੁਣ ਉਨ੍ਹਾਂ ਨੇ ਇਸ ਮੁੱਦੇ 'ਤੇ ਜਿਸ ਤਰ੍ਹਾਂ ਦੇ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਹਨ, ਉਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਮਨਮਾਨੇ ਟੈਰਿਫ ਲਗਾਉਣ ਦੇ ਫੈਸਲੇ ਨੂੰ ਕਿਸੇ ਦੇਸ਼ ਦੀ ਨੀਤੀ ਨੂੰ ਪ੍ਰਭਾਵਿਤ ਕਰਨ ਲਈ ਇੱਕ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਇਸ ਕ੍ਰਮ ਵਿੱਚ ਟਰੰਪ ਪਿਛਲੇ ਦਿਨਾਂ ਵਿੱਚ ਵਾਰ-ਵਾਰ ਕਹਿੰਦੇ ਰਹੇ ਕਿ ਉਹ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਉਤਪਾਦਾਂ 'ਤੇ ਭਾਰੀ ਟੈਰਿਫ ਲਗਾਉਣਗੇ। ਪਰ ਉਨ੍ਹਾਂ ਦੇ ਬਿਆਨਾਂ ਵਿੱਚ ਦਿਖਾਈ ਦੇਣ ਵਾਲੇ ਉਤਰਾਅ-ਚੜ੍ਹਾਅ ਨੂੰ ਦੇਖਦੇ ਹੋਏ ਇਹ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਆਪਣੀ ਜ਼ਿੱਦ 'ਤੇ ਵਿਚਾਰ ਕਰਨਗੇ ਅਤੇ ਭਾਰਤ ਪ੍ਰਤੀ ਉਦਾਰ ਰਵੱਈਆ ਅਪਣਾਉਣਗੇ। ਖਾਸ ਕਰਕੇ ਕਿਉਂਕਿ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਅਤੇ ਅਮਰੀਕਾ ਵਿਚਕਾਰ ਦੁਵੱਲੇ ਸਬੰਧਾਂ ਦੇ ਨਵੇਂ ਦਰਵਾਜ਼ੇ ਖੁੱਲ੍ਹੇ ਸਨ ਅਤੇ ਕੁਝ ਗਤੀਵਿਧੀਆਂ ਵਿੱਚ ਵਾਧਾ ਹੋਇਆ ਸੀ। ਇਹ ਧਿਆਨ ਦੇਣ ਯੋਗ ਹੈ ਕਿ ਵਪਾਰ ਗੱਲਬਾਤ ਦੇ ਸੰਦਰਭ ਵਿੱਚ ਅਮਰੀਕਾ ਅਤੇ ਭਾਰਤ ਵਿਚਕਾਰ ਚੱਲ ਰਹੀ ਗੱਲਬਾਤ ਵਿੱਚ ਰੁਕਾਵਟ ਦੇ ਕੁਝ ਸੰਕੇਤ ਸਾਹਮਣੇ ਆਉਣ ਤੋਂ ਬਾਅਦ, ਡੋਨਾਲਡ ਟਰੰਪ ਨੇ 1 ਅਗਸਤ ਤੋਂ ਭਾਰਤ ਤੋਂ ਆਯਾਤ ਕੀਤੇ ਜਾਣ ਵਾਲੇ ਸਮਾਨ 'ਤੇ 25 ਪ੍ਰਤੀਸ਼ਤ ਡਿਊਟੀ ਅਤੇ ਰੂਸ ਤੋਂ ਤੇਲ ਖਰੀਦਣ 'ਤੇ ਜੁਰਮਾਨੇ ਦਾ ਐਲਾਨ ਕੀਤਾ ਸੀ। ਹਾਲਾਂਕਿ, ਇਹ ਅਚਾਨਕ ਫੈਸਲਾ ਨਹੀਂ ਜਾਪਦਾ ਹੈ ਅਤੇ ਟਰੰਪ ਨੇ ਇਸ ਵਾਰ ਸੱਤਾ ਵਿੱਚ ਆਉਣ ਤੋਂ ਬਾਅਦ ਕੁਝ ਥਾਵਾਂ 'ਤੇ ਆਯਾਤ ਡਿਊਟੀ ਦੇ ਐਲਾਨਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ। ਉਦਾਹਰਣ ਵਜੋਂ ਟਰੰਪ ਨੇ ਕੈਨੇਡਾ 'ਤੇ 35 ਪ੍ਰਤੀਸ਼ਤ ਡਿਊਟੀ ਲਗਾਉਣ ਦਾ ਐਲਾਨ ਕੀਤਾ ਸੀ, ਜਦੋਂ ਕਿ ਵਪਾਰ ਗੱਲਬਾਤ ਅਜੇ ਵੀ ਚੱਲ ਰਹੀ ਸੀ ਅਤੇ ਇੱਕ ਸਮਝੌਤੇ ਦੀ ਉਮੀਦ ਸੀ। ਜਦੋਂ ਅਮਰੀਕਾ ਨਾਲ ਦੁਵੱਲੇ ਅੰਤਰਿਮ ਵਪਾਰ ਸਮਝੌਤੇ ਲਈ ਆਖਰੀ ਦੌਰ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਸਨ ਤਾਂ ਭਾਰਤ 'ਤੇ 25 ਪ੍ਰਤੀਸ਼ਤ ਡਿਊਟੀ ਲਗਾਉਣ ਦੀ ਵੀ ਗੱਲ ਕਹੀ ਗਈ ਸੀ। ਇਹ ਜ਼ਿਕਰਯੋਗ ਹੈ ਕਿ ਅਮਰੀਕੀ ਵਾਰਤਾਕਾਰਾਂ ਦਾ ਇੱਕ ਸਮੂਹ 25 ਅਗਸਤ ਨੂੰ ਭਾਰਤ ਦਾ ਦੌਰਾ ਕਰਨ ਜਾ ਰਿਹਾ ਹੈ, ਜੋ ਪ੍ਰਸਤਾਵਿਤ ਵਪਾਰ ਸਮਝੌਤੇ 'ਤੇ ਗੱਲਬਾਤ ਦੇ ਅਗਲੇ ਦੌਰ ਵਿੱਚ ਹਿੱਸਾ ਲਵੇਗਾ। ਸਵਾਲ ਇਹ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਵਪਾਰ ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਕਿਸੇ ਨਤੀਜੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਡਿਊਟੀ ਲਗਾਉਣ ਦਾ ਐਲਾਨ ਕਰਨ ਦੀ ਜਲਦਬਾਜ਼ੀ ਕਿਉਂ ਮਹਿਸੂਸ ਹੋਈ। ਕੀ ਇਸ ਫੈਸਲੇ ਨੂੰ ਵਪਾਰ ਗੱਲਬਾਤ ਵਿੱਚ ਅਮਰੀਕਾ 'ਤੇ ਆਪਣੇ ਹਿੱਤ ਵਿੱਚ ਨੀਤੀਗਤ ਫੈਸਲੇ ਲੈਣ ਲਈ ਦਬਾਅ ਪਾਉਣ ਦੀ ਰਣਨੀਤੀ ਨਹੀਂ ਮੰਨਿਆ ਜਾਵੇਗਾ? ਇੱਕ ਦਲੀਲ ਇਹ ਦਿੱਤੀ ਗਈ ਹੈ ਕਿ ਭਾਰਤ ਦੀ ਡਿਊਟੀ ਬਹੁਤ ਜ਼ਿਆਦਾ ਰਹੀ ਹੈ, ਇਸ ਲਈ ਅਮਰੀਕਾ ਨੇ ਇਸ ਨਾਲ ਮੁਕਾਬਲਤਨ ਘੱਟ ਵਪਾਰ ਕੀਤਾ ਹੈ। ਜੇਕਰ ਅਜਿਹਾ ਹੈ, ਤਾਂ ਇਸ ਮੁੱਦੇ 'ਤੇ ਗੱਲਬਾਤ ਰਾਹੀਂ ਦੋਵਾਂ ਧਿਰਾਂ ਵਿਚਕਾਰ ਸਹਿਮਤੀ ਬਣਾਉਣ ਦੀ ਲੋੜ ਸੀ, ਨਾ ਕਿ ਭਾਰੀ ਡਿਊਟੀਆਂ ਦਾ ਐਲਾਨ ਕਰਕੇ ਸਿੱਧੇ ਤੌਰ 'ਤੇ ਦਬਾਅ ਪਾਉਣ ਦੀ। ਫਿਰ ਅਮਰੀਕਾ ਵੱਲੋਂ ਪਾਕਿਸਤਾਨ ਨਾਲ ਮਿਲ ਕੇ ਤੇਲ ਭੰਡਾਰ ਵਿਕਸਤ ਕਰਨ ਦੇ ਸੌਦੇ ਦੀਆਂ ਖ਼ਬਰਾਂ ਦਾ ਕੀ ਅਰਥ ਹੋ ਸਕਦਾ ਹੈ? ਹਾਲ ਹੀ ਦੇ ਸਾਲਾਂ ਵਿੱਚ ਭਾਰਤ ਨੇ ਜਿਸ ਤਰ੍ਹਾਂ ਆਪਣੇ ਨਿਰਯਾਤ ਪੱਖ ਨੂੰ ਮਜ਼ਬੂਤ ਕੀਤਾ ਹੈ, ਉਸ ਨੂੰ ਦੇਖਦੇ ਹੋਏ, ਕੀ ਇਸ ਤਰ੍ਹਾਂ ਦਾ ਅਮਰੀਕੀ ਦਬਾਅ ਵਪਾਰ ਵਿੱਚ ਸਹਿਯੋਗ ਦੀ ਬਜਾਏ ਦੁਸ਼ਮਣੀ ਲਈ ਮੰਚ ਤਿਆਰ ਕਰਨ ਦੀ ਕੋਸ਼ਿਸ਼ ਨਹੀਂ ਹੈ? ਸਵਾਲ ਇਹ ਵੀ ਹੈ ਕਿ ਕੀ ਭਾਰਤ ਨੇ ਸਮੇਂ ਸਿਰ ਇਸ ਮੁੱਦੇ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਾਂ ਜ਼ਰੂਰੀ ਰਣਨੀਤੀ ਨੂੰ ਮਹੱਤਵ ਨਹੀਂ ਦਿੱਤਾ। ਹਾਲਾਂਕਿ ਇਹ ਮੰਨਿਆ ਜਾ ਰਿਹਾ ਹੈ ਕਿ ਟਰੰਪ ਦੇ ਤਾਜ਼ਾ ਐਲਾਨ ਦਾ ਭਾਰਤ 'ਤੇ ਕੁਝ ਹੋਰ ਦੇਸ਼ਾਂ ਦੇ ਮੁਕਾਬਲੇ ਘੱਟ ਪ੍ਰਭਾਵ ਪਵੇਗਾ, ਪਰ ਇਸ ਇਕਪਾਸੜ ਫੈਸਲੇ ਤੋਂ ਬਾਅਦ, ਦੁਵੱਲੇ ਸਬੰਧਾਂ ਵਿੱਚ ਕੁਝ ਢਿੱਲ ਆ ਸਕਦੀ ਹੈ।

**-ਜਗਜੀਤ ਸਿੰਘ ਦਰਦੀ**

## ਸ਼੍ਰੋਮਣੀ ਕਮੇਟੀ ਵੱਲੋਂ ਏ.ਆਈ. 19 ਪਲੇਟਫਾਰਮਾਂ ਨੂੰ ਵਾਰਨਿੰਗ

# ਗੁਰਬਾਣੀ ਦੀ ਸ਼ੁੱਧਤਾ ਅਤੇ ਸਿੱਖੀ ਸਿਧਾਂਤਾਂ ਦੀ ਸੁਰੱਖਿਆ ਲਈ ਦੁਰਵਰਤੋਂ ਵਿਰੁੱਧ ਸਖ਼ਤ ਸਟੈਂਡ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਪੂਰੀ ਦੁਨੀਆਂ ਵਿੱਚ ਜਿਸ ਤਰ੍ਹਾਂ ਸੋਸ਼ਲ ਮੀਡੀਆ ਅਰਥਾਤ ਡਿਜੀਟਲ ਪਲੇਟਫਾਰਮ ਦਾ ਬੋਲਬਾਲਾ ਹੈ, ਉਸ ਨਾਲ ਸੰਚਾਰ ਮਾਧਿਅਮ ਵਿੱਚ ਆਈ ਇਕਦਮ ਤੇਜ਼ੀ ਅਤੇ ਨਵੀਂ ਤਕਨੀਕ ਨੇ ਇਸ ਪ੍ਰਚਾਰ ਪ੍ਰਸਾਰ ਨੂੰ ਹੁਣ ਮਿੰਟਾਂ ਸਕਿੰਟਾਂ ਦੀ ਥਾਂ 'ਤੇ ਅੱਖ ਝਪਕਦਿਆਂ ਹੀ ਸੂਚਨਾ ਦਾ ਪ੍ਰਵਾਹ ਤੇ ਗਤੀ ਐਨੀ ਤੇਜ਼ ਹੋ ਗਈ ਹੈ ਕਿ ਇਕ ਸੈਕਿੰਡ ਵਿੱਚ ਤੁਰਤਾ ਕਿਹਾ ਗਿਆ ਤੇ ਛਪਿਆ ਹੋਇਆ ਸ਼ਬਦ ਤੇ ਤਸਵੀਰਾਂ ਕਿੱਥੇ ਜਾ ਸਕਦੀਆਂ ਹਨ, ਤੁਹਾਨੂੰ ਖੁਦ ਨੂੰ ਵੀ ਨਹੀਂ ਪਤਾ ਲੱਗਦਾ।

ਸੂਚਨਾ ਪ੍ਰਸਾਰਨ ਦਾ ਇੱਕ ਨਵਾਂ ਸੰਸਾਰ ਹੈ। ਇਸ ਨਾਲ ਭਾਸ਼ਾ ਦੀ ਅਸ਼ੁੱਧਤਾ ਗਲਤੀਆਂ ਅਤੇ ਜਿਸ ਤਰ੍ਹਾਂ ਦਾ ਕੰਟੈਂਟ ਪਰੋਸਿਆ ਜਾ ਰਿਹਾ ਹੈ, ਉਹ ਸਮਾਜ ਨੂੰ ਕਿਸ ਪਾਸੇ ਲਿਜਾ ਰਿਹਾ ਹੈ। ਇਸ ਪਾਸੇ ਹੁਣ ਪੂਰੀ ਦੁਨੀਆਂ ਵਿੱਚ ਚਿੰਤਾ ਦੀ ਲਹਿਰ ਦੌੜ ਗਈ ਹੈ। ਨਵੀਂ ਤਕਨੀਕ ਏਆਈ ਡੀਪ ਫੇਕ ਤੇ ਹੋਰ ਅਈਟੀ ਦੇ ਪ੍ਰਸਾਰਨ ਮਾਧਿਅਮ ਅਤੇ ਜ਼ਰੀਏ ਨੇ ਇਸ ਨੂੰ ਜਿਸ ਤਰ੍ਹਾਂ ਪੇਸ਼ ਕਰਨਾ ਸ਼ੁਰੂ ਕੀਤਾ, ਉਸ ਨਾਲ ਤੁਸੀਂ ਕਿਸੇ ਵੀ ਕੰਟੈਂਟ ਅਤੇ ਤਸਵੀਰ ਨਾਲ ਛੇੜਖਾਨੀ ਕਰਕੇ ਆਪਣੀ ਮਰਜ਼ੀ ਅਨੁਸਾਰ ਉਸ ਨੂੰ ਇਕ ਨਵਾਂ ਨੈਰੇਟਿਵ ਅਤੇ ਪ੍ਰਚਾਰ ਪ੍ਰਸਾਰ ਵਿਰੁੱਧ ਜਾਂ ਹੱਕ ਵਿੱਚ ਇੱਕ ਨਵਾਂ ਨੈਰੇਟਿਵ ਪੈਦਾ ਕਰ ਸਕਦੇ ਹੋ। ਇਹ ਹੁਣ ਸੋਸ਼ਲ ਮੀਡੀਆ ਦੀ ਤਾਕਤ ਹੈ ਜੋ ਤੁਹਾਡੀ ਸੋਚ ਨੂੰ ਸੈਕਿੰਡ 'ਚ ਬਦਲਦੀ ਹੈ। ਇਸ ਸਾਰੇ ਉੱਤੇ ਸਿੱਖੀ ਸਿਧਾਂਤ ਗੁਰਮਤਿ ਮਰਿਆਦਾ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਆਰਟੀਫਿਸ਼ਲ ਇੰਟੈਲੀਜੈਂਸ ਸੰਸਥਾ ਤੇ ਏਆਈ 'ਤੇ ਗੁਰਬਾਣੀ ਸਿਧਾਂਤਾਂ ਦੇ ਵਿਰੁੱਧ ਜਾਣ ਅਤੇ ਗੁਰਬਾਣੀ ਵਿੱਚ ਗਲਤੀਆਂ ਅਤੇ ਸ਼ਬਦ ਜੋੜਾਂ ਦੇ ਨਾਲ ਉਸਦੀ ਪ੍ਰਸਤੁਤੀਕਰਨ 'ਤੇ ਜਿਸ ਤਰ੍ਹਾਂ ਸਵਾਲ ਉਠਾਇਆ ਗਿਆ ਤੇ ਜਿਸ ਤਰ੍ਹਾਂ ਨੋਟਿਸ ਭੇਜੇ ਗਏ ਹਨ, ਉਹ ਇੱਕ ਸ਼ਲਾਘਾਯੋਗ ਕਦਮ ਹੈ।

ਇਹ ਕਦਮ ਬਹੁਤ ਪਹਿਲਾਂ ਹੋ ਜਾਣਾ ਚਾਹੀਦਾ ਸੀ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼ਲਾਘਾ ਦੇ ਪਾਤਰ ਹਨ। ਉਹਨਾਂ ਨੇ ਦੇਰ ਆਏ ਦਰੁਸਤ ਆਏ, ਇਸ ਵਿਰੁੱਧ ਕੋਈ ਕਦਮ ਤਾਂ ਚੁੱਕਿਆ ਹੈ।ਅਸੀਂ ਦੇਖਦੇ ਹਾਂ ਕਿ ਇਹਨਾਂ ਵੱਲੋਂ ਚੁੱਕੇ ਗਏ ਕਦਮਾਂ ਦੇ ਵਿੱਚ ਅੱਜ ਸੋਸ਼ਲ ਮੀਡੀਆ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.), ਜੋ ਸਿੱਖ ਧਰਮ ਦੀ ਪ੍ਰਮੁੱਖ ਧਾਰਮਿਕ ਸੰਸਥਾ ਹੈ, ਨੇ ਹਾਲ ਹੀ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਵਰਤੋਂ ਨਾਲ ਗੁਰਬਾਣੀ ਦੇ ਸਿਧਾਂਤਾਂ ਨੂੰ ਵਿਗਾੜਨ ਅਤੇ ਬਦਲਣ ਦੇ ਮੁੱਦੇ 'ਤੇ ਸਖ਼ਤ ਰੁਖ਼ ਅਪਣਾਇਆ ਹੈ।

ਐਸ.ਜੀ.ਪੀ.ਸੀ. ਨੇ ਦੇਸ਼ ਦੇ ਪ੍ਰਮੁੱਖ ਓਟੀਟੀ ਪਲੇਟਫਾਰਮਾਂ ਅਤੇ ਡਿਜੀਟਲ ਮੀਡੀਆ ਸੰਸਥਾਵਾਂ ਨੂੰ ਨੋਟਿਸ ਜਾਰੀ ਕਰਕੇ ਗੁਰਬਾਣੀ ਦੀ ਮਰਿਆਦਾ, ਸ਼ੁੱਧ ਉਚਾਰਨ ਅਤੇ ਸਿਧਾਂਤਕ ਸ਼ੁੱਧਤਾ ਨੂੰ ਬਰਕਰਾਰ ਰੱਖਣ ਦੀ ਮੰਗ ਕੀਤੀ ਹੈ। ਇਹ ਕਦਮ ਸਿੱਖ ਸਮਾਜ ਅਤੇ ਗੁਰਬਾਣੀ ਦੀ ਪਵਿੱਤਰਤਾ ਦੀ ਸੁਰੱਖਿਆ ਲਈ ਇੱਕ ਮਹੱਤਵਪੂਰਨ ਪਹਿਲਕਦਮੀ ਹੈ, ਜੋ ਤਕਨੀਕੀ ਤਰੱਕੀ ਦੇ ਯੁੱਗ ਵਿੱਚ ਧਾਰਮਿਕ ਸੰਵੇਦਨਸ਼ੀਲਤਾਵਾਂ ਨੂੰ ਸੁਰੱਖਿਅਤ ਰੱਖਣ ਦੀ ਜ਼ਰੂਰਤ ਨੂੰ ਰੇਖਾਂਕਿਤ ਕਰਦਾ ਹੈ।

ਸ਼੍ਰੋਮਣੀ ਕਮੇਟੀ ਦੀ ਸਟੇਟਮੈਂਟ ਵਿਚ ਗੁਰਬਾਣੀ ਦੀ ਸੁਰੱਖਿਆ ਲਈ ਸੰਕਲਪ ਦੇ ਨਾਲ ਐਸ.ਜੀ.ਪੀ.ਸੀ. ਨੇ ਆਪਣੇ ਬਿਆਨ ਵਿੱਚ ਸਪੱਸ਼ਟ ਕੀਤਾ ਹੈ ਕਿ ਗੁਰਬਾਣੀ ਸਿੱਖ ਧਰਮ ਦਾ ਮੁੱਢਲਾ ਅਧਾਰ ਹੈ ਅਤੇ ਇਸਦੀ ਸ਼ੁੱਧਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਏ.ਆਈ. ਦੀ ਵਧਦੀ ਵਰਤੋਂ ਖਾਸ ਕਰਕੇ ਓਟੀਟੀ ਪਲੇਟਫਾਰਮਾਂ ਅਤੇ ਡਿਜੀਟਲ ਮੀਡੀਆ 'ਤੇ, ਗੁਰਬਾਣੀ ਦੀ ਵਿਆਖਿਆ, ਉਚਾਰਨ ਅਤੇ ਪੇਸ਼ਕਾਰੀ ਵਿੱਚ ਗਲਤੀਆਂ ਅਤੇ ਵਿਗਾੜ ਪੈਦਾ ਕਰ ਰਹੀ ਹੈ। ਇਹ ਨਾ ਸਿਰਫ ਸਿੱਖ ਸਿਧਾਂਤਾਂ ਦੀ ਉਲੰਘਣਾ ਹੈ, ਸਗੋਂ ਸਿੱਖ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਂਦਾ ਹੈ।

ਸ਼੍ਰੋਮਣੀ ਕਮੇਟੀ ਨੇ ਜ਼ੋਰ ਦੇ ਕੇ ਕਿਹਾ ਕਿ ਗੁਰਬਾਣੀ ਨੂੰ ਸਹੀ ਸੰਦਰਭ ਅਤੇ ਮਰਿਆਦਾ ਵਿੱਚ ਪੇਸ਼ ਕਰਨਾ ਸਮੇਂ ਦੀ ਮੁੱਖ ਜ਼ਰੂਰਤ ਹੈ। ਨੋਟਿਸ ਵਿੱਚ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਗਿਆ ਹੈ ਕਿ ਜੇਕਰ ਕੋਈ ਪਲੇਟਫਾਰਮ ਜਾਂ ਸੰਸਥਾ ਗੁਰਬਾਣੀ ਦੀ ਗਲਤ ਵਿਆਖਿਆ ਜਾਂ ਪੇਸ਼ਕਾਰੀ ਕਰਦੀ ਪਾਈ ਗਈ, ਤਾਂ ਉਸ ਵਿਰੁੱਧ ਸਖਤ ਕਾਨੂੰਨੀ ਅਤੇ ਧਾਰਮਿਕ ਕਾਰਵਾਈ ਕੀਤੀ ਜਾਵੇਗੀ। ਐਸ.ਜੀ.ਪੀ.ਸੀ. ਦਾ ਇਹ ਸਟੈਂਡ ਸਿੱਖ ਸਮਾਜ ਦੀ ਏਕਤਾ ਅਤੇ ਗੁਰਬਾਣੀ ਦੀ ਪਵਿੱਤਰਤਾ ਨੂੰ ਬਚਾਉਣ ਦੀ ਦਿਸ਼ਾ ਵਿੱਚ ਇੱਕ ਮਜ਼ਬੂਤ ਸੰਦੇਸ਼ ਹੈ।

ਅੱਜ ਸਿੱਖੀ ਸਿਧਾਂਤ ਅਤੇ ਏ.ਆਈ. ਦੀ ਦੁਰਵਰਤੋਂ ਨਾਲ ਸਿੱਖੀ ਸਿਧਾਂਤ ਦੋ ਸਰਬ-ਸਾਂਝੀਵਾਲਤਾ, ਸੱਚਾਈ, ਸੇਵਾ ਅਤੇ ਇਕ ਪਰਮਾਤਮਾ ਦੀ ਉਪਾਸ਼ਨਾ 'ਤੇ ਅਧਾਰਿਤ ਹਨ। ਗੁਰਬਾਣੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗ ਹੈ, ਸਿੱਖਾਂ ਲਈ ਜੀਵਨ-ਮਾਰਗ ਦਰਸਾਉਣ ਵਾਲਾ ਪ੍ਰਕਾਸ਼ ਹੈ ਪਰ ਏ.ਆਈ. ਦੀ ਵਧਦੀ ਵਰਤੋਂ ਨੇ ਇਸ ਪਵਿੱਤਰ ਗ੍ਰੰਥ ਦੀ ਵਿਆਖਿਆ ਅਤੇ ਪੇਸ਼ਕਾਰੀ ਵਿੱਚ ਨਵੀਆਂ ਚੁਣੌਤੀਆਂ ਪੈਦਾ ਕੀਤੀਆਂ ਹਨ।

ਹੁਣ ਏ.ਆਈ.-ਅਧਾਰਿਤ ਸਾਧਨ, ਜਿਵੇਂ ਕਿ ਆਟੋਮੈਟਿਕ ਟ੍ਰਾਂਸਕ੍ਰਿਪਸ਼ਨ, ਅਨੁਵਾਦ ਸਾਫਟਵੇਅਰ ਅਤੇ ਕੰਟੈਂਟ ਜਨਰੇਸ਼ਨ ਟੂਲ, ਅਕਸਰ ਗੁਰਬਾਣੀ ਦੇ ਸ਼ਬਦਾਂ, ਉਚਾਰਨ ਅਤੇ ਅਰਥਾਂ ਨੂੰ ਗਲਤ ਪੇਸ਼ ਕਰਦੇ ਹਨ। ਉਦਾਹਰਣ ਵਜੋਂ, ਗੁਰਬਾਣੀ ਦੇ ਸ਼ਬਦਾਂ ਦਾ ਅੰਗਰੇਜ਼ੀ ਜਾਂ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰਨ ਸਮੇਂ ਸੰਦਰਭ ਅਤੇ ਭਾਵਨਾਤਮਕ ਗਹਿਰਾਈ ਗੁਆਚ ਜਾਂਦੀ ਹੈ। ਇਸੇ ਤਰ੍ਹਾਂ, ਏ.ਆਈ.-ਜਨਰੇਟਿਡ ਵੀਡੀਓ ਜਾਂ ਆਡੀਓ ਕੰਟੈਂਟ ਵਿੱਚ ਗੁਰਬਾਣੀ ਦੀ ਮਰਿਆਦਾ ਦੀ ਪਾਲਣਾ ਨਹੀਂ ਹੁੰਦੀ, ਜਿਸ ਨਾਲ ਵਿਸ਼ਵ ਸਿੱਖ ਸਮਾਜ ਵਿੱਚ ਰੋਸ ਪੈਦਾ ਹੁੰਦਾ ਹੈ।

ਇਸ ਤੋਂ ਇਲਾਵਾ, ਕੁਝ ਓਟੀਟੀ ਪਲੇਟਫਾਰਮਾਂ 'ਤੇ ਸਿੱਖ ਇਤਿਹਾਸ ਜਾਂ ਗੁਰਬਾਣੀ ਨਾਲ ਸਬੰਧਤ ਕੰਟੈਂਟ ਨੂੰ ਸਨਸਨੀਖੇਜ਼ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਸਿੱਖੀ ਸਿਧਾਂਤਾਂ ਦੇ ਵਿਰੁੱਧ ਹੈ। ਇਹ ਸਭ ਏ.ਆਈ. ਦੀ ਅਣਜਾਣੇ ਜਾਂ ਜਾਣਬੁੱਝ ਕੇ ਦੁਰਵਰਤੋਂ ਦੇ ਨਤੀਜੇ ਹਨ, ਜਿਸ ਨੂੰ ਰੋਕਣ ਲਈ ਇਹ ਜ਼ਰੂਰੀ ਐਸ.ਜੀ.ਪੀ.ਸੀ. ਦਾ ਕਦਮ ਸਮੇਂ ਦੀ ਮੰਗ ਹੈ।

ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਕੋਸ਼ਿਸ਼ਾਂ ਵਿੱਚ ਐਸ.ਜੀ.ਪੀ.ਸੀ. ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਬਹੁਪੱਖੀ ਰਣਨੀਤੀ ਅਪਣਾਉਣ ਦਾ ਫੈਸਲਾ ਕੀਤਾ ਹੈ। ਇਹਨਾਂ ਵਿੱਚ ਕਾਨੂੰਨੀ ਕਾਰਵਾਈ ਅਰਥਾਤ ਐਸ.ਜੀ.ਪੀ.ਸੀ. ਨੇ ਸਪੱਸ਼ਟ ਕੀਤਾ ਹੈ ਕਿ ਗੁਰਬਾਣੀ ਦੀ ਮਰਿਆਦਾ ਦੀ ਉਲੰਘਣਾ ਕਰਨ ਵਾਲੇ ਪਲੇਟਫਾਰਮਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਲਈ ਵਕੀਲਾਂ ਦੀ ਇੱਕ ਟੀਮ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ, ਜੋ ਅਜਿਹੇ ਮਾਮਲਿਆਂ ਦੀ ਨਿਗਰਾਨੀ ਕਰੇਗੀ।


ਹੁਣ ਤਕਨੀਕੀ ਸਹਿਯੋਗ ਨਾਲ ਐਸ.ਜੀ.ਪੀ.ਸੀ. ਆਪਣੇ ਆਈਟੀ ਵਿਭਾਗ ਨੂੰ ਮਜ਼ਬੂਤ ਕਰਨ ਅਤੇ ਏ.ਆਈ.-ਅਧਾਰਿਤ ਸਾਧਨਾਂ ਦੀ ਵਰਤੋਂ ਨਾਲ ਗੁਰਬਾਣੀ ਦੀ ਸ਼ੁੱਧਤਾ ਨੂੰ ਯਕੀਨੀ ਬਣਾਉਣ ਲਈ ਸਿੱਖ ਵਿਦਵਾਨਾਂ ਅਤੇ ਤਕਨੀਕੀ ਮਾਹਿਰਾਂ ਨਾਲ ਸਹਿਯੋਗ ਕਰੇਗੀ। ਇਸ ਦੇ ਤਹਿਤ ਗੁਰਬਾਣੀ ਦੇ ਸਹੀ ਅਨੁਵਾਦ ਅਤੇ ਉਚਾਰਨ ਲਈ ਸਟੈਂਡਰਡ ਡਿਜੀਟਲ ਟੂਲ ਵਿਕਸਿਤ ਕੀਤੇ ਜਾਣਗੇ।ਅੱਜ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਐਸ.ਜੀ.ਪੀ.ਸੀ. ਸਿੱਖ ਸਮਾਜ ਅਤੇ ਆਮ ਜਨਤਾ ਵਿੱਚ ਗੁਰਬਾਣੀ ਦੀ ਮਰਿਆਦਾ ਅਤੇ ਸਿੱਖੀ ਸਿਧਾਂਤਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਸੈਮੀਨਾਰ, ਵਰਕਸ਼ਾਪ ਅਤੇ ਸੋਸ਼ਲ ਮੀਡੀਆ ਮੁਹਿੰਮਾਂ ਸ਼ੁਰੂ ਕਰੇਗੀ।ਮੀਡੀਆ ਨਾਲ ਸਹਿਯੋਗ ਲਈ ਐਸ.ਜੀ.ਪੀ.ਸੀ. ਓਟੀਟੀ ਪਲੇਟਫਾਰਮਾਂ ਅਤੇ ਡਿਜੀਟਲ ਮੀਡੀਆ ਨਾਲ ਸਹਿਯੋਗ ਕਰਕੇ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਸਹੀ ਰੂਪ ਵਿੱਚ ਪੇਸ਼ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕਰੇਗੀ।

ਅੱਜ ਐਸ.ਜੀ.ਪੀ.ਸੀ. ਦੀ ਇਸ ਪਹਿਲਕਦਮੀ ਦਾ ਸਿੱਖ ਸਮਾਜ ਅਤੇ ਸਮੁੱਚੇ ਭਾਰਤੀ ਸਮਾਜ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। ਪਹਿਲਾਂ, ਇਹ ਸਿੱਖ ਸਮਾਜ ਵਿੱਚ ਗੁਰਬਾਣੀ ਦੀ ਸ਼ੁੱਧਤਾ ਅਤੇ ਮਰਿਆਦਾ ਪ੍ਰਤੀ ਚੇਤਨਾ ਵਧਾਏਗੀ। ਨੌਜਵਾਨ ਪੀੜ੍ਹੀ, ਜੋ ਡਿਜੀਟਲ ਮੀਡੀਆ 'ਤੇ ਜ਼ਿਆਦਾ ਨਿਰਭਰ ਹੈ, ਨੂੰ ਸਹੀ ਜਾਣਕਾਰੀ ਅਤੇ ਸੰਦਰਭ ਮਿਲਣਗੇ, ਜਿਸ ਨਾਲ ਉਹ ਸਿੱਖੀ ਸਿਧਾਂਤਾਂ ਨਾਲ ਜੁੜ ਸਕਣਗੇ।

ਦੂਜਾ, ਇਹ ਪਹਿਲਕਦਮੀ ਧਾਰਮਿਕ ਸੰਵੇਦਨਸ਼ੀਲਤਾਵਾਂ ਦੀ ਸੁਰੱਖਿਆ ਲਈ ਤਕਨੀਕ ਦੀ ਜ਼ਿੰਮੇਵਾਰ ਵਰਤੋਂ ਨੂੰ ਉਤਸ਼ਾਹਿਤ ਕਰੇਗੀ। ਇਹ ਹੋਰ ਧਾਰਮਿਕ ਸੰਸਥਾਵਾਂ ਲਈ ਵੀ ਇੱਕ ਮਿਸਾਲ ਕਾਇਮ ਕਰੇਗੀ, ਜੋ ਆਪਣੀਆਂ ਪਰੰਪਰਾਵਾਂ ਅਤੇ ਸਿਧਾਂਤਾਂ ਨੂੰ ਡਿਜੀਟਲ ਦੁਨੀਆ ਵਿੱਚ ਸੁਰੱਖਿਅਤ ਰੱਖਣ ਲਈ ਪ੍ਰੇਰਿਤ ਹੋਣਗੀਆਂ। ਤੀਜਾ, ਐਸ.ਜੀ.ਪੀ.ਸੀ. ਦੀਆਂ ਕੋਸ਼ਿਸ਼ਾਂ ਸਿੱਖ ਸਮਾਜ ਦੀ ਏਕਤਾ ਅਤੇ ਸਵੈਮਾਣ ਨੂੰ ਮਜ਼ਬੂਤ ਕਰਨਗੀਆਂ। ਜਦੋਂ ਸਮਾਜ ਨੂੰ ਲੱਗਦਾ ਹੈ ਕਿ ਉਸ ਦੀਆਂ ਧਾਰਮਿਕ ਭਾਵਨਾਵਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ ਤਾਂ ਉਸ ਦਾ ਸੰਸਥਾਵਾਂ 'ਤੇ ਵਿਸ਼ਵਾਸ ਵਧਦਾ ਹੈ।

ਹੁਣ ਸ਼੍ਰੋਮਣੀ ਕਮੇਟੀ ਦਾ ਏ.ਆਈ. ਦੀ ਦੁਰਵਰਤੋਂ ਵਿਰੁੱਧ ਅਤੇ ਗੁਰਬਾਣੀ ਦੀ ਸ਼ੁੱਧਤਾ ਲਈ ਚੁੱਕਿਆ ਗਿਆ ਕਦਮ ਸਮੇਂ ਦੀ ਮੰਗ ਅਤੇ ਸਿੱਖ ਸਮਾਜ ਦੀਆਂ ਭਾਵਨਾਵਾਂ ਦਾ ਸਤਿਕਾਰ ਹੈ। ਇਹ ਨਾ ਸਿਰਫ਼ ਗੁਰਬਾਣੀ ਦੀ ਪਵਿੱਤਰਤਾ ਨੂੰ ਬਚਾਉਣ ਦੀ ਕੋਸ਼ਿਸ਼ ਹੈ, ਸਗੋਂ ਡਿਜੀਟਲ ਯੁੱਗ ਵਿੱਚ ਧਾਰਮਿਕ ਮਰਿਆਦਾਵਾਂ ਨੂੰ ਕਾਇਮ ਰੱਖਣ ਦਾ ਇੱਕ ਮਹੱਤਵਪੂਰਨ ਉਪਰਾਲਾ ਵੀ ਹੈ। ਐਸ.ਜੀ.ਪੀ.ਸੀ. ਦੀਆਂ ਭਵਿੱਖੀ ਕੋਸ਼ਿਸ਼ਾਂ, ਜਿਵੇਂ ਕਿ ਕਾਨੂੰਨੀ ਕਾਰਵਾਈ, ਤਕਨੀਕੀ ਸਹਿਯੋਗ ਅਤੇ ਜਾਗਰੂਕਤਾ ਮੁਹਿੰਮਾਂ, ਸਿੱਖ ਸਮਾਜ ਨੂੰ ਮਜ਼ਬੂਤ ਕਰਨਗੀਆਂ ਅਤੇ ਸਮੁੱਚੇ ਸਮਾਜ ਵਿੱਚ ਸਕਾਰਾਤਮਕ ਸੰਦੇਸ਼ ਦੇਣਗੀਆਂ। ਸ਼੍ਰੋਮਣੀ ਕਮੇਟੀ ਵੱਲੋਂ ਇਹ ਪਹਿਲਕਦਮੀ ਸਾਨੂੰ ਸਿਖਾਉਂਦੀ ਹੈ ਕਿ ਤਕਨੀਕੀ ਤਰੱਕੀ ਦੇ ਨਾਲ-ਨਾਲ ਸਾਡੀਆਂ ਸੱਭਿਆਚਾਰਕ ਅਤੇ ਧਾਰਮਿਕ ਵਿਰਾਸਤਾਂ ਨੂੰ ਸੁਰੱਖਿਅਤ ਰੱਖਣਾ ਵੀ ਜ਼ਰੂਰੀ ਹੈ। ਸਿੱਖੀ ਸਿਧਾਂਤਾਂ ਦੀ ਪਾਲਣਾ ਅਤੇ ਗੁਰਬਾਣੀ ਦੀ ਮਰਿਆਦਾ ਨੂੰ ਬਰਕਰਾਰ ਰੱਖਣ ਵਿੱਚ ਐਸ.ਜੀ.ਪੀ.ਸੀ. ਦੀ ਇਹ ਮੁਹਿੰਮ ਇੱਕ ਮੀਲ ਪੱਥਰ ਸਾਬਤ ਹੋਵੇਗੀ।

# ਬਾਗ਼ੀ ਅਕਾਲੀ ਚੋਣ ਨੂੰ ਲੈ ਕੇ ਨਹੀਂ ਇੱਕਮੱਤ



ਕਮਲਜੀਤ ਸਿੰਘ ਬਨਵੈਤ
98147 34035

ਸ਼੍ਰੋਮਣੀ ਅਕਾਲੀ ਦਲ ਤੋਂ ਬਾਗ਼ੀ ਧੜੇ ਨੇ 11 ਅਗਸਤ ਨੂੰ ਪ੍ਰਧਾਨ ਦੀ ਚੋਣ ਤਾਂ ਰੱਖ ਲਈ ਹੈ ਪਰ ਨਾਂ ਨੂੰ ਲੈ ਕੇ ਇੱਕ ਸੁਰ ਨਹੀਂ ਹਨ। ਪੰਜ ਮੈਂਬਰੀ ਕਮੇਟੀ/ ਸੁਧਾਰ ਲਹਿਰ ਵੱਲੋਂ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ 11 ਦੀ ਮੀਟਿੰਗ ਰੱਖੀ ਗਈ ਹੈ। ਕਮੇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚੋਣ ਅਮਲ ਵਿੱਚ ਸ਼ਾਮਿਲ ਹੋਣ ਲਈ ਸੱਦਾ ਭੇਜਿਆ ਗਿਆ ਸੀ ਪਰ ਉਹਨਾਂ ਨੇ ਦੋ ਟੁੱਕ ਨਾਂਹ ਕਰ ਦਿੱਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਗ਼ੀਆਂ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਇਕੱਠ ਕਰਨ ਦੀ ਆਗਿਆ ਦਿੰਦਾ ਵੀ ਹੈ ਕਿ ਨਹੀਂ ਆਪਣੇ ਆਪ ਵਿੱਚ ਇੱਕ ਸਵਾਲ ਹੈ। ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਪ੍ਰਧਾਨ ਉੱਪਰੋਂ ਹਾਂ ਜਾਂ ਨਾਂ ਦੀ ਇੰਤਜ਼ਾਰ ਵਿੱਚ ਦਿਸਦੇ ਹਨ।

ਦੇਸ਼ ਵਿਦੇਸ਼ ਦੀ ਸੰਗਤ ਦੀਆਂ 11 ਦੇ ਇਕੱਠ ਵੱਲ ਨਜ਼ਰਾਂ ਲੱਗੀਆਂ ਹੋਈਆਂ ਹਨ। ਸਿੱਖ ਜਗਤ ਦੀ ਇੱਛਾ ਹੈ ਕਿ ਚੋਣ ਤੋਂ ਬਾਅਦ ਇੱਕ ਮਜ਼ਬੂਤ ਸੰਗਠਨ ਬਣੇ। ਪੰਥ ਦੀ ਉਹ ਨੁਮਾਇੰਦਾ ਜਥੇਬੰਦੀ ਉੱਭਰ ਕੇ ਸਾਹਮਣੇ ਆਵੇ ਜਿਹੜੀ ਖੇਤਰੀ ਪਾਰਟੀ ਦੀ ਸਹੀ ਮਾਇਨਿਆਂ ਵਿੱਚ ਭੂਮਿਕਾ ਨਿਭਾਅ ਸਕੇ। ਕਮੇਟੀ ਦਾ ਦਾਅਵਾ ਹੈ ਕਿ ਪ੍ਰਧਾਨ ਦੀ ਚੋਣ ਲੋਕਤੰਤਰਿਕ ਢੰਗ ਨਾਲ ਕੀਤੀ ਜਾਵੇਗੀ, ਇਸ ਉੱਤੇ ਕਿਸੇ ਸ਼ਖ਼ਸੀਅਤ ਜਾਂ ਪਰਿਵਾਰ ਨੂੰ ਭਾਰੂ ਨਹੀਂ ਪੈਣ ਦਿੱਤਾ ਜਾਵੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਤੇ ਗੁਣਾ ਪੈਣ ਦੇ ਅਸਾਰ ਦਿਸ ਰਹੇ ਹਨ। ਉਹ ਬੇਬਾਕ ਲੀਡਰ ਹਨ। ਨਿਧੜਕ ਅਤੇ ਦਲੇਰ ਵੀ। ਪਰ ਕਮੇਟੀ ਦੇ ਅੰਦਰੋਂ ਇੱਕ ਆਵਾਜ਼ ਉੱਠਣ ਲੱਗੀ ਹੈ ਕਿ ਉਹਨਾਂ ਦੇ ਪ੍ਰਧਾਨ ਬਣਨ ਦੀ ਸੂਰਤ ਵਿੱਚ ਇਹ ਸਮਝਿਆ ਜਾਵੇਗਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 2 ਦਸੰਬਰ ਦਾ ਹੁਕਮਨਾਮਾ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਜਾਰੀ ਆਪਣੇ ਪੈਰ ਜਮਾਉਣ ਦੀ ਮਨਸ਼ਾ ਲਈ ਕੀਤਾ ਗਿਆ ਸੀ। ਸ਼ਾਇਦ ਉਹ ਭੁੱਲ ਜਾਂਦੇ ਹਨ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਅਹੁਦੇ ਤੋਂ ਲਾਂਭੇ ਕਰਨ ਤੋਂ ਬਾਅਦ ਹੀ ਉਹਨਾਂ ਦਾ ਸਿਆਸਤ ਵਿੱਚ ਪੈਰ ਧਰਨਾ ਮਜਬੂਰੀ ਬਣਿਆ। ਉਹਨਾਂ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਆਯੋਗ ਦੱਸ ਕੇ ਅਹੁਦੇ ਤੋਂ ਪਾਸੇ ਕੀਤਾ ਗਿਆ ਸੀ। ਗਿਆਨੀ ਹਰਪ੍ਰੀਤ ਸਿੰਘ ਨੇ ਹੱਥ ਵਿੱਚ ਝੰਡਾ ਚੁੱਕ ਲਿਆ ਹੈ ਜਦੋਂ ਕਿ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਜੁਗਾੜਬੰਦੀ ਨੇ ਲਪੇਟ ਵਿਚ ਲੈ ਲਿਆ ਹੈ। ਦੋਵੇਂ ਸਿੰਘ ਸਾਹਿਬਾਨਾਂ ਦਾ ਦੋ ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਸਿੱਖ ਜਗਤ ਵਿੱਚ ਕੱਦ ਜਿੰਨਾ ਉੱਚਾ ਹੋਇਆ ਸੀ, ਹੁਣ ਉਸ ਤੋਂ ਬਾਅਦ ਉਹਨਾਂ ਦੀ ਉਨੀ ਹੀ ਤੇਜ਼ੀ ਨਾਲ ਆਲੋਚਨਾ ਹੋਣ ਲੱਗੀ ਹੈ।

ਸ਼ਹੀਦ ਭਾਈ ਅਮਰੀਕ ਸਿੰਘ ਦੀ ਬੇਟੀ ਬੀਬੀ ਸਤਵੰਤ ਕੌਰ ਦਾ ਨਾਂ ਵੀ ਪ੍ਰਧਾਨ ਲਈ ਚਰਚਾ ਵਿੱਚ ਹੈ। ਉਹ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਵਜੋਂ ਸਰਗਰਮ ਰਹੇ ਹਨ। ਕਿਸੇ ਵੇਲੇ ਉਹ ਪ੍ਰਧਾਨ ਬਣਨ ਦੀ ਇੱਛਾ ਵੀ ਰੱਖਦੇ ਸਨ ਪਰ ਹੁਣ ਪਤਾ ਲੱਗਾ ਹੈ ਕਿ ਉਹਨਾਂ ਨੇ ਨਾਹ ਨੁੱਕਰ ਕਰਨੀ ਸ਼ੁਰੂ ਕਰ ਦਿੱਤੀ ਹੈ। ਪੰਜ ਮੈਂਬਰੀ ਦੇ ਵਿੱਚ ਸਭ ਤੋਂ ਵੱਧ ਅਹਿਮ ਭੂਮਿਕਾ ਨਿਭਾ ਰਹੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਪ੍ਰਧਾਨ ਬਣਨ ਦੀ ਇੱਛਾ ਨਹੀਂ ਰੱਖਦੇ ਹਨ। ਪਿੱਛੇ ਜਿਹੇ ਤਾਂ ਇਹ ਬਿਆਨ ਵੀ ਅਖ਼ਬਾਰਾਂ 'ਚ ਛਪੇ ਸਨ ਕਿ ਪੰਜ ਮੈਂਬਰੀ ਕਮੇਟੀ ਵਿੱਚੋਂ ਕੋਈ ਵੀ ਆਪਣੇ ਆਪ ਨੂੰ ਪ੍ਰਧਾਨ ਦੇ ਅਹੁਦੇ ਲਈ ਪੇਸ਼ ਨਹੀਂ ਕਰੇਗਾ।

ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਇੱਕ ਸਾਊ ਅਤੇ ਸੁਲਝੇ ਸਿਆਸਤਦਾਨ ਮੰਨੇ ਗਏ ਹਨ। ਉਹਨਾਂ ਨੂੰ ਇੱਕ ਤਰ੍ਹਾਂ ਪ੍ਰਧਾਨਗੀ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਉਹ ਰੱਜੇ ਪੁੱਜੇ ਪਰਿਵਾਰ ਵਿੱਚੋਂ ਹਨ। ਪੈਸੇ ਧੇਲੇ ਪੱਖੋਂ ਉਹ ਸੁਖਬੀਰ ਸਿੰਘ ਬਾਦਲ ਨੂੰ ਟੱਕਰ ਦੇਣ ਦੀ ਸਮਰੱਥਾ ਰੱਖਦੇ ਹਨ। ਪਤਾ ਲੱਗਾ ਹੈ ਕਿ ਬੀਬੀ ਜਗੀਰ ਕੌਰ ਉਹਨਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਰਹੇ ਹਨ ਪਰ ਸੁਧਾਰ ਲਹਿਰ ਦੇ ਹੋਰ ਨੇਤਾ ਜਿਹੜੇ ਪੰਜਾਬ ਵਿੱਚ ਮੰਤਰੀ ਅਤੇ ਮੈਂਬਰ ਪਾਰਲੀਮੈਂਟ ਰਹੇ ਹਨ, ਰੱਖੜਾ ਦੇ ਨਾਂ ਉੱਤੇ ਮੋਹਰ ਲਾਉਣ ਲਈ ਤਿਆਰ ਨਹੀਂ ਹਨ। ਬੀਬੀ ਜਗੀਰ ਕੌਰ ਜਿਹੜੇ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਹੇ ਹਨ ਅਤੇ ਉਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੇ ਪ੍ਰਧਾਨ ਰਹਿਣ ਦਾ ਵੀ ਮੌਕਾ ਮਿਲ ਚੁੱਕਾ ਹੈ, ਇਸ ਵਾਰ ਦੌੜ ਤੋਂ ਬਾਹਰ ਹਨ। ਪਰ ਨਵੇਂ ਪ੍ਰਧਾਨ ਦੀ ਚੋਣ ਵਿੱਚ ਉਹਨਾਂ ਦੀ ਭੂਮਿਕਾ ਅਹਿਮ ਰਹੇਗੀ।


ਪੰਜ ਮੈਂਬਰੀ ਕਮੇਟੀ ਨਾਲ ਜੁੜੇ ਸੂਤਰ ਦਾਅਵਾ ਕਰਦੇ ਹਨ ਕਿ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਇਕਬਾਲ ਸਿੰਘ ਝੂੰਦਾ ਦੀ ਅੰਦਰ ਖ਼ਾਤੇ ਵੋਟ ਗਿਆਨੀ ਹਰਪ੍ਰੀਤ ਸਿੰਘ ਦੇ ਉਲਟ ਭੁਗਤ ਰਹੀ ਹੈ। ਦੂਜੇ ਬੰਨੇ ਅਕਾਲੀ ਦਲ ਦੇ ਸੀਨੀਅਰ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਉਹਨਾਂ ਦੇ ਪੁੱਤਰ ਹਰਪਾਲ ਸਿੰਘ ਚੰਦੂਮਾਜਰਾ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਵਕਾਲਤ ਕਰ ਰਹੇ ਹਨ। ਉਹਨਾਂ ਨੇ ਨਵੇਂ ਅਕਾਲੀ ਦਲ ਦੀ ਭਰਤੀ ਲਈ ਰਸੀਦਾਂ ਰੱਜ ਕੇ ਕੱਟੀਆਂ ਹਨ। ਕੁੱਲ ਮਿਲਾ ਕੇ ਗੁਣਾ ਗਿਆਨੀ ਹਰਪ੍ਰੀਤ ਸਿੰਘ ਉੱਤੇ ਪੈਂਦਾ ਦਿਸ ਰਿਹਾ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵੇਂ ਅਕਾਲੀ ਦਲ ਨੂੰ ਭਾਰਤੀ ਜਨਤਾ ਪਾਰਟੀ ਨਾਲ ਚੋਣ ਗਠਜੋੜ ਕਰਨ ਦੀ ਲੋੜ ਪੈਂਦੀ ਹੈ ਤਾਂ ਗਿਆਨੀ ਹਰਪ੍ਰੀਤ ਸਿੰਘ ਪ੍ਰਭਾਵਸ਼ਾਲੀ ਰਹਿਣਗੇ। ਗਿਆਨੀ ਹਰਪ੍ਰੀਤ ਸਿੰਘ ਦੇ ਨਾਂ ਉੱਤੇ ਇਸ ਕਰਕੇ ਵੀ ਮੋਹਰ ਲੱਗਣ ਦੀ ਸੰਭਾਵਨਾ ਹੈ ਕਿਉਂਕਿ ਬਾਗ਼ੀ ਧੜੇ ਦੇ ਜ਼ਿਆਦਾਤਰ ਲੀਡਰ ਦੂਜਿਆਂ ਨਾਲੋਂ ਸਾਬਕਾ ਜਥੇਦਾਰ ਦੀ ਅਗਵਾਈ ਹੇਠ ਕੰਮ ਕਰਨ ਨੂੰ ਪਹਿਲ ਦੇ ਰਹੇ ਹਨ। ਪਰ ਨਵੀਂ ਲੀਡਰਸ਼ਿਪ ਨੂੰ ਮੌਕਾ ਦੇਣ ਦਾ ਬਾਗ਼ੀਆਂ ਵੱਲੋਂ ਵੀ ਸੋਚਿਆ ਨਹੀਂ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ ਦੀ 2017, 2019, 2022 ਅਤੇ 2024 ਦੀਆਂ ਚੋਣਾਂ ਸਮੇਤ ਜ਼ਿਮਨੀ ਚੋਣਾਂ ਵੇਲੇ ਲਗਾਤਾਰ ਹਾਰ ਹੋਣ ਤੋਂ ਬਾਅਦ ਉੱਪਰਲੀ ਲੀਡਰਸ਼ਿਪ ਨੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਖਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ ਸੀ। ਇਹ ਧੜਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਲਈ ਜਾ ਪੇਸ਼ ਹੋਇਆ ਤੇ ਨਾਲ ਹੀ ਹੋਈਆਂ ਭੁੱਲਾਂ ਲਈ ਕਬੂਲਨਾਮਾ ਵੀ ਦੇ ਦਿੱਤਾ। ਕਬੂਲਨਾਮੇ ਵਿੱਚ ਸੁਖਬੀਰ ਸਿੰਘ ਬਾਦਲ ਨੂੰ ਮੁੱਖ ਦੋਸ਼ੀ ਠਹਿਰਾਇਆ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇ ਕੇ ਸਜ਼ਾ ਲਾ ਦਿੱਤੀ ਗਈ ਸੀ।ਦੋ ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਾਰੀ ਹੁਕਮਨਾਮੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਤੋਂ ਕੌਮ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਵਾਪਸ ਲੈਂਦਿਆਂ ਨਵੀਂ ਭਰਤੀ ਕਰਕੇ ਢਾਂਚਾ ਖੜ੍ਹਾ ਕਰਨ ਦੀ ਹਦਾਇਤ ਦਿੱਤੀ ਗਈ ਸੀ। ਸੁਖਬੀਰ ਸਿੰਘ ਬਾਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਨਵੀਂ ਭਰਤੀ ਕਰਨ ਤੋਂ ਇੱਕ ਤਰ੍ਹਾਂ ਮੁਨਕਰ ਹੋ ਗਏ। ਉਹਨਾਂ ਨੇ ਨਵੀਂ ਭਰਤੀ ਤਾਂ ਕੀਤੀ ਪਰ ਮੁੜ ਆਪ ਹੀ ਪ੍ਰਧਾਨ ਬਣ ਬੈਠੇ। ਅਕਾਲ ਤਖ਼ਤ ਸਾਹਿਬ ਵੱਲੋਂ ਭਰਤੀ ਲਈ ਪੰਜ ਮੈਂਬਰ ਕਮੇਟੀ ਦਾ ਗਠਨ ਕੀਤਾ ਗਿਆ ਸੀ। ਉਸ ਕਮੇਟੀ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਕੀਲ ਹਰਜਿੰਦਰ ਸਿੰਘ ਧਾਮੀ ਨੂੰ ਦਿੱਤੀ ਗਈ ਸੀ ਪਰ ਉਹ ਅਸਤੀਫ਼ਾ ਦੇ ਗਏ ਸਨ। ਉਹਨਾਂ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਵੀ ਲਾਂਭੇ ਹੋ ਗਏ। ਪੰਜ ਮੈਂਬਰੀ ਕਮੇਟੀ ਵੱਲੋਂ ਭਾਰਤੀ ਮੁਕੰਮਲ ਕਰਨ ਤੋਂ ਬਾਅਦ ਹੁਣ 11 ਅਗਸਤ ਨੂੰ ਨਵੇਂ ਪ੍ਰਧਾਨ ਦੀ ਚੋਣ ਲਈ ਮੀਟਿੰਗ ਰੱਖ ਲਈ ਗਈ ਹੈ।

ਇਸ ਸਾਰੇ ਸਮੇਂ ਦੌਰਾਨ ਸਿੱਖ ਪੰਥ ਨੇ ਬੜੇ ਉਤਰਾਅ ਚੜ੍ਹਾਅ ਦੇਖੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜ਼ਲੀਲ ਕਰਕੇ ਅਹੁਦੇ ਤੋਂ ਲਾਂਭੇ ਕੀਤਾ ਗਿਆ। ਉਸ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਦੇ ਅਹੁਦੇ ਤੋਂ ਅਯੋਗ ਕਹਿ ਕੇ ਲਾਹ ਦਿੱਤਾ ਗਿਆ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤ ਕਰ ਦਿੱਤਾ ਗਿਆ। ਪੰਥ ਵੱਲੋਂ ਵਿਰੋਧ ਕਰਨ 'ਤੇ ਉਹਨਾਂ ਦੀ ਅੱਧੀ ਰਾਤ ਵੇਲੇ ਦਸਤਾਰ ਬੰਦੀ ਵੀ ਚੋਰੀ ਚੋਰੀ ਕੀਤੀ ਗਈ। ਨਿਹੰਗ ਸਿੰਘ ਜਥੇਬੰਦੀਆਂ ਅਤੇ ਦਮਦਮੀ ਟਕਸਾਲ ਵੱਲੋਂ ਨਿਯੁਕਤੀ ਦਾ ਵਿਰੋਧ ਕੀਤਾ ਗਿਆ। ਕੁੱਲ ਮਿਲਾ ਕੇ ਸੁਖਬੀਰ ਸਿੰਘ ਬਾਦਲ ਹਟਾਏ ਗਏ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਆਪਣੇ ਰਾਹੇ ਤੋਰਨ ਵਿੱਚ ਕਾਮਯਾਬ ਹੋ ਗਏ ਹਨ। ਗਿਆਨੀ ਗੜਗੱਜ ਦੀ ਨਿਯੁਕਤੀ ਦਾ ਵਿਰੋਧ ਕਰਨ ਵਾਲੇ ਵੀ ਸ਼ਾਂਤ ਦਿੱਸ ਰਹੇ ਹਨ।

ਪੰਜ ਮੈਂਬਰੀ ਕਮੇਟੀ/ ਸੁਧਾਰ ਲਹਿਰ ਦੀ ਚੋਣ ਸੁਖ ਸਵੀਲੀ ਸਿਰੇ ਚੜ੍ਹ ਵੀ ਜਾਂਦੀ ਹੈ ਤਦ ਵੀ ਕਈ ਸਾਰੀਆਂ ਹੋਰ ਚੁਣੌਤੀਆਂ ਸਾਹਮਣੇ ਖੜੀਆਂ ਹਨ। ਨਵੇਂ ਬਣੇ ਸੰਗਠਨ ਨੂੰ ਕੀ ਸੱਚਮੁੱਚ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਦਿੱਤਾ ਜਾ ਸਕਦਾ ਹੈ ਜਾਂ ਇਸ ਲਈ ਭਾਰਤੀ ਚੋਣ ਕਮਿਸ਼ਨ ਦਾ ਬੂਹਾ ਖੜਕਾਉਣਾ ਪਵੇਗਾ। ਉਸ ਤੋਂ ਅੱਗੇ ਜਾਂਦਿਆਂ ਮਾਮਲਾ ਅਦਾਲਤ ਦੇ ਗੇੜੇ ਵੀ ਖੁਆ ਸਕਦਾ ਹੈ। ਸਾਰਾ ਕੁਝ ਉਨਾ ਆਸਾਨ ਨਹੀਂ ਜਿੰਨਾ ਦਿਸ ਰਿਹਾ ਹੈ ਪਰ ਇਹ ਗੱਲ ਪੱਕੀ ਹੈ ਕਿ ਸਿੱਖ ਜਗਤ ਨੂੰ ਚੰਗੇ ਭਵਿੱਖ ਦੀ ਆਸ ਜ਼ਰੂਰ ਬੱਝਣ ਲੱਗੀ ਹੈ।

ਸਿੱਖ ਕੌਮ ਨੂੰ ਪੰਜ ਮੈਂਬਰੀ ਕਮੇਟੀ ਤੋਂ ਵੱਡੀ ਉਮੀਦ ਬਚੀ ਹੈ। ਪੰਜ ਮੈਂਬਰੀ ਕਮੇਟੀ ਹਾਲੇ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਕੇ ਡਿਊਟੀ ਵਜਾ ਰਹੀ ਹੈ। ਉਮੀਦ ਕਰਨੀ ਬਣਦੀ ਹੈ ਕਿ ਕਮੇਟੀ ਦੇ ਪ੍ਰਧਾਨ ਦੀ ਚੋਣ ਵੀ ਲੋਕਤੰਤਰਿਕ ਢਾਂਚੇ ਤਹਿਤ ਇਕਸੁਰਤਾ ਨਾਲ ਸਿਰੇ ਚੜ੍ਹੇਗੀ। ਪੰਜ ਮੈਂਬਰੀ ਕਮੇਟੀ ਵੀ ਆਪਸੀ ਅਸਹਿਮਤੀ ਜਾਂ ਰੌਲੇ ਰੱਪੇ ਵਿੱਚ ਗਵਾਚ ਜਾਂਦੀ ਹੈ ਤਾਂ ਪੰਥ ਨੂੰ ਆਖ਼ਰੀ ਉਮੀਦ ਵੀ ਟੁੱਟਦੀ ਨਜ਼ਰ ਆਉਣ ਲੱਗੇਗੀ। ਰੱਬ ਪੰਜ ਮੈਂਬਰੀ ਕਮੇਟੀ/ ਸੁਧਾਰ ਲਹਿਰ/ ਨਵੇਂ ਬਣੇ ਡੈਲੀਗੇਟਾਂ ਨੂੰ ਸੁਮੱਤ ਬਖਸ਼ੇ। ਪੰਥ ਨਵਿਆਂ ਦੀ ਰੁੱਤ ਦੀ ਉਡੀਕ ਵਿੱਚ ਹੈ।



ਧਰਮੇਂਦਰ ਪ੍ਰਧਾਨ
(ਕੇਂਦਰੀ ਸਿੱਖਿਆ ਮੰਤਰੀ, ਭਾਰਤ ਸਰਕਾਰ। ਪ੍ਰਗਟ ਕੀਤੇ ਵਿਚਾਰ ਨਿੱਜੀ ਹਨ)

# ਐਨ.ਈ.ਪੀ. 05: ਵਿਕਸਤ ਭਾਰਤ ਦੀ ਬੁਨਿਆਦ

ਸਾਲ 2020 ਵਿੱਚ ਭਾਰਤ ਨੇ ਸਿਰਫ਼ ਇੱਕ ਨਵੀਂ ਨੀਤੀ ਹੀ ਨਹੀਂ ਪੇਸ਼ ਕੀਤੀ, ਸਗੋਂ ਇੱਕ ਪ੍ਰਾਚੀਨ ਅਤੇ ਕੀਮਤੀ ਵਿਚਾਰ ਨੂੰ ਮੁੜ ਸੁਰਜੀਤ ਕੀਤਾ। ਰਾਸ਼ਟਰੀ ਸਿੱਖਿਆ ਨੀਤੀ ਰਾਹੀਂ, ਸਿੱਖਿਆ ਨੂੰ ਇੱਕ ਵਾਰ ਫਿਰ ਰਾਸ਼ਟਰ ਨਿਰਮਾਣ ਦੀ ਨੀਂਹ ਬਣਾਇਆ ਗਿਆ। ਇਹ ਨੀਤੀ ਭਾਰਤ ਦੀ ਅਮੀਰ ਸੱਭਿਆਚਾਰਕ ਅਤੇ ਵਿੱਦਿਅਕ ਵਿਰਾਸਤ ਤੋਂ ਪ੍ਰੇਰਨਾ ਲੈਂਦੀ ਹੈ, ਜਿਸਦਾ ਮੰਤਵ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨਾ ਹੈ। ਐਨਈਪੀ 2020 ਭਾਰਤ ਦੇ ਇਤਿਹਾਸ ਵਿੱਚ ਸਭ ਤੋਂ ਖੁੱਲ੍ਹੀ ਅਤੇ ਸੰਮਲਿਤ ਚਰਚਾ ਪ੍ਰਕਿਰਿਆ ਰਾਹੀਂ ਬਣਾਈ ਗਈ ਸੀ। ਇਸਦੀ ਅਗਵਾਈ ਦੂਰਦਰਸ਼ੀ (ਮਰਹੂਮ) ਡਾ. ਕੇ. ਕਸਤੂਰੀਰੰਗਨ ਨੇ ਕੀਤੀ ਸੀ, ਜਿਨ੍ਹਾਂ ਦੇ ਯੋਗਦਾਨ ਨੂੰ ਅਜੇ ਵੀ ਬਹੁਤ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ। ਇਹ ਨੀਤੀ ਸਿਰਫ਼ ਨਿਯਮਾਂ ਦਾ ਦਸਤਾਵੇਜ਼ ਨਹੀਂ ਸੀ-ਇਹ ਸਿੱਖਿਆ ਨੂੰ ਦੇਖਣ ਦੇ ਇੱਕ ਨਵੇਂ ਨਜ਼ਰੀਏ ਲਈ ਇੱਕ ਵਿਆਪਕ ਅਤੇ ਸੋਚ-ਸਮਝ ਕੇ ਤਿਆਰ ਕੀਤਾ ਗਿਆ ਖਰੜਾ ਸੀ। ਇਸਨੇ ਇੱਕ ਅਜਿਹੀ ਸਿੱਖਿਆ ਪ੍ਰਣਾਲੀ ਦੀ ਕਲਪਨਾ ਕੀਤੀ ਜੋ ਰੱਟੇ ਮਾਰਨ, ਸਖ਼ਤ ਢਾਂਚੇ ਅਤੇ ਭਾਸ਼ਾਈ ਵਿਤਕਰੇ ਤੋਂ ਮੁਕਤ ਸੀ। ਇਸ ਦੀ ਬਜਾਏ ਇਸਨੇ ਅਜਿਹੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜੋ ਸੰਪੂਰਨ, ਸਾਰਿਆਂ ਲਈ ਪਹੁੰਚਯੋਗ ਅਤੇ ਭਵਿੱਖ ਲਈ ਤਿਆਰ ਹੋਵੇ। ਇਸਦਾ ਮੰਤਵ ਹਰ ਵਿਦਿਆਰਥੀ ਨੂੰ ਇਸ ਤੇਜ਼ੀ ਨਾਲ ਬਦਲਦੀ ਦੁਨੀਆ ਵਿੱਚ ਅੱਗੇ ਵਧਣ ਅਤੇ ਸਫਲ ਹੋਣ ਦੇ ਯੋਗ ਬਣਾਉਣਾ ਸੀ।

ਪੰਜ ਸਾਲ ਬਾਅਦ, ਐਨਈਪੀ ਦਾ ਪਰਿਵਰਤਨਸ਼ੀਲ ਪ੍ਰਭਾਵ ਸਿਰਫ਼ ਨੀਤੀਗਤ ਗਲਿਆਰਿਆਂ ਵਿੱਚ ਹੀ ਨਹੀਂ ਸਗੋਂ ਕਲਾਸਰੂਮਾਂ, ਕੈਂਪਸਾਂ ਅਤੇ ਭਾਈਚਾਰਿਆਂ ਵਿੱਚ ਦਿਖਾਈ ਦੇ ਰਿਹਾ ਹੈ। ਇਸਨੇ ਭਾਰਤ ਦੀ ਸਿੱਖਿਆ ਪ੍ਰਣਾਲੀ ਦੀ ਬਣਤਰ ਅਤੇ ਭਾਵਨਾ ਦੋਵਾਂ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ, ਜੋ ਪਹੁੰਚ ਵਿੱਚ ਸੰਪੂਰਨਤਾ, ਸਿੱਖਿਆਰਥੀ ਕੇਂਦ੍ਰਿਤ ਅਤੇ ਪਹੁੰਚ ਵਿੱਚ ਬਰਾਬਰੀ ਵਾਲੀ ਹੈ। ਅੱਜ, ਐਨਈਪੀ ਦੀ ਛਾਪ ਮੁੱਢਲੇ ਬਚਪਨ ਦੀਆਂ ਜਮਾਤਾਂ ਵਿੱਚ ਦੇਖੀ ਜਾ ਸਕਦੀ ਹੈ, ਜਿੱਥੇ ਅਨੰਦਮਈ, ਖੇਡ-ਅਧਾਰਤ ਸਿੱਖਿਆ ਰੱਟੇ ਮਾਰਨ ਨੂੰ ਬਦਲ ਰਹੀ ਹੈ; ਸਕੂਲਾਂ ਵਿੱਚ ਜਿੱਥੇ ਬੱਚੇ ਆਪਣੀ ਮਾਂ ਬੋਲੀ ਵਿੱਚ ਰਵਾਨਗੀ ਨਾਲ ਪੜ੍ਹ ਰਹੇ ਹਨ; ਕਿੱਤਾਮੁਖੀ ਪ੍ਰਯੋਗਸ਼ਾਲਾਵਾਂ ਵਿੱਚ ਜਿੱਥੇ 6ਵੀਂ ਜਮਾਤ ਦੇ ਵਿਦਿਆਰਥੀ ਹੱਥੀਂ ਹੁਨਰਾਂ ਦੀ ਪੜਚੋਲ ਕਰ ਰਹੇ ਹਨ ਅਤੇ ਖੋਜ ਕੇਂਦਰਾਂ ਵਿੱਚ ਭਾਰਤ ਦੀ ਗਿਆਨ ਪ੍ਰਣਾਲੀਆਂ ਆਧੁਨਿਕ ਵਿਗਿਆਨ ਨਾਲ ਤਾਲਮੇਲ ਬਣਾ ਰਹੀਆਂ ਹਨ। ਇਹ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੇ ਖੇਤਰਾਂ ਵਿੱਚ ਔਰਤਾਂ ਦੀ ਤਰੱਕੀ, ਭਾਰਤੀ ਸੰਸਥਾਵਾਂ ਦੀ ਵੱਧਦੀ ਆਲਮੀ ਮੌਜੂਦਗੀ, ਵਿਭਿੰਨਤਾ ਨੂੰ ਅਪਣਾਉਣ ਵਾਲੀਆਂ ਸੰਮਲਿਤ ਕਲਾਸਾਂ ਅਤੇ ਨਵੇਂ ਵਿਸ਼ਵਾਸ ਵਿੱਚ ਝਲਕਦਾ ਹੈ, ਜਿਸ ਦਾ ਮੰਨਣਾ ਹੈ ਕਿ ਸਿੱਖਣਾ ਜੀਵਨ ਭਰ ਦੀ ਖੋਜ ਹੋਣੀ ਚਾਹੀਦੀ ਹੈ।

ਸਾਡੀ ਸਭ ਤੋਂ ਵੱਡੀ ਤਰਜੀਹ ਸਿੱਖਣ ਦੀ ਬੁਨਿਆਦ ਨੂੰ ਦੁਬਾਰਾ ਸਿਰਜਣਾ ਹੈ। ਨਿਪੁੰਨ (NIPUN) ਭਾਰਤ ਮਿਸ਼ਨ ਨੇ ਐਨਈਪੀ 2020 ਵਿੱਚ ਕਲਪਨਾ ਅਨੁਸਾਰ, ਸਾਰੇ ਬੱਚਿਆਂ ਨੂੰ ਦੂਜੀ ਜਮਾਤ ਤੱਕ ਮੁੱਢਲੀ ਸਾਖਰਤਾ ਅਤੇ ਅੰਕ ਗਿਆਨ ਪ੍ਰਾਪਤ ਹੋ ਜਾਣ ਨੂੰ ਯਕੀਨੀ ਬਣਾ ਕੇ ਸਿੱਖਣ ਦੇ ਨਤੀਜਿਆਂ ਵਿੱਚ ਮਹੱਤਵਪੂਰਨ ਸੁਧਾਰ ਦੇ ਨਾਲ ਹਾਂ-ਪੱਖੀ ਪ੍ਰਭਾਵ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਨਿਪੁੰਨ ਭਾਰਤ ਦੀ ਸਫਲਤਾ, ਏਐਸਈਆਰ 2024 ਅਤੇ ਪਰਖ (PARAKH) ਰਾਸ਼ਟਰੀ ਸਰਵੇਖਣ 2024 ਵਿੱਚ ਪ੍ਰਤੀਬਿੰਬਤ ਹੋਈ, ਜਿਸ ਨੇ ਕਲਾਸਰੂਮਾਂ ਨੂੰ ਸਿਰਫ਼ ਪਾਲਣਾ ਹੀ ਨਹੀਂ, ਸਗੋਂ ਉਤਸੁਕਤਾ ਅਤੇ ਸਮਝ ਦੇ ਸਥਾਨਾਂ ਵਿੱਚ ਬਦਲ ਦਿੱਤਾ ਹੈ।

ਵਿੱਦਿਆ ਪ੍ਰਵੇਸ਼ ਅਤੇ ਬਾਲਵਾਟਿਕਾ ਨੂੰ ਸੰਸਥਾਗਤ ਬਣਾਉਣ ਵਰਗੀਆਂ ਪਹਿਲਕਦਮੀਆਂ ਨੇ ਦੇਸ਼ ਭਰ ਵਿੱਚ ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਸਿੱਖਿਆ ਨੂੰ ਏਕੀਕ੍ਰਿਤ ਕਰਨ ਲਈ ਇੱਕ ਮਜ਼ਬੂਤ ਬੁਨਿਆਦ ਰੱਖੀ ਹੈ।

ਇਸ ਤੋਂ ਇਲਾਵਾ ਨਵੇਂ ਯੁੱਗ ਦੀਆਂ ਪਾਠ-ਪੁਸਤਕਾਂ ਦਾ ਵਿਕਾਸ ਅਤੇ 22 ਭਾਰਤੀ ਭਾਸ਼ਾਵਾਂ ਵਿੱਚ ਜਾਦੂਈ ਪਿਟਾਰਾ ਅਤੇ ਈ-ਜਾਦੂਈ ਪਿਟਾਰਾ ਦੀ ਸ਼ੁਰੂਆਤ ਇਸ ਦਾ ਸਮਰਥਨ ਕਰ ਰਹੀ ਹੈ। 14 ਲੱਖ ਤੋਂ ਵੱਧ ਅਧਿਆਪਕਾਂ ਨੇ ਨਿਸ਼ਠਾ (NISHTHA) ਸਿਖਲਾਈ ਪੂਰੀ ਕਰ ਲਈ ਹੈ ਅਤੇ ਦੀਕਸ਼ਾ (DIKSHA) ਵਰਗੇ ਪਲੇਟਫਾਰਮਾਂ ਨੇ ਦੇਸ਼ ਭਰ ਵਿੱਚ ਉੱਚ-ਗੁਣਵੱਤਾ ਵਾਲੇ ਸਿੱਖਿਆ ਸਰੋਤਾਂ ਤੱਕ ਪਹੁੰਚ ਦਾ ਵਿਸਥਾਰ ਕੀਤਾ ਹੈ।

ਭਾਸ਼ਾ 'ਤੇ ਨੀਤੀਗਤ ਧਿਆਨ ਵੀ ਇਸੇ ਤਰ੍ਹਾਂ ਬੁਨਿਆਦੀ ਹੈ। ਐਨਈਪੀ ਨੇ ਪ੍ਰਮਾਣਿਤ ਕੀਤਾ ਹੈ ਕਿ ਭਾਸ਼ਾ ਕੋਈ ਰੁਕਾਵਟ ਨਹੀਂ ਹੈ ਸਗੋਂ ਸ਼ਕਤੀਕਰਨ ਦਾ ਇੱਕ ਤਾਕਤਵਰ ਜ਼ਰੀਆ ਹੈ। 117 ਭਾਸ਼ਾ ਪ੍ਰਾਈਮਰ ਵਿਕਸਤ ਕੀਤੇ ਜਾਣ ਅਤੇ ਭਾਰਤੀ ਸੈਨਤ ਭਾਸ਼ਾ ਨੂੰ ਇੱਕ ਵਿਸ਼ੇ ਵਜੋਂ ਪੇਸ਼ ਕਰਨ ਦੇ ਨਾਲ, ਬਹੁ-ਭਾਸ਼ਾਈ, ਸੰਮਲਿਤ ਸਿੱਖਿਆ ਦਾ ਦ੍ਰਿਸ਼ਟੀਕੋਣ ਵੱਡੇ ਪੱਧਰ 'ਤੇ ਸਾਕਾਰ ਕੀਤਾ ਜਾ ਰਿਹਾ ਹੈ। ਇਹ ਯਤਨ ਨਾ ਸਿਰਫ਼ ਬੋਧਾਤਮਕ ਹੁਨਰਾਂ ਨੂੰ ਵਧਾਉਂਦੇ ਹਨ ਬਲਕਿ ਬੱਚੇ ਦੀ ਸੱਭਿਆਚਾਰਕ ਪਛਾਣ ਨੂੰ ਮਜ਼ਬੂਤ ਕਰਦੇ ਹਨ। ਭਾਰਤੀ ਭਾਸ਼ਾ ਪੁਸਤਕ ਯੋਜਨਾ ਅਤੇ ਭਾਰਤੀ ਗਿਆਨ ਪ੍ਰਣਾਲੀਆਂ ਲਈ ਰਾਸ਼ਟਰੀ ਡਿਜੀਟਲ ਡਿਪਾਜ਼ਟਰੀ ਵਰਗੀਆਂ ਪਹਿਲਕਦਮੀਆਂ ਭਾਸ਼ਾਈ ਅਤੇ ਸੱਭਿਅਕ ਸਿੱਖਿਆ ਤੱਕ ਪਹੁੰਚ ਨੂੰ ਹੋਰ ਲੋਕਤੰਤਰੀ ਬਣਾਉਣਗੀਆਂ।

ਇਸ ਦੇ ਨਾਲ ਹੀ ਐਨਈਪੀ ਨੇ ਵਿਦਿਆਰਥੀਆਂ ਵਿੱਚ ਉਤਸੁਕਤਾ ਅਤੇ ਆਲੋਚਨਾਤਮਕ ਸੋਚ ਨੂੰ ਜਗਾਉਣ ਲਈ ਨਵੇਂ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੀ ਮੁੜ ਕਲਪਨਾ ਕੀਤੀ ਹੈ। ਸਕੂਲ ਸਿੱਖਿਆ ਲਈ ਰਾਸ਼ਟਰੀ ਪਾਠਕ੍ਰਮ ਢਾਂਚਾ (NCF-SE) ਅਤੇ ਗ੍ਰੇਡ 1-8 ਲਈ ਨਵੀਆਂ ਪਾਠ ਪੁਸਤਕਾਂ ਪਹਿਲਾਂ ਹੀ ਮੌਜੂਦ ਹਨ, ਜੋ ਯੋਗਤਾ-ਅਧਾਰਤ ਸਿਖਲਾਈ ਅਤੇ ਵਿਸ਼ਿਆਂ ਵਿੱਚ ਏਕੀਕਰਨ ਨੂੰ ਉਤਸ਼ਾਹਿਤ ਕਰਦੀਆਂ ਹਨ। ਪਾਠਕ੍ਰਮ ਤਬਦੀਲੀ ਅਤੇ ਪ੍ਰੇਰਨਾ ਵਰਗੀਆਂ ਅਨੁਭਵੀ ਸਿਖਲਾਈ ਪਹਿਲਕਦਮੀਆਂ ਨਾਲ ਜੋੜਨ ਵਾਲੇ ਅਜਿਹੇ ਪ੍ਰੋਗਰਾਮ ਇਹ ਯਕੀਨੀ ਬਣਾ ਰਹੇ ਹਨ ਕਿ ਵਿਦਿਆਰਥੀਆਂ 'ਤੇ ਵਾਧੂ ਬੋਝ ਨਾ ਪਵੇ, ਸਗੋਂ ਹਰੇਕ ਪੜਾਅ 'ਤੇ ਉਨ੍ਹਾਂ ਦਾ ਸਹਿਯੋਗ ਕੀਤਾ ਜਾਵੇ।

ਸਮਗ੍ਰ ਸਿੱਖਿਆ ਅਤੇ ਪੀਐੱਮ ਪੋਸ਼ਣ ਵਰਗੀਆਂ ਕੇਂਦਰੀ ਪ੍ਰਾਯੋਜਿਤ ਸਕੀਮਾਂ ਦੇ ਜੀਵੰਤ ਯਤਨਾਂ ਨਾਲ ਭਾਰਤ ਨੇ ਲਗਭਗ ਸਮੁੱਚੇ ਦਾਖ਼ਲੇ ਦਾ ਟੀਚਾ ਪ੍ਰਾਪਤ ਕੀਤਾ ਹੈ, ਜਿਸ ਵਿੱਚ ਮੁੱਢਲੇ ਪੱਧਰ 'ਤੇ ਜੀਈਆਰ 91.7% ਤੱਕ ਪਹੁੰਚ ਗਿਆ ਹੈ ਅਤੇ ਸੈਕੰਡਰੀ ਪੱਧਰ 'ਤੇ ਸਥਿਰ ਲਾਭ ਪ੍ਰਾਪਤ ਹੋਏ ਹਨ। ਹੁਣ ਧਿਆਨ ਸਕੂਲ ਸਿੱਖਿਆ ਦੇ ਸਾਰੇ ਪੱਧਰਾਂ 'ਤੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ 'ਤੇ ਹੈ।

ਐਨਈਪੀ ਦੀ ਪਹੁੰਚ ਪਹਿਲਾਂ ਤੋਂ ਘੱਟ ਸੇਵਾ ਵਾਲੀ ਆਬਾਦੀ ਤੱਕ ਵੀ ਫੈਲ ਗਈ ਹੈ। 5,138 ਤੋਂ ਵੱਧ ਕਸਤੂਰਬਾ ਗਾਂਧੀ ਬਾਲਿਕਾ ਵਿਦਿਆਲਿਆ ਵਿੱਚ ਪਛੜੇ ਸਮੂਹਾਂ ਦੀਆਂ 7.12 ਲੱਖ ਤੋਂ ਵੱਧ ਕੁੜੀਆਂ ਦਾਖਲ ਹਨ, ਪੀਵੀਟੀਜੀ ਸਿਖਿਆਰਥੀਆਂ ਲਈ 490 ਤੋਂ ਵੱਧ ਹੋਸਟਲਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ ਅਤੇ ਧਰਤੀ ਆਭਾ ਜਨ ਜਾਤੀਯ ਗ੍ਰਾਮ ਉਤਕਰਸ਼ ਅਭਿਆਨ (ਡੀਏਜੇਜੀਯੂਏ) ਅਧੀਨ 692 ਹੋਸਟਲਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਬਰਾਬਰ ਪਹੁੰਚ ਨੂੰ ਵਧਾਉਣ ਅਤੇ ਸਕੂਲ ਛੱਡਣ ਵਾਲਿਆਂ ਦੀ ਗਿਣਤੀ ਨੂੰ ਘਟਾਉਣ ਦੇ ਇਹ ਯਤਨ ਐਨਈਪੀ 2020 ਦੀ ਇੱਕ ਹੋਰ ਪਰਿਭਾਸ਼ਿਤ ਪ੍ਰਾਪਤੀ ਅਤੇ ਸਕੂਲ ਸਿੱਖਿਆ ਤੱਕ ਵਿਆਪਕ ਪਹੁੰਚ ਨੂੰ ਦਰਸਾਉਂਦੇ ਹਨ। ਮਜ਼ਬੂਤ ਬੁਨਿਆਦੀ ਢਾਂਚੇ, ਅਪੰਗਤਾ ਜਾਂਚ ਲਈ ਪ੍ਰਸ਼ਾਸਤ (PRASHAST) ਵਰਗੇ ਸੰਮਲਿਤ ਪ੍ਰੋਗਰਾਮਾਂ ਅਤੇ ਨਵੇਂ ਡਿਜੀਟਲ ਸਾਧਨਾਂ ਦੇ ਨਾਲ, ਸਕੂਲ ਪ੍ਰਣਾਲੀ ਵਧੇਰੇ ਲਚਕਦਾਰ ਅਤੇ ਸੰਮਲਿਤ ਹੁੰਦੀ ਜਾ ਰਹੀ ਹੈ।

ਇਸ ਬਦਲਾਅ ਦਾ ਇੱਕ ਮੁੱਖ ਚਾਲਕ 14, 500 ਪੀਐੱਮ ਐੱਸ.ਐੱਚ.ਆਰ.ਆਈ. ਸਕੂਲਾਂ ਦੀ ਸਥਾਪਨਾ ਹੈ। ਇਹ ਆਧੁਨਿਕ, ਸੰਮਲਿਤ ਅਤੇ ਹਰੇ ਭਰੇ ਸੰਸਥਾਨਾਂ ਨੂੰ ਐਨਈਪੀ ਵਿਜ਼ਨ ਨਾਲ ਜੁੜੇ ਉਦਾਹਰਣ ਸਕੂਲਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ, ਜੋ ਬੁਨਿਆਦੀ ਢਾਂਚੇ ਅਤੇ ਸਿੱਖਿਆ ਸ਼ਾਸਤਰ ਨੂੰ ਮੁੜ ਪਰਿਭਾਸ਼ਿਤ ਕਰਦੇ ਹੋਏ ਆਪਣੇ ਖੇਤਰਾਂ ਵਿੱਚ ਨਵੀਨਤਾ ਅਤੇ ਸਭ ਤੋਂ ਵਧੀਆ ਅਭਿਆਸਾਂ ਨੂੰ ਪ੍ਰਫੁੱਲਤ ਕਰਦੇ ਹਨ।

ਸਮਾਜਿਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਵਿਦਿਆਂਜਲੀ ਪਲੇਟਫਾਰਮ ਨੇ 8.2 ਲੱਖ ਤੋਂ ਵੱਧ ਸਕੂਲਾਂ ਨੂੰ 5.3 ਲੱਖ ਤੋਂ ਵੱਧ ਵਲੰਟੀਅਰਾਂ ਅਤੇ 2000 ਸੀਐੱਸਆਰ ਭਾਈਵਾਲਾਂ ਨਾਲ ਜੋੜਿਆ ਹੈ, ਜਿਸ ਨਾਲ 1.7 ਕਰੋੜ ਵਿਦਿਆਰਥੀਆਂ ਨੂੰ ਸਿੱਧਾ ਲਾਭ ਮਿਲਿਆ ਹੈ। ਇਹ ਲੋਕ ਭਾਗੀਦਾਰੀ ਦੀ ਇੱਕ ਅਸਾਧਾਰਨ ਉਦਾਹਰਣ ਹੈ, ਜੋ ਸਾਂਝੀ ਜ਼ਿੰਮੇਵਾਰੀ ਰਾਹੀਂ ਸਿੱਖਣ ਦੇ ਮਾਹੌਲ ਨੂੰ ਮਜ਼ਬੂਤ ਬਣਾਉਂਦੀ ਹੈ। ਉੱਚ ਸਿੱਖਿਆ ਵਿੱਚ ਵੀ ਤਬਦੀਲੀ ਕੋਈ ਘੱਟ ਡੂੰਘੀ ਨਹੀਂ ਹੈ। ਕੁੱਲ ਦਾਖਲਾ 3.42 ਕਰੋੜ ਤੋਂ ਵਧਕੇ 4.46 ਕਰੋੜ ਹੋ ਗਿਆ ਹੈ, ਜੋ ਕਿ 30.5% ਵਾਧਾ ਹੈ। ਔਰਤਾਂ ਹੁਣ ਸਾਰੇ ਵਿਦਿਆਰਥੀਆਂ ਵਿੱਚੋਂ ਲਗਭਗ 48% ਹਨ ਅਤੇ ਔਰਤਾਂ ਦਾ ਪੀਐੱਚਡੀ ਦਾਖਲਾ 0.48 ਲੱਖ ਤੋਂ ਦੁੱਗਣਾ ਹੋ ਕੇ 1.12 ਲੱਖ ਹੋ ਗਿਆ ਹੈ।

ਦਾਖਲੇ ਵਿੱਚ ਇਹ ਵਾਧਾ, ਖਾਸ ਕਰਕੇ ਐੱਸਸੀ, ਐੱਸਟੀ, ਓਬੀਸੀ ਅਤੇ ਘੱਟ ਗਿਣਤੀ ਵਿਦਿਆਰਥੀਆਂ ਲਈ, ਉੱਚ ਸਿੱਖਿਆ ਵਿੱਚ ਸੰਮਲਿਤ ਹੋਣ ਦੀ ਇੱਕ ਇਤਿਹਾਸਕ ਪ੍ਰਾਪਤੀ ਹੈ। ਮਹਿਲਾ ਜੀਈਆਰ ਨੇ ਲਗਾਤਾਰ ਛੇ ਸਾਲਾਂ ਤੋਂ ਪੁਰਸ਼ ਜੀਈਆਰ ਨੂੰ ਪਛਾੜ ਦਿੱਤਾ ਹੈ, ਜੋ ਕਿ ਐਨਈਪੀ ਦੇ ਸਮਾਨਤਾ ਵਿਜ਼ਨ ਦਾ ਇੱਕ ਪ੍ਰੇਰਨਾਦਾਇਕ ਸਬੂਤ ਹੈ।ਇਸਦੇ ਸਮਾਨਾਂਤਰ, ਉੱਚ ਸਿੱਖਿਆ ਦੇ ਢਾਂਚਾਗਤ ਤਾਣੇ-ਬਾਣੇ ਨੂੰ ਮੁੜ ਆਕਾਰ ਦਿੱਤਾ ਗਿਆ ਹੈ। ਮਲਟੀਪਲ ਐਂਟਰੀ ਐਂਡ ਐਗਜ਼ਿਟ (ਐੱਮਈਐੱਮਈ) ਦੀ ਸ਼ੁਰੂਆਤ, 21.12 ਕਰੋੜ ਤੋਂ ਵੱਧ ਅਪਾਰ ਆਈਡੀ ਜਾਰੀ ਕੀਤੇ ਗਏ ਅਕਾਦਮਿਕ ਬੈਂਕ ਆਫ਼ ਕ੍ਰੈਡਿਟ (ਏਬੀਸੀ) ਅਤੇ ਨੈਸ਼ਨਲ ਕ੍ਰੈਡਿਟ ਫਰੇਮਵਰਕ (ਐਨਸੀਆਰਐੱਫ) ਨੇ ਬੇਮਿਸਾਲ ਲਚਕਤਾ ਅਤੇ ਗਤੀਸ਼ੀਲਤਾ ਪ੍ਰਦਾਨ ਕੀਤੀ ਹੈ। 153 ਯੂਨੀਵਰਸਿਟੀਆਂ ਮਲਟੀਪਲ-ਐਂਟਰੀ ਅਤੇ 74 ਯੂਨੀਵਰਸਿਟੀਆਂ ਮਲਟੀਪਲ-ਐਗਜ਼ਿਟ ਬਦਲ ਦੀ ਪੇਸ਼ਕਸ਼ ਕਰਦੀਆਂ ਹਨ, ਜਿਸ ਨਾਲ ਸਿੱਖਿਆ ਹੁਣ ਇੱਕ ਰੁਖੀ ਨਹੀਂ ਸਗੋਂ ਮਾਡਯੂਲਰ, ਵਿਦਿਆਰਥੀ-ਸੰਚਾਲਿਤ ਅਤੇ ਭਵਿੱਖ-ਤਿਆਰ ਹੈ। ਇਨ੍ਹਾਂ ਫਰੇਮਵਰਕਾਂ, ਐੱਮਈਐੱਮਈ, ਏਬੀਸੀ ਅਤੇ ਐਨਸੀਆਰਐੱਫ ਦੇ ਸੰਚਾਲਨ ਨੇ ਭਾਰਤ ਨੂੰ ਅਜਿਹੀਆਂ ਏਕੀਕ੍ਰਿਤ ਡਿਜੀਟਲ ਅਕਾਦਮਿਕ ਪ੍ਰਣਾਲੀਆਂ ਰਾਹੀਂ ਜੀਵਨ ਭਰ ਸਿੱਖਣ ਦਾ ਸਮਰਥਨ ਕਰਨ ਵਾਲੇ ਕੁਝ ਦੇਸ਼ਾਂ ਵਿੱਚੋਂ ਇੱਕ ਬਣਾ ਦਿੱਤਾ ਹੈ। ਐਨਈਪੀ ਦੇ ਖੋਜ ਅਤੇ ਨਵੀਨਤਾ 'ਤੇ ਜ਼ੋਰ ਨੇ ਪਹਿਲਾਂ ਹੀ ਲਾਭਅੰਸ਼ ਪ੍ਰਾਪਤ ਕੀਤੇ ਹਨ। ਭਾਰਤ ਦੇ ਗਲੋਬਲ ਇਨੋਵੇਸ਼ਨ ਇੰਡੈਕਸ ਰੈਂਕ ਨੂੰ 81ਵੇਂ ਤੋਂ 39ਵੇਂ ਸਥਾਨ 'ਤੇ ਲਿਆਉਣ ਤੋਂ ਲੈ ਕੇ, 400 ਐੱਚਈਆਈਜ਼ ਵਿੱਚ 18,000 ਤੋਂ ਵੱਧ ਸਟਾਰਟ-ਅੱਪਸ ਨੂੰ ਪ੍ਰਫੁੱਲਤ ਕਰਨ ਤੱਕ, ਸਾਡੇ ਕੈਂਪਸ ਤੇਜ਼ੀ ਨਾਲ ਨਵੀਨਤਾ ਕੇਂਦਰ ਬਣ ਰਹੇ ਹਨ। ਅਨੁਸੰਧਾਨ ਐਨਆਰਐੱਫ, ਪੀਐੱਮਆਰਐੱਫ 2.0, ਅਤੇ 6,000 ਕਰੋੜ ਦੀ ਇੱਕ ਰਾਸ਼ਟਰ ਇੱਕ ਸਬਸਕ੍ਰਿਪਸ਼ਨ ਪਹਿਲਕਦਮੀ ਖੋਜ ਤੱਕ ਪਹੁੰਚ ਦੇ ਲੋਕਤੰਤਰੀਕਰਨ ਅਤੇ ਵਿਕੇਂਦਰੀਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਹੋਰ ਦਰਸਾਉਂਦੀ ਹੈ।




# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹਰ ਪਿੰਡ ਤੇ ਸ਼ਹਿਰ ਦਾ ਕੀਤਾ ਜਾਵੇਗਾ ਵਿਕਾਸ : ਈਟੀਓ

ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਪੰਜਾਬ ਸਰਕਾਰ ਵੱਲੋਂ ਯਾਦਗਾਰੀ ਸਮਾਗਮ ਕਰਕੇ ਮਨਾਉਣ ਦਾ ਫੈਸਲਾ ਲਿਆ ਗਿਆ ਹੈ। ਅੱਜ ਇਨ੍ਹਾਂ ਸਮਾਗਮਾਂ ਦੀਆਂ ਤਿਆਰੀਆਂ ਲਈ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਤੇ ਕੈਬਨਿਟ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਰਵਾਏ ਜਾਣ ਵਾਲੇ ਧਾਰਮਿਕ ਸਮਾਗਮਾਂ ਦੀ ਰੂਪ-ਰੇਖਾ ਬਾਰੇ ਵਿਧਾਇਕਾਂ ਤੇ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ।ਮੰਤਰੀ ਸਾਹਿਬਾਨ ਨੇ ਦੱਸਿਆ ਕਿ ਜਿੱਥੇ ਜਿੱਥੇ ਵੀ ਗੁਰੂ ਸਾਹਿਬ ਨੇ ਚਰਨ ਪਾਏ ਹਨ ਉੱਥੇ ਵਿਸ਼ੇਸ਼ ਸਮਾਗਮ ਸਰਕਾਰ ਵੱਲੋਂ ਕਰਵਾਏ ਜਾਣਗੇ ਅਤੇ ਇਹਨਾਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਵੱਡੇ ਪੱਧਰ 'ਤੇ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਅੰਮ੍ਰਿਤਸਰ ਸਮੇਤ ਚਾਰ ਵੱਡੇ ਸ਼ਹਿਰਾਂ ਜਿਸ ਵਿੱਚ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਬਾਬਾ ਬਕਾਲਾ ਸਾਹਿਬ ਜਲੰਧਰ ਅਤੇ ਅਨੰਦਪੁਰ ਸਾਹਿਬ ਵਿਖੇ ਕੀਰਤਨ ਦਰਬਾਰ ਵੀ ਕਰਵਾਏ ਜਾਣਗੇ।



ਉਨ੍ਹਾਂ ਦੇ ਨਾਲ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ, ਵਿਧਾਇਕਾ ਜੀਵਨਜੋਤ ਕੌਰ, ਵਿਧਾਇਕ ਦਲਬੀਰ ਸਿੰਘ ਟੌਂਗ, ਵਿਧਾਇਕ ਜਸਬੀਰ ਸਿੰਘ ਸੰਧੂ, ਸੈਰ ਸਪਾਟਾ ਵਿਭਾਗ ਦੇ ਐਡਵਾਈਜ਼ਰ ਦੀਪਕ ਬਾਲੀ ਤੇ ਸੈਰ ਸਪਾਟਾ ਵਿਭਾਗ ਦੇ ਡਾਇਰੈਕਟਰ ਸੰਜੀਵ ਤਿਵਾੜੀ ਵੀ ਮੌਜੂਦ ਸਨ।ਉਨ੍ਹਾਂ ਨੇ ਜਿਲ੍ਹਾ ਪ੍ਰਸਾਸ਼ਨ ਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ ਨੂੰ ਸਮੁੱਚੇ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਸੰਗਤਾਂ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਬਾਰੇ ਹਦਾਇਤਾਂ ਜਾਰੀ ਕੀਤੀਆਂ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੌਂਦ ਨੇ ਦੱਸਿਆ ਕਿ ਇਸ ਮੌਕੇ ਚਾਰ ਸਥਾਨਾਂ ਤੋਂ ਯਾਤਰਾਵਾਂ ਸ੍ਰੀ ਆਨੰਦਪੁਰ ਸਾਹਿਬ ਪੁੱਜਣਗੀਆਂ, ਜਿਨ੍ਹਾਂ ਵਿੱਚ ਗੁਰਦਾਸਪੁਰ ਤੋਂ ਮਾਝਾ, ਦੁਆਬਾ ਯਾਤਰਾ, ਮਾਲਵਾ ਤੋਂ ਦੋ ਯਾਤਰਾਵਾਂ ਬਠਿੰਡਾ ਤੇ ਫਰੀਦਕੋਟ ਤੋਂ ਸ੍ਰੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਣਗੀਆਂ, ਜੋ ਸੂਬੇ ਦੇ ਲੱਗਭੱਗ ਸਾਰੇ ਜਿਲ੍ਹਿਆਂ ਤੇ ਪ੍ਰਮੁੱਖ ਸ਼ਹਿਰਾਂ ਤੋਂ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੀਆਂ। ਗੁਰਦਾਸਪੁਰ ਤੋਂ ਚੱਲੀ ਯਾਤਰਾ ਅੰਮ੍ਰਿਤਸਰ ਵਿੱਚ ਵਿਸ਼ਰਾਮ ਕਰੇਗੀ। ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣ ਵਾਲੇ ਧਾਰਮਿਕ ਸਮਾਗਮਾਂ ਬਾਰੇ ਬੋਲਦੇ ਸੌਂਦ ਨੇ ਦੱਸਿਆ ਕਿ ਵਿਰਾਸਤ ਏ ਖਾਲਸਾ ਵਿਖੇ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ, ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਦੇਸ਼ ਵਿਦੇਸ਼ ਤੋਂ ਪ੍ਰਮੁੱਖ ਹਸਤੀਆਂ, ਧਾਰਮਿਕ ਸਖ਼ਸ਼ੀਅਤਾਂ ਹਾਜ਼ਰੀ ਲਗਵਾਉਣਗੀਆਂ। ਇਸੇ ਦਿਨ ਵਿਰਾਸਤ ਏ ਖਾਲਸਾ ਵਿੱਚ ਮੁੱਖ ਮੰਤਰੀ ਪੰਜਾਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਸ਼ਾਨੀ ਸ਼ਹਾਦਤ ਨੂੰ ਦਰਸਾਉਂਦੀ ਡਿਜੀਟਲ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ ਜਾਵੇਗਾ। ਇਨਸਾਨੀਅਤ ਤੇ ਮਨੁੱਖੀ ਅਧਿਕਾਰਾਂ ਦੇ ਰਾਖੇ ਨੌਵੇਂ ਪਾਤਸ਼ਾਹ ਦੇ ਸ਼ਹੀਦੀ ਸਮਾਗਮਾਂ ਮੌਕੇ ਸਰਬ ਧਰਮ ਸੰਮੇਲਨ ਕਰਵਾਏ ਜਾਣਗੇ, ਜਿਸ ਵਿੱਚ ਸਿੱਖ ਇਤਿਹਾਸ ਬਾਰੇ ਜਾਣਕਾਰੀ ਰੱਖਣ ਵਾਲੇ ਬੁੱਧੀਜੀਵੀ ਵਿਚਾਰ ਚਰਚਾ ਕਰਨਗੇ। ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ 25 ਨਵੰਬਰ ਨੂੰ ਸ਼ਾਮ 7 ਵਜੇ ਮਿਸ਼ਾਲ ਏ ਸ਼ਹਾਦਤ ਦੀ ਰੋਸ਼ਨੀ ਵਿੱਚ ਸੂਬੇ ਭਰ ਦੀਆਂ ਸਰਕਾਰੀ ਇਮਾਰਤਾਂ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਨੂੰ ਸਮਰਪਿਤ ਕਰਦੇ ਹੋਏ ਰੁਸ਼ਨਾਇਆ ਜਾਵੇਗਾ, ਇਸ ਦੇ ਲਈ ਸਮੁੱਚੀ ਸੰਗਤ ਨੂੰ ਵੀ ਬੇਨਤੀ ਕੀਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਉਣ ਵਾਲੀ ਸੰਗਤ ਦੀ ਰਹਿਣ ਲਈ ਟੈਂਟ ਸਿਟੀ ਤੇ ਵੱਖ ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਣ ਜਾਣ ਵਾਸਤੇ ਈ ਰਿਕਸ਼ਾ ਦੇ ਪ੍ਰਬੰਧ ਹੋਣਗੇ।

ਇਸ ਮੌਕੇ ਦੀਪਕ ਬਾਲੀ ਨੇ ਸਾਰੇ ਅਧਿਕਾਰੀਆਂ ਨੂੰ ਇਹ ਪ੍ਰੋਗਰਾਮ ਇੱਕ ਸੇਵਾਦਾਰ ਵਜੋਂ ਕੰਮ ਕਰਨ ਦਾ ਸੱਦਾ ਦਿੰਦੇ ਕਿਹਾ ਕਿ ਗੁਰੂ ਸਾਹਿਬ ਦੀ ਲਸਾਨੀ ਸ਼ਹਾਦਤ ਨੂੰ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਲਈ ਇਹਨਾਂ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਈਏ। ਪੰਜਾਬ ਦੇ 23 ਜਿਲ੍ਹਿਆਂ ਵਿੱਚ ਸ੍ਰੀ ਗੁਰੂ ਸਾਹਿਬ ਦੀ ਜੀਵਨ ਉੱਤੇ ਅਧਾਰਿਤ ਲਾਈਟ ਐਂਡ ਸਾਊਂਡ (ਹਿੰਦ ਦੀ ਚਾਦਰ)/ ਕਵੀ ਦਰਬਾਰ ਕਰਵਾਏ ਜਾਣਗੇ। ਉੱਥੇ ਹੀ ਪੰਜਾਬ ਸਾਰੇ ਹੀ ਵਿਦਿਅਕ ਸੰਸਥਾਵਾਂ ਵਿੱਚ ਸ੍ਰੀ ਗੁਰੂ ਸਾਹਿਬ ਦੀ ਜ਼ਿੰਦਗੀ ਤੇ ਸ਼ਹਾਦਤ ਸਬੰਧੀ ਸੈਮੀਨਾਰ, ਡਿਸ਼ਕਸ਼ਨ ਵੀ ਕਰਵਾਏ ਜਾਣਗੇ। ਇਸ ਮੌਕੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਜਿਲ੍ਹੇ ਵਿੱਚ ਕਰਵਾਇਆ ਜਾਣ ਵਾਲੇ ਪ੍ਰੋਗਰਾਮਾਂ ਤੇ ਵਿਕਾਸ ਕੰਮਾਂ ਦੀ ਰੂਪ ਰੇਖਾ ਮੰਤਰੀ ਸਾਹਿਬਾਨ ਨਾਲ ਸਾਂਝੀ ਕੀਤੀ। ਹੋਰਨਾਂ ਤੋਂ ਇਲਾਵਾ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਜ਼ਿਲ੍ਹਾ ਪੁਲਿਸ ਮੁਖੀ ਮਨਿੰਦਰ ਸਿੰਘ, ਡੀਸੀਪੀ ਆਲਮ ਵਿਜੇ ਸਿੰਘ, ਪਾਰਟੀ ਆਗੂ ਗੁਰਪ੍ਰਤਾਪ ਸਿੰਘ, ਜਸਕਰਨ ਸਿੰਘ ਬਦੇਸ਼ਾ, ਸੋਨੀਆ ਮਾਨ, ਚੇਅਰਮੈਨ ਜਸਪ੍ਰੀਤ ਸਿੰਘ ਤਲਵਾੜ, ਰਵਿੰਦਰ ਭੱਟੀ ਤੇ ਪਾਰਟੀ ਦੇ ਹੋਰ ਆਗੂ ਵੀ ਹਾਜ਼ਰ ਸਨ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀਆਂ ਨੂੰ ਸਮਰਪਿਤ ਸ਼ਬਦ ਕੀਰਤਨ ਤੇ ਨਾਮ ਸਿਮਰਨ ਸ਼ਰਧਾ ਸਹਿਤ ਕਰਵਾਇਆ

ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀਆਂ ਨੂੰ ਸਮਰਪਿਤ ਜੀਵਨ ਜੁਗਤੀ ਸਮਾਗਮ, ਸ਼ਬਦ ਕੀਰਤਨ ਨਾਮ ਸਿਮਰਨ ਸਤਸੰਗ ਸਭਾ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਸੇਵਾਦਾਰ ਰਜਿੰਦਰ ਸਿੰਘ, ਕਾਰਜਕਾਰੀ ਪ੍ਰਧਾਨ ਸਤਵਿੰਦਰ ਸਿੰਘ ਅਤੇ ਸਰਪ੍ਰਸਤ ਭਾਈ ਜਸਬੀਰ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ 3 ਅਗਸਤ ਤੋਂ ਲੈ ਕੇ 24 ਅਗਸਤ ਤੱਕ ਧਾਰਮਿਕ ਸਮਾਗਮ ਦੀਵਾਨ ਸਜਾਏ ਜਾਣਗੇ। ਉਨ੍ਹਾਂ ਨੇ ਆਖਿਆ ਕਿ ਹਾਲਾਂਕਿ ਇਹਨਾਂ ਸਮਾਗਮਾਂ ਦੀ ਸ਼ੁਰੂਆਤ ਬੀਤੀ ਛੇ ਜੁਲਾਈ ਤੋਂ ਹਫਤਾਵਰੀ ਚੱਲ ਰਹੀ ਹੈ। ਪਰ 3 ਅਗਸਤ ਤੋਂ ਇਹ ਸਮਾਗਮ ਰੋਜ਼ਾਨਾ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਸਮਾਗਮ ਇਤਿਹਾਸਿਕ ਗੁਰਦੁਆਰਾ ਸਾਹਿਬ ਤੇ ਹੋਰ ਪ੍ਰਸਿੱਧ ਅਸਥਾਨਾਂ 'ਤੇ ਹੋ ਰਹੇ ਹਨ। ਸਮਾਗਮਾਂ ਪ੍ਰਤੀ ਜਾਣਕਾਰੀ ਦਿੰਦੇ ਉਹਨਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ 3 ਅਗਸਤ ਦਾ ਪਹਿਲਾ ਸਮਾਗਮ ਹੋਵੇਗਾ। ਇਸ ਉਪਰੰਤ 4 ਨੂੰ ਭਾਈ ਵੀਰ ਸਿੰਘ ਨਿਵਾਸ, 5 ਨੂੰ ਗੁਰਦੁਆਰਾ ਸ੍ਰੀ ਤੂਤ ਸਾਹਿਬ, 6 ਨੂੰ




ਗੁਰਦੁਆਰਾ ਸਾਹਿਬ ਸੰਤੋਖਪੁਰਾ, 7 ਨੂੰ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਜੇ ਸਿੰਘ ਚੌਂਕ, 8 ਅਗਸਤ ਨੂੰ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਕਿਲਾ ਭੰਗੀਆਂ ਤੋਂ ਇਲਾਵਾ 9 ਅਗਸਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਗੁਰਦੁਆਰਾ ਸਾਹਿਬ ਮਿਸ਼ਰਾ ਸਿੰਘ ਕਲੋਨੀ ਤੋਂ ਬਾਅਦ ਭਾਈ ਘਨੱਈਆ ਜੀ ਸਾਜਨ ਸਰਸਵਤੀ ਮਿਸ਼ਨ ਹਸਪਤਾਲ, ਗੁਰੂ ਗੋਬਿੰਦ ਸਿੰਘ ਨਗਰ ਗਰਵਾਲੀ ਗੇਟ ਵਿਖੇ 10 ਅਗਸਤ ਸਵੇਰੇ ਤੇ ਰਾਤ ਦਾ ਸਮਾਗਮ ਗੁਰਦੁਆਰਾ ਸ੍ਰੀ ਪਿਪਲੀ ਸਾਹਿਬ ਪੁਤਲੀਘਰ ਵਿਖੇ ਕਰਾਇਆ ਜਾਏਗਾ। ਇਸੇ ਤਰ੍ਹਾਂ 11 ਅਗਸਤ ਨੂੰ ਗੁਰਦੁਆਰਾ ਰੰਗਲੇ ਸੱਜਣ ਟਰੱਸਟ ਚੌਂਕ ਬਾਬਾ ਸਾਹਿਬ ਅਤੇ 12 ਨੂੰ ਮਾਤਾ ਕੌਲਾਂ ਜੀ ਮਿਸ਼ਨ ਹਸਪਤਾਲ, 13 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਣੀ ਬਾਜ਼ਾਰ ਤੋਂ ਇਲਾਵਾ ਹੋਰ ਵੀ ਪ੍ਰਸਿੱਧ ਥਾਵਾਂ 'ਤੇ ਇਹ ਸਮਾਗਮ ਕਰਵਾਏ ਜਾਣਗੇ।

ਉਨ੍ਹਾਂ ਅੱਗੇ ਦੱਸਿਆ ਕਿ 23 ਅਗਸਤ ਨੂੰ ਮਹਾਨ ਗੁਰਮਤਿ ਸਮਾਗਮ ਦੁਪਹਿਰ ਤਿੰਨ ਤੋਂ ਰਾਤ 11 ਵਜੇ ਤੱਕ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਕਰਵਾਇਆ ਜਾਵੇਗਾ। ਇਸ ਉਪਰੰਤ 24 ਅਗਸਤ ਨੂੰ ਸਵੇਰੇ 7 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਲੌਕਿਕ ਨਗਰ ਕੀਰਤਨ ਕੱਢਿਆ ਜਾਵੇਗਾ ਜੋ ਵੱਖ-ਵੱਖ ਬਾਜ਼ਾਰਾਂ ਤੋਂ ਹੁੰਦਾ ਹੋਇਆ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਮਾਪਤ ਹੋਵੇਗਾ। ਇਸ ਉਪਰੰਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਬਦ ਵਿਚਾਰ ਕੀਰਤਨ ਸਮਾਗਮ ਹੋਵੇਗਾ। ਇਸ ਮੌਕੇ ਦਵਿੰਦਰ ਸਿੰਘ, ਸ਼ਰਨਜੀਤ ਸਿੰਘ, ਗੁਰਬਖਸ਼ ਸਿੰਘ, ਅੰਮ੍ਰਿਤਪਾਲ ਸਿੰਘ, ਭੁਪਿੰਦਰ ਸਿੰਘ, ਜਗਦੀਸ਼ ਸਿੰਘ, ਜਵਾਹਰ ਲਾਲ ਸਿੰਘ ਤੋਂ ਇਲਾਵਾ ਹੋਰ ਵੀ ਸੁਸਾਇਟੀ ਮੈਂਬਰ ਨਾਲ ਸਨ।

# ਖਾਲੜਾ ਦੇ ਮੁੱਖ ਬਾਜ਼ਾਰ ਵਿੱਚੋਂ ਪੱਤਰਕਾਰ ਦੀ ਐਕਟਿਵਾ ਚੋਰੀ

ਭਿੱਖੀਵਿੰਡ, 1 ਅਗਸਤ (ਸਵਿੰਦਰ ਬਲੇਹਰ): ਸਰਹੱਦੀ ਕਸਬਾ ਖਾਲੜਾ ਵਿੱਚ ਵਾਹਨ ਚੋਰਾਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਲੋਕ ਦੁਕਾਨਾਂ ਵਿੱਚੋਂ ਸੌਦਾ ਖਰੀਦਣ ਵੇਲੇ ਵੀ ਇਸੇ ਸਹਿਮ ਵਿੱਚ ਰਹਿੰਦੇ ਹਨ ਕਿ ਕਿਤੇ ਬਾਹਰੋਂ ਉਹਨਾਂ ਦਾ ਦੋਪਹੀਆ ਵਾਹਨ ਚੋਰੀ ਨਾ ਹੋ ਜਾਵੇ ਅਤੇ ਇਸ ਦੀ ਸਪੱਸ਼ਟ ਮਿਸਾਲ ਉਸ ਵੇਲੇ ਮਿਲੀ, ਜਦੋਂ ਕਸਬਾ ਖਾਲੜਾ ਤੋਂ ਹਿੰਦੀ ਅਖ਼ਬਾਰ ਦੇ ਪੱਤਰਕਾਰ ਦੀ ਖਾਲੜਾ ਦੇ ਮੁੱਖ ਬਾਜ਼ਾਰ ਵਿੱਚੋਂ ਐਕਟਿਵਾ ਚੋਰੀ ਹੋ ਗਈ। ਸੁਰਿੰਦਰ ਕੁਮਾਰ ਨੀਟੂ ਪੁੱਤਰ ਖੁਸ਼ੀ ਰਾਮ ਵਾਸੀ ਖਾਲੜਾ (ਹਿੰਦੀ ਅਖ਼ਬਾਰ ਦੇ ਪੱਤਰਕਾਰ) ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ 26 ਜੁਲਾਈ ਦੀ ਸ਼ਾਮ ਨੂੰ ਕਰੀਬ 6 ਵਜੇ ਆਪਣੇ ਸਾਥੀ ਗੁਰਪ੍ਰੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਖਾਲੜਾ ਦੇ ਨਾਲ ਖਾਲੜਾ ਬਾਜ਼ਾਰ ਵਿੱਚ ਸੁਰਿੰਦਰਪਾਲ ਬਿੱਟੂ ਦੀ ਦੁਕਾਨ ਦੇ ਬਾਹਰ ਹੌਂਡਾ ਐਕਟਿਵਾ ਨੰਬਰ ਪੀ ਬੀ 46 ਏ ਐਮ 7941 ਸੁਰਮੇ ਰੰਗੀ ਲਾ ਕੇ ਅੰਦਰ ਘਰੇਲੂ ਕਰਿਆਨੇ ਦਾ ਸਮਾਨ ਖਰੀਦ ਕੇ ਜਦੋਂ ਕਰੀਬ 40 ਮਿੰਟ ਬਾਅਦ ਬਾਹਰ ਆਏ ਤਾਂ ਐਕਟਿਵਾ ਚੋਰੀ ਹੋ ਚੁੱਕੀ ਸੀ। ਉਹਨਾਂ ਦੱਸਿਆ ਕਿ ਐਕਟਿਵਾ ਦੇ ਵਿੱਚ ਉਹਨਾਂ ਦੇ ਬੈਂਕ ਦੇ ਚਾਰ ਏ ਟੀ ਐਮ ਕਾਰਡ, ਆਧਾਰ ਕਾਰਡ, ਵੋਟਰ ਕਾਰਡ, ਬੈਂਕ ਪਾਸਬੁਕ, ਚੈੱਕ ਬੁੱਕ, ਇੱਕ ਮੋਬਾਈਲ ਅਤੇ 2200 ਰੁਪਏ ਨਗਦੀ ਸੀ। ਉਹਨਾਂ ਦੱਸਿਆ ਕਿ ਇਸ ਸਬੰਧੀ ਉਹਨਾਂ ਨੇ ਥਾਣਾ ਖਾਲੜਾ ਵਿਖੇ ਦਰਖ਼ਾਸਤ ਦੇ ਦਿੱਤੀ ਹੈ। ਪਰੰਤੂ ਅਜੇ ਤੱਕ ਚੋਰਾਂ ਵਿਰੁੱਧ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇੱਥੇ ਇਹ ਵਰਨਣਯੋਗ ਹੈ ਕਿ ਸੁਰਿੰਦਰ ਕੁਮਾਰ ਨੀਟੂ ਨੇ ਕਰੀਬ ਦੋ ਮਹੀਨੇ ਪਹਿਲਾਂ ਹੀ ਨਵੀਂ ਐਕਟਿਵਾ ਲਈ ਸੀ। ਸਬ ਡਿਵੀਜ਼ਨ ਭਿੱਖੀਵਿੰਡ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਪੁਲਿਸ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਚੋਰਾਂ ਵਿਰੁੱਧ ਠੋਸ ਕਾਰਵਾਈ ਕਰਦਿਆਂ ਸੁਰਿੰਦਰ ਕੁਮਾਰ ਨੀਟੂ ਦੀ ਐਕਟਿਵਾ ਬਰਾਮਦ ਕੀਤੀ ਜਾਵੇ।



# ਡਾ. ਬਲਬੀਰ ਸਿੰਘ ਨੇ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਚਲਾਇਆ ਜਾਗਰੂਕਤਾ ਅਭਿਆਨ

ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਸਿਹਤ ਮੰਤਰੀ ਪੰਜਾਬ ਡਾ ਬਲਬੀਰ ਸਿੰਘ ਵਲੋਂ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਜਾਗਰੂਕਤਾ ਅਭਿਆਨ ਚਲਾਇਆ ਗਿਆ। ਜਿਸ ਦੌਰਾਨ ਉਹਨਾਂ ਵੱਲੋਂ ਕਟਮਪੁਰਾ, ਰਣਜੀਤ ਐਵੀਨਿਊ ਸਥਿਤ ਸੀਨੀਅਰ ਸੈਕੰਡਰੀ ਸਕੂਲ ਵਿਖੇ ਇੱਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਸਕੂਲ ਦੇ ਬੱਚਿਆਂ ਤੋਂ ਇਲਾਵਾ ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟ ਨੇ ਹਿੱਸਾ ਲਿਆ। ਇਸ ਮੌਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਸਕੂਲ ਅਤੇ ਸਕੂਲ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਡੇਂਗੂ ਦੇ ਲਾਰਵੇ ਦੀ ਭਾਲ ਕੀਤੀ ਗਈ, ਜਿਸ ਦੌਰਾਨ ਉਹਨਾਂ ਨੂੰ ਲਗਭੱਗ ਚਾਰ ਥਾਵਾਂ ਤੋਂ ਡੇਂਗੂ ਦਾ ਲਾਰਵਾ ਮਿਲਿਆ। ਇਸ ਉਪਰੰਤ ਸਿਹਤ ਮੰਤਰੀ ਡਾ ਬਲਬੀਰ ਸਿੰਘ ਵੱਲੋਂ ਸਾਰੇ ਵਿਦਿਆਰਥੀਆਂ, ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟਸ ਨੂੰ ਡੇਂਗੂ ਦਾ ਲਾਰਵਾ ਦਿਖਾ ਕੇ ਇਸ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ 'ਤੇ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਡਾ ਬਲਬੀਰ ਸਿੰਘ ਨੇ ਕਿਹਾ ਕਿ ਬਰਸਾਤ ਦੇ ਮੌਸਮ



ਵਿਚ ਬਹੁਤ ਸਾਰੀਆਂ ਥਾਵਾਂ 'ਤੇ ਪਾਣੀ ਦਾ ਇਕੱਠਾ ਹੋਣਾ ਸੁਭਾਵਿਕ ਹੀ ਹੈ, ਪਰ ਇਸਦੇ ਨਾਲ ਹੀ ਜਿੱਥੇ ਪਾਣੀ ਇਕੱਠਾ ਹੋਵੇਗਾ ਉੱਥੇ ਮੱਛਰ ਦੀ ਪੈਦਾਵਾਰ ਵੀ ਹੋਵੇਗੀ, ਇਸ ਲਈ ਸਾਡੀ ਸਾਰਿਆਂ ਦੀ ਇਹ ਜਿੰਮੇਵਾਰੀ ਬਣਦੀ ਹੈ ਕਿ ਮੱਛਰ ਦੀ ਪੈਦਾਵਰ ਨੂੰ ਰੋਕਣ ਲਈ ਸਿਹਤ ਵਿਭਾਗ ਦਾ ਸਹਿਯੋਗ ਕਰੀਏ ਅਤੇ ਕਿਤੇ ਵੀ ਪਾਣੀ ਇੱਕਠਾ ਨਾ ਹੋਣ ਦਈਏ, ਕਿਉਂਕਿ ਡੇਂਗੂ ਤੋਂ ਬਚਣ ਲਈ ਸਭ ਤੋਂ ਜਿਆਦਾ ਜ਼ਰੂਰੀ ਹੈ ਕਿ ਮੱਛਰ ਦੀ ਪੈਦਾਵਾਰ ਨੂੰ ਹੀ ਰੋਕਿਆ ਜਾਵੇ। ਇਸ ਦੇ ਨਾਲ ਹੀ ਸਪਰੇਅ, ਫੋਗਿੰਗ ਅਤੇ ਮੱਛਰ ਭਜਾਉਣ ਵਾਲੀਆ ਕਰੀਮਾਂ ਆਦੀ ਦਾ ਇਸਤੇਮਾਲ ਵੀ ਸਾਨੂੰ ਡੇਂਗੂ ਤੋਂ ਬਚਾ ਸਕਦਾ ਹੈ। ਇਸ ਮੌਕੇ 'ਤੇ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਸ਼ਹਿਰ ਦੇ ਸਾਰੇ ਹੋਟ ਸਪੋਟ ਖੇਤਰਾਂ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਐਂਟੀ ਲਾਰਵਾ ਗਤੀਵਿਧੀਆਂ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਨੇ ਕਿਹਾ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ ਜੋ ਕਿ ਏਡੀਜ ਅਜਿਪਟੀ ਨਾਂ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਇਹ ਮੱਛਰ ਸਾਫ ਪਾਣੀ ਵਿੱਚ ਅੰਡੇ ਦਿੰਦਾ ਹੈ ਜੋ ਕਿ ਇੱਕ ਹਫਤੇ ਦੇ ਦੌਰਾਨ ਅੰਡੇ ਤੋਂ ਲਾਰਵਾ ਅਤੇ ਲਾਰਵੇ ਤੋਂ ਅਡਲਟ ਮੱਛਰ ਬਣ ਜਾਂਦਾ ਹੈ। ਇਸ ਲਈ ਹਫਤੇ ਦੇ ਹਰੇਕ ਸ਼ੁਕਰਵਾਰ ਡੇਂਗੂ ਦੇ ਵਾਰ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਮੱਛਰ ਦਾ ਲਾਈਫ ਸਾਈਕਲ ਤੋੜਿਆ ਜਾ ਸਕੇ ਅਤੇ ਲਾਰਵਾ ਸਟੇਜ 'ਤੇ ਹੀ ਉਸਨੂੰ ਖਤਮ ਕੀਤਾ ਜਾ ਸਕੇ। ਡੇਂਗੂ ਦੇ ਆਮ ਲੱਛਣ ਤੇਜ ਸਿਰ-ਦਰਦ ਅਤੇ ਤੇਜ ਬੁਖਾਰ, ਮਾਸ਼ ਪੇਸ਼ੀਆ ਅਤੇ ਜੋੜਾਂ ਦਾ ਦਰਦ, ਅੱਖਾਂ ਦੇ ਪਿਛਲੇ ਹਿੱਸੇ ਦਰਦ, ਉਲਟੀਆਂ, ਨੱਕ-ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵਗਣਾ ਆਦੀ ਹੈ। ਇਸ ਲਈ ਡੇਂਗੂ ਬੁਖਾਰ ਦੇ ਸ਼ੱਕ ਹੋਣ ਦੀ ਸੂਰਤ ਵਿੱਚ ਤੁਰੰਤ ਸਰਕਾਰੀ ਹਸਪਤਾਲ ਤੋਂ ਫਰੀ ਚੈਕਅੱਪ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ।ਇਸ ਮੌਕੇ 'ਤੇ ਜਿਲ੍ਹਾ ਐਪੀਡਮੋਲੋਜਿਸਟ ਡਾ ਹਰਜੋਤ ਕੌਰ ਜਿਲਾ ਐਮਈਆਈਓ ਅਮਰਦੀਪ ਸਿੰਘ, ਡਾ ਕੁਲਦੀਪ ਕੌਰ, ਪ੍ਰਿੰਸੀਪਲ ਸ਼੍ਰੀਮਤੀ ਅਨੂ ਅਨੰਦ, ਤਜਿੰਦਰ ਕੌਰ, ਸੀਮਾ ਗੁਪਤਾ, ਜਸਬੀਰ ਕੌਰ, ਏਐਮਓ ਗੁਰਦੇਵ ਸਿੰਘ, ਬਲਜੀਤ ਸਿੰਘ, ਐਸਆਈ ਸੁਖਦੇਵ ਸਿੰਘ, ਬਲਵਿੰਦਰ ਸਿੰਘ, ਹਰਵਿੰਦਰ ਸਿੰਘ, ਹਰਮੀਤ ਸਿੰਘ, ਹਰਕਮਲ ਸਿੰਘ, ਕੁਲਦੀਪ ਸਿੰਘ, ਗੁਰਪਾਲ ਸਿੰਘ, ਬਿਕਰਮਜੀਤ ਸਿੰਘ, ਮਨਦੀਪ ਕੌਰ, ਰਸਪਾਲ ਸਿੰਘ ਸਮੇਤ ਸਮੂਹ ਆਸ਼ਾ ਵਰਕਰਾਂ ਅਤੇ ਸਰਕਾਰੀ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਸ਼ਾਮਲ ਹੋਏ।

# ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਰਾਜਨੀਤੀ ਸ਼ਾਸਤਰ ਵਿਸ਼ੇ ਵਿੱਚ ਯੂ.ਜੀ.ਸੀ.-ਨੈੱਟ ਪ੍ਰੀਖਿਆ ਕੀਤੀ ਪਾਸ



ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਡਾ. ਦਵਿੰਦਰ ਸਿੰਘ ਐੱਚ ਓ ਡੀ, ਰਾਜਨੀਤੀ ਸ਼ਾਸਤਰ, ਖਾਲਸਾ ਕਾਲਜ ਅੰਮ੍ਰਿਤਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜਨੀਤੀ ਵਿਗਿਆਨ ਤੇ ਲੋਕ ਪ੍ਰਸ਼ਾਸਨ ਵਿਭਾਗ ਦੇ ਪੀਜੀ ਵਿਭਾਗ ਦੀਆਂ ਦੋ ਵਿਦਿਆਰਥਣਾਂ, ਪਲਕਦੀਪ ਕੌਰ ਤੇ ਪਰਵੀਨ ਕੌਰ ਨੇ ਪਹਿਲੀ ਕੋਸ਼ਿਸ਼ ਵਿੱਚ ਵੱਕਾਰੀ ਯੂਜੀਸੀ-ਨੈੱਟ ਪ੍ਰੀਖਿਆ ਵਿੱਚ ਸਫਲਤਾਪੂਰਵਕ ਪਾਸ ਹੋ ਕੇ ਖਾਲਸਾ ਕਾਲਜ ਅੰਮ੍ਰਿਤਸਰ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਆਸ਼ੀਰਵਾਦ ਦਿੱਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਰਾਜਨੀਤੀ ਸ਼ਾਸਤਰ ਵਿਭਾਗ ਦੇ ਫੈਕਲਟੀ ਮੈਂਬਰਾਂ ਨੂੰ ਵੀ ਵਧਾਈ ਦਿੱਤੀ। ਕਾਲਜ ਦੇ ਵਿਭਾਗ ਦੇ ਮੁਖੀ ਡਾ. ਦੇਵੇਂਦਰ ਸਿੰਘ ਅਤੇ ਹੋਰ ਫੈਕਲਟੀ ਮੈਂਬਰਾਂ ਨੇ ਵੀ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਦੋਵਾਂ ਵਿਦਿਆਰਥੀਆਂ ਨੇ ਕਾਲਜ ਤੇ ਰਾਜਨੀਤੀ ਸ਼ਾਸਤਰ ਦੇ ਅਧਿਆਪਕਾਂ ਦਾ ਉਨ੍ਹਾਂ ਦੇ ਅਕਾਦਮਿਕ ਕਾਰਜ ਵਿੱਚ ਅਧਿਆਪਨ ਤੇ ਲਾਇਬ੍ਰੇਰੀ ਸਹੂਲਤਾਂ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ।

# ਭਲਾਈਪੁਰ ਨੇ ਪਿੰਡ ਜਸਪਾਲ ਵਿਖੇ ਕਾਨਫ਼ਰੰਸ ਲਈ ਵਰਕਰਾਂ ਨੂੰ ਕੀਤਾ ਪ੍ਰੇਰਿਤ

ਬਾਬਾ ਬਕਾਲਾ ਸਾਹਿਬ, 1 ਅਗਸਤ (ਬਲਰਾਜ ਸਿੰਘ ਰਾਜਾ): ਪਿੰਡ ਜਸਪਾਲ 'ਚੇਅਰਮੈਨ ਹਰਜਿੰਦਰ ਸਿੰਘ ਦੀ ਅਗਵਾਈ ਹੇਠ ਬਲਜਿੰਦਰ ਸਿੰਘ ਦੇ ਗ੍ਰਹਿ ਵਿਖੇ ਹਲਕਾ ਬਾਬਾ ਬਕਾਲਾ ਸਾਹਿਬ ਦੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਨੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਰੱਖੜ ਪੁੰਨਿਆ ਮੌਕੇ 9 ਅਗਸਤ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਕਾਂਗਰਸ ਪਾਰਟੀ ਵੱਲ ਵਿਸ਼ਾਲ ਕਾਨਫਰੰਸ ਕਰਵਾਈ ਜਾ ਰਹੀ ਹੈ, ਜਿਸ 'ਚ ਪੰਜਾਬ ਪ੍ਰਦੇਸ਼ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਤੇ ਕੇਂਦਰ ਤੋਂ ਵੀ ਆਗੂ ਸਾਹਿਬਾਨ ਪੁੱਜਣਗੇ ਤੇ 2027 ਦੀਆਂ ਚੋਣਾਂ ਲਈ ਭਵਿੱਖ ਦੇ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਵੇਗਾ। ਬਾਅਦ ਵਿੱਚ ਚੇਅਰਮੈਨ ਹਰਜਿੰਦਰ ਸਿੰਘ ਨੇ ਭਲਾਈਪੁਰ ਅਤੇ ਉਹਨਾਂ ਦੇ ਨਾਲ ਆਈ ਹੋਈ ਕਾਂਗਰਸ ਦੀ ਸੀਨੀਅਰ ਟੀਮ ਅਤੇ ਆਪਣੇ ਪਿੰਡ ਜਸਪਾਲ ਦੇ ਲੋਕਾਂ ਦਾ ਧੰਨਵਾਦ ਕੀਤਾ।



ਇਸ ਮੌਕੇ ਚੇਅਰਮੈਨ ਹਰਜਿੰਦਰ ਸਿੰਘ, ਯੂਥ ਪ੍ਰਧਾਨ ਜਰਮਨਜੀਤ ਸਿੰਘ, ਬਲਜਿੰਦਰ ਸਿੰਘ ਜਸਪਾਲ ਚੇਅਰਮੈਨ ਹਰਪਾਲ ਸਿੰਘ ਕਾਜੀਵਾਲ, ਜਥੇਦਾਰ ਬਲਕਾਰ ਸਿੰਘ, ਲਖਵਿੰਦਰ ਸਿੰਘ ਲੱਖਾ, ਕੁਲਦੀਪ ਸਿੰਘ ਡੇਰੇਵਾਲੇ ,ਬਲਵਿੰਦਰ ਸਿੰਘ, ਫੌਜੀ ਦਰਸ਼ਨ ਸਿੰਘ ,ਸਰਬਜੀਤ ਸਿੰਘ, ਪਰਮਜੀਤ ਸਿੰਘ, ਬਿੱਲਾ ਦੋਜੀ ,ਅਜੈਬ ਸਿੰਘ, ਕੁਲਵਿੰਦਰ ਸਿੰਘ, ਜਥੇਦਾਰ ਬਲਦੇਵ ਸਿੰਘ, ਪਲਵਿੰਦਰ ਸਿੰਘ, ਨਿਰਮਲਜੀਤ ਸਿੰਘ ਧੂਲਕੀਆ, ਦੇਵ ਫੌਜੀ, ਗੁਰਮੇਲ ਸਿੰਘ ਫੌਜੀ, ਜਸਬੀਰ ਸਿੰਘ, ਜੱਗੂ ਦੋਜੀ, ਬਾਬਾ ਜਗਤਾਰ ਸਿੰਘ, ਸਰਪੰਚ ਦਲੇਰ ਸਿੰਘ,ਬਾਓ ਤਿਮੋਵਾਲ ,ਸਰਪੰਚ ਸਰਬਜੀਤ ਸਿੰਘ,ਗੁਰਦਿਆਲ ਸਿੰਘ ਕੰਗ ਬੁਟਾਰੀ, ਸਰਪੰਚ ਪ੍ਰਦੀਪ ਸਿੰਘ ਭਲਾਈਪੁਰ, ਸਰਪੰਚ ਬਲਦੇਵ ਸਿੰਘ ਏਕਲਗੱਡਾ, ਆਸਾ ਵਰਕਰ ਅਮਨ, ਸਰਨਜੀਤ ਕੌਰ, ਰਣਜੀਤ ਕੌਰ, ਜਗਦੀਪ ਸਿੰਘ ਮਾਨ, ਵੀ ਮੌਜੂਦ ਸਨ।

# ਪਿੰਡ ਕਾਲੇਕੇ ਵਿਚ ਹੋਇਆ ਕਾਂਗਰਸ ਦਾ ਭਾਰੀ ਇਕੱਠ

## ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਵੱਲੋਂ ਸੰਬੋਧਨ

ਬਾਬਾ ਬਕਾਲਾ ਸਾਹਿਬ, 1 ਅਗਸਤ (ਬਲਰਾਜ ਸਿੰਘ ਰਾਜਾ): ਪਿੰਡ



ਕਾਲੇਕੇ ਵਿਖੇ ਰੱਖੜ ਪੁੰਨਿਆ ਦੇ ਸਬੰਧ ਵਿੱਚ ਬਾਬਾ ਬਕਾਲਾ ਸਾਹਿਬ ਅੱਜ ਪਿੰਡ ਕਾਲੇਕੇ ਵਿਖੇ ਰੱਖੜ ਪੁੰਨਿਆਂ ਦੇ ਮੇਲੇ ਨੂੰ ਲੈ ਕੇ ਭਾਰੀ ਇਕੱਠ ਕਾਂਗਰਸ ਪਾਰਟੀ ਵੱਲੋਂ ਕੀਤਾ ਗਿਆ, ਜਿਸ ਵਿੱਚ ਹਲਕਾ ਬਾਬਾ ਬਕਾਲਾ ਸਾਹਿਬ ਦੇ ਸਾਬਕਾ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉਣ ਵਾਲੀ ਸਰਕਾਰ ਕਾਂਗਰਸ ਪਾਰਟੀ ਦੀ ਹੀ ਬਣੇਗੀ ਅਤੇ ਇਸ ਦੀ ਨੀਹ ਰੱਖੜ ਪੁੰਨਿਆਂ ਦੇ ਮੇਲੇ 'ਤੇ ਹੀ ਹੋਣ ਵਾਲੀ ਕਾਂਗਰਸ ਪਾਰਟੀ ਦੀ ਕਾਨਫਰੰਸ ਤੋਂ ਹੀ ਸ਼ੁਰੂ ਹੋਵੇਗੀ। ਉਹਨਾਂ ਨੇ ਕਿਹਾ ਕਿ ਜੋ ਵੀ ਹੁਣ ਸਾਡਾ ਸਾਥ ਦੇ ਰਹੇ ਹਨ ਅਤੇ ਉਹਨਾਂ ਦਾ ਮਾਣ ਸਨਮਾਨ ਆਉਣ ਵਾਲੀ ਸਰਕਾਰ ਸਮੇਂ ਵਿਸ਼ੇਸ਼ ਤੌਰ 'ਤੇ ਕੀਤਾ ਜਾਵੇਗਾ। ਉਹਨਾਂ ਨੇ ਲੋਕਾਂ ਨੂੰ ਬਾਬਾ ਬਕਾਲਾ ਸਾਹਿਬ ਵਿਖੇ ਹੋਣ ਵਾਲੀ ਕਾਂਗਰਸ ਪਾਰਟੀ ਦੀ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਵੱਖ ਵੱਖ ਪਾਰਟੀਆਂ ਵਿੱਚੋਂ ਗਏ ਵਿਅਕਤੀਆਂ ਨੂੰ ਪਾਰਟੀ ਵਿੱਚ ਸ਼ਾਮਿਲ ਕੀਤਾ। ਇਸ ਮੌਕੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿਰਫ ਲੋਕਾਂ ਨੂੰ ਲਾਰੇ ਹੀ ਲਾਏ ਹਨ ਅਤੇ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਔਰਤਾਂ ਨੂੰ ਇੱਕ-ਇੱਕ ਹਜਾਰ ਦਾ ਵਾਦਾ ਕੀਤਾ ਸੀ ਉਹ ਵੀ ਪੂਰਾ ਨਹੀਂ ਕੀਤਾ। ਇਸ ਲਈ ਲੋਕ ਕਾਂਗਰਸ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਜ਼ਿਲ੍ਹਾ ਕਾਂਗਰਸ ਦੇ ਯੂਥ ਪ੍ਰਧਾਨ ਜਰਮਨਜੀਤ ਸਿੰਘ ਬਾਬਾ ਨਰਿੰਦਰ ਸਿੰਘ ਗੁਰਪ੍ਰੀਤ ਸਿੰਘ ਸੋਸ਼ਲ ਮੀਡੀਆ ਇੰਚਾਰਜ ਹਲਕਾ ਬਾਬਾ ਬਕਲਾ ਸਾਹਿਬ, ਅਮਰਜੀਤ ਸਿੰਘ ਖੂਹ ਵਾਲੇ, ਮਨੋਹਰ ਸਿੰਘ ਮਨਜੀਤ ਸਿੰਘ ਜੁਗਰਾਜ ਸਿੰਘ ਰਾਜਾ, ਜਗਰੂਪ ਸਿੰਘ ਮੈਂਬਰ ਪੰਚਾਇਤ ਸੋਨੀ, ਚਰਨਜੀਤ ਸਿੰਘ ਤਰਸੇਮ ਸਿੰਘ ਰੇਲਵੇ ਵਾਲੇ, ਸਾਬਕਾ ਸਰਪੰਚ ਚਰਨਜੀਤ ਸਿੰਘ ਚੰਨਾ, ਜਸਬੀਰ ਸਿੰਘ, ਹਰਦੀਪ ਸਿੰਘ ਡਾਕਟਰ ਸੁਖਦੇਵ ਸਿੰਘ ਸ਼ਮਸ਼ੇਰ ਸਿੰਘ ਨਿਸ਼ਾਨ ਸਿੰਘ ਕੈਪਟਨ ਹਰਬੰਸ ਸਿੰਘ ਅਤੇ ਸੁਖਦੇਵ ਸਿੰਘ ਅਮਰੀਕ ਸਿੰਘ ਨਿਸ਼ਾਨਚੀ ਅਤੇ ਪੀ ਏ ਜਗਦੀਪ ਸਿੰਘ ਮਾਨ ਆਦਿ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੇ ਸੁਪਰਵਾਈਜ਼ਰ ਦਾ ਸੇਵਾ ਮੁਕਤੀ ਮੌਕੇ ਸਨਮਾਨ



ਅੰਮ੍ਰਿਤਸਰ, 1 ਅਗਸਤ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫਲਾਇੰਗ ਵਿਭਾਗ ਵਿਖੇ ਸੇਵਾ ਨਿਭਾਅ ਰਹੇ ਸੁਪਰਵਾਈਜ਼ਰ ਬੂਟਾ ਸਿੰਘ ਨੂੰ ਸੇਵਾ ਮੁਕਤ ਹੋਣ 'ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਕੱਤਰ ਪ੍ਰਤਾਪ ਸਿੰਘ ਤੇ ਹੋਰ ਅਧਿਕਾਰੀਆਂ ਨੇ ਗੁਰੂ ਬਖਸ਼ਿਸ਼ ਸਿਰੋਪਾਓ, ਸ੍ਰੀ ਸਾਹਿਬ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਗੁਰੂ ਘਰ ਦੀ ਸੇਵਾਵਾਂ ਵਿਚ ਡਿਊਟੀ ਨਿਭਾਉਣਾ ਵੱਡੇ ਭਾਗਾਂ ਵਾਲੀ ਗੱਲ ਹੈ ਅਤੇ ਹਰ ਮੁਲਾਜ਼ਮ ਨੂੰ ਆਪਣੀ ਡਿਊਟੀ ਪ੍ਰਤੀ ਇਮਾਨਦਾਰ ਹੋਣਾ ਚਾਹੀਦਾ ਹੈ। ਉਨ੍ਹਾਂ ਸੁਪਰਵਾਈਜ਼ਰ ਬੂਟਾ ਸਿੰਘ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਨੇ ਆਪਣੇ ਜ਼ੁੰਮੇ ਲੱਗੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਨਿਭਾਇਆ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੀਤ ਸਕੱਤਰ ਕੁਲਦੀਪ ਸਿੰਘ ਰੋਡੇ, ਗੁਰਨਾਮ ਸਿੰਘ, ਸੁਖਬੀਰ ਸਿੰਘ, ਇੰਚਾਰਜ ਗੁਰਪ੍ਰੀਤ ਸਿੰਘ ਰੋਡੇ, ਚੀਫ ਜਗਦੀਸ਼ ਸਿੰਘ ਬੁੱਟਰ, ਸਹਾਇਕ ਸੁਪ੍ਰਿੰਟੈਂਡੈਂਟ ਸੁਰਜੀਤ ਸਿੰਘ ਰਾਣਾ ਤੇ ਬੂਟਾ ਸਿੰਘ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

# ਐਨ.ਡੀ.ਏ. ਪ੍ਰੀਖਿਆ ਲਈ ਲਗਾਈਆਂ ਜਾ ਰਹੀਆਂ ਨੇ ਵਿਸ਼ੇਸ਼ ਕਲਾਸਾਂ : ਪ੍ਰਿੰ. ਕੁਲਵਿੰਦਰ ਸਿੰਘ

ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਤ੍ਰੈ ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਿੰਸੀਪਲ ਡਾ ਕੁਲਵਿੰਦਰ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ



ਦੱਸਿਆ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਐਮ ਕਾਮ ਦੇ ਸਮੈਸਟਰ ਦੂਜਾ ਦੇ ਨਤੀਜੇ ਵਿੱਚ ਇਸ ਸੰਸਥਾ ਦੀ ਵਿਦਿਆਰਥਣ ਜਸਪ੍ਰੀਤ ਕੌਰ ਨੇ 81.4%ਅੰਕ ਹਾਸਲ ਕਰਕੇ ਕਾਲਜ ਵਿੱਚ ਪਹਿਲਾ ਸਥਾਨ , ਹਰਸ਼ ਦੀਪ ਕੌਰ ਨੇ 80.9%ਅੰਕ ਹਾਸਲ ਕਰਕੇ ਦੂਜਾ ਸਥਾਨ ਅਤੇ ਅਰਸ਼ਦੀਪ ਕੌਰ ਅਤੇ ਚਾਹਤ ਮੈਹਰਾ ਨੇ 79.5ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਬਾਕੀ ਵਿਦਿਆਰਥੀਆਂ ਨੇ ਵੀ 70% ਤੋਂ ਉੱਪਰ ਅੰਕ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਹਰਜਿੰਦਰ ਸਿੰਘ ਪ੍ਰਧਾਨ, ਸੁਖਮਿੰਦਰ ਸਿੰਘ ਸਕੱਤਰ ਵਿਦਿਆ ਨੇ ਵਿਦਿਆਰਥੀਆਂ ਦੀ ਵਧੀਆ ਕਾਰਗੁਜ਼ਾਰੀ ਲਈ ਕਾਲਜ ਪ੍ਰਿੰਸੀਪਲ, ਸਮੂਹ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਆਉਣ ਵਾਲੇ ਸਮੇਂ ਲਈ ਸ਼ੁਭ ਇਛਾਵਾਂ ਦਿੱਤੀਆਂ। ਕਾਲਜ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਕਾਲਜ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਕੀਤਾ।ਕਾਲਜ ਪ੍ਰਿੰਸੀਪਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਦਿਆਰਥੀਆਂ ਨੂੰ ਸਮੇ ਦੇ ਹਾਣੀ ਬਣਾਉਣ ਲਈ ਸਮਾਰਟ ਰੂਮ ਤੇ ਆਈ ਸੀ ਟੀ ਲੈਬਜ ਤਿਆਰ ਕਰਵਾ ਕੇ ਦਿੱਤੀਆਂ ਹਨ, ਜਿਸ ਦਾ ਵਿਦਿਆਰਥੀ ਭਰਪੂਰ ਲਾਭ ਉਠਾ ਰਹੇ ਹਨ । ਇਸ ਦੇ ਨਾਲ ਹੀ ਲੋੜਵੰਦ ਵਿਦਿਆਰਥੀਆਂ ਨੂੰ ਫ਼ੀਸਾਂ ਵਿੱਚ ਵਿਸ਼ੇਸ਼ ਛੋਟ ਦਿੱਤੀ ਜਾਂਦੀ ਹੈ।ਕਾਲਜ ਵਿੱਚ ਐਨ ਡੀ ਏ ਦੀ ਪ੍ਰੀਖਿਆ ਦੀ ਤਿਆਰੀ ਲਈ ਵਿਸ਼ੇਸ਼ ਕਲਾਸਾਂ ਲਗਾਈਆਂ ਜਾ ਰਹੀਆਂ ਹਨ।

# 48 ਸਾਲਾ ਹਰਜਿੰਦਰ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ, ਸਰਬੱਤ ਦਾ ਭਲਾ ਟਰੱਸਟ ਦੀ ਐਂਬੂਲੈਂਸ ਨਿਭਾਈ ਮੁਫ਼ਤ ਸੇਵਾ

ਅੰਮ੍ਰਿਤਸਰ, 1 ਅਗਸਤ (ਬਬਲੂ ਮਹਾਜਨ): ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬਲਾਚੌਰ ਨੇੜਲੇ ਪਿੰਡ ਧੌਲ ਨਾਲ ਸਬੰਧਤ 48 ਸਾਲਾ ਹਰਜਿੰਦਰ ਸਿੰਘ ਪੁੱਤਰ ਦਿਲਬਾਗ ਸਿੰਘ ਦਾ ਮ੍ਰਿਤਕ ਸਰੀਰ ਤੜਕਸਾਰ ਗਰੀਸ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪੁੱਜਣ ਉਪਰੰਤ ਸਰਬੱਤ ਦਾ ਭਲਾ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਭੇਜਿਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੁਬਈ ਦੇ ਉੱਘੇ ਕਾਰੋਬਾਰੀ ਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਹਰਜਿੰਦਰ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੇ ਬਿਹਤਰ ਭਵਿੱਖ ਲਈ ਕਰੀਬ ਪਿਛਲੇ 20 ਸਾਲਾਂ ਤੋਂ ਗਰੀਸ ਵਿਖੇ ਮਿਹਨਤ ਕਰ ਰਿਹਾ ਸੀ। ਉਨ੍ਹਾਂ ਦੱਸਿਆ ਕਿ ਪੀੜਤ ਪਰਿਵਾਰ ਨੇ ਉਨ੍ਹਾਂ ਦੀ ਅੰਮ੍ਰਿਤਸਰ ਟੀਮ ਨਾਲ ਸੰਪਰਕ ਕਰਕੇ ਦੱਸਿਆ ਸੀ ਕਿ ਬੀਤੀ 14 ਜੁਲਾਈ ਨੂੰ ਗਰੀਸ ਅੰਦਰ ਹੋਏ ਇੱਕ ਦਰਦਨਾਕ ਮੋਟਰਸਾਈਕਲ ਹਾਦਸੇ ਦੌਰਾਨ ਹਰਜਿੰਦਰ ਸਿੰਘ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਸਵੇਰੇ ਤੜਕਸਾਰ ਅੰਮ੍ਰਿਤਸਰ ਹਵਾਈ ਅੱਡੇ ਤੋਂ ਮ੍ਰਿਤਕ ਸਰੀਰ ਪੀੜ੍ਹਤ ਪਰਿਵਾਰ ਦੀ ਹਾਜ਼ਰੀ ਵਿੱਚ ਟਰੱਸਟ ਦੇ ਨੁਮਾਇੰਦੇ ਰਾਜਬੀਰ ਸਿੰਘ ਵੱਲੋਂ ਪ੍ਰਾਪਤ ਕਰਕੇ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਤੱਕ ਭੇਜਿਆ ਗਿਆ ਹੈ। ਡਾ.ਓਬਰਾਏ ਨੇ ਇਹ ਵੀ ਦੱਸਿਆ ਕਿ ਹਰਜਿੰਦਰ ਆਪਣੇ ਪਿੱਛੇ ਕਰੀਬ 95 ਸਾਲਾ ਬਜ਼ੁਰਗ ਮਾਪਿਆਂ ਤੋਂ ਇਲਾਵਾ ਆਪਣੀ ਪਤਨੀ, ਧੀ ਤੇ ਪੁੱਤਰ ਨੂੰ ਰੋਂਦਿਆਂ ਕੁਰਲਾਂਦਿਆਂ ਛੱਡ ਗਿਆ ਹੈ। ਉਨ੍ਹਾਂ ਕਿਹਾ ਕਿ ਟਰੱਸਟ ਦੀ ਸਬੰਧਿਤ ਜ਼ਿਲ੍ਹਾ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂੰ ਕਰਵਾਉਣ ਉਪਰੰਤ ਹਰਜਿੰਦਰ ਸਿੰਘ ਦੇ ਪਰਿਵਾਰ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਵੀ ਦਿੱਤੀ ਜਾਵੇਗੀ।



ਜ਼ਿਕਰਯੋਗ ਹੈ ਕਿ ਡਾ.ਓਬਰਾਏ ਦੀ ਸਰਪ੍ਰਸਤੀ ਹੇਠ ਹੁਣ ਤੱਕ 421 ਦੇ ਕਰੀਬ ਬਦਨਸੀਬ ਨੌਜਵਾਨਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ ਅਤੇ ਪਿਛਲੇ ਕੁਝ ਅਰਸੇ ਤੋਂ ਹਵਾਈ ਅੱਡਾ ਅੰਮ੍ਰਿਤਸਰ ਤੋਂ ਮਿਤ੍ਰਕ ਸਰੀਰ ਘਰਾਂ ਤੱਕ ਪਹੁੰਚਣ ਲਈ ਮੁਫ਼ਤ ਐਂਬੂਲੈਂਸ ਸੇਵਾ ਵੀ ਸ਼ੁਰੂ ਕੀਤੀ ਗਈ ਹੈ।

ਇਸ ਦੌਰਾਨ ਹਵਾਈ ਅੱਡੇ ਤੇ ਮੌਜੂਦ ਮ੍ਰਿਤਕ ਦੇ ਚਚੇਰੇ ਭਰਾ ਹਰਨੇਕ ਸਿੰਘ, ਨਛੱਤਰ ਸਿੰਘ ਅਤੇ ਕਾਲਾ ਸਿੰਘ ਆਦਿ ਨੇ ਡਾ.ਐੱਸ.ਪੀ. ਸਿੰਘ ਓਬਰਾਏ ਦਾ ਇਸ ਔਖੀ ਘੜੀ ਵੇਲੇ ਵੱਡੀ ਮਦਦ ਕਰਨ ਲਈ ਤਹਿ ਦਿਲੋਂ ਧੰਨਵਾਦ ਕੀਤਾ।

# ਦਿਲਜੀਤ ਸਿੰਘ ਬੇਦੀ ਦੀ ਪੁਸਤਕ "ਅਕਾਲ ਪੁਰਖ ਕੀ ਫ਼ੌਜ" ਲੋਕ ਅਰਪਣ

ਅੰਮ੍ਰਿਤਸਰ, 1 ਅਗਸਤ (ਗੁਰਦਿਆਲ ਸਿੰਘ): ਬੁੱਢਾ ਦਲ ਦੇ ਗਿਆਰ੍ਹਵੇਂ ਜਥੇਦਾਰ ਸਿੰਘ ਸਾਹਿਬ ਬਾਬਾ ਸਾਹਿਬ ਸਿੰਘ ਕਲਾਧਾਰੀ ਦੀ 83ਵੀਂ ਸਲਾਨਾ ਬਰਸੀ ਮੌਕੇ ਬੁੱਢਾ ਦਲ ਦੇ ਸਕੱਤਰ ਪੰਥਕ ਵਿਦਵਾਨ ਦਿਲਜੀਤ ਸਿੰਘ ਬੇਦੀ ਦੀ ਲਿਖੀ ਪੁਸਤਕ "ਅਕਾਲ ਪੁਰਖ ਕੀ ਫੌਜ" ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸਮੁੱਚੀਆਂ ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀਆਂ ਤੇ ਨੁਮਾਇੰਦਿਆਂ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਗੁਰੂਕਾਸ਼ੀ ਤਲਵੰਡੀ ਸਾਬੋ ਕੀ ਵਿਖੇ ਲੋਕ ਅਰਪਣ ਕੀਤੀ ਗਈ।



ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿ. ਰਘਬੀਰ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇ ਗਿ. ਹਰਪ੍ਰੀਤ ਸਿੰਘ ਨੇ ਦਿਲਜੀਤ ਸਿੰਘ ਬੇਦੀ ਦੀਆਂ ਬਤੌਰ ਸਾਹਿਤਕਾਰ ਪੰਥਕ ਸੇਵਾਵਾਂ ਦੀ ਭਰਵੀਂ ਪ੍ਰਸੰਸਾ ਕੀਤੀ। ਸੰਪਰਦਾਇ ਬਾਬਾ ਬਿਧੀਚੰਦ ਸਾਹਿਬ ਤਰਨਾਦਲ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਵੱਲੋਂ ਬਾਬਾ ਨਾਹਰ ਸਿੰਘ ਸਾਧ ਅਤੇ ਭਾਈ ਸੁਖਜੀਤ ਸਿੰਘ ਘਨੱਈਆ ਨੇ ਵੀ ਬੇਦੀ ਦੇ ਲਿਖਤੀ ਕਾਰਜਾਂ ਦੀ ਪ੍ਰਸੰਸਾ ਕੀਤੀ। ਉਨ੍ਹਾਂ ਕਿਹਾ ਇਨ੍ਹਾਂ ਦੇ ਉਦਮ ਨਾਲ ਹੀ ਸ੍ਰੀ ਸਰਬਲੋਹ ਗ੍ਰੰਥ, ਦੁਸਹਿਰਾ ਮਹਾਤਮ, ਬੁੱਢਾ ਦਲ ਦੇ ਪਹਿਲੇ ਮੁਖੀ ਬਾਬਾ ਬਿਨੋਦ ਸਿੰਘ, ਨਵਾਬ ਕੂਪਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਦੇ ਜੀਵਨ ਸਬੰਧੀ ਪ੍ਰਕਾਸ਼ਤ ਪੁਸਤਕਾਂ ਤੋਂ ਇਲਾਵਾ, ਬੁੱਢਾ ਦਲ ਦੇ ਮੁਖੀਆਂ ਦਾ ਸੰਖੇਪ ਇਤਿਹਾਸ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋਇਆ ਹੈ। ਉਨ੍ਹਾਂ ਕਿਹਾ ਦਿਲਜੀਤ ਸਿੰਘ ਬੇਦੀ ਵੱਲੋਂ ਖਾਲਸਾ ਪੰਥ ਬੁੱਢਾ ਦਲ ਦੇ ਸ਼ਹੀਦਾਂ ਦਾ ਜੀਵਨ ਬਿਊਰਾ "ਸ਼ਹੀਦ ਸਿੰਘਾਂ ਦੀ ਗਾਥਾ" ਕਿਤਾਬ ਵੀ ਆਉਣ ਵਾਲੇ ਸਮੇਂ ਵਿਚ ਸੰਗਤਾਂ ਦੇ ਅਰਪਣ ਹੋਵੇਗੀ। ਬੁੱਢਾ ਦਲ ਦੀ ਅਗਵਾਈ ਵਿੱਚ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਪੰਥਕ ਵਿਦਵਾਨ ਦਿਲਜੀਤ ਸਿੰਘ ਬੇਦੀ ਦੀਆਂ ਪੰਥ ਪ੍ਰਤੀ ਨਿਭਾਈਆਂ ਸੇਵਾਵਾਂ ਦੇ ਸਤਿਕਾਰ ਵਜੋਂ ਖਾਲਸਾਈ ਜੈਕਾਰਿਆਂ ਦੀ ਗੂੰਜ ਵਿਚ ਸਨਮਾਨਤ ਕੀਤਾ ਗਿਆ। ਇਸ ਮੌਕੇ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਤੋਂ ਇਲਾਵਾ ਸੰਪਰਦਾ ਬਾਬਾ ਬਿਧੀਚੰਦ ਸਾਹਿਬ ਸੁਰਸਿੰਘ ਦੇ ਮੁਖੀ ਬਾਬਾ ਅਵਤਾਰ ਸਿੰਘ ਵੱਲੋਂ ਬਾਬਾ ਨਾਹਰ ਸਿੰਘ ਸਾਧ, ਬਾਬਾ ਨਾਗਰ ਸਿੰਘ ਤਰਨਾਦਲ ਹਰੀਆਂ ਵੇਲਾਂ, ਬਾਬਾ ਦੀਪ ਸਿੰਘ ਸ਼ਹੀਦ ਮਿਸਲ ਤਰਨਾਦਲ ਬਾਬਾ ਬਕਾਲਾ ਦੇ ਮੁਖੀ ਬਾਬਾ ਜੋਗਾ ਸਿੰਘ ਵੱਲੋਂ ਬਾਬਾ ਜੈਮਲ ਸਿੰਘ ਗੋਇੰਦਵਾਲ, ਬਾਬਾ ਸਵਰਨਜੀਤ ਸਿੰਘ ਬਾਬਾ ਬਕਾਲਾ, ਬਾਬਾ ਬਲਵਿੰਦਰ ਸਿੰਘ ਵੱਲਾ, ਬਾਬਾ ਰਘਬੀਰ ਸਿੰਘ ਖਿਆਲਾ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਅਵਤਾਰ ਸਿੰਘ ਧੂਰਕੋਟ, ਬਾਬਾ ਕਾਕਾ ਸਿੰਘ ਬੁੰਗਾ ਮਸਤੂਆਣਾ, ਬਾਬਾ ਭਗਤ ਸਿੰਘ ਬਹਾਦਰਗੜ੍ਹ ਤੇ ਪਰਮਜੀਤ ਸਿੰਘ ਬਾਜਵਾ ਆਦਿ ਹਾਜ਼ਰ ਸਨ।

# ਅਕਾਲੀ ਦਲ ਮਜੀਠੀਆ ਨਾਲ ਚੱਟਾਨ ਵਾਂਗੂ ਖੜ੍ਹੇ : ਗਰੇਵਾਲ, ਚੀਮਾ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਨੇ ਅੱਜ ਕਿਹਾ ਕਿ ਸਮੁੱਚੀ ਪਾਰਟੀ ਸੀਨੀਅਰ ਆਗੂ ਸਰਦਾਰ ਬਿਕਰਮ ਸਿੰਘ ਮਜੀਠੀਆ ਨਾਲ ਚੱਟਾਨ ਵਾਂਗ ਖੜ੍ਹੀ ਹੈ, ਜਿਹਨਾਂ ਖਿਲਾਫ ਆਪ ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਕੀਤੀ ਜਾ ਰਹੀ ਹੈ ਅਤੇ ਉਹਨਾਂ ਦੇ ਨਾਗਰਿਕ ਅਧਿਕਾਰਾਂ ਦੀ ਵੀ ਉਲੰਘਣਾ ਕੀਤੀ ਜਾ ਰਹੀ ਹੈ ਤੇ ਹੁਣ ਸਰਕਾਰ ਨੇ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਯਤਨਾਂ ਵਿਚ ਉਹਨਾਂ ਖਿਲਾਫ ਇਕ ਹੋਰ ਕੇਸ ਦਰਜ ਕਰ ਦਿੱਤਾ ਹੈ। ਅੱਜ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸੀਨੀਅਰ ਆਗੂ ਸਰਦਾਰ ਮਹੇਸ਼ਇੰਦਰ ਸਿੰਘ ਗਰੇਵਾਲ ਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਬਿਕਰਮ ਮਜੀਠੀਆ ਖਿਲਾਫ ਹੁਣ 25 ਜੂਨ ਨੂੰ ਉਹਨਾਂ ਦੀ ਅੰਮ੍ਰਿਤਸਰ ਵਿਚਲੀ ਰਿਹਾਇਸ਼ ਤੇ ਛਾਪੇ ਦੌਰਾਨ ਵਿਜੀਲੈਂਸ ਬਿਊਰੋ ਦੀ ਟੀਮ ਦੇ ਕੰਮ ਵਿਚ ਰੁਕਾਵਟ ਪਾਉਣ ਦਾ ਇਕ ਹੋਰ ਝੂਠਾ ਕੇਸ ਦਰਜ ਕੀਤਾ ਗਿਆ ਹੈ।

ਇਹਨਾਂ ਆਗੂਆਂ ਨੇ ਕਿਹਾ ਕਿ ਅਸੀਂ ਵੇਖਿਆ ਹੈ ਕਿ ਕਿਵੇਂ ਹੁਣ ਦੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਆਗੂ ਭਾਰਤ ਭੂਸ਼ਣ ਆਸ਼ੂ ਖਿਲਾਫ ਭ੍ਰਿਸ਼ਟਾਚਾਰ ਕੇਸ ਵਿਚ ਇਕ ਐਸ ਪੀ ਨੂੰ ਆਸ਼ੂ ਨੂੰ ਗ੍ਰਿਫਤਾਰ ਕਰਨ ਤੋਂ ਰੋਕਿਆ ਸੀ। ਉਹਨਾਂ ਕਿਹਾ ਕਿ ਉਸ ਵੇਲੇ ਇਹਨਾਂ ਦੇ ਰਾਹ ਵਿਚ ਰੁਕਾਵਟ ਪਾਉਣ ਦਾ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਗਰੇਵਾਲ ਤੇ ਡਾ. ਚੀਮਾ ਨੇ ਕਿਹਾ ਕਿ ਨਵਾਂ ਕੇਸ ਵੀ ਮਜੀਠੀਆ ਪਰਿਵਾਰ ਨੂੰ ਤੰਗ ਕਰਨ ਵਾਸਤੇ ਦਰਜ ਕੀਤਾ ਗਿਆ ਹੈ ਕਿਉਂਕਿ ਅਕਾਲੀ ਦਲ ਦੇ ਵਿਧਾਇਕ ਗਨੀਵ ਕੌਰ ਮਜੀਠੀਆ ਨੇ ਚੰਡੀਗੜ੍ਹ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾ ਕੇ ਕਿਹਾ ਹੈ ਕਿ ਵਿਜੀਲੈਂਸ ਬਿਊਰੋ ਦੀ ਟੀਮ ਬਿਨਾਂ ਕਿਸੇ ਸਰਚ ਵਾਰੰਟ ਦੇ ਉਹਨਾਂ ਦੀ ਚੰਡੀਗੜ੍ਹ ਵਿਚਲੀ ਸਰਕਾਰੀ ਰਿਹਾਇਸ਼ ਵਿਚ ਦਾਖਲ ਹੋਈ ਜਦੋਂ ਕਿ ਉਹ ਆਪ ਅੰਮ੍ਰਿਤਸਰ ਵਿਚ ਸਨ। ਉਹਨਾਂ ਕਿਹਾ ਕਿ ਆਪ ਸਰਕਾਰ ਨੂੰ ਡਰ ਹੈ ਕਿ ਹੁਣ ਇਸਦੀ ਵਿਜੀਲੈਂਸ ਟੀਮ ਦੇ ਖਿਲਾਫ ਕੇਸ ਦਰਜ ਹੋਵੇਗਾ ਤੇ ਇਸੇ ਲਈ ਉਹਨਾਂ ਨੇ ਸਰਦਾਰ ਮਜੀਠੀਆ ਖਿਲਾਫ ਦੂਜਾ ਝੂਠਾ ਕੇਸ ਦਰਜ ਕਰ ਦਿੱਤਾ ਹੈ। ਗਰੇਵਾਲ ਨੇ ਇਹ ਵੀ ਦੱਸਿਆ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ 'ਤੇ ਸੂਬੇ ਦੇ ਰਾਜਪਾਲ ਤੋਂ ਮਿਲਣ ਲਈ ਸਮਾਂ ਮੰਗਿਆ ਹੈ ਪਰ ਰਾਜਪਾਲ ਦੀ ਸਿਹਤ ਠੀਕ ਨਾ ਹੋਣ ਕਾਰਨ ਇਸ ਵਿਚ ਇਕ ਹਫਤੇ ਦਾ ਸਮਾਂ ਲੱਗ ਸਕਦਾ ਹੈ।

ਇਕ ਸਵਾਲ ਦੇ ਜਵਾਬ ਵਿਚ ਡਾ. ਚੀਮਾ ਨੇ ਕਿਹਾ ਕਿ ਬਾਹਰਲਿਆਂ ਨੂੰ ਨੌਕਰੀ ਦੇਣ ਤੋਂ ਬਾਅਦ ਅਤੇ ਬਾਹਰਲਿਆਂ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਰੇਰਾ ਵਰਗੀਆਂ ਅਥਾਰਟੀਆਂ ਦੇ ਚੇਅਰਮੈਨ ਲਗਾਉਣ ਤੋਂ ਬਾਅਦ ਆਪ ਸਰਕਾਰ ਹੁਣ ਛੋਟੇ ਠੇਕੇਦਾਰਾਂ ਦੀ ਰੋਜ਼ੀ ਰੋਟੀ ਖੋਹਣਾ ਚਾਹੁੰਦੀ ਹੈ ਤੇ ਇਸੇ ਲਈ ਉਹਨੇ ਸ਼ਰਤ ਲਗਾ ਦਿੱਤੀ ਹੈ ਕਿ ਮੰਡੀ ਬੋਰਡ ਦੀਆਂ ਸੜਕਾਂ ਦੀ ਮੁਰੰਮਤ ਵਾਸਤੇ 50 ਕਰੋੜ ਰੁਪਏ ਤੋਂ ਘੱਟ ਦਾ ਕੋਈ ਟੈਂਡਰ ਨਹੀਂ ਕੱਢਿਆ ਜਾਵੇਗਾ। ਉਹਨਾਂ ਕਿਹਾ ਕਿ ਇਸ ਨਿਯਮ ਵਿਚੋਂ ਭ੍ਰਿਸ਼ਟਾਚਾਰ ਦੀ ਬਦਬੂ ਆਉਂਦੀ ਹੈ ਤੇ ਪਤਾ ਚਲ ਰਿਹਾ ਹੈ ਕਿ ਸਥਾਨਕ ਠੇਕੇਦਾਰਾਂ ਦੀ ਕੀਮਤ 'ਤੇ ਸੂਬੇ ਤੋਂ ਬਾਹਰਲੇ ਠੇਕੇਦਾਰਾਂ ਤੋਂ ਰਿਸ਼ਵਤਾਂ ਲਈਆਂ ਗਈਆਂ ਹਨ।

# ਨਿਊ ਸਵੈਨ ਇੰਡਸਟਰੀ ਵੱਲੋਂ ਬਣਾਏ ਪਖਾਨਿਆਂ ਦਾ ਗ੍ਰਾਮ ਪੰਚਾਇਤ ਕੁਹਾੜਾ ਨੇ ਕੀਤਾ ਉਦਘਾਟਨ




ਸਾਹਨੇਵਾਲ ਕੁਹਾੜਾ, 1 ਅਗਸਤ (ਕੁਲਦੀਪ ਸਿੰਘ ਕੁਹਾੜਾ) : ਕੁਹਾੜਾ ਤੋਂ ਰੋਜ਼ਾਨਾ ਹੀ ਸੈਂਕੜੇ ਸਵਾਰੀਆਂ ਲੁਧਿਆਣਾ ਚੰਡੀਗੜ੍ਹ, ਡੇਹਲੋਂ ਤੇ ਮਾਛੀਵਾੜਾ ਸਾਹਿਬ ਨੂੰ ਬੱਸਾਂ ਰਾਹੀਂ ਜਾਂਦੀਆਂ ਰਹਿੰਦੀਆਂ ਹਨ। ਜਿਹਨਾਂ ਦੀ ਕਾਫੀ ਸਮੇਂ ਤੋਂ ਕੁਹਾੜਾ ਬੱਸ ਅੱਡੇ ਵਿਖੇ ਪਖਾਨੇ ਬਣਾਉਣ ਦੀ ਮੰਗ ਕੀਤੀ ਜਾਂਦੀ ਸੀ,ਜਿਸ ਨੂੰ ਸਮਾਜ ਸੇਵੀ ਪੰਜਾਬ ਪੁਲਿਸ ਦੇ ਥਾਣੇਦਾਰ ਦਰਸ਼ਨ ਸਿੰਘ ਨੇ ਪਿੰਡ ਰਾਈਆਂ ਵਿਖੇ ਬਣੀ ਕਿਸਾਨਾਂ ਦੀ ਖੇਤੀਬਾੜੀ ਵਾਸਤੇ ਰੂਟਾਵੇਟਰ ਤੇ ਹੋਰ ਉਪਕਰਨ ਬਣਾਉਣ ਵਾਲੀ ਫੈਕਟਰੀ ਨਿਊ ਸਵੈਨ ਦੇ ਮਾਲਕ ਵਰੁਣਪ੍ਰੀਤ ਸਿੰਘ ਨਾਲ ਗੱਲ ਕੀਤੀ ਜਿਹਨਾਂ ਨੇ ਯਾਤਰੀਆਂ ਦੀ ਸਹੂਲਤ ਵਾਸਤੇ ਇਹਨਾਂ ਪਖਾਨਿਆਂ ਨੂੰ ਜਲਦੀ ਹੀ ਬਣਾਕੇ ਦੇਣ ਦਾ ਵਾਅਦਾ ਕੀਤਾ ਜੋ ਉਹਨਾਂ ਨੇ ਪੂਰਾ ਕਰ ਦਿੱਤਾ ਇਸ ਨਿਊ ਸਵੈਨ ਇੰਡਸਟਰੀ ਵੱਲੋਂ ਕੁਹਾੜਾ ਬੱਸ ਅੱਡੇ ਵਿੱਚ ਇਸਤਰੀਆਂ ਤੇ ਪੁਰਸ਼ਾਂ ਵਾਸਤੇ ਬਣਾਏ ਪਖਾਨਿਆਂ ਦਾ ਅੱਜ ਕੁਹਾੜਾ ਦੀ ਗ੍ਰਾਮ ਪੰਚਾਇਤ ਵੱਲੋਂ ਉਦਘਾਟਨ ਕੀਤਾ ਗਿਆ। ਇਸ ਮੌਕੇ ਸਰਪੰਚ ਧਰਤੀ ਸ. ਰਣਧੀਰ ਸਿੰਘ ਨੇ ਗ੍ਰਾਮ ਪੰਚਾਇਤ ਕੁਹਾੜਾ ਵੱਲੋਂ ਪੰਜਾਬ ਪੁਲਿਸ ਦੇ ਥਾਣੇਦਾਰ ਦਰਸ਼ਨ ਸਿੰਘ ਜਿਸ ਦੇ ਉਪਰਾਲੇ ਸਦਕਾ ਇਹਨਾਂ ਪਖਾਨਿਆਂ ਦਾ ਕੰਮ ਨੇਪਰੇ ਚੜ੍ਹਿਆ ਹੈ ਅਤੇ ਨਿਊ ਸਵੈਨ ਇੰਡਸਟਰੀ ਦੇ ਮਾਲਕ ਵਰੁਣਪ੍ਰੀਤ ਸਿੰਘ ਦਾ ਧੰਨਵਾਦ ਕੀਤਾ ਇਸ ਮੌਕੇ ਪੰਜਾਬ ਪੁਲਿਸ ਦੇ ਅਧਿਕਾਰੀ ਅਤੇ ਸਮੂਹ ਨਗਰ ਨਿਵਾਸੀ ਤੇ ਬੱਸ ਅੱਡਾ ਕੁਹਾੜਾ ਦੇ ਦੁਕਾਨਦਾਰ ਵੀ ਸ਼ਾਮਿਲ ਸਨ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ,ਮਹਿੰਦਰ ਸਿੰਘ ਡੰਗ,ਅਤੱਰ ਸਿੰਘ ਮੱਕੜ ਰਜਿੰਦਰ ਸਿੰਘ ਡੰਗ,ਬਲਬੀਰ ਸਿੰਘ ਭਾਟੀਆ,ਹਰਪਾਲ ਸਿੰਘ ਖਾਲਸਾ , ਹਰਮੀਤ ਸਿੰਘ ਡੰਗ, ਗੁਰਦੀਪ ਸਿੰਘ ਡੀਮਾਣਟ, ਨਰਿੰਦਰਪਾਲ ਸਿੰਘ ਕਥੂਰੀਆ,ਹਰਵਿੰਦਰ ਸਿੰਘ ਕੋਹਲੀ, ਭੁਪਿੰਦਰ ਸਿੰਘ ਜੁਨੇਜਾ, ਸੁਰਿੰਦਰਪਾਲ ਸਿੰਘ ਭੁਟੀਆਨੀ, ਅਵਤਾਰ ਸਿੰਘ ਬੀ.ਕੇ ,ਅਵਤਾਰ ਸਿੰਘ ਮਿੱਡਾ, ਮਨਮੋਹਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜਰ ਸਨ।

# ਪੰਜਾਬ 'ਚ ਲੁੱਟਾਂ-ਖੋਹਾਂ ਤੇ ਚੋਰੀਆਂ ਪਹਿਲਾਂ ਨਾਲੋਂ ਕਈ ਗੁਣਾ ਵਧੀਆਂ : ਡਾ. ਸ਼ਰਮਾ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾ. ਓਂਕਾਰ ਚੰਦ ਸ਼ਰਮਾ ਨੇ ਆਖਿਆ ਹੈ ਕਿ ਪੰਜਾਬ ਵਿੱਚ ਲੁੱਟਾਂ ਖੋਹਾਂ ਅਤੇ ਚੋਰੀਆਂ ਆਦਿ ਜੁਰਮਾਂ ਦੀਆਂ ਵਾਰਦਾਤਾਂ ਪਹਿਲਾਂ ਨਾਲੋਂ ਕਈ ਗੁਣਾ ਵੱਧ ਗਈਆਂ ਹਨ। ਉਹਨਾਂ ਕਿਹਾ ਕਿ ਜਰਾਇਮ ਪੇਸ਼ਾ ਚੋਰ ਠੱਗ ਜਾਂ ਲੁਟੇਰੇ ਸ਼ਰੇਆਮ ਆਮ ਜਨਤਾ ਤੰਗ ਪਰੇਸ਼ਾਨ ਕਰ ਰਹੇ ਹਨ ਅਤੇ ਸਰਕਾਰ ਜਾਂ ਪੁਲਿਸ ਪ੍ਰਸ਼ਾਸਨ ਵੱਲੋਂ ਇਸਦਾ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ।

ਉਹਨਾਂ ਕਿਹਾ ਕਿ ਰਾਹ ਜਾਂਦੇ ਲੋਕਾਂ, ਸਕੂਟਰਾਂ, ਮੋਟਰਸਾਈਕਲਾਂ ਜਾਂ ਸਾਈਕਲਾਂ ਤੇ ਜਾਂਦੀਆਂ ਔਰਤਾਂ ਦੇ ਗਲਾਂ ਵਿੱਚੋਂ ਚੇਨੀਆਂ ਖਿੱਚ ਕੇ ਲਾਹੁਣੀਆਂ ਆਮ ਗੱਲ ਹੋ ਗਈ ਹੈ। ਉਹਨਾਂ ਕਿਹਾ ਕਿ ਚੋਰੀਆਂ ਦੀ ਵੀ ਪੰਜਾਬ ਵਿੱਚ ਭਰਮਾਰ ਹੈ ਅਤੇ ਚੋਰ ਕਿਸੇ ਨਾ ਕਿਸੇ ਮਕਾਨ ਜਾਂ ਘਰ ਵਿੱਚ ਆਪਣੀ ਵਾਰਦਾਤ ਕਰਕੇ ਉੱਥੇ ਪਏ ਗਹਿਣੇ ਨਗਦੀ ਆਦਿ ਲੈ ਕੇ ਚਲਦੇ ਬਣਦੇ ਹਨ। ਕਈ ਵਾਰ ਬੰਦਾ ਚੋਰੀ ਦੀ ਰਿਪੋਰਟ ਲਿਖਵਾਉਣ ਥਾਣੇ ਵਿੱਚ ਪੁਲਿਸ ਕੋਲ ਰਿਪੋਰਟ ਵੀ ਨਹੀਂ ਲਿਖਵਾਉਂਦਾ ਕਿਉਂਕਿ ਲੋਕਾਂ ਦੇ ਦਿਲਾਂ ਵਿੱਚ ਇੱਕ ਗੱਲ ਬੈਠ ਗਈ ਹੈ ਕਿ ਰਿਪੋਰਟ ਲਗਵਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ ਅਤੇ ਚੋਰ ਪਹਿਲੀ ਗੱਲ ਤਾਂ ਲੱਭਦੇ ਹੀ ਨਹੀਂ ਜੇਕਰ ਮਿਲ ਵੀ ਜਾਣ, ਤਾਂ ਜੋ ਉਸ ਨੂੰ ਵਾਰ-ਵਾਰ ਆਪਣਾ ਕੰਮ ਛੱਡ ਕੇ ਥਾਣਿਆਂ ਦੇ ਚੱਕਰ ਮਾਰਨੇ ਪੈਂਦੇ ਹਨ ਜਿਸ ਨਾਲ ਉਸਦਾ ਹੋਰ ਵੀ ਵਧੇਰੇ ਨੁਕਸਾਨ ਹੁੰਦਾ ਹੈ। ਉਹਨਾਂ ਕਿਹਾ ਕਿ ਅਕਸਰ ਦੇਖਿਆ ਗਿਆ ਹੈ ਕਿ ਜੇਕਰ ਚੋਰ ਫੜੇ ਵੀ ਜਾਣ ਤਾਂ ਬਹੁਤ ਹੀ ਕੇਸਾਂ ਵਿੱਚ ਉਨ੍ਹਾਂ ਤੋਂ ਚੋਰੀ ਹੋਈ ਚੀਜ਼ ਹੁੰਦੀ ਹੈ ਉਨ੍ਹਾਂ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਹੈ ਕਿ ਚੋਰੀ ਦਾ ਮਾਲ ਤਾਂ ਇਸ ਨੇ ਖੁਰਦ ਬੁਰਦ ਕਰ ਦਿੱਤਾ ਹੈ। ਡਾਕਟਰ ਸ਼ਰਮਾ ਨੇ ਆਖਿਆ ਕਿ ਅਜਿਹੀਆਂ ਵਾਰਦਾਤਾਂ ਨੂੰ ਰੋਕਣ ਲਈ ਪੁਲਿਸ ਨੂੰ ਮੁਸਤੈਦੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਜਾਣ।

# ਯੂਥ ਕਾਂਗਰਸ ਦੇ ਲਾਲਕਾ ਬਲਾਕ ਪ੍ਰਧਾਨ ਕਲੇਰ ਵੱਲੋਂ ਸਨਮਾਨਤ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਲਈ ਤਨਦੇਹੀ ਨਾਲ ਮਿਹਨਤ ਕਰਨ ਵਾਲੇ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਯੂਥ ਕਾਂਗਰਸ ਦੇ ਪ੍ਰਧਾਨ ਰੋਹਨ ਲਾਲਕਾ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਸਾਬਕਾ ਵਿਧਾਇਕ ਸਰਦਾਰ ਸਿਮਰਜੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਲਾਕ ਕਾਂਗਰਸ ਪ੍ਰਧਾਨ ਹਰਵਿੰਦਰ ਸਿੰਘ ਕਲੇਰ ਵੱਲੋਂ ਲਾਲਕਾ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹਾਜ਼ਰੀਨ ਕਾਂਗਰਸੀ ਅਹੁਦੇਦਾਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸ. ਕਲੇਰ ਨੇ ਕਿਹਾ ਕਿ ਪਾਰਟੀ ਲਈ ਮਿਹਨਤ ਕਰਨ ਵਾਲੇ ਅਤੇ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਵਾਲੇ ਕਿਸੇ ਵੀ ਵਿਅਕਤੀ ਦੀਆਂ ਧਮਕੀਆਂ ਅੱਗੇ ਨਾ ਝੁਕਣ ਵਾਲੇ ਅਹੁਦੇਦਾਰਾਂ ਅਤੇ ਵਰਕਰਾਂ ਦਾ ਪਾਰਟੀ ਹਾਈ ਕਮਾਂਡ ਇਸੇ ਤਰ੍ਹਾਂ ਮਾਣ ਸਨਮਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨ ਵਾਲੇ ਹਰੇਕ ਅਹੁਦੇਦਾਰ ਅਤੇ ਵਰਕਰ ਦੀ ਪਿੱਠ ਤੇ ਸਮੁੱਚੀ ਕਾਂਗਰਸ ਪਾਰਟੀ ਖਾਸ ਕਰਕੇ ਬੈਂਸ ਟੀਮ ਚਟਾਨ ਵਾਂਗ ਖੜੀ ਹੈ। ਉਹਨਾਂ ਕਿਹਾ ਕਿ ਕਿਸੇ ਵੀ ਕਾਂਗਰਸੀ ਅਹੁਦੇਦਾਰ ਅਤੇ ਵਰਕਰ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਕਰਨ ਵਾਲੇ ਕਿਸੇ ਵੀ ਵਿਅਕਤੀ ਤੋਂ ਡਰਨ ਦੀ ਲੋੜ ਨਹੀਂ ਧਮਕੀਆਂ ਦੇਣ ਵਾਲੇ ਨੂੰ ਇਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇਗਾ। ਇਸ ਮੌਕੇ 'ਤੇ ਯੂਥ ਕਾਂਗਰਸ ਦੇ ਹਲਕਾ ਪ੍ਰਧਾਨ ਰੋਹਨ ਲਾਲਕਾ ਨੇ ਕਾਂਗਰਸ ਹਾਈ ਕਮਾਂਡ ਬੈਂਸ ਟੀਮ ਅਤੇ ਖਾਸ ਕਰਕੇ ਬਲਾਕ ਕਾਂਗਰਸ ਪ੍ਰਧਾਨ ਹਰਵਿੰਦਰ ਸਿੰਘ ਕਲੇਰ ਦਾ ਧੰਨਵਾਦ ਕਰਦੇ ਹੋਏ ਵਿਸ਼ਵਾਸ ਦਿਵਾਇਆ ਕਿ ਉਹ ਅਤੇ ਉਸਦੇ ਨਾਲ ਨੌਜਵਾਨਾਂ ਦੀ ਟੀਮ ਪਾਰਟੀ ਲਈ ਤਨਦੇਹੀ ਨਾਲ ਕੰਮ ਕਰਦੀ ਰਹੇਗੀ। ਇਸ ਮੌਕੇ 'ਤੇ ਉਕਤ ਆਗੂਆਂ ਤੋਂ ਇਲਾਵਾ ਬਲਦੇਵ ਸਿੰਘ ਪ੍ਰਧਾਨ, ਬਲਵਿੰਦਰ ਸਿੰਘ ਰੰਧਾਵਾ, ਲਖਬੀਰ ਸਿੰਘ ਸੰਧੂ, ਹਰਮਿੰਦਰ ਸਿੰਘ ਹੀਰਾ, ਸਿਮਰਨਜੀਤ ਸਿੰਘ ਬਿਰਦੀ , ਰਵਿੰਦਰ ਕੁਮਾਰ ਭੁਲਗਚ, ਮੁਖਤਿਆਰ ਸਿੰਘ, ਬਾਂਸਲ ਜੀ ਪ੍ਰਧਾਨ ਨਿਸ਼ਾਨ ਸਿੰਘ, ਜਸਵਿੰਦਰ ਸਿੰਘ ਬਿੱਲਾ, ਯੋਗੇਸ਼ ਕੁਮਾਰ, ਕਾਕਾ, ਅਮਰਿੰਦਰ ਸਿੰਘ ਰੋਮੀ, ਮਨਿੰਦਰ ਸਿੰਘ ਰੋਬਿਨ, ਕੁਲਬੀਰ ਸਿੰਘ, ਗੁਰਪ੍ਰੀਤ ਸਿੰਘ ਧੰਜਲ, ਜਗਜੀਤ ਸਿੰਘ ਲਖਣਪਾਲ, ਪ੍ਰਿੰਸ ਭੱਲਾ, ਸਾਗਰ, ਇਕਬਾਲ ਸਿੰਘ ਪਾਲ, ਸੋਨੂੰ ਸਿੰਗਲਾ ਆਦਿ ਹਾਜ਼ਰ ਸਨ।

# ਅੰਮ੍ਰਿਤ ਸਾਗਰ ਪਰਿਵਾਰ ਨੇ ਭਗਤ ਪੂਰਨ ਸਿੰਘ ਦੀ ਯਾਦ ਨੂੰ ਸਮਰਪਿਤ ਲੰਗਰ ਲਗਾਇਆ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : ਸਮੁੱਚੇ ਸੰਸਾਰ ਭਰ ਵਿੱਚ ਵੱਸਦੀਆਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਜੋੜਨ ਦਾ ਨਿੱਘਾ ਉਪਰਾਲਾ ਕਰ ਰਹੀ ਪ੍ਰਮੁੱਖ ਮਿਊਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪ੍ਰੀਵਾਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਸੇਵਾ ਤੇ ਸਿਮਰਨ ਦੇ ਮੁਜੱਸਮਾ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੰਗਤਾਂ ਲਈ ਅਟੁੱਟ ਲੰਗਰ ਲਗਾਉਣਾ ਸੇਵਾ ਕਾਰਜ ਦਾ ਇੱਕ ਉੱਦਮੀ ਉਪਰਾਲਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗਿਆਨੀ ਗਗਨਦੀਪ ਸਿੰਘ ਗ੍ਰੰਥੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਨੇ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਲਗਾਏ ਗਏ ਗੁਰੂ ਦੇ ਅਟੁੱਟ ਲੰਗਰ ਨੂੰ ਵਰਤਾਉਣ ਲਈ ਸਤਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਨ ਉਪਰੰਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ.ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਵੱਲੋਂ ਪੂਰੀ ਸ਼ਰਧਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਲੰਗਰ ਲਗਾਉਣ ਦੀ ਸੇਵਾ ਕਰਨਾ , ਸੇਵਾ ਦੇ ਸੰਕਲਪ ਨਾਲ ਜੁੜਨ ਦੀ ਪ੍ਰਤੱਖ ਮਿਸਾਲ ਹੈ। ਇਸ ਦੌਰਾਨ ਅੰਮ੍ਰਿਤ ਸਾਗਰ ਕੰਪਨੀ ਦੇ ਡਾਇਰੈਕਟਰ ਸ.ਬਲਬੀਰ ਸਿੰਘ ਭਾਟੀਆ ਨੇ ਦੱਸਿਆ ਕਿ ਸੇਵਕ ਕਉ ਸੇਵਾ ਬਨਿ ਆਈ ਦੇ ਸਿਧਾਂਤ 'ਤੇ ਚੱਲਦਿਆਂ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਆਪਾਰ ਬਖ਼ਸ਼ਿਸ਼ ਸਦਕਾ ਅੰਮ੍ਰਿਤ ਸਾਗਰ ਪ੍ਰੀਵਾਰ ਵੱਲੋ ਸੰਗਤਾਂ ਲਈ ਹਰ ਮਹੀਨੇ ਗੁਰੂ ਦਾ ਅਟੁੱਟ ਲੰਗਰ ਲਗਾਇਆ ਜਾਂਦਾ ਹੈ।ਉਨ੍ਹਾਂ ਨੇ ਦੱਸਿਆ ਕਿ ਇਸ ਸਮੁੱਚੇ ਸੇਵਾ ਕਾਰਜ ਵਿੱਚ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਤੇ ਸੰਗਤਾਂ ਆਪਣਾ ਨਿੱਘਾ ਸਹਿਯੋਗ ਪਾ ਕੇ ਲੰਗਰ ਵਰਤਾਉਣ ਦੀ ਸੇਵਾ ਕਰਦੀਆਂ ਹਨ। ਇਸ ਤੋ ਪਹਿਲਾਂ ਗੁਰੂ ਦਾ ਅਟੁੱਟ ਲੰਗਰ ਸੰਗਤਾਂ ਨੂੰ ਵਰਤਾਉਣ ਲਈ ਕੀਤੀ ਗਈ ਅਰਦਾਸ ਮੌਕੇ ਸ.ਬਲਬੀਰ ਸਿੰਘ ਭਾਟੀਆ, ਕਿਰਨਪ੍ਰੀਤ ਸਿੰਘ ਭਾਟੀਆ,ਮਨੀਕਰਨ ਸਿੰਘ, ਹਰਬਿੰਦਰ ਸਿੰਘ, ਰਵਿੰਦਰ ਸਿੰਘ, ਰਣਜੀਤ ਸਿੰਘ ਰਿੰਕੂ,ਸੁਖਜੋਤ ਸਿੰਘ,ਉੱਤਮਜੀਤ ਸਿੰਘ, ਇੰਦਰਬੀਰ ਸਿੰਘ ਬੱਤਰਾ,ਅਭਿਸੇ ?ਕ ਗੁਪਤਾ, ਜਗਤਾਰ ਸਿੰਘ,, ਰਤਨ ਸਿੰਘ, ਨਿਵਾਜ਼ ਸਿੰਘ ਭਾਟੀਆ,ਮਿਨਾਕਸੀ ? ਕੌਰ, ਬੀਬੀ ਪਰਮਜੀਤ ਕੌਰ, ਜਸਮੀਤ ਕੌਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਇਸਤਰੀ ਸਤਿਸੰਗ ਸਭਾਵਾਂ ਵੱਲੋਂ 350 ਸਾਲਾਂ ਸ਼ਹੀਦੀ ਸ਼ਤਾਬਦੀ ਸਮਾਗਮਾਂ 'ਚ ਭਾਗ ਲੈਣ ਦਾ ਐਲਾਨ



ਲੁਧਿਆਣਾ, 1 ਅਗਸਤ (ਰਵਿੰਦਰ ਸਿੰਘ ਨਿੱਝਰ) : 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਲੁਧਿਆਣਾ ਵੱਲੋ ਨੌਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਅਤੇ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਯੋਜਿਤ ਕੀਤੇ ਜਾਣ ਵਾਲੇ ਸਮੂਹ ਸਮਾਗਮਾ ਅੰਦਰ ਲੁਧਿਆਣੇ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ, ਕੀਰਤਨ ਤੇ ਸੇਵਾ ਸੁਸਾਇਟੀਆਂ ਦੀਆਂ ਬੀਬੀਆਂ ਪੂਰੇ ਉਤਸਾਹ ਨਾਲ ਭਾਗ ਲੈਣਗੀਆਂ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਸਤਰੀ ਸਤਿਸੰਗ ਸਭਾ ਦੀ ਪ੍ਰਮੁੱਖ ਬੀਬੀ ਕਰਤਾਰ ਕੌਰ (ਝਾਂਈ ਜੀ),ਬੀਬੀ ਰਵਿੰਦਰ ਕੌਰ ਸਰਾਭਾ ਨਗਰ, ਬੀਬੀ ਦਲਜੀਤ ਕੌਰ ਤੇ ਬੀਬੀ ਚਰਨਜੀਤ ਕੌਰ ਬੱਬੂ ਭੈਣ ਜੀ ਨੇ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਰਬਨ ਅਸਟੇਟ ਫੇਸ-1ਦੁੱਗਰੀ ਵਿਖੇ 350 ਸਾਲਾ ਸ਼ਹੀਦੀ ਸ਼ਤਾਬਦੀ ਕਮੇਟੀ ਵੱਲੋ ਲੁਧਿਆਣਾ ਸ਼ਹਿਰ ਦੀਆਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਪ੍ਰਮੁੱਖ ਬੀਬੀਆਂ ਦੀ ਸੱਦੀ ਗਈ ਵਿਸੇਸ਼ ਇਕੱਤਰਤਾ ਉਪਰੰਤ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਹੋਇਆ ਕੀਤਾ। ਗਿਆਨੀ ਫ਼ਤਿਹ ਸਿੰਘ ਕੋਆਰਡੀਨੇਟਰ 350 ਸਾਲਾਂ ਸ਼ਤਾਬਦੀ ਕਮੇਟੀ ਲੁਧਿਆਣਾ, ਅੰਮ੍ਰਿਤਪਾਲ ਸਿੰਘ ਡਾਇਰੈਕਟਰ ਪੰਜਾਬ ਯੂਨਾਇਟਿਡ ਸਿੱਖਜ਼,ਸਤਨਾਮ ਸਿੰਘ ਸਲੌਪੁਰੀ, ਡਾ ਪੁਸ਼ਪਿੰਦਰ ਸਿੰਘ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ . ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਸ਼ਹੀਦੀ ਸ਼ਤਾਬਦੀ ਦੀ ਅਸਲ ਮਹੱਤਤਾ ਤੇ ਸੁਨੇਹੇ ਨੂੰ ਘਰ ਘਰ ਪਹੁੰਚਾਉਣ ਅਤੇ ਬੱਚਿਆਂ ਨੂੰ ਸ਼੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੀ ਬਾਣੀ, ਸਿੱਖਿਆਵਾ ਤੇ ਫਲਸਫੇ ਤੋ ਜਾਣੂ ਕਰਵਾਉਣ ਵਿੱਚ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਆਪਣੀ ਮੋਹਰੀ ਭੂਮਿਕਾ ਨਿਭਾਉਣ ।ਸਿੱਖ ਵਿਦਵਾਨ ਤੇ ਪ੍ਰਚਾਰਕ ਸਤਨਾਮ ਸਿੰਘ ਸਲੌਪੁਰੀ ਨੇ ਆਪਣੀ ਸੰਸਥਾ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਕੁਰਬਾਨੀ ਭਰੇ ਇਤਿਹਾਸ ਨੂੰ ਬੱਚਿਆਂ ਤੱਕ ਪਹੁੰਚਾਉਣ ਲਈ ਤਿਆਰ ਕੀਤੀਆਂ ਸੁਚਿੱਤਰ ਤਸਵੀਰਾਂ ਵਾਲੀਆਂ ਪੁਸਤਕਾਂ ਇਸਤਰੀ ਸਤਿਸੰਗ ਸਭਾਵਾਂ ਦੀਆਂ ਬੀਬੀਆਂ ਨੂੰ ਭੇਟ ਕੀਤੀਆਂ ਤੇ ਸਹਿਜ ਪਾਠ ਕਰਨ ਦੀ ਲੜੀ ਨਾਲ ਵੱਧ ਤੋ ਵੱਧ ਜੁੜਨ ਦੀ ਤਾਕੀਦ ਵੀ ਕੀਤੀ ।ਇਕੱਤਰਤਾ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ.ਕੁਲਵਿੰਦਰ ਸਿੰਘ ਬੈਨੀਪਾਲ, ਸੁਰਿੰਦਰ ਸਿੰਘ ਮੱਕੜ ਤੇ ਭੁਪਿੰਦਰ ਸਿੰਘ ਮਕੱੜ ਯੂਨਾਈਟਿਡ ਸਿੱਖਜ਼,ਗੁਰਦੀਪ ਸਿੰਘ ਪ੍ਰਧਾਨ ਗੁ.ਮਾਇਆ ਨਗਰ,ਬੀਬੀ ਸਰਨਾ, ਮਨਪ੍ਰੀਤ ਕੌਰ ਬੀ. ਆਰ. ਐਸ ਨਗਰ ਅਮਰਜੀਤ ਕੌਰ, ਬੀਬੀ ਪਰਮਿੰਦਰ ਕੌਰ,ਬਲਬੀਰ ਕੌਰ, ਬੀਬੀ ਦਵਿੰਦਰ ਕੌਰ ਆਦਿ ਵਿਸੇਸ਼ ਤੌਰ 'ਤੇ ਹਾਜ਼ਰ ਸਨ।

# ਸੀ.ਟੀ.ਯੂ. ਨੇ ਮਾਰਸ਼ਲ ਆਰਟਸ 'ਚ ਅੰਤਰਰਾਸ਼ਟਰੀ ਪੱਧਰ 'ਤੇ ਦਰਜ ਕਰਵਾਈ ਸ਼ਾਨਦਾਰ ਉਪਲਬੱਧੀ




ਲੁਧਿਆਣਾ, 1 ਅਗਸਤ (ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.) : ਸੀ.ਟੀ. ਯੂਨੀਵਰਸਿਟੀ ਦੇ ਸਚਿਨ ਸੈਣੀ ਨੇ ਵਿਅਤਨਾਮ ਵਿਚ ਹੋਈ 9ਵੀਂ ਏਸ਼ੀਅਨ ਪੇਨਚਕ ਸਿਲਾਟ ਚੈਂਪੀਅਨਸ਼ਿਪ 'ਚ ਜਿੱਤਿਆ ਬਰਾਂਜ਼ ਮੈਡਲ 2025-26 ਸੈਸ਼ਨ ਦੀ ਸ਼ੁਰੂਆਤ ਹੋਈ ਜ਼ਬਰਦਸਤ ਕਾਮਯਾਬੀ ਨਾਲ ਸੀ.ਟੀ. ਯੂਨੀਵਰਸਿਟੀ ਨੂੰ ਮਾਣ ਹੈ ਕਿ ਉਸਦੇ ਸਮਰਪਿਤ ਵਿਦਿਆਰਥੀ ਅਤੇ ਖਿਡਾਰੀ ਸਚਿਨ ਸੈਣੀ ਨੇ ਭਾਰਤ ਦੀ ਨੁਮਾਇਦਗੀ ਕਰਦਿਆਂ 9ਵੀਂ ਏਸ਼ੀਅਨ ਪੇਨਚਕ ਸਿਲਾਟ ਚੈਂਪੀਅਨਸ਼ਿਪ 2025, ਜੋ ਕਿ ਵਿਅਤਨਾਮ ਵਿੱਚ ਹੋਈ, 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਓਪਨ -1 ਸ਼੍ਰੇਣੀ (95 ਕਿ.ਗ੍ਰਾ -110 ਕਿ.ਗ੍ਰਾ) ਵਿਚ ਮੁਕਾਬਲਾ ਕਰਦਿਆਂ ਸਚਿਨ ਨੇ ਆਪਣੀ ਸ਼ਕਤੀ, ਟੈਲੰਟ ਅਤੇ ਹੌਂਸਲੇ ਨਾਲ ਬਰਾਂਜ਼ ਮੈਡਲ ਹਾਸਲ ਕੀਤਾ।ਇਹ ਸਿਰਫ਼ ਸੀ.ਟੀ. ਯੂਨੀਵਰਸਿਟੀ ਹੀ ਨਹੀਂ, ਸਗੋਂ ਸਾਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਇਹ ਜਿੱਤ ਸੈਸ਼ਨ 2025-26 ਦੀ ਸ਼ੁਰੂਆਤ ਨੂੰ ਹੋਰ ਵੀ ਰੰਗਦਾਰ ਬਣਾ ਰਹੀ ਹੈ ਅਤੇ ਇਹ ਸੀ.ਟੀ. ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਖੇਡ ਪੱਧਰ 'ਤੇ ਵਧ ਰਹੀ ਪਹਿਚਾਣ ਨੂੰ ਦਰਸਾਉਂਦੀਹੈ। ਸੀ.ਟੀ. ਯੂਨੀਵਰਸਿਟੀ ਵੱਲੋਂ ਸਚਿਨ, ਸਪੋਰਟਸ ਡਿਪਾਰਟਮੈਂਟ ਅਤੇ ਸਾਰੀ ਸੀ.ਟੀ. ਪਰਿਵਾਰ ਨੂੰ ਦਿਲੋਂ ਵਧਾਈਆਂ। ਇੰਜੀਨੀਅਰ ਦਵਿੰਦਰ ਸਿੰਘ, ਡਾਇਰੈਕਟਰ, ਡਿਪਾਰਟਮੈਂਟ ਆਫ਼ ਸਟੂਡੈਂਟਸ ਵੈਲਫੇਅਰ ਅਤੇ ਗੁਰਦੀਪ ਸਿੰਘ, ਹੈੱਡ, ਸਪੋਰਟਸ ਡਿਪਾਰਟਮੈਂਟ ਜਿਨ੍ਹਾਂ ਨੇ ਸਚਿਨ ਦੀ ਇਸ ਜਰਨੀ ਵਿਚ ਪੂਰਾ ਸਹਿਯੋਗ ਦਿੱਤਾ। ਚਾਂਸਲਰ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ ਇਹ ਸਿਰਫ਼ ਮੈਡਲ ਨਹੀਂ, ਇਹ ਇੱਕ ਸੰਦੇਸ਼ ਹੈ ਕਿ ਸੀ.ਟੀ. ਯੂਨੀਵਰਸਿਟੀ ਦੇ ਵਿਦਿਆਰਥੀ ਦੁਨੀਆ ਦੇ ਮੰਚ 'ਤੇ ਭਾਰਤ ਦੀ ਨੁਮਾਇੰਦਿੰਗੀ ਕਰਨ ਦੇ ਯੋਗ ਹਨ। ਸਚਿਨ ਦੀ ਜਿੱਤ ਹਰ ਵਿਦਿਆਰਥੀ ਨੂੰ ਵੱਡਾ ਸੁਪਨਾ ਦੇਖਣ ਅਤੇ ਵੱਡੀ ਉਪਲਬਧੀ ਹਾਸਲ ਕਰਨ ਲਈ ਪ੍ਰੇਰਿਤ ਕਰਦੀ ਹੈ। ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਕਿਹਾ ਸਚਿਨ ਦੀ ਇਹ ਅੰਤਰਰਾਸ਼ਟਰੀ ਸਫਲਤਾ ਸਾਨੂੰ ਬੇਹੱਦ ਮਾਣ ਦੇਣ ਵਾਲੀ ਹੈ। ਉਸਦਾ ਜਜ਼ਬਾ ਅਤੇ ਡਿਸ਼ਿਪਲਿਨ ਕਾਬਿਲ-ਏ-ਤਾਰੀਫ਼ ਹੈ। ਇਹ ਕਾਮਯਾਬੀ ਸਿੱਖਲਾਈ ਅਤੇ ਖੇਡ ਦੋਵੇਂ ਵਿਚ ਸੀ.ਟੀ. ਦੀ ਮਹਾਨਤਾ ਨੂੰ ਦਰਸਾਉਂਦੀਹੈ। ਇਹ ਜਿੱਤ ਸੀ.ਟੀ. ਯੂਨੀਵਰਸਿਟੀ ਵਿਚ ਮਜਬੂਤ ਖੇਡ ਸੱਭਿਆਚਾਰ ਦਾ ਸਰੋਤ ਹੈ ਅਤੇ ਸਾਲ 2025-26 ਲਈ ਉਤਸ਼ਾਹ, ਮਾਣ ਅਤੇ ਅੰਤਰਰਾਸ਼ਟਰੀ ਉਪਲਬਧੀਆਂ ਨਾਲ ਭਰਪੂਰ ਹੋਣ ਦੀ ਸ਼ੁਰੂਆਤ ਹੈ।

# ਵਿਧਾਇਕਾ ਛੀਨਾ ਅਮਰੀਕਾ 'ਚ ਵਿਧਾਇਕਾਂ ਦੀ ਆਲਮੀ ਕਾਨ.ਫਰੰਸ 'ਚ ਲੈਣਗੇ ਹਿੱਸਾ



ਲੁਧਿਆਣਾ, 1 ਅਗਸਤ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਅਮਰੀਕਾ ਵਿੱਚ ਗਲੋਬਲ ਲੈਜਿਸਲੇਟਿਵ ਕਾਨਫਰੰਸ ਵਿੱਚ ਹਿੱਸਾ ਲੈਣਗੇ ਜਿਸਦੇ ਤਹਿਤ ਉਹ ਬੀਤੇ ਕੱਲ੍ਹ ਵੀਰਵਾਰ ਨੂੰ ਅਮਰੀਕਾ ਲਈ ਰਵਾਨਾ ਹੋਏ। ਵਿਧਾਇਕ ਛੀਨਾ ਵੱਲੋਂ ਪ੍ਰੈਸ ਨੋਟ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ 4-6 ਅਗਸਤ ਤੱਕ ਬੋਸਟਨ, ਅਮਰੀਕਾ ਵਿੱਚ ਨੈਸ਼ਨਲ ਕਾਨਫਰੰਸ ਆਫ਼ ਸਟੇਟ ਲੈਜਿਸਲੇਚਰਜ਼ (ਐਨ.ਸੀ.ਐਸ.ਐਲ.) ਵੱਲੋਂ ਆਯੋਜਿਤ ਕੀਤੀ ਜਾ ਰਹੀ ਕਾਨਫਰੰਸ ਵਿੱਚ ਸ਼ਾਮਲ ਹੋਣਗੇ, ਜੋ ਕਿ ਵਿਸ਼ਵ ਪੱਧਰ 'ਤੇ ਵਿਧਾਇਕਾਂ ਵਿਚਕਾਰ ਸਹਿਯੋਗ ਵਧਾਉਣ ਲਈ ਇੱਕ ਵਿਸ਼ੇਸ਼ ਪਹਿਲਕਦਮੀ ਦੇ ਹਿੱਸੇ ਵਜੋਂ ਹੈ। ਭਾਰਤੀ ਵਿਧਾਇਕਾਂ ਦਾ ਇਹ ਅਧਿਐਨ ਦੌਰਾ ਨੈਸ਼ਨਲ ਲੈਜਿਸਲੇਚਰ ਕਾਨਫਰੰਸ ਇੰਡੀਆ (ਐਨ.ਐਲ.ਸੀ.ਇੰਡੀਆ) ਦੇ ਸਮਰਥਨ ਨਾਲ ਸੰਭਵ ਹੋ ਰਿਹਾ ਹੈ। ਐਨਐਲਸੀ ਇੰਡੀਆ ਇੱਕ ਗੈਰ-ਰਾਜਨੀਤਿਕ ਮੰਚ ਹੈ, ਜੋ ਭਾਰਤੀ ਵਿਧਾਇਕਾਂ ਦੀ ਸਮਰੱਥਾ ਨੂੰ ਵਧਾਉਣ ਅਤੇ ਰਾਸ਼ਟਰੀ-ਅੰਤਰਰਾਸ਼ਟਰੀ ਲੋਕਤੰਤਰ ਸੰਵਾਦ ਨੂੰ ਉਤਸ਼ਾਹਿਤ ਕਰਨ ਲਈ ਕੰਮ ਕਰਦਾ ਹੈ। ਇਹ 24 ਰਾਜਾਂ ਅਤੇ 21 ਰਾਜਨੀਤਿਕ ਪਾਰਟੀਆਂ ਦੇ 130 ਤੋਂ ਵੱਧ ਵਿਧਾਇਕਾਂ (ਐਮ.ਐਮ.ਏ. ਅਤੇ ਐਮ.ਐਲ.ਸੀਜ) ਦਾ ਇੱਕ ਸਮੂਹ ਹੈ, ਜੋ ਕਿ ਕਿਸੇ ਵੀ ਅੰਤਰਰਾਸ਼ਟਰੀ ਲੋਕਤੰਤਰੀ ਮੰਚ ਵਿੱਚ ਭਾਰਤ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਭਾਗੀਦਾਰੀ ਨੂੰ ਦਰਸਾਉਂਦਾਹੈ। ਇਹ ਪਹਿਲ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਦੇਸ਼ਾਂ ਵਿਚਕਾਰ ਸੰਵਾਦ, ਸਹਿਯੋਗ ਅਤੇ ਗਿਆਨ ਸਾਂਝਾ ਕਰਨ ਦੀ ਭਾਵਨਾ ਨੂੰ ਦਰਸਾਉਂਦੀਹੈ। ਕਾਨਫਰੰਸ ਵਿੱਚ, ਇਹ ਸਮੂਹ ਦੁਨੀਆ ਭਰ ਦੇ 6,000 ਤੋਂ ਵੱਧ ਵਿਧਾਇਕਾਂ ਨਾਲ ਗੱਲਬਾਤ ਕਰੇਗਾ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ, ਡਿਜੀਟਲ ਲੋਕਤੰਤਰ, ਸਾਈਬਰ ਸੁਰੱਖਿਆ, ਵੋਟਰ ਵਿਸ਼ਵਾਸ ਅਤੇ ਨੀਤੀਗਤ ਨਵੀਨਤਾ ਵਰਗੇ ਅਤਿ-ਆਧੁਨਿਕ ਵਿਸ਼ਿਆਂ ਤੇ ਚਰਚਾਵਾਂ ਵਿੱਚ ਹਿੱਸਾ ਲਵੇਗਾ।

ਵਿਧਾਇਕ ਛੀਨਾ ਨੇ ਦੱਸਿਆ ਕਿ ਕਾਨਫਰੰਸ ਵਿੱਚ, ਇਹ ਸਮੂਹ ਦੁਨੀਆ ਭਰ ਦੇ 6,000 ਤੋਂ ਵੱਧ ਵਿਧਾਇਕਾਂ ਨਾਲ ਗੱਲਬਾਤ ਕਰੇਗਾ ਅਤੇ ਖੁਫੀਆ ਜਾਣਕਾਰੀ, ਡਿਜੀਟਲ ਲੋਕਤੰਤਰ, ਸਾਈਬਰ ਸੁਰੱਖਿਆ, ਵੋਟਰ ਵਿਸ਼ਵਾਸ ਅਤੇ ਨੀਤੀਗਤ ਨਵੀਨਤਾ ਵਰਗੇ ਨਕਲੀ ਅਤਿ-ਆਧੁਨਿਕ ਮੁੱਦਿਆਂ 'ਤੇ ਚਰਚਾ ਕਰੇਗਾ।

# ਜਗਰਾਓਂ ਪੁਲਿਸ ਵੱਲੋਂ 11 ਪੇਟੀਆਂ ਸ਼ਰਾਬ ਬ੍ਰਾਮਦ



ਜਗਰਾਓਂ, 1 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਅੰਕੁਸ਼ ਸਹਿਜਪਾਲ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਦੇ ਤਹਿਤ ਸਫਲਤਾਵਾਂ ਮਿਲ ਰਹੀਆਂ ਹਨ। ਇਸੇ ਤਰ੍ਹਾਂ ਥਾਣਾ ਸਦਰ ਦੇ ਮੁੱਖ ਅਫਸਰ ਐਸਐਚਓ ਸੁਰਜੀਤ ਸਿੰਘ ਦੀ ਪੁਲਿਸ ਪਾਰਟੀ ਦੇ ਏਐਸਆਈ ਧਰਮਿੰਦਰ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਸ਼ੱਕੀ ਪੁਰਸ਼ਾਂ ਦੇ ਸੰਬੰਧ ਵਿੱਚ ਪਿੰਡ ਨਵਾਂ ਡੱਲਾ ਤੋਂ ਅਖਾੜੇ ਵੱਲ ਨੂੰ ਜਾ ਰਹੇ ਸਨ। ਰਸਤੇ ਵਿੱਚ ਨਹਿਰ ਦੇ ਨਾਲ ਲੱਗਦੀ ਸੜਕ ਦੇ ਕਿਨਾਰੇ ਇੱਕ ਸਵਿਫਟ ਕਾਰ ਖੜੀ ਸੀ। ਕਾਰ ਵਾਲਾ ਵਿਅਕਤੀ ਝਾੜੀਆਂ ਵਿੱਚ ਪਿਸ਼ਾਬ ਕਰ ਰਿਹਾ ਸੀ । ਉਹ ਪੁਲਿਸ ਪਾਰਟੀ ਦੀ ਗੱਡੀ ਨੂੰ ਦੇਖ ਕੇ ਇਕਦਮ ਘਬਰਾ ਗਿਆ ਅਤੇ ਨਹਿਰ ਦੀ ਪਟੜੀ ਭੱਜ ਗਿਆ। ਏਐਸਆਈ ਧਰਮਿੰਦਰ ਸਿੰਘ ਅਤੇ ਉਨਾਂ ਦੀ ਪੁਲਿਸ ਪਾਰਟੀ ਨੇ ਉਸ ਨੂੰ ਫੜਨ ਦੀ ਕੋਸ਼ਿਸ਼ ਕੀਤੀ ਪਰ ਉਹ ਝਾੜੀਆਂ ਦਾ ਫਾਇਦਾ ਚੁੱਕਦਾ ਹੋਇਆ ਆਪਣੀ ਕਾਰ ਨੂੰ ਛੱਡ ਕੇ ਭੱਜ ਗਿਆ।

ਕਾਰ ਦੀ ਚਾਬੀ ਕਾਰ ਵਿੱਚ ਹੀ ਲੱਗੀ ਹੋਈ ਸੀ। ਕਾਰ ਦੀਆਂ ਬਾਰੀਆਂ ਲਾਕ ਨਹੀਂ ਸਨ। ਜਦ ਗੱਡੀ ਦੀ ਡਿੱਗੀ ਖੋਲ੍ਹੀ ਤਾਂ ਉਸ ਵਿੱਚੋਂ 11 ਪੇਟੀਆਂ ਸ਼ਰਾਬ ਮਾਰਕਾ ਪੰਜਾਬ ਹੀਰ ਸੋਫੀ ਬਰਾਮਦ ਹੋਈਆਂ। ਪੁਲਿਸ ਨੇ ਐਕਸਾਈਜ਼ ਐਕਟ ਦੇ ਤਹਿਤ ਮਾਮਲਾ ਦਰਜ ਕਰਕੇ ਅਣਪਛਾਤੇ ਵਿਅਕਤੀ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ।


# ਵਿਧਾਇਕ ਪਰਾਸ਼ਰ ਨੇ ਗਲੀਆਂ ਦੀ ਮੁਰੰਮਤ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ



ਲੁਧਿਆਣਾ, 1 ਅਗਸਤ (ਵਿਸ਼ਾਲ ਸ਼ਰਮਾ) : ਗੁਣਵੱਤਾ ਵਾਲੇ ਸੜਕੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ, ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਵਾਰਡ ਨੰਬਰ 75 ਦੇ ਇਸਲਾਮ ਗੰਜ ਖੇਤਰ ਵਿੱਚ ਗਲੀਆਂ ਦੀ ਮੁਰੰਮਤ ਲਈ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਇਹ ਪ੍ਰੋਜੈਕਟ ਲਗਭਗ 42 ਲੱਖ ਰੁਪਏ ਦੀ ਲਾਗਤ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ ਅਤੇ ਖੇਤਰ ਵਿੱਚ ਕੰਕਰੀਟ ਦੀਆਂ ਸੜਕਾਂ ਬਣਾਈਆਂ ਜਾਣਗੀਆਂ। ਉਦਘਾਟਨ ਸਮਾਰੋਹ ਦੌਰਾਨ ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ (ਰਾਜੂ ਬਾਬਾ) ਸਮੇਤ ਹੋਰ ਇਲਾਕਾ ਨਿਵਾਸੀਆਂ ਅਤੇ ਵਲੰਟੀਅਰਾਂ ਨੇ ਵਿਧਾਇਕ ਪਰਾਸ਼ਰ ਦੇ ਨਾਲ ਸਨ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਇਲਾਕੇ ਦੀਆਂ ਗਲੀਆਂ ਦੀ ਹਾਲਤ ਬਹੁਤ ਮਾੜੀ ਸੀ।

ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰਨ ਲਈ, ਇਹ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਵਿਧਾਇਕ ਪਰਾਸ਼ਰ ਨੇ ਕਿਹਾ ਕਿ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਗਏ ਹਨ ਕਿ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਾ ਹੋਵੇ। ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ (ਸੀਐਮ) ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਲੁਧਿਆਣਾ ਕੇਂਦਰੀ ਹਲਕੇ ਵਿੱਚ ਮਿਆਰੀ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ।

# ਕੋਠੇ ਸ਼ੇਰ ਜੰਗ ਵਿਖੇ ਹੋਏ ਕਤਲ ਕੇਸ ਦਾ ਮੁੱਖ ਦੋਸ਼ੀ ਗ੍ਰਿ.ਫਤਾਰ



ਜਗਰਾਓਂ, 1 ਅਗਸਤ (ਦਵਿੰਦਰ ਜੈਨ) : ਡਾ. ਆਕੁੰਰ ਗੁਪਤਾ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਲੁਧਿਆਣਾ ਦਿਹਾਤੀ ਵੱਲੋਂ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਗਿਆ ਕਿ ਜਸਜਯੋਤ ਸਿੰਘ ਪੀ.ਪੀ.ਐਸ ਡੀ.ਐਸ.ਪੀ ਜਗਰਾਉ ਅਤੇ ਇੰਦਰਜੀਤ ਸਿੰਘ, ਪੀ.ਪੀ.ਐਸ, ਡੀ.ਐਸ.ਪੀ(ਡੀ) ਲੁਧਿਆਣਾ ਦਿਹਾਤੀ ਦੀ ਨਿਗਰਾਨੀ ਅਧੀਨ ਇੰਸ: ਵਰਿੰਦਰਪਾਲ ਸਿੰਘ, ਮੁੱਖ ਅਫਸਰ, ਥਾਣਾ ਸਿਟੀ ਜਗਰਾਉਂਦੇ ਏਰੀਆ ਵਿੱਚ ਹੋਏ ਕਤਲ ਦੀ ਗੁੱਥੀ ਸੁਲਝਾਂਉਦੇ ਹੋਏ ਮੁਕੱਦਮਾ ਨੰਬਰ 173 ਮਿਤੀ 30.07.2025 ਅ/ਧ 103,190,191(3),324(4) ਬੀ.ਐਨ.ਐਸ ਥਾਣਾ ਸਿਟੀ ਜਗਰਾਉਂ ਵਿੱਚ ਮੁੱਖ ਦੋਸ਼ੀ ਮਨਦੀਪ ਸਿੰਘ ਉਰਫ ਰਮਨ ਪੁੱਤਰ ਦਵਿੰਦਰ ਸਿੰਘ ਵਾਸੀ ਆਦਰਸ਼ ਕਲੋਨੀ ਜਗਰਾਉਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਉਕਤ ਮੁਕੱਦਮਾ ਬਰਬਿਆਨ ਜਗਦੇਵ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਕੋਠੇ ਸ਼ੇਰ ਜੰਗ ਦਰਜ ਕੀਤਾ ਗਿਆ ਕਿ ਉਸਦੀ ਇੱਕ ਬੇਟੀ ਸੰਦੀਪ ਕੌਰ ਅਤੇ ਇੱਕ ਬੇਟਾ ਜਸਕੀਰਤ ਸਿੰਘ ਸੀ। ਜਸਕੀਰਤ ਸਿੰਘ ਸਾਦੀ-ਸ਼ੁਦਾ ਹੈ, ਜਿਸਦੇ 02 ਬੇਟੇ ਹਨ, ਜਸਕੀਰਤ ਸਿੰਘ ਸੇਅਰ ਮਾਰਕੀਟ ਦਾ ਆਨ-ਲਾਇਨ ਕੰਮ ਕਰਦਾ ਸੀ, ਜਿਸਨੇ ਆਪਣਾ ਦਫਤਰ ਭੰਡਾਰੀ ਮਾਰਕਿਟ ਜਗਰਾਉਂ ਵਿਖੇ ਬਣਾਇਆ ਹੋਇਆ ਸੀ।

ਮਿਤੀ 29.07.2025 ਨੂੰ ਜਸਕੀਰਤ ਸਿੰਘ ਆਪਣੀ ਗੱਡੀ ਨੰਬਰ PB-10-JZ-2700 ਮਾਰਕਾ ਸਕਰਾਪੀਉ ਪਰ ਸਵਾਰ ਹੋ ਕੇ ਆਪਣੇ ਦਫਤਰ ਭੰਡਾਰੀ ਮਾਰਕਿਟ ਜਗਰਾਉਂ ਤੋਂ ਆਪਣੇ ਘਰ ਕੋਠੇ ਸ਼ੇਰ ਜੰਗ ਨੂੰ ਜਾ ਰਿਹਾ ਸੀ ਤਾਂ, ਮੁਦਈ ਮੁਕੱਦਮਾ ਵਕਤ ਕਰੀਬ 8:50 ਪੀ.ਐਮ ਪਰ ਟਰੱਕ ਯੂਨੀਅਨ ਜਗਰਾਉ ਤੋਂ ਆਪਣੇ ਘਰ ਨੂੰ ਜਾ ਰਿਹਾ ਸੀ, ਤਾਂ ਪਿੰਡ ਅੰਦਰ ਵੜਦੇ ਸਾਰ ਦੇਖਿਆ ਤਾਂ ਜਸਕੀਰਤ ਸਿੰਘ ਦੀ ਗੱਡੀ ਨੰਬਰ PB-10-JZ-2700 ਨੂੰ ਸੜਕ ਦੀ ਸਾਇਡ ਪਰ ਬੁਰੀ ਤਰ੍ਹਾਂ ਨਾਲ ਅੱਗ ਲੱਗੀ ਹੋਈ ਸੀ ਅਤੇ ਉਸਦੇ ਲੜਕੇ ਦੀ ਕੁੱਝ ਵਿਅਕਤੀ ਹਥਿਆਰਾਂ ਨਾਲ ਕੁੱਟਮਾਰ ਕਰ ਰਹੇ ਸੀ, ਜਦੋਂ ਉਸਨੇ ਆਪਣੇ ਲੜਕੇ ਨੂੰ ਬਚਾਉਣ ਲਈ ਰੌਲਾ ਪਾਇਆ ਤਾਂ ਉਹਨਾਂ ਨੇ ਉਸਦੇ ਲੜਕੇ ਨੂੰ ਸੜਕ ਪਰ ਸੁੱਟ ਦਿੱਤਾ। ਜੋ ਗੱਡੀ PB-10-DZ-4168 ਰੰਗ ਸਿਲਵਰ ਮਾਰਕਾ TATA XENON CREW ਪਰ ਸਵਾਰ ਹੋ ਕੇ ਮੌਕੇ ਤੋਂ ਭੱਜ ਗਏ।

# ਕਾਨੂੰਨ ਨੂੰ ਆਪਣੇ ਹੱਥ 'ਚ ਲੈਣ ਵਾਲਿਆਂ ਨੂੰ ਬ.ਖਸ਼ਿਆ ਨਹੀਂ ਜਾਵੇਗਾ : ਐਸ.ਐਸ.ਪੀ.



ਜਗਰਾਓਂ, 1 ਅਗਸਤ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ/ਅੰਕੁਸ਼ ਸਹਿਜਪਾਲ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਪ੍ਰੈਸ ਕਾਨਫਰੰਸ ਮੌਕੇ ਡੀਐਸਪੀ ਇੰਦਰਜੀਤ ਸਿੰਘ ਬੋਪਾਰਾਏ, ਡੀਐਸਪੀ ਜਸਜੋਤ ਸਿੰਘ, ਥਾਣਾ ਸਿਟੀ ਦੇ ਮੁੱਖ ਅਫਸਰ ਇੰਸਪੈਕਟਰ ਵਰਿੰਦਰ ਪਾਲ ਸਿੰਘ, ਚੌਕੀ ਬੱਸ ਸਟੈਂਡ ਦੇ ਇੰਚਾਰਜ ਸੁਖਵਿੰਦਰ ਸਿੰਘ ਮੌਜੂਦ ਸਨ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਦੱਸਿਆ ਕਿ ਪਿਛਲੇ ਦਿਨੀਂ ਕੋਠੇ ਸ਼ੇਰ ਜੰਗ ਵਿਖੇ ਗੱਡੀ ਨੂੰ ਅੱਗ ਲਗਾ ਕੇ ਜਸਕੀਰਤ ਸਿੰਘ ਨੂੰ ਮਾਰਿਆ ਕੁੱਟਿਆ ਗਿਆ ਸੀ, ਜਿਸ ਦੀ ਬਾਅਦ ਵਿੱਚ ਮੌਤ ਹੋ ਗਈ ਸੀ । ਉਸ ਕਤਲ ਦੀ ਗੁੱਥੀ ਨੂੰ ਸੁਲਝਾਉਂਦੇਹੋਏ ਕਤਲ ਦੇ ਮੁੱਖ ਦੋਸ਼ੀ ਰਮਨਦੀਪ ਸਿੰਘ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਐਸਐਸਪੀ ਨੇ ਕਿਹਾ ਕਿ ਜਗਦੇਵ ਸਿੰਘ ਨੇ ਆਪਣੇ ਬਿਆਨਾਂ ਵਿੱਚ ਦਰਜ ਕਰਵਾਇਆ ਕਿ ਉਹਨਾਂ ਦੀ ਇੱਕ ਬੇਟੀ ਸੰਦੀਪ ਕੌਰ ਹੈ ਅਤੇ ਇੱਕ ਬੇਟਾ ਜਸਕੀਰਤ ਸਿੰਘ ਸੀ। ਜਸਕੀਰਤ ਸਿੰਘ ਸ਼ਾਦੀ ਸ਼ੁਦਾ ਹੈ ਅਤੇ ਉਸ ਦੇ ਦੋ ਬੇਟੇ ਹਨ। ਜਸਕੀਰਤ ਸਿੰਘ ਸ਼ੇਅਰ ਮਾਰਕੀਟ ਦਾ ਕੰਮ ਕਰਦਾ ਹੈ ਅਤੇ ਭੰਡਾਰੀ ਮਾਰਕੀਟ ਜਗਰਾਉਂ ਵਿਖੇ ਉਸਦਾ ਦਫਤਰ ਹੈ।29 ਜੁਲਾਈ ਨੂੰ ਉਹ ਆਪਣੇ ਦਫਤਰ ਤੋਂ ਆਪਣੇ ਘਰ ਕੋਠੇ ਸ਼ੇਰ ਜੰਗ ਨੂੰ ਆ ਰਿਹਾ ਸੀ। ਪਿੰਡ ਵੜਦੇ ਸਾਰ ਹੀ ਜਸਕੀਤ ਸਿੰਘ ਦੀ ਗੱਡੀ ਸੜਕ ਦੀ ਸਾਈਡ ਤੇ ਸੀ ਅਤੇ ਬੁਰੀ ਤਰ੍ਹਾਂ ਨਾਲ ਗੱਡੀ ਨੂੰ ਅੱਗ ਲੱਗੀ ਹੋਈ ਸੀ। ਕੁਝ ਵਿਅਕਤੀ ਹਥਿਆਰਾਂ ਨਾਲ ਜਸਕੀਰਤ ਸਿੰਘ ਦੀ ਕੁੱਟਮਾਰ ਕਰ ਰਹੇ ਸਨ। ਉਸ ਦੇ ਪਿਤਾ ਨੇ ਦੱਸਿਆ ਕਿ ਕਿ ਉਸ ਨੇ ਆਪਣੇ ਲੜਕੇ ਨੂੰ ਬਚਾਉਣ ਲਈ ਰੌਲਾ ਪਾਇਆ ਤਾਂ ਹਥਿਆਰਬੰਦ ਵਿਅਕਤੀ ਉਸ ਨੂੰ ਸੜਕ ਤੇ ਸੁੱਟ ਕੇ ਭੱਜ ਗਏ।ਉਹ ਸਿਲਵਰ ਰੰਗ ਦੀ ਟਾਟਾ ਕੰਪਨੀ ਦੀ ਗੱਡੀ ਤੇ ਭੱਜੇ। ਉਸਦੇ ਪਿਤਾ ਨੇ ਦੱਸਿਆ ਕਿ ਉਸ ਨੇ ਇੱਕ ਵਿਅਕਤੀ ਦੀ ਪਹਿਚਾਨ ਰਮਨਦੀਪ ਸਿੰਘ ਅਤੇ ਦੂਸਰੇ ਵਿਅਕਤੀ ਦੀ ਪਹਿਚਾਣ ਕੁਲਜੀਤ ਸਿੰਘ ਦੇ ਨਾਮ ਨਾਲ ਕੀਤੀ। ਉਨਾਂ ਦੇ ਨਾਲ ਪੰਜ ਸੱਤ ਵਿਅਕਤੀ ਹੋਰ ਸਨ ,ਹਨੇਰਾ ਹੋਣ ਕਾਰਨ ਉਹਨਾਂ ਦਾ ਪਤਾ ਨਹੀਂ ਲੱਗ ਸਕਿਆ। ਜਸਕੀਰਤ ਸਿੰਘ ਦੇ ਪਿਤਾ ਨੇ ਦੱਸਿਆ ਕਿ ਉਸਦੇ ਬੇਟੇ ਦੇ ਕੋਲ ਇੱਕ ਪਿਸਟਲ 45 ਬੋਰ ਸਮੇਤ ਮੈਗਜੀਨ ਤੇ ਕਾਰਤੂਸ ਅਤੇ ਹੋਰ ਸਮਾਨ ਗੱਡੀ ਦੇ ਕਾਗਜ ਵਗੈਰਾ ਸਨ। ਕਿਸੇ ਹੋਰ ਗੱਡੀ ਦਾ ਇੰਤਜ਼ਾਮ ਕਰਕੇ ਜਸਕੀਰਤ ਸਿੰਘ ਨੂੰ ਜਗਰਾਉਂਦੇ ਕਲਿਆਣੀ ਹਸਪਤਾਲ ਵਿਖੇ ਦਾਖਲ ਕਰਾਇਆ ਜਿੱਥੇ ਉਸ ਦੀ ਹਾਲਤ ਜਿਆਦਾ ਖਰਾਬ ਹੋਣ ਕਾਰਨ ਉਸ ਨੂੰ ਨਿਊਰੋਸਿਟੀ ਲੁਧਿਆਣਾ ਵਿਖੇ ਰੈਫਰ ਕਰ ਦਿੱਤਾ। ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ।

# ਮਹੰਤ ਪ੍ਰਵੀਨ ਚੌਧਰੀ ਦੀ ਮਾਤਾ ਰੁਕਮਣੀ ਦੇਵੀ ਦੀ ਸ਼ੋਕ ਸਭਾ 'ਚ ਸੈਂਕੜੇ ਲੋਕਾਂ ਨੇ ਸ਼ਰਧਾਂਜਲੀ ਭੇਟ ਕੀਤੀ




ਲੁਧਿਆਣਾ, 1 ਅਗਸਤ (ਕਰਨੈਲ ਸਿੰਘ ਐੱਮ.ਏ.) : ਮਹੰਤ ਪ੍ਰਵੀਨ ਚੌਧਰੀ, ਪੁਰਸ਼ੋਤਮ ਚੌਧਰੀ ਜੀ ਦੀ ਸਤਿਕਾਰਯੋਗ ਮਾਤਾ ਅਤੇ ਬ੍ਰਿਜ ਲਾਲ ਚੌਧਰੀ ਦੀ ਪਤਨੀ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਆਯੋਜਿਤ ਸ਼੍ਰੀ ਗਰੁੜ ਪੁਰਾਣ ਜੀ ਦੀ ਆਖਰੀ ਸ਼ਰਧਾਂਜਲੀ ਸਭਾ ਅਤੇ ਭੇਟ ਵਿੱਚ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਵਪਾਰਕ ਸੰਗਠਨਾਂ ਦੇ ਨੁਮਾਇੰਦਿਆਂ ਨੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸਥਾਨਕ ਪੱਖੋਵਾਲ ਰੋਡ 'ਤੇ ਸਾਊਥ ਐਂਡ ਗਾਰਡਨ ਵਿਖੇ ਆਯੋਜਿਤ ਸ਼ੋਕ ਸਭਾ ਵਿੱਚ ਆਚਾਰੀਆ ਸੰਦੀਪ ਜੋਸ਼ੀ ਨੇ ਸ਼੍ਰੀ ਗਰੁੜ ਪੁਰਾਣ ਜੀ ਦੇ ਅੰਤਿਮ ਪੱਦਤੀਆਂ ਦਾ ਪਾਠ ਕੀਤਾ ਅਤੇ ਸਵਰਗੀ ਰੁਕਮਣੀ ਦੇਵੀ ਜੀ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ। ਸ਼੍ਰੀ ਰਾਮ ਸ਼ਰਨਮ ਤੋਂ ਸੰਤ ਅਸ਼ਵਨੀ ਬੇਦੀ ਜੀ ਨੇ ਕਿਹਾ ਕਿ ਮਹੰਤ ਪ੍ਰਵੀਨ ਚੌਧਰੀ ਜੀ ਸਵਰਗੀ ਮਾਤਾ ਰੁਕਮਣੀ ਜੀ ਤੋਂ ਪ੍ਰਾਪਤ ਕਦਰਾਂ-ਕੀਮਤਾਂ ਨੂੰ ਅੱਗੇ ਵਧਾ ਕੇ ਧਰਮ ਅਤੇ ਸਮਾਜ ਪ੍ਰਤੀ ਸਮਰਪਿਤ ਜੀਵਨ ਜੀ ਰਹੇ ਹਨ। ਭਜਨ ਗਾਇਕਾ ਲੀਜ਼ਾ ਡਾਬਰ ਨੇ ਭਜਨ ਪੇਸ਼ ਕੀਤੇ ਅਤੇ ਸਵਰਗੀ ਰੁਕਮਣੀ ਜੀ ਦੁਆਰਾ ਆਪਣੇ ਆਖਰੀ ਸਾਹ ਤੱਕ ਨਿਭਾਈਆਂ ਗਈਆਂ ਧੀ, ਮਾਂ, ਨੂੰਹ ਅਤੇ ਸੱਸ ਦੀਆਂ ਜ਼ਿੰਮੇਵਾਰੀਆਂ ਦਾ ਵਰਣਨ ਕੀਤਾ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਵਿਧਾਇਕ ਦਲਜੀਤ ਭੋਲਾ ਗਰੇਵਾਲ, ਰਾਜਿੰਦਰ ਕੌਰ ਛੀਨਾ, ਕੁਲਵੰਤ ਸਿੰਘ ਸਿੱਧੂ, ਰਾਜ ਸਭਾ ਮੈਂਬਰ ਸੰਤ ਸੀਚੇਵਾਲ, ਗਊ-ਸੇਵਕ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਨੇ ਸ਼ੋਕ ਸੰਦੇਸ਼ ਭੇਜੇ ਅਤੇ ਵਿੱਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਰਾਮ ਸ਼ਰਨਮ, ਸੰਤ ਅਸ਼ਵਨੀ ਬੇਦੀ, ਬਾਬਾ ਕੁਲਵੰਤ ਭੱਲਾ, ਮਹੰਤ ਸ਼ਕਤੀ ਨਾਥ, ਸਾਧਵੀ ਲਤਾ ਜੀ, ਸਵਾਮੀ ਰਾਜ ਰਾਜੇਸ਼ਵਰੀ, ਪੰਡਿਤ ਦੇਵੀ ਦਿਆਲ, ਮਾਤਾ ਚਿੰਤਪੁਰਨੀ ਮੰਦਿਰ ਹਿਮਾਚਲ ਪ੍ਰਦੇਸ਼ ਤੋਂ ਪੰਡਿਤ ਭੂਸ਼ਣ ਕਾਲੀਆ ਅਤੇ ਵਿਪਨ ਕਾਲੀਆ, ਅਚਾਰੀਆ ਦੀਪਕ ਸ਼ਾਸਤਰੀ, ਸਾਬਕਾ ਮੰਤਰੀ ਦਲਜੀਤ ਸਿੰਘ ਭੂਰਾ, ਭੁੱਚਾ ਸਿੰਘ ਗਰੇਵਾਲ ਆਦਿ ਨੁਮਾਇੰਦਿਆਂ ਦਾ ਚੌਧਰੀ ਪਰਿਵਾਰ ਵੱਲੋਂ ਧੰਨਵਾਦ ਕੀਤਾ।

# ਲੰਡਨ 'ਚ ਬ੍ਰਿਟਿਸ਼ ਸਿੱਖ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ, 5 ਗ੍ਰਿਫ਼ਤਾਰ

ਲੰਡਨ, 1 ਅਗਸਤ (ਚ.ਨ.ਸ): ਪੂਰਬੀ ਲੰਡਨ ਦੇ ਇਲਫੋਰਡ ਵਿੱਚ 30 ਸਾਲਾ ਬ੍ਰਿਟਿਸ਼ ਸਿੱਖ ਵਿਅਕਤੀ ਗੁਰਮੁਖ ਸਿੰਘ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। 27 ਸਾਲਾ ਅਮਰਦੀਪ ਸਿੰਘ 'ਤੇ ਉਸ ਦੇ ਕਤਲ ਦਾ ਦੋਸ਼ ਲਗਾਇਆ ਗਿਆ ਹੈ। ਗੁਰਮੁਖ ਸਿੰਘ, ਜਿਸਨੂੰ ਗੈਰੀ ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਪਿਛਲੇ ਹਫ਼ਤੇ ਪੂਰਬੀ ਲੰਡਨ ਦੇ ਇਲਫੋਰਡ ਦੇ ਫੇਲਬ੍ਰਿਜ ਰੋਡ 'ਤੇ ਮੌਤ ਹੋ ਗਈ ਸੀ ਤੇ ਵੀਰਵਾਰ ਨੂੰ ਮੈਟਰੋਪੋਲੀਟਨ ਪੁਲਿਸ ਦੁਆਰਾ ਅਧਿਕਾਰਤ ਤੌਰ 'ਤੇ ਪਛਾਣ ਕੀਤੀ ਗਈ ਸੀ। ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ ਨੇ 23 ਜੁਲਾਈ ਨੂੰ ਹੋਏ ਕਤਲ ਦੇ ਸ਼ੱਕ ਵਿੱਚ 27 ਸਾਲਾ ਅਮਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਕਤਲ ਦੇ ਇੱਕ ਮਾਮਲੇ ਦਾ ਦੋਸ਼ ਲਗਾਇਆ ਗਿਆ ਹੈ ਤੇ 5 ਜਨਵਰੀ, 2026 ਨੂੰ ਮੁਕੱਦਮੇ ਲਈ ਲੰਡਨ ਦੇ ਓਲਡ ਬੇਲੀ ਵਿਖੇ ਉਸਦੀ ਅਗਲੀ ਅਦਾਲਤ ਵਿੱਚ ਪੇਸ਼ੀ ਤੱਕ ਹਿਰਾਸਤ ਵਿੱਚ ਹੈ। ਲੰਡਨ ਐਂਬੂਲੈਂਸ ਸੇਵਾ ਦੁਆਰਾ ਇੱਕ ਰਿਹਾਇਸ਼ੀ ਪਤੇ 'ਤੇ ਝਗੜੇ ਦੀਆਂ ਰਿਪੋਰਟਾਂ ਲਈ ਪੁਲਿਸ ਨੂੰ ਬੁਲਾਇਆ ਗਿਆ ਸੀ। ਗੈਰੀ ਦੇ ਚਾਕੂ ਦੇ ਜ਼ਖ਼ਮਾਂ ਦਾ ਇਲਾਜ ਕਰਦੇ ਸਮੇਂ ਅਧਿਕਾਰੀ ਹਾਜ਼ਰ ਸਨ। ਪੈਰਾਮੈਡਿਕਸ ਦੇ ਸਭ ਤੋਂ ਵਧੀਆ ਯਤਨਾਂ ਦੇ ਬਾਵਜੂਦ ਉਸਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ। ਜਾਸੂਸਾਂ ਨੇ ਇਸ ਬੇਰਹਿਮੀ ਨਾਲ ਕਤਲ ਦੇ ਸਬੰਧ ਵਿੱਚ ਇੱਕ 29 ਸਾਲਾ ਆਦਮੀ ਤੇ 29, 30 ਅਤੇ 54 ਸਾਲ ਦੀਆਂ ਤਿੰਨ ਔਰਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਸਾਰਿਆਂ ਨੂੰ ਅਕਤੂਬਰ ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਜਦੋਂ ਕਿ ਪੁਲਿਸ ਜਾਂਚ ਜਾਰੀ ਹੈ। ਪੁਲਿਸ ਦੁਆਰਾ ਜਾਰੀ ਇੱਕ ਬਿਆਨ ਵਿੱਚ ਉਸਦੇ ਪਰਿਵਾਰ ਨੇ ਕਿਹਾ ਕਿ ਗੈਰੀ ਇੱਕ ਪਿਆਰਾ ਆਦਮੀ ਸੀ, ਜਿਸ ਕੋਲ ਹਰ ਉਸ ਵਿਅਕਤੀ ਨਾਲ ਜੁੜਨ ਦੀ ਸ਼ਾਨਦਾਰ ਯੋਗਤਾ ਸੀ। ਇੱਕ ਸੱਚਾ ਸਮਾਜਿਕ ਉਸਨੂੰ ਆਪਣੇ ਪਰਿਵਾਰ ਨਾਲ ਘਿਰੇ ਰਹਿਣ ਤੋਂ ਵੱਧ ਖੁਸ਼ੀ ਕਿਸੇ ਹੋਰ ਚੀਜ਼ ਨੇ ਨਹੀਂ ਦਿੱਤੀ। ਗੈਰੀ ਦੀ ਬਹੁਤ ਯਾਦ ਆਵੇਗੀ ਪਰ ਉਸਦੀ ਯਾਦ ਸਾਡੇ ਦਿਲਾਂ ਵਿੱਚ ਹਮੇਸ਼ਾ ਲਈ ਰਹੇਗੀ। ਪੋਸਟਮਾਰਟਮ ਜਾਂਚ ਨੇ ਮੌਤ ਦਾ ਕਾਰਨ ਖੱਬੇ ਪੱਟ ਵਿੱਚ ਚਾਕੂ ਨਾਲ ਕੀਤੇ ਗਏ ਜ਼ਖ਼ਮ ਵਜੋਂ ਦਰਸਾਇਆ ਹੈ, ਜਿਸ ਵਿੱਚ ਇੱਕ ਜਾਂਚ ਸ਼ੁਰੂ ਕੀਤੀ ਗਈ ਹੈ ਤੇ ਹਮਲੇ ਦੀ ਪੁਲਿਸ ਜਾਂਚ ਜਾਰੀ ਰਹਿਣ ਦੌਰਾਨ ਮੁਲਤਵੀ ਕਰ ਦਿੱਤੀ ਗਈ ਹੈ। ਮੈਟਰੋਪੋਲੀਟਨ ਪੁਲਿਸ ਦੇ ਸਪੈਸ਼ਲਿਸਟ ਕ੍ਰਾਈਮ ਨੌਰਥ ਯੂਨਿਟ ਤੋਂ ਡਿਟੈਕਟਿਵ ਚੀਫ ਇੰਸਪੈਕਟਰ ਜੋਆਨਾ ਯੌਰਕੇ ਨੇ ਹਮਲੇ ਦੇ ਸਮੇਂ ਕਿਹਾ ਸੀ ਕਿ ਡਿਟੈਕਟਿਵ ਮੰਨਦੇ ਹਨ ਕਿ ਇਹ ਇੱਕ 'ਅਲੱਗ-ਥਲੱਗ ਘਟਨਾ' ਸੀ। ਇਸ ਕਿਸਮ ਦੀ ਇੱਕ ਘਟਨਾ ਨੇ ਪੂਰੇ ਸਥਾਨਕ ਖੇਤਰ ਵਿੱਚ ਸਦਮੇ ਦੀਆਂ ਲਹਿਰਾਂ ਭੇਜੀਆਂ ਹਨ ਤੇ ਅਸੀਂ ਭਾਈਚਾਰੇ 'ਤੇ ਸਿੱਧੇ ਪ੍ਰਭਾਵ ਨੂੰ ਸਮਝਦੇ ਹਾਂ। ਲੋਕ ਸ਼ੁਰੂਆਤੀ ਜਾਂਚ ਦੌਰਾਨ ਪੁਲਿਸ ਦੀ ਮੌਜੂਦਗੀ ਵਿੱਚ ਵਾਧਾ ਦੇਖਣ ਦੀ ਉਮੀਦ ਕਰ ਸਕਦੇ ਹਨ।

# ਜੀਂਦ ਦੇ ਵਕੀਲ ਨੂੰ ਜੇਲ੍ਹ ਤੋਂ ਧਮਕੀ ਭਰੇ ਫੋਨ ਆਏ

ਹਿਸਾਰ, 1 ਅਗਸਤ (ਚ.ਨ.ਸ): ਇੱਕ ਹੈਰਾਨ ਕਰਨ ਵਾਲੀ ਘਟਨਾ ਵਿੱਚ ਜੀਂਦ ਦੇ ਵਕੀਲ ਵਿਨੋਦ ਬਾਂਸਲ ਨੂੰ ਜੀਂਦ ਜੇਲ੍ਹ ਦੇ ਅੰਦਰੋਂ ਕਥਿਤ ਤੌਰ 'ਤੇ ਕਈ ਧਮਕੀ ਭਰੇ ਫੋਨ ਆਏ ਹਨ, ਜਿਸ ਵਿੱਚ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਹ ਦੋ ਚੱਲ ਰਹੇ ਕਤਲ ਮੁਕੱਦਮਿਆਂ ਤੋਂ ਪਿੱਛੇ ਨਹੀਂ ਹਟਦੇ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਫੋਨ ਕਰਨ ਵਾਲੇ, ਜਿਸਨੇ ਆਪਣੀ ਪਛਾਣ ਪ੍ਰਦੀਪ ਉਰਫ ਗੱਟਾ ਵਜੋਂ ਦੱਸੀ, ਨੇ ਕਥਿਤ ਤੌਰ 'ਤੇ ਬਾਂਸਲ ਨੂੰ ਚੇਤਾਵਨੀ ਦਿੱਤੀ ਸੀ ਕਿ ਉਸਨੂੰ ਤੇ ਉਸਦੇ ਪਰਿਵਾਰ ਨੂੰ 10 ਦਿਨਾਂ ਦੇ ਅੰਦਰ ਖਤਮ ਕਰ ਦਿੱਤਾ ਜਾਵੇਗਾ ਤੇ ਉਸਨੇ ਬਦਨਾਮ ਬਲਜੀਤ-ਧਰਮੇਂਦਰ ਗਿਰੋਹ ਨਾਲ ਸਬੰਧ ਹੋਣ ਦਾ ਦਾਅਵਾ ਕੀਤਾ ਹੈ। ਬਾਂਸਲ ਨੇ ਸਿਵਲ ਲਾਈਨਜ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਇੱਕ ਕੇਸ ਦਰਜ ਕੀਤਾ ਗਿਆ ਹੈ। ਬਾਂਸਲ ਦੇ



ਅਨੁਸਾਰ ਪਹਿਲਾ ਧਮਕੀ ਭਰਿਆ ਫੋਨ ਕੱਲ੍ਹ ਸਵੇਰੇ 9:55 ਵਜੇ ਆਇਆ, ਉਸ ਤੋਂ ਬਾਅਦ 11:22 ਵਜੇ ਤੇ ਦੁਪਹਿਰ 1:10 ਵਜੇ ਦੋ ਹੋਰ ਆਏ। ਕਾਲ ਕਰਨ ਵਾਲੇ ਨੇ ਕਥਿਤ ਤੌਰ 'ਤੇ ਗਾਲ੍ਹਾਂ ਕੱਢੀਆਂ ਤੇ ਬਾਂਸਲ 'ਤੇ ਦੋ ਕਤਲ ਕੇਸਾਂ ਤੋਂ ਪਿੱਛੇ ਹਟਣ ਲਈ ਦਬਾਅ ਪਾਇਆ, ਜਿਨ੍ਹਾਂ ਵਿੱਚ ਉਹ ਇੱਕ ਕਾਨੂੰਨੀ ਪ੍ਰਤੀਨਿਧੀ ਤੇ ਗਵਾਹ ਦੋਵੇਂ ਹਨ। ਮੁਲਜ਼ਮ ਪ੍ਰਦੀਪ ਇਸ ਸਮੇਂ ਜੀਂਦ ਜੇਲ੍ਹ ਵਿੱਚ ਬੰਦ ਹੈ ਤੇ 2021 ਵਿੱਚ ਬਾਂਸਲ ਦੇ ਛੋਟੇ ਭਰਾ ਸ਼ਿਆਮ ਸੁੰਦਰ ਦੇ ਕਤਲ ਦਾ ਮੁੱਖ ਦੋਸ਼ੀ ਹੈ। ਬਾਂਸਲ ਨੇ ਕਿਹਾ ਕਿ ਉਹ ਪਹਿਲਾਂ ਹੀ ਮੇਰੇ ਦੋ ਭਰਾਵਾਂ ਨੂੰ ਮਾਰ ਚੁੱਕੇ ਹਨ। ਹੁਣ, ਉਹ ਮੈਨੂੰ ਤੇ ਮੇਰੇ ਪਰਿਵਾਰ ਨੂੰ ਖਤਮ ਕਰਨ ਦੀ ਧਮਕੀ ਦੇ ਰਹੇ ਹਨ। ਉਸ ਦੇ ਵੱਡੇ ਭਰਾ, ਪੁਰਸ਼ੋਤਮ ਦਾ ਕਤਲ 2016 ਵਿੱਚ ਕੀਤਾ ਗਿਆ ਸੀ। ਪੁਲਿਸ ਨੇ ਬਾਂਸਲ ਦੀ ਸੁਰੱਖਿਆ ਲਈ ਪੰਜ ਬੰਦੂਕਧਾਰੀ ਤਾਇਨਾਤ ਕੀਤੇ ਹਨ।

# ਜਰਮਨੀ ਦੇ ਸਿੱਖ ਪਰਿਵਾਰ ਦਾ ਕਹਿਣਾ, ਮਾਂ ਦੀ ਮੌਤ ਤੋਂ ਬਾਅਦ ਗੁਰਦੁਆਰੇ 'ਚ ਰਸਮਾਂ ਤੋਂ ਇਨਕਾਰ

ਅੰਮ੍ਰਿਤਸਰ, 1 ਅਗਸਤ (ਚ.ਨ.ਸ): ਇੱਕ ਸਿੱਖ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਜਰਮਨੀ ਦੇ ਸਿੰਗੇਨ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਨੇ ਉਨ੍ਹਾਂ ਦੀ ਮਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਨੂੰ ਉੱਥੇ ਭੋਗ ਤੇ ਅੰਤਿਮ ਅਰਦਾਸ ਕਰਨ ਦੇ ਅਧਿਕਾਰ ਤੋਂ ਇਨਕਾਰ ਕਰ ਦਿੱਤਾ ਸੀ। ਦੁਖੀ ਪਰਿਵਾਰ ਨੇ ਅਕਾਲ ਤਖ਼ਤ ਸਾਹਿਬ ਤੱਕ ਪਹੁੰਚ ਕਰਕੇ ਜਥੇਦਾਰ ਦੇ ਦਖਲ ਦੀ ਮੰਗ ਕੀਤੀ ਹੈ, ਭਾਵੇਂ ਸਿੰਗੇਨ ਗੁਰਦੁਆਰਾ ਪ੍ਰਬੰਧਕਾਂ ਨੇ ਕਿਹਾ ਹੈ ਕਿ ਸਥਾਨਕ ਪੁਲਿਸ ਦੇ ਨਿਰਦੇਸ਼ਾਂ 'ਤੇ ਪਰਿਵਾਰ ਨੂੰ ਗੁਰਦੁਆਰੇ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਸੀ। ਇਸ ਵਿਵਾਦ ਨੇ ਸਿੱਖ ਪ੍ਰਵਾਸੀਆਂ ਵਿੱਚ ਸਦਮੇ ਦੀ ਲਹਿਰ ਫੈਲਾ ਦਿੱਤੀ ਹੈ। ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਸਿੰਗੇਨ ਦੇ ਵਸਨੀਕ ਬਲਵਿੰਦਰ ਸਿੰਘ ਨੇ ਕਿਹਾ ਕਿ ਭਰਾ ਦਲਜੀਤ ਸਿੰਘ ਤੇ ਪਰਮਜੀਤ ਸਿੰਘ ਆਪਣੀ ਮਾਂ ਲਈ ਅੰਤਿਮ ਅਰਦਾਸ ਤੇ ਭੋਗ ਸਮਾਰੋਹ ਕਰਵਾਉਣ ਲਈ ਸਥਾਨਕ ਗੁਰਦੁਆਰੇ ਪਹੁੰਚੇ ਸਨ, ਪਰ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ। ਸਿੰਗੇਨ ਦੀ 'ਪੂਰੀ ਸਿੱਖ ਸੰਗਤ' ਵੱਲੋਂ ਲਿਖੇ ਗਏ ਪੱਤਰ ਵਿੱਚ ਕਿਹਾ ਗਿਆ ਹੈ, ਅਫ਼ਸੋਸ ਦੀ ਗੱਲ ਹੈ ਕਿ ਨਿੱਜੀ ਰੰਜਿਸ਼ਾਂ ਕਾਰਨ ਮੌਜੂਦਾ ਗੁਰਦੁਆਰਾ ਕਮੇਟੀ ਨੇ ਇਸ ਧਾਰਮਿਕ ਸਮਾਰੋਹ ਨੂੰ ਕਰਵਾਉਣ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਫੈਸਲਾ ਨਾ ਸਿਰਫ ਬੇਇਨਸਾਫ਼ੀ ਹੈ ਤੇ ਸਿੱਖ ਕਦਰਾਂ-ਕੀਮਤਾਂ ਦੇ ਵਿਰੁੱਧ ਹੈ, ਸਗੋਂ ਸਿੱਖ ਰਹਿਤ ਮਰਿਆਦਾ (ਸਿੱਖ ਧਾਰਮਿਕ ਆਚਾਰ ਸੰਹਿਤਾ) ਤੇ ਗੁਰਮਤਿ ਸਿਧਾਂਤਾਂ ਦੀ ਵੀ ਸਪੱਸ਼ਟ ਉਲੰਘਣਾ ਹੈ। ਬਲਵਿੰਦਰ ਸਿੰਘ ਨੇ ਕਿਹਾ ਕਿ ਸੰਗਤ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਗੱਲ ਕੀਤੀ ਤੇ ਉਨ੍ਹਾਂ ਨੂੰ ਦਇਆ ਅਤੇ ਸ਼ਮੂਲੀਅਤ ਦੀਆਂ ਮੁੱਖ ਸਿੱਖ ਕਦਰਾਂ-ਕੀਮਤਾਂ ਦੀ ਯਾਦ ਦਿਵਾਉਂਦੇ ਹੋਏ ਮੁੜ ਵਿਚਾਰ ਕਰਨ ਲਈ ਕਿਹਾ। ਪਰ ਕਮੇਟੀ ਨੇ ਨਾ ਤਾਂ ਸੁਣਿਆ ਤੇ ਨਾ ਹੀ ਸਮਝਦਾਰੀ ਜਾਂ ਧਿਆਨ ਨਾਲ ਮਸਲੇ ਨੂੰ ਹੱਲ ਕਰਨ ਦਾ ਕੋਈ ਇਰਾਦਾ ਦਿਖਾਇਆ। ਸਿੰਗੇਨ ਦੇ ਗੁਰਦੁਆਰਾ ਸਿੰਘ ਸਭਾ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਦੱਸਿਆ ਕਿ ਪ੍ਰਬੰਧਕ ਕਮੇਟੀ ਨੇ ਸਥਾਨਕ ਪੁਲਿਸ ਦੇ ਨਿਰਦੇਸ਼ਾਂ 'ਤੇ ਪਰਿਵਾਰ ਨੂੰ ਸਮਾਰੋਹ ਕਰਵਾਉਣ ਤੋਂ ਰੋਕਿਆ ਸੀ। ਉਸਨੇ ਦਾਅਵਾ ਕੀਤਾ ਕਿ ਸ਼ਾਮਲ ਵਿਅਕਤੀਆਂ ਦੀ ਪਹਿਲਾਂ ਸੰਗਤ ਦੇ ਮੈਂਬਰਾਂ ਨਾਲ ਝੜਪ ਹੋਈ ਸੀ ਤੇ ਗੜਬੜ ਹੋਈ ਸੀ, ਜਿਸ ਕਾਰਨ ਪੁਲਿਸ ਨੇ ਪ੍ਰਬੰਧਕਾਂ ਨੂੰ ਉਨ੍ਹਾਂ ਨੂੰ ਗੁਰਦੁਆਰੇ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਾ ਦੇਣ ਦੀ ਸਲਾਹ ਦਿੱਤੀ। ਬਲਵਿੰਦਰ ਸਿੰਘ ਨੇ ਕਿਹਾ ਕਿ ਪਰਿਵਾਰ ਅੰਤਿਮ ਅਰਦਾਸ ਤੇ ਭੋਗ ਪਾਉਣ ਲਈ ਲਗਭਗ 150 ਕਿਲੋਮੀਟਰ ਦੂਰ ਇੱਕ ਹੋਰ ਗੁਰਦੁਆਰੇ ਤੋਂ ਇੱਕ ਗ੍ਰੰਥੀ ਨੂੰ ਲੈ ਕੇ ਆਇਆ ਸੀ। ਅਸੀਂ ਹੁਣ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਘਟਨਾ ਦੀ ਜਾਂਚ ਕਰਨ, ਗੁਰਦੁਆਰਾ ਪ੍ਰਬੰਧਕਾਂ ਨੂੰ ਅਕਾਲ ਤਖ਼ਤ 'ਤੇ ਤਲਬ ਕਰਨ ਤੇ ਇਨਸਾਫ਼ ਦਿਵਾਉਣ ਦੀ ਬੇਨਤੀ ਕੀਤੀ ਹੈ।

# ਮੰਡੀ ਦੇ ਗੋਹਰ 'ਚ ਬੱਸ ਖੱਡ 'ਚ ਡਿੱਗੀ, ਔਰਤ ਦੀ ਮੌਤ

ਮੰਡੀ, 1 ਅਗਸਤ (ਚ.ਨ.ਸ): ਮੰਡੀ ਜ਼ਿਲ੍ਹੇ ਦੇ ਗੋਹਰ ਸਬ-ਡਵੀਜ਼ਨ ਦੇ ਟੂਨਾ



ਪਿੰਡ ਨੇੜੇ ਅੱਜ ਸ਼ਾਮ ਵਾਪਰੇ ਇੱਕ ਸੜਕ ਹਾਦਸੇ ਵਿੱਚ ਇੱਕ ਔਰਤ ਦੀ ਮੌਤ ਹੋ ਗਈ ਤੇ ਨੌਂ ਹੋਰ ਜ਼ਖ਼ਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਨਿੱਜੀ ਬੱਸ ਕੰਟਰੋਲ ਗੁਆ ਬੈਠੀ ਤੇ ਡੂੰਘੀ ਖੱਡ ਵਿੱਚ ਡਿੱਗ ਗਈ। ਜ਼ਖ਼ਮੀਆਂ ਵਿੱਚ ਡਰਾਈਵਰ ਤੇ ਕੰਡਕਟਰ ਵੀ ਸ਼ਾਮਲ ਹਨ। ਇਹ ਬਦਕਿਸਮਤ ਬੱਸ ਜੇਹਲ ਤੋਂ ਚੈਲਚੌਂਕ ਜਾ ਰਹੀ ਸੀ, ਜਦੋਂ ਟੂਨਾ ਦੇ ਕਸ਼ਾਵਰੀ ਨੇੜੇ ਸੜਕ ਤੋਂ ਪਲਟ ਗਈ ਤੇ ਇੱਕ ਖੱਡ ਵਿੱਚ ਡਿੱਗ ਗਈ। ਸਥਾਨਕ ਲੋਕ ਮੌਕੇ 'ਤੇ ਪਹੁੰਚੇ ਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਮ੍ਰਿਤਕ ਦੀ ਪਛਾਣ ਨਿਰਮਲਾ (44) ਵਜੋਂ ਹੋਈ ਹੈ, ਜੋ ਕਿ ਨੇੜੇ ਪਿੰਡ ਦੀ ਰਹਿਣ ਵਾਲੀ ਕਿਸ਼ੋਰੀ ਦੀ ਪਤਨੀ ਹੈ। ਐਸ.ਡੀ.ਐਮ. ਗੋਹਰ ਬਚਿੱਤਰ ਸਿੰਘ ਨੇ ਕਿਹਾ ਕਿ ਚਾਰ ਗੰਭੀਰ ਜ਼ਖ਼ਮੀਆਂ ਨੂੰ ਨੇਰਚੌਕ ਦੇ ਮੈਡੀਕਲ ਕਾਲਜ ਵਿੱਚ ਰੈਫਰ ਕੀਤਾ ਗਿਆ ਹੈ, ਜਦੋਂ ਕਿ ਪੰਜ ਪੀੜਤਾਂ ਨੂੰ ਇਲਾਜ ਲਈ ਮੰਡੀ ਦੇ ਸਿਵਲ ਹਸਪਤਾਲ ਗੋਹਰ ਵਿੱਚ ਦਾਖਲ ਕਰਵਾਇਆ ਗਿਆ ਹੈ। ਮੰਡੀ ਦੇ ਐੱਸ.ਪੀ. ਸਾਕਸ਼ੀ ਵਰਮਾ ਨੇ ਦੱਸਿਆ ਕਿ ਇਸ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਲਈ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਜਾਂਚ ਕੀਤੀ ਜਾ ਰਹੀ ਹੈ।

# ਦੇਸ਼ ਭਗਤ ਯੂਨੀਵਰਸਿਟੀ ਦੇ ਵਿਦਿਆਰਥੀ ਦੀ ਏਸ਼ੀਅਨ ਪਾਵਰਲਿਫਟਿੰਗ ਚੈਂਪੀਅਨਸ਼ਿਪ 'ਚ ਭਾਰਤ ਦੀ ਨੁਮਾਇੰਦਗੀ ਲਈ ਚੋਣ



ਮੰਡੀ ਗੋਬਿੰਦਗੜ੍ਹ, 1 ਅਗਸਤ (ਅੰਮ੍ਰਿਤਪਾਲ ਸਿੰਘ): ਦੇਸ਼ ਭਗਤ ਯੂਨੀਵਰਸਿਟੀ ਆਪਣੇ ਇੱਕ ਚਮਕਦੇ ਸਿਤਾਰੇ ਦੀ ਇੱਕ ਸ਼ਾਨਦਾਰ ਪ੍ਰਾਪਤੀ ਦਾ ਐਲਾਨ ਕਰਦੇ ਹੋਏ ਬਹੁਤ ਮਾਣ ਮਹਿਸੂਸ ਕਰ ਰਹੀ ਹੈ। ਇਸ ਦੇ ਬੀਪੀਈਐਸ, ਤੀਜੇ ਸਮੈਸਟਰ ਦੇ ਵਿਦਿਆਰਥੀ ਪਵਨ ਰਾਜਪੂਤ ਨੂੰ 2025 ਵਿੱਚ ਤੁਰਕੀ ਵਿੱਚ ਹੋਣ ਵਾਲੀ ਵੱਕਾਰੀ ਏਸ਼ੀਅਨ ਪਾਵਰਲਿਫਟਿੰਗ ਚੈਂਪੀਅਨਸ਼ਿਪ ਵਿੱਚ ਭਾਰਤ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਗਿਆ ਹੈ। ਇੱਥੇ ਜ਼ਿਕਰਯੋਗ ਹੈ ਕਿ ਪਵਨ ਰਾਜਪੂਤ ਨੇ ਖੇਡਾਂ ਦੇ ਖੇਤਰ ਵਿੱਚ ਲਗਾਤਾਰ ਉੱਤਮਤਾ ਦਾ ਪ੍ਰਦਰਸ਼ਨ ਕੀਤਾ ਹੈ। ਉਹ ਦੋ ਵਾਰ ਰਾਸ਼ਟਰੀ ਗੋਲਡ ਮੈਡਲਿਸਟ ਹੈ, ਜਿਸ ਨੇ 2025 ਵਿੱਚ ਕੋਲਹਾਪੁਰ, ਮਹਾਰਾਸ਼ਟਰ ਤੇ ਦਾਵਾਂਗੇਰੇ, ਕਰਨਾਟਕ ਵਿੱਚ ਹੋਏ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਉੱਚ ਸਨਮਾਨ ਪ੍ਰਾਪਤ ਕੀਤੇ ਹਨ। ਆਪਣੇ ਰਿਕਾਰਡ ਵਿੱਚ ਹੋਰ ਸ਼ਾਨ ਜੋੜਦੇ ਹੋਏ, ਉਸ ਨੇ ਕਸ਼ਮੀਰ ਯੂਨੀਵਰਸਿਟੀ ਵਿੱਚ ਆਯੋਜਿਤ ਆਈਯੂ ਚੈਂਪੀਅਨਸ਼ਿਪ 2025 ਵਿੱਚ ਚਾਂਦੀ ਦਾ ਤਗਮਾ ਵੀ ਜਿੱਤਿਆ। ਦੇਸ਼ ਭਗਤ ਯੂਨੀਵਰਸਿਟੀ ਪਵਨ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਬਹੁਤ ਮਾਣ ਕਰਦੀ ਹੈ ਤੇ ਆਉਣ ਵਾਲੀ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਲਈ ਦਿਲੋਂ ਵਧਾਈਆਂ ਤੇ ਸ਼ੁਭਕਾਮਨਾਵਾਂ ਦਿੰਦੀ ਹੈ। ਇਸ ਮਾਣਮੱਤੇ ਮੌਕੇ 'ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਅਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਪਵਨ ਰਾਜਪੂਤ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਦਿਲੋਂ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੇਸ਼ ਭਗਤ ਯੂਨੀਵਰਸਿਟੀ ਆਪਣੇ ਵਿਦਿਆਰਥੀਆਂ ਦੇ ਸਮੁੱਚੇ ਤੇ ਸੰਪੂਰਨ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਪਣੇ ਐਥਲੀਟਾਂ ਦੇ ਪਿੱਛੇ ਮਜ਼ਬੂਤੀ ਨਾਲ ਖੜ੍ਹੀ ਹੈ, ਇਹ ਯਕੀਨੀ ਬਣਾਉਂਦੀ ਹੈ ਕਿ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਲਈ ਲੋੜੀਂਦਾ ਸਮਰਥਨ ਤੇ ਸਰੋਤ ਮਿਲਣ। ਉਨ੍ਹਾਂ ਕਿਹਾ ਕਿ ਅਸੀਂ ਪਵਨ ਰਾਜਪੂਤ ਨੂੰ ਆਉਣ ਵਾਲੀ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਲਈ ਬਹੁਤ-ਬਹੁਤ ਸ਼ੁਭਕਾਮਨਾਵਾਂ ਦਿੰਦੇ ਹਾਂ ਤੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਚਮਕਦੇ ਦੇਖਣ ਦੀ ਉਮੀਦ ਕਰਦੇ ਹਾਂ।

# ਸੱਚਖੰਡ ਵਾਸੀ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਯਾਦ 'ਚ ਗੁਰਮਤਿ ਸਮਾਗਮ ਕਰਵਾਇਆ

ਸ੍ਰੀ ਅਨੰਦਪੁਰ ਸਾਹਿਬ, 1 ਅਗਸਤ (ਤਰਲੋਚਨ ਸਿੰਘ): ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਵਾਸੀ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਉਨ੍ਹਾਂ ਦੇ ਪਰਿਵਾਰ ਵੱਲੋਂ ਉਨ੍ਹਾਂ ਨਿੱਘੀ ਮਿੱਠੀ ਯਾਦ ਵਿੱਚ ਆਪਣੇ ਗ੍ਰਹਿ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਦੀਵਾਨ ਸਜਾਇਆ ਗਿਆ। ਜਿਸ ਵਿੱਚ ਭਾਈ ਹਰਜੋਤ ਸਿੰਘ ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਕੀਰਤਨੀ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ। ਇਸ ਮੌਕੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੋਲਦਿਆਂ ਕਿਹਾ ਕਿ ਮਿੱਠ ਬੋਲੜੇ ਸੁਭਾਅ ਦੇ ਮਾਲਕ ਗਿਆਨੀ ਤਰਲੋਚਨ ਸਿੰਘ ਜੀ ਵੱਲੋਂ ਪੰਥ ਨੂੰ ਦਿੱਤੀਆਂ ਵਡਮੁੱਲੀਆਂ ਸੇਵਾਵਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਜਥੇਦਾਰ



ਗਿਆਨੀ ਸੁਲਤਾਨ ਸਿੰਘ, ਸਾਬਕਾ ਸਪੀਕਰ ਰਾਣਾ ਕੇਪੀ ਸਿੰਘ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ, ਸ਼੍ਰੋਮਣੀ ਕਮੇਟੀ ਮੈਂਬਰ ਦਲਜੀਤ ਸਿੰਘ ਭਿੰਡਰ, ਸ਼੍ਰੋਮਣੀ ਕਮੇਟੀ ਮੈਂਬਰ ਅਜਮੇਰ ਸਿੰਘ ਖੇੜਾ, ਮੈਨੇਜਰ ਗੁਰਦੀਪ ਸਿੰਘ ਕੰਗ, ਭਾਈ ਸੁਖਵਿੰਦਰ ਸਿੰਘ ਸਾਬਕਾ ਕਾਰਜਕਾਰੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਭਾਈ ਹਰਜੀਤ ਸਿੰਘ, ਜ਼ਿਲ੍ਹਾ ਰੂਪਨਗਰ ਦੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦਰਬਾਰਾ ਸਿੰਘ ਬਾਲਾ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਗੁਰਿੰਦਰ ਸਿੰਘ ਗੋਗੀ, ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਪ੍ਰਿਤਪਾਲ ਸਿੰਘ ਗੰਡਾ, ਕਮਲਦੇਵ ਜੋਸ਼ੀ, ਜਥੇਦਾਰ ਮੋਹਨ ਸਿੰਘ ਢਾਹੇ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਾਮ ਸਿੰਘ, ਐਡਵੋਕੇਟ ਜਸਵਿੰਦਰ ਸਿੰਘ ਢਿੱਲੋਂ, ਸੁਖਬੀਰ ਸਿੰਘ ਜਿੰਦਬੜੀ, ਹਰਤੇਗਬੀਰ ਸਿੰਘ ਤੇਗੀ, ਕੁਲਦੀਪ ਸਿੰਘ ਬੰਗਾ, ਖੁਸ਼ਹਾਲ ਸਿੰਘ ਬਰਵਾਲ ਸਮੇਤ ਵੱਡੀ ਗਿਣਤੀ 'ਚ ਇਲਾਕੇ ਦੀਆਂ ਨਾਮਵਰ ਸ਼ਖ਼ਸੀਅਤਾਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ। ਅੰਤ ਵਿੱਚ ਉਨ੍ਹਾਂ ਦੇ ਵੱਡੇ ਭਰਾਤਾ ਬਾਬਾ ਜਰਨੈਲ ਸਿੰਘ ਤੇ ਬੇਟੇ ਐਡਵੋਕੇਟ ਹਰਦੇਵ ਸਿੰਘ ਐਡੀਸ਼ਨਲ ਮੈਨੇਜਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# ਰੂਸ ਦਾ ਦਾਅਵਾ: ਪੂਰਬੀ ਯੂਕ੍ਰੇਨ ਦੇ ਮੁੱਖ ਸ਼ਹਿਰ ਚਾਸੀਵ ਯਾਰ 'ਤੇ ਕਬਜ਼ਾ

ਕੀਵ/ਯੂਕਰੇਨ, 1 ਅਗਸਤ (ਚ.ਨ.ਸ): ਰੂਸ ਨੇ ਦਾਅਵਾ ਕੀਤਾ ਹੈ ਕਿ ਉਸ ਦੀਆਂ ਫੌਜਾਂ ਨੇ ਪੂਰਬੀ ਯੂਕਰੇਨ ਦੇ ਰਣਨੀਤਕ ਤੌਰ 'ਤੇ ਅਹਿਮ ਸ਼ਹਿਰ ਚਾਸੀਵ ਯਾਰ 'ਤੇ ਕਬਜ਼ਾ ਕਰ ਲਿਆ ਹੈ। ਇਹ ਕਬਜ਼ਾ ਖੇਤਰ ਵਿੱਚ ਲਗਭਗ 18 ਮਹੀਨਿਆਂ ਦੀ ਭਿਆਨਕ ਲੜਾਈ ਤੋਂ ਬਾਅਦ ਹੋਇਆ ਹੈ। ਹਾਲਾਂਕਿ, ਯੂਕਰੇਨੀ ਫੌਜ ਨੇ ਸ਼ਹਿਰ ਦੇ ਪੂਰੀ ਤਰ੍ਹਾਂ ਹੱਥੋਂ ਨਿਕਲ ਜਾਣ ਤੋਂ ਇਨਕਾਰ ਕੀਤਾ ਹੈ ਪਰ ਇਹ ਮੰਨਿਆ ਹੈ ਕਿ ਰੂਸੀ ਫੌਜਾਂ ਨੇ ਚਾਸੀਵ ਯਾਰ ਦੇ ਨੇੜੇ ਦੇ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਰੂਸੀ ਰੱਖਿਆ ਮੰਤਰਾਲੇ ਨੇ ਡਰੋਨ ਫੁਟੇਜ ਜਾਰੀ ਕਰਕੇ ਸ਼ਹਿਰ ਦੇ ਕਈ ਹਿੱਸਿਆਂ ਵਿੱਚ ਆਪਣੇ ਸੈਨਿਕਾਂ ਨੂੰ ਦਿਖਾਇਆ ਹੈ। ਜੇਕਰ ਇਸ ਕਬਜ਼ੇ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਇਹ ਰੂਸ ਲਈ ਇੱਕ ਵੱਡੀ ਰਣਨੀਤਕ ਜਿੱਤ ਹੋਵੇਗੀ, ਜਿਸ ਨਾਲ ਉਹ ਡੋਨੇਟਸਕ ਖੇਤਰ ਦੇ ਹੋਰ ਵੱਡੇ ਸ਼ਹਿਰਾਂ ਜਿਵੇਂ ਕਿ ਸਲੋਵੀਆਂਸਕ, ਕ੍ਰਾਮੇਟੋਰਸਕ ਅਤੇ ਕੋਸਟਯੰਤੀਨੀਵਕਾ ਲਈ ਖ਼ਤਰਾ ਪੈਦਾ ਕਰ ਸਕਦਾ ਹੈ। ਇਸ ਦੌਰਾਨ, ਰੂਸ ਨੇ ਰਾਜਧਾਨੀ ਕੀਵ 'ਤੇ ਵੀ ਇੱਕ ਵੱਡਾ ਮਿਜ਼ਾਈਲ ਅਤੇ ਡਰੋਨ ਹਮਲਾ ਕੀਤਾ, ਜਿਸ ਵਿੱਚ ਘੱਟੋ-ਘੱਟ 28 ਲੋਕਾਂ ਦੀ ਮੌਤ ਹੋ ਗਈ।

# ਆਸਟ੍ਰੇਲੀਆ ਨੇ ਲੱਖਾਂ ਲੋਕਾਂ ਦੇ ਅਰਬਾਂ ਡਾਲਰ ਦੇ ਵਿਦਿਆਰਥੀ ਕਰਜ਼ੇ ਮੁਆਫ਼ ਕੀਤੇ

ਸਿਡਨੀ, 1 ਅਗਸਤ (ਚ.ਨ.ਸ): ਆਸਟ੍ਰੇਲੀਆ ਦੀ ਸੰਸਦ ਨੇ ਇੱਕ ਇਤਿਹਾਸਕ ਕਾਨੂੰਨ ਪਾਸ ਕੀਤਾ ਹੈ, ਜਿਸ ਤਹਿਤ ਲਗਭਗ 30 ਲੱਖ ਨਾਗਰਿਕਾਂ ਦੇ 16 ਬਿਲੀਅਨ ਆਸਟ੍ਰੇਲੀਆਈ ਡਾਲਰ (ਲਗਭਗ 10.31 ਬਿਲੀਅਨ ਅਮਰੀਕੀ ਡਾਲਰ) ਦੇ ਵਿਦਿਆਰਥੀ ਕਰਜ਼ੇ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਹ ਕਾਨੂੰਨ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਦੀ ਲੇਬਰ ਪਾਰਟੀ ਦੇ ਮੁੱਖ ਚੋਣ ਵਾਅਦਿਆਂ ਵਿੱਚੋਂ ਇੱਕ ਸੀ, ਜਿਸਦਾ ਉਦੇਸ਼ ਵੱਧ ਰਹੀ ਮਹਿੰਗਾਈ ਅਤੇ ਜੀਵਨ ਦੀ ਲਾਗਤ ਤੋਂ ਨੌਜਵਾਨਾਂ ਨੂੰ ਰਾਹਤ ਦੇਣਾ ਹੈ। ਪ੍ਰਧਾਨ ਮੰਤਰੀ ਅਲਬਾਨੀਜ਼ ਨੇ ਕਿਹਾ ਕਿ ਸਿੱਖਿਆ ਪ੍ਰਾਪਤ ਕਰਨ ਦਾ ਮਤਲਬ ਜ਼ਿੰਦਗੀ ਭਰ ਦਾ ਕਰਜ਼ਾ ਨਹੀਂ ਹੋਣਾ ਚਾਹੀਦਾ। ਇਸ ਕਾਨੂੰਨ ਤਹਿਤ ਔਸਤਨ 27,600 ਆਸਟ੍ਰੇਲੀਅਨ ਡਾਲਰ ਦਾ ਕਰਜ਼ਾ ਲੈਣ ਵਾਲੇ ਇੱਕ ਯੂਨੀਵਰਸਿਟੀ ਗ੍ਰੈਜੂਏਟ ਦਾ 5,520 ਆਸਟ੍ਰੇਲੀਅਨ ਡਾਲਰ ਦਾ ਕਰਜ਼ਾ ਮੁਆਫ਼ ਹੋ ਜਾਵੇਗਾ। ਇਹ ਕਾਨੂੰਨ 1 ਜੂਨ, 2025 ਤੋਂ ਲਾਗੂ ਹੋਵੇਗਾ।

# ਅਮਰੀਕਾ ਨੇ ਈਰਾਨ ਨਾਲ ਵਪਾਰ ਦੇ ਦੋਸ਼ ਹੇਠ 8 ਭਾਰਤੀ ਕੰਪਨੀਆਂ ਤੇ 5 ਨਾਗਰਿਕਾਂ 'ਤੇ ਲਗਾਈਆਂ ਪਾਬੰਦੀਆਂ

ਵਾਸ਼ਿੰਗਟਨ, 1 ਅਗਸਤ (ਚ.ਨ.ਸ): ਅਮਰੀਕਾ ਨੇ ਈਰਾਨ ਨਾਲ ਸਬੰਧਤ ਪਾਬੰਦੀਆਂ ਦੀ ਤਾਜ਼ਾ ਕਾਰਵਾਈ ਦੇ ਹਿੱਸੇ ਵਜੋਂ 8 ਭਾਰਤ-ਅਧਾਰਤ ਕੰਪਨੀਆਂ ਤੇ 5 ਭਾਰਤੀ ਨਾਗਰਿਕਾਂ 'ਤੇ ਪਾਬੰਦੀਆਂ ਲਗਾ ਦਿੱਤੀਆਂ ਹਨ। ਇਹ ਕਾਰਵਾਈ ਉਨ੍ਹਾਂ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਂਦੀ ਹੈ ਜੋ ਈਰਾਨੀ ਤੇਲ, ਪੈਟਰੋਲੀਅਮ ਉਤਪਾਦਾਂ ਅਤੇ ਪੈਟਰੋਕੈਮੀਕਲ ਦੇ ਵਪਾਰ ਵਿੱਚ ਸ਼ਾਮਲ ਹਨ। ਜਿਨ੍ਹਾਂ ਭਾਰਤੀ ਕੰਪਨੀਆਂ 'ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਵਿੱਚ ਚੇਨਈ ਦੀ ਕੰਚਨ ਪੋਲੀਮਰ ਤੇ ਮੁੰਬਈ ਦੀਆਂ ਪੰਜ ਫਰਮਾਂ-ਅਲਕੈਮੀਕਲ ਸਲਿਊਸ਼ਨਜ਼, ਰਮਨਿਕਲਾਲ ਐਸ ਗੋਸਾਲੀਆ ਐਂਡ ਕੰਪਨੀ, ਜੁਪੀਟਰ ਡਾਈ ਕੈਮ, ਗਲੋਬਲ ਇੰਡਸਟਰੀਅਲ ਕੈਮੀਕਲਜ਼ ਅਤੇ ਪਰਸਿਸਟੈਂਟ ਪੈਟਰੋਕੈਮ ਸ਼ਾਮਲ ਹਨ। ਇਨ੍ਹਾਂ 'ਤੇ ਲੱਖਾਂ ਡਾਲਰ ਦੇ ਈਰਾਨੀ ਪੈਟਰੋਕੈਮੀਕਲ ਆਯਾਤ ਕਰਨ ਦਾ ਦੋਸ਼ ਹੈ। ਇਸ ਤੋਂ ਇਲਾਵਾ ਮੁੰਬਈ ਦੀ ਏਨਸਾ ਸ਼ਿਪ ਮੈਨੇਜਮੈਂਟ ਅਤੇ ਸੂਰਤ ਦੀ ਸ਼੍ਰੀਜੀ ਜੇਮਸ 'ਤੇ ਵੀ ਪਾਬੰਦੀ ਲਗਾਈ ਗਈ ਹੈ। ਇਸ ਕਾਰਵਾਈ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਭਾਰਤ ਵਿੱਚ ਈਰਾਨੀ ਦੂਤਾਵਾਸ ਨੇ ਅਮਰੀਕਾ 'ਤੇ ਆਰਥਿਕ ਸਾਮਰਾਜਵਾਦ ਦਾ ਦੋਸ਼ ਲਗਾਇਆ ਹੈ।

# ਦਲਾਈ ਲਾਮਾ ਚੀਨ ਦੇ ਕਮਿਊਨਿਸਟ ਸ਼ਾਸਨ ਤੋਂ ਵੱਧ ਉਮਰ ਭੋਗਣਗੇ: ਪੇਨਪਾ ਸੇਰਿੰਗ

ਨਾਗਪੁਰ, 1 ਅਗਸਤ (ਚ.ਨ.ਸ): ਕੇਂਦਰੀ ਤਿੱਬਤੀ ਪ੍ਰਸ਼ਾਸਨ (ਸੀਟੀਏ) ਦੇ ਸਿਕਯੋਂਗ (ਪ੍ਰਧਾਨ ਮੰਤਰੀ) ਪੇਨਪਾ ਸੇਰਿੰਗ ਨੇ ਉਮੀਦ ਜਤਾਈ ਹੈ ਕਿ ਪਰਮ ਪਵਿੱਤਰ ਦਲਾਈ ਲਾਮਾ ਚੀਨ ਦੇ ਕਮਿਊਨਿਸਟ ਸ਼ਾਸਨ ਤੋਂ ਵੱਧ ਲੰਬੀ ਉਮਰ ਭੋਗਣਗੇ। ਉਨ੍ਹਾਂ ਕਿਹਾ ਕਿ ਦਲਾਈ ਲਾਮਾ ਨੇ ਖੁਦ ਕਿਹਾ ਹੈ ਕਿ ਉਹ 130 ਸਾਲ ਤੋਂ ਵੱਧ ਜਿਊਣ ਦੀ ਉਮੀਦ ਕਰਦੇ ਹਨ। ਇਸ ਲਈ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਉੱਤਰਾਧਿਕਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਕਿਉਂਕਿ ਨਵਾਂ ਅਧਿਆਤਮਿਕ ਆਗੂ ਸਿਰਫ਼ ਪੁਨਰਜਨਮ ਰਾਹੀਂ ਹੀ ਆਵੇਗਾ, ਜੋ ਕਿ ਮੌਤ ਤੋਂ ਬਾਅਦ ਹੁੰਦਾ ਹੈ। ਸ੍ਰੀ ਸੇਰਿੰਗ ਨੇ ਦੱਸਿਆ ਕਿ ਸੀਟੀਏ ਪਹਿਲਾਂ ਹੀ ਦੁਨੀਆ ਭਰ ਦੀਆਂ ਤਿੱਬਤੀ ਸੰਸਥਾਵਾਂ ਅਤੇ ਬੋਧੀ ਸੰਸਾਰ ਤੋਂ ਨਵੇਂ ਨੇਤਾ ਦੀ ਚੋਣ ਲਈ ਪੁਨਰਜਨਮ ਦੀ ਪ੍ਰਕਿਰਿਆ ਦੀ ਪੁਸ਼ਟੀ 'ਤੇ ਮਤੇ ਇਕੱਠੇ ਕਰ ਰਿਹਾ ਹੈ। ਉਹ ਮਹਾਰਾਸ਼ਟਰ ਦੇ ਗੋਂਡੀਆ ਜ਼ਿਲ੍ਹੇ ਵਿੱਚ ਸਥਿਤ ਇਕਲੌਤੀ ਤਿੱਬਤੀ ਬਸਤੀ ਗੋਥਾਨਗਾਓਂ ਦੇ ਦੌਰੇ 'ਤੇ ਹਨ।

# ਅਮਲੋਹ ਦੇ ਹਰ ਵਾਰਡ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਵਿਕਾਸ ਕੰਮਾਂ 'ਚ ਤੇਜ਼ੀ ਲਿਆਂਦੀ ਜਾਵੇਗੀ: ਗੈਰੀ ਬੜਿੰਗ



ਅਮਲੋਹ, 1 ਅਗਸਤ (ਜਸਵੰਤ ਸਿੰਘ): ਅਮਲੋਹ ਸ਼ਹਿਰ ਦੇ ਹਰ ਵਾਰਡ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਅਤੇ ਆਉਣ ਵਾਲੇ ਦਿਨਾਂ ਅੰਦਰ ਸ਼ਹਿਰ ਵਿੱਚ ਵਿਕਾਸ ਕੰਮਾਂ ਦੀ ਤੇਜ਼ੀ ਲਿਆਂਦੀ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਨਗਰ ਕੌਂਸਲ ਦਫ਼ਤਰ ਅਮਲੋਹ ਵਿਖੇ ਕੌਂਸਲਰਾਂ ਅਤੇ ਪਾਰਟੀ ਦੇ ਨੁਮਾਇੰਦਿਆਂ ਨਾਲ ਸ਼ਹਿਰ ਦੇ ਵਿਕਾਸ ਕੰਮਾਂ ਬਾਰੇ ਅਹਿਮ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਦਾ ਵੱਡੀ ਪੱਧਰ 'ਤੇ ਵਿਕਾਸ ਕਰਵਾਇਆ ਜਾ ਰਿਹਾ ਹੈ ਅਤੇ ਹਲਕਾ ਅਮਲੋਹ ਦੇ ਵਿਕਾਸ ਲਈ ਵੀ ਹਰ ਤਰ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮਲੋਹ ਸ਼ਹਿਰ ਵਿੱਚ ਹੋਣ ਵਾਲੇ ਵਿਕਾਸ ਦੇ ਕੰਮਾਂ ਬਾਰੇ ਵੇਰਵਾ ਮੰਗਿਆ ਗਿਆ ਹੈ, ਜਿਸ ਤਹਿਤ ਪੰਜਾਬ ਦੀ ਆਪ ਸਰਕਾਰ ਪਾਸੋਂ ਵੱਡੀ ਰਾਸ਼ੀ ਲਿਆ ਕੇ ਕੰਮਾਂ ਦੀ ਸ਼ੁਰੂਆਤ ਕਰਵਾਈ ਜਾਵੇਗੀ ਤਾਂ ਕਿ ਅਮਲੋਹ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਸਕੇ। ਇਸ ਮੌਕੇ 'ਤੇ ਨਗਰ ਕੌਂਸਲ ਅਮਲੋਹ ਦੇ ਪ੍ਰਧਾਨ ਸਿਕੰਦਰ ਸਿੰਘ ਗੋਗੀ, ਸੀਨੀਅਰ ਮੀਤ ਪ੍ਰਧਾਨ ਵਿੱਕੀ ਮਿੱਤਲ, ਸੀਨੀਅਰ ਆਗੂ ਦਰਸ਼ਨ ਸਿੰਘ ਚੀਮਾ, ਮੀਤ ਪ੍ਰਧਾਨ ਜਗਤਾਰ ਸਿੰਘ, ਈਓ ਚੇਤਨ ਸ਼ਰਮਾ, ਕੌਂਸਲਰ ਅਤੁੱਲ ਲੁਟਾਵਾ, ਕੌਂਸਲਰ ਲਵਪ੍ਰੀਤ ਸਿੰਘ, ਸਨੀ ਮਾਹੀ, ਪਾਲੀ ਅਰੋੜਾ, ਕੌਂਸਲਰ ਜਸਵਿੰਦਰ ਸਿੰਘ ਬਿੰਦਰ, ਮੋਨੀ ਪੰਡਤ ਆਦਿ ਮੌਜੂਦ ਸਨ।

# 86ਵੇਂ ਸ਼ਹੀਦੀ ਦਿਹਾੜੇ 'ਤੇ ਸ਼ਹੀਦ ਊਧਮ ਸਿੰਘ ਨੂੰ ਭੇਟ ਕੀਤੀ ਸ਼ਰਧਾਂਜਲੀ

ਫਿਰੋਜ਼ਪੁਰ, 1 ਅਗਸਤ (ਤਿਵਾੜੀ): ਦੇਸ਼ ਦੇ ਮਹਾਨ ਇਨਕਲਾਬੀ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਹਾੜੇ 'ਤੇ ਵੀਰਵਾਰ ਨੂੰ ਫਿਰੋਜ਼ਪੁਰ ਵਿਖੇ ਵੱਖ ਵੱਖ ਜਥੇਬੰਦੀਆਂ ਤੇ ਕਈ ਸਮਾਜਿਕ ਧਾਰਮਿਕ ਅਤੇ ਸਮਾਜ ਸੇਵੀ ਸ਼ਖਸੀਅਤਾਂ ਵੱਲੋਂ ਸ਼ਹੀਦੇ ਆਜ਼ਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ



ਸਭ ਤੋਂ ਪਹਿਲਾਂ ਸ਼ਹੀਦ ਊਧਮ ਸਿੰਘ ਦੀ ਸੋਚ ਨੂੰ ਪ੍ਰਣਾਈ ਸੰਸਥਾ ਸ਼ਹੀਦ ਊਧਮ ਸਿੰਘ ਮੈਮੋਰੀਅਲ ਕਮੇਟੀ ਫਿਰੋਜ਼ਪੁਰ ਦੇ ਆਗੂਆਂ ਤੇ ਮੈਂਬਰਾਂ ਵੱਲੋਂ ਸ਼ਹੀਦੇ ਆਜ਼ਮ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਪਹਿਲੋਂ ਸੰਗਤਾਂ ਵੱਲੋਂ ਸਵੇਰੇ 11 ਸਥਾਨਕ ਸ਼ਹੀਦ ਊਧਮ ਸਿੰਘ ਚੌਕ ਪਹੁੰਚ ਕੇ ਸ਼ਹੀਦ ਦੇ ਬੁੱਤ 'ਤੇ ਫੁੱਲ ਮਾਲਾ ਪਾਈਆਂ ਗਈਆਂ। ਇਸ ਮੌਕੇ ਵੱਖ ਵੱਖ ਸਮਾਜਿਕ, ਧਾਰਮਿਕ ਤੇ ਸਮਾਜ ਸੇਵੀ ਸ਼ਖ਼ਸੀਅਤਾਂ ਨੇ ਸ਼ਹੀਦੇ ਆਜ਼ਮ ਨੂੰ ਸਿਜਦਾ ਕੀਤਾ। ਇਸ ਮੌਕੇ ਐਡਵੋਕੇਟ ਬਲਜੀਤ ਸਿੰਘ ਕੰਬੋਜ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਲੰਡਨ ਵਿਚ ਮਾਈਕਲ ਓ ਡਵਾਇਰ ਦੀ ਹੱਤਿਆ ਕਰਕੇ 1919 ਦੇ ਜਲਿਆਂ ਵਾਲਾ ਬਾਗ ਕਤਲੇਆਮ ਦਾ ਬਦਲਾ ਲਿਆ ਸੀ। 31 ਜੁਲਾਈ 1940 ਨੂੰ ਉਨ੍ਹਾਂ ਨੂੰ ਲੰਡਨ ਦੇ ਪੈਂਟਨਵਿਲਾ ਜੇਲ੍ਹ ਵਿਚ ਫਾਂਸੀ ਦਿੱਤੀ ਗਈ। ਉਨ੍ਹਾਂ ਦੀ ਇਹ ਕੁਰਬਾਨੀ ਨਾ ਸਿਰਫ ਪੰਜਾਬੀ, ਸਗੋਂ ਸਾਰੀ ਦੁਨੀਆ ਦੇ ਅਜ਼ਾਦੀ ਪਸੰਦ ਲੋਕਾਂ ਲਈ ਪ੍ਰੇਰਣਾ ਦਾ ਸਰੋਤ ਬਣੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਸ ਮੌਕੇ ਐਡਵੋਕੇਟ ਬਲਜੀਤ ਸਿੰਘ ਕੰਬੋਜ, ਪਰਮਿੰਦਰ ਸਿੰਘ ਥਿੰਦ, ਸੁੱਚਾ ਸਿੰਘ ਟਿੱਬੀ ਚੇਅਰਮੈਨ, ਗੁਰਭੇਜ ਸਿੰਘ ਟਿੱਬੀ, ਜਸਬੀਰ ਸਿੰਘ ਜੋਸ਼ਨ, ਬਲਵਿੰਦਰ ਸਿੰਘ ਕਮੱਗਰ, ਦਵਿੰਦਰ ਸਿੰਘ ਕਮੱਗਰ, ਜਰਨੈਲ ਸਿੰਘ ਸਰਪੰਚ, ਚੰਨਣ ਸਿੰਘ ਕਮੱਗਰ, ਕਸ਼ਮੀਰ ਸਿੰਘ ਕਮੱਗਰ, ਜੋਗਿੰਦਰ ਸਿੰਘ ਨੂਰਪੁਰ ਸੇਠਾਂ, ਪਲਵਿੰਦਰ ਸਿੰਘ ਖੁੱਲਰ, ਹਰਜਿੰਦਰ ਸਿੰਘ ਖਾਲਸਾ, ਸੁੰਦਰ ਲਾਲ ਰੁਕਨਾ ਮੂੰਗਲਾ, ਅੰਗਰੇਜ਼ ਸਿੰਘ ਭੁੱਲਰ, ਮਨਜੀਤ ਸਿੰਘ ਲੁੰਬੜੀਵਾਲਾ, ਰਣਬੀਰ ਸਿੰਘ ਰਾਣਾ ਦੁਲਚੀ ਕੇ, ਦਰਸ਼ਨ ਸਿੰਘ ਢੋਟ, ਪੰਡਿਤ ਅੰਸ਼ੂ ਦੇਵਗਨ, ਜੀਵਨ ਸ਼ਰਮਾ, ਰਮੇਸ਼ ਕੁਮਾਰ ਨੂਰਪੁਰ ਸੇਠਾਂ, ਮੱਖਣ ਚੰਦ ਹਾਂਡ, ਜੋਗਰਾਜ ਸਿੰਘ ਨਾਗਪਾਲ, ਪ੍ਰੋਫੈਸਰ ਬੋਹੜ ਸਿੰਘ, ਤਰਸੇਮ ਸਿੰਘ ਚਾਨਣਾ ਆਦਿ ਹਾਜ਼ਰ ਸਨ।

# ਰਿਮਟ ਯੂਨੀਵਰਸਿਟੀ ਨੇ ਬਾਇਓਮੈਡੀਕਲ ਖੋਜ ਨੂੰ ਅੱਗੇ ਵਧਾਉਣ ਲਈ ਪ੍ਰਵਾਨਿਤ ਪਸ਼ੂ ਘਰ ਸਹੂਲਤ ਦਾ ਕੀਤਾ ਉਦਘਾਟਨ

ਮੰਡੀ ਗੋਬਿੰਦਗੜ੍ਹ, 1 ਅਗਸਤ (ਸੂਦ): ਰਿਮਟ ਯੂਨੀਵਰਸਿਟੀ ਨੇ ਆਪਣੀ ਨਵੀਂ ਸਥਾਪਿਤ ਸੀਸੀਐਸਈਏ-ਪ੍ਰਵਾਨਿਤ ਪਸ਼ੂ ਘਰ ਸਹੂਲਤ ਦਾ ਉਦਘਾਟਨ ਕੀਤਾ, ਜੋ ਕਿ ਬਾਇਓਮੈਡੀਕਲ ਤੇ ਫਾਰਮਾਸਿਊਟੀਕਲ ਖੋਜ ਵਿੱਚ ਉੱਤਮਤਾ ਪ੍ਰਤੀ ਯੂਨੀਵਰਸਿਟੀ ਦੀ ਚੱਲ ਰਹੀ ਵਚਨਬੱਧਤਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਉਦਘਾਟਨ ਸਮਾਰੋਹ ਵਿੱਚ ਡਾ. ਪ੍ਰੋ. ਚਾਂਸਲਰ ਡਾ. ਬੀ.ਐਸ. ਭਾਟੀਆ, ਪ੍ਰੋ. ਵਾਈਸ ਚਾਂਸਲਰ ਡਾ. ਐਸ.ਸੀ. ਸ਼ਰਮਾ ਅਤੇ ਰਜਿਸਟਰਾਰ ਰਾਕੇਸ਼ ਮੋਹਨ ਆਦਿ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਫਾਰਮਾਸਿਊਟੀਕਲ ਸਾਇੰਸਜ਼ ਦੇ ਡੀਨ, ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ, ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਜ਼ ਅਤੇ ਹੋਰ ਵਿਭਾਗਾਂ ਦੇ



ਫੈਕਲਟੀ ਮੈਂਬਰ ਮੌਜੂਦ ਸਨ। ਬੁਲਾਰਿਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਜਾਨਵਰਾਂ 'ਤੇ ਪ੍ਰਯੋਗਾਂ ਦੇ ਨਿਯੰਤਰਣ ਅਤੇ ਨਿਗਰਾਨੀ ਲਈ ਕਮੇਟੀ ਦੁਆਰਾ ਜਾਰੀ ਨਵੀਨਤਮ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਵਿੱਚ ਬਣਾਇਆ ਗਿਆ ਅਤਿ-ਆਧੁਨਿਕ ਸਹੂਲਤ ਅੰਤਰਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਬਾਇਓਮੈਡੀਕਲ, ਫਾਰਮਾਸਿਊਟੀਕਲ ਅਤੇ ਮੈਡੀਕਲ ਵਿਗਿਆਨ ਦੇ ਖੇਤਰਾਂ ਵਿੱਚ ਨੈਤਿਕ, ਉੱਚ-ਪ੍ਰਭਾਵ ਖੋਜ ਦਾ ਸਮਰਥਨ ਕਰਨ ਲਈ ਉੱਨਤ ਬੁਨਿਆਦੀ ਢਾਂਚਾ ਅਤੇ ਆਧੁਨਿਕ ਸਹੂਲਤਾਂ ਦਾ ਮਾਣ ਕਰਦਾ ਹੈ। ਡਾ. ਭਾਟੀਆ ਨੇ ਨਵੀਨਤਾ ਅਤੇ ਵਿਗਿਆਨਕ ਪੁੱਛਗਿੱਛ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਿੱਚ ਇਸ ਸਹੂਲਤ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ। ਇਹ ਖੋਜਕਰਤਾਵਾਂ ਅਤੇ ਵਿਦਵਾਨਾਂ ਨੂੰ ਵਿਸ਼ਵ ਵਿਗਿਆਨਕ ਭਾਈਚਾਰੇ ਵਿੱਚ ਅਰਥਪੂਰਨ ਯੋਗਦਾਨ ਪਾਉਣ ਲਈ ਲੋੜੀਂਦੇ ਸਰੋਤਾਂ ਨਾਲ ਸਸ਼ਕਤ ਬਣਾਉਣ ਵੱਲ ਇੱਕ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਦੀ ਸਥਾਪਨਾ ਪ੍ਰਵਾਨਿਤ ਐਨੀਮਲ ਹਾਊਸ ਉੱਨਤ ਪ੍ਰਯੋਗਾਤਮਕ ਅਧਿਐਨਾਂ ਅਤੇ ਸਹਿਯੋਗੀ ਖੋਜ ਲਈ ਨਵੇਂ ਰਸਤੇ ਖੋਲ੍ਹਦਾ ਹੈ। ਯੂਨੀਵਰਸਿਟੀ ਵਿਖੇ ਖੋਜ ਵਾਤਾਵਰਣ ਪ੍ਰਣਾਲੀ ਨੂੰ ਮਹੱਤਵਪੂਰਨ ਤੌਰ 'ਤੇ ਅਮੀਰ ਬਣਾਉਂਦਾ ਹੈ। ਇਹ ਸਹੂਲਤ ਯੂਨੀਵਰਸਿਟੀ ਦੇ ਅਕਾਦਮਿਕ ਉੱਤਮਤਾ, ਖੋਜ ਤਰੱਕੀ ਅਤੇ ਵਿਗਿਆਨਕ ਪ੍ਰਯੋਗਾਂ ਦੇ ਨੈਤਿਕ ਆਚਰਣ ਪ੍ਰਤੀ ਅਟੁੱਟ ਸਮਰਪਣ ਦੀ ਪੁਸ਼ਟੀ ਕਰਦਾ ਹੈ।

# ਲਾਇਨ ਕਲੱਬ ਗੁਡਵਿਲ ਨੇ ਗਊਸ਼ਾਲਾ ਵਿਖੇ ਸਵਾਮਨੀ ਲਗਵਾਈ




ਜੈਤੋ, 1 ਅਗਸਤ (ਸੰਜੀਵ ਗੋਇਲ/ਵਿਪਨ ਗੋਇਲ): ਲਾਇਨ ਕਲੱਬ ਗੁਡਵਿਲ ਜੈਤੋ ਵੱਲੋਂ ਲਾਇਨ ਹੈਪੀ ਜਿੰਦਲ ਅਤੇ ਲਾਇਨ ਕੁਲਭੂਸ਼ਣ ਸਿੰਗਲਾ ਦੇ ਜਨਮ ਦਿਨ ਮੌਕੇ ਬੇ ਸਹਾਰਾ ਗਊਸ਼ਾਲਾ ਜੈਤੋ ਵਿਖੇ ਸਵਾਮਨੀ ਲਗਾਈ ਗਈ। ਇਸ ਮੌਕੇ ਕਲੱਬ ਦੇ ਸਾਰੇ ਮੈਂਬਰਾਂ ਨੇ ਗਊਮਾਤਾ ਦੀ ਪੂਜਾ ਕਰਕੇ ਆਸ਼ੀਰਵਾਦ ਲਿਆ ਅਤੇ ਗਊਸ਼ਾਲਾ ਵਿੱਚ ਰਹਿ ਰਹੀਆਂ ਗਊਆਂ ਨੂੰ ਚਾਰਾ ਪਾਣੀ ਭੇਟ ਕੀਤਾ। ਲਾਇਨ ਕਲੱਬ ਦੇ ਪ੍ਰਧਾਨ ਲਾਇਨ ਸੰਦੀਪ ਜਿੰਦਲ ਅਤੇ ਲਾਇਨ ਸੂਦਾਂਸ਼ੂ ਜਿੰਦਲ ਨੇ ਦੱਸਿਆ ਕਿਹਾ ਕਿ ਗਊਮਾਤਾ ਦੀ ਸੇਵਾ ਕਰਕੇ ਅਸੀਂ ਅਮਨ, ਖੁਸ਼ਹਾਲੀ ਅਤੇ ਚੰਗੀ ਸਿਹਤ ਦੀ ਕਾਮਨਾ ਕਰਦੇ ਹਾਂ। ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਅਸੀਂ ਆਪਣੇ ਜੀਵਨ ਵਿੱਚ ਧਾਰਮਿਕਤਾ, ਸੇਵਾ ਅਤੇ ਪ੍ਰਕਿਰਤੀ ਪ੍ਰਤੀ ਸਨਮਾਨ ਵਾਲੀ ਸੋਚ ਰੱਖੀਏ ਤਾਂ ਜੋ ਸਮਾਜ ਵਿੱਚ ਸਕਾਰਾਤਮਕ ਬਦਲਾਅ ਆ ਸਕੇ। ਇਸ ਮੌਕੇ ਲਾਇਨ ਕਲੱਬ ਗੁਡਵਿਲ ਜੈਤੋ ਦੇ ਚੇਅਰਮੈਨ ਲਾਇਨ ਪ੍ਰਵੀਨ ਜਿੰਦਲ, ਪ੍ਰਧਾਨ ਲਾਇਨ ਸੰਦੀਪ ਜਿੰਦਲ, ਲਾਇਨ ਸੂਦਾਂਸ਼ੂ ਜਿੰਦਲ, ਲਾਇਨ ਵਿਕਾਸ ਬਾਂਸਲ, ਲਾਇਨ ਰਾਜੂ ਲੂੰਬਾ, ਲਾਇਨ ਹੈਪੀ ਜਿੰਦਲ, ਲਾਇਨ ਅਨਿਲ ਜਿੰਦਲ ਆਦਿ ਮੈਂਬਰ ਹਾਜ਼ਰ ਸਨ।

# ਓਮ ਪ੍ਰਕਾਸ਼ ਬਾਂਸਲ ਸਕੂਲ ਵੱਲੋਂ ਡਿਜ਼ਾਈਨ ਡਿਸਕਵਰੀ ਡੇਅ ਦਾ ਆਯੋਜਨ

ਮੰਡੀ ਗੋਬਿੰਦਗੜ੍ਹ, 1 ਅਗਸਤ (ਸੂਦ): ਓਮ ਪ੍ਰਕਾਸ਼ ਬਾਂਸਲ ਮਾਡਰਨ ਸਕੂਲ ਮੰਡੀ ਗੋਬਿੰਦਗੜ੍ਹ ਦੇ ਟਾਈਟਨਸ ਹਾਲ ਵਿਖੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਪ੍ਰੇਰਨਾਦਾਇਕ ਅਤੇ ਜਾਣਕਾਰੀ ਭਰਪੂਰ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ ਗਿਆ, ਜਿਸ ਦਾ ਸੰਚਾਲਨ ਵਰਲਡ ਯੂਨੀਵਰਸਿਟੀ ਆਫ਼ ਡਿਜ਼ਾਈਨ ਸੋਨੀਪਤ ਦੇ ਉੱਘੇ ਪ੍ਰੋਫੈਸਰ ਹਰਮਿੰਦਰ



ਸਿੰਘ ਜਿਨ੍ਹਾਂ ਕੋਲ ਡਿਜ਼ਾਈਨ ਦੇ ਖੇਤਰ ਵਿੱਚ 22 ਸਾਲਾਂ ਤੋਂ ਵੱਧ ਤਜਰਬਾ ਹੈ, ਨੇ ਕਰਦਿਆਂ ਵਿਦਿਆਰਥੀਆਂ ਨੂੰ ਉਤਪਾਦ ਡਿਜ਼ਾਈਨ, ਦਸਤਕਾਰੀ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਵਰਗੇ ਵਿਸ਼ਿਆਂ 'ਤੇ ਡੂੰਘਾਈ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਰਵਾਇਤੀ ਕਾਰੀਗਰਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਸਰਕਾਰੀ ਏਜੰਸੀਆਂ ਦੇ ਸਹਿਯੋਗ ਨਾਲ ਭਾਰਤ ਦੀ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਲਈ ਟਿਕਾਊ ਡਿਜ਼ਾਈਨ ਹੱਲ ਕਿਵੇਂ ਵਿਕਸਤ ਕੀਤੇ ਹਨ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਲਈ ਸਭ ਤੋਂ ਆਕਰਸ਼ਕ ਜਾਣਕਾਰੀ ਇਹ ਸੀ ਕਿ ਪ੍ਰੋ. ਸਿੰਘ ਨੂੰ ਸੋਨੇ ਅਤੇ ਚਾਂਦੀ 'ਤੇ ਮੀਨਾਕਾਰੀ ਵਿੱਚ ਇੱਕ ਮਾਸਟਰ ਕਾਰੀਗਰ ਵਜੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਹੋਈ ਹੈ। ਉਨ੍ਹਾਂ ਦੀ ਕਲਾ ਨੂੰ ਪੂਰੀ ਦੁਨੀਆ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਡਿਜ਼ਾਈਨ ਸਿਰਫ਼ ਸੁੰਦਰਤਾ ਦਾ ਵਿਸ਼ਾ ਹੀ ਨਹੀਂ ਹੈ ਸਗੋਂ ਸਮਾਜਿਕ ਤਬਦੀਲੀ ਦਾ ਇੱਕ ਸ਼ਕਤੀਸ਼ਾਲੀ ਮਾਧਿਅਮ ਵੀ ਹੋ ਸਕਦਾ ਹੈ। ਸਕੂਲ ਪ੍ਰਿੰਸੀਪਲ ਸੰਗੀਤਾ ਸ਼ਰਮਾ ਨੇ ਕਿਹਾ ਕਿ ਇਸ ਸੈਸ਼ਨ ਨੇ ਵਿਦਿਆਰਥੀਆਂ ਲਈ ਇੱਕ ਨਵੇਂ ਦ੍ਰਿਸ਼ਟੀਕੋਣ ਅਤੇ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹੇ ਹਨ। ਉਨ੍ਹਾਂ ਕਿਹਾ ਕਿ ਸਮਾਗਮ ਨੇ ਨਾ ਸਿਰਫ਼ ਵਿਦਿਆਰਥੀਆਂ ਨੂੰ ਡਿਜ਼ਾਈਨ ਦੇ ਖੇਤਰ ਵਿੱਚ ਉਪਲਬਧ ਵੱਖ-ਵੱਖ ਕਰੀਅਰ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ, ਸਗੋਂ ਉਨ੍ਹਾਂ ਨੂੰ ਆਪਣੇ ਰਚਨਾਤਮਕ ਸੁਪਨਿਆਂ ਨੂੰ ਸਾਕਾਰ ਕਰਨ ਲਈ ਵੀ ਪ੍ਰੇਰਿਤ ਕੀਤਾ।

# ਬ੍ਰਹਮ ਕੁਮਾਰੀ ਦੀਦੀਆਂ ਨੇ ਰੱਖੜੀ ਦਾ ਤਿਉਹਾਰ ਮਨਾਇਆ

ਜ਼ੀਰਾ, 1 ਅਗਸਤ (ਦੀਪਕ ਭਾਰਗੋ): ਪ੍ਰਜਾਪਿਤਾ ਬ੍ਰਹਮਾ ਕੁਮਾਰੀ ਈਸ਼ਵਰੀਆ ਵਿਸ਼ਵਵਿਦਿਆਲਿਆ ਵਿੱਚ ਰੱਖੜੀ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿੱਚ ਪ੍ਰੇਮ ਦੀਦੀ ਪੰਜਾਬ ਜ਼ੋਨ ਇੰਚਾਰਜ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਪ੍ਰੇਮ ਦੀਦੀ ਨੇ ਰੱਖੜੀ ਦੇ ਤਿਉਹਾਰ ਦੇ ਅਧਿਆਤਮਿਕ ਗਿਆਨ ਬਾਰੇ ਚਰਚਾ ਕਰਦੇ ਹੋਏ, ਦੀਦੀ ਨੇ ਕਿਹਾ ਕਿ ਰੱਖੜੀ ਦਾ ਤਿਉਹਾਰ ਭਰਾ ਤੇ ਭੈਣ ਦੇ ਰਿਸ਼ਤੇ ਦੀ ਪਵਿੱਤਰਤਾ ਤੇ ਪਿਆਰ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਮੱਥੇ 'ਤੇ ਸੁਗੰਧਿਤ ਤਿਲਕ ਲਗਾਉਣ ਨਾਲ ਅਧਿਆਤਮਿਕ ਦ੍ਰਿਸ਼ਟੀ, ਰਵੱਈਆ ਤੇ ਕੰਮ ਨੂੰ ਬਣਾਈ ਰੱਖਣ ਦਾ ਸੰਦੇਸ਼ ਮਿਲਦਾ ਹੈ। ਭਗਵਾਨ ਸ਼ਿਵ ਕਹਿੰਦੇ ਹਨ ਕਿ ਪਵਿੱਤਰਤਾ ਖੁਸ਼ੀ ਤੇ ਸ਼ਾਂਤੀ ਦੀ ਮਾਂ ਹੈ। ਉਨ੍ਹਾਂ ਦੱਸਿਆ ਕਿ ਵਰਤਮਾਨ ਸਮੇਂ ਵਿੱਚ, ਮਨੁੱਖਾਂ ਦੇ ਸੰਸਕਾਰਾਂ ਵਿੱਚ ਪੰਜ ਵਿਕਾਰ ਤੇ ਬੁਰੇ ਗੁਣਾਂ ਨੇ ਖੁਸ਼ਹਾਲ ਜੀਵਨ ਦੇ ਪਲਾਂ ਨੂੰ ਘੇਰ ਲਿਆ ਹੈ। ਉਨ੍ਹਾਂ ਦੇ ਬੁਰੇ ਕਾਰਨਾਂ ਕਰਕੇ ਉਹ ਹਮੇਸ਼ਾ ਡਰ ਭਰਿਆ ਜੀਵਨ ਜਿਉਣ ਲਈ ਮਜਬੂਰ ਹਨ। ਇਹ



ਰੱਖੜੀ ਦਾ ਤਿਉਹਾਰ ਸਾਨੂੰ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ ਤੇ ਸੱਭਿਅਤਾ ਦੀ ਯਾਦ ਦਿਵਾਉਂਦਾ ਹੈ। ਇਸ ਮੌਕੇ ਪ੍ਰੇਮ ਦੀਦੀ ਨੇ ਦੱਸਿਆ ਕਿ ਜੀਵਨ ਵਿੱਚ ਭਰਾਵਾਂ ਨੂੰ ਗੁੱਸੇ ਤੇ ਤਣਾਅ ਤੋਂ ਮੁਕਤ ਰਹਿਣ ਲਈ, ਧਿਆਨ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਡਾ. ਰਸ਼ਪਾਲ ਸਿੰਘ ਨੇ ਕਿਹਾ ਕਿ ਬ੍ਰਹਮਾ ਕੁਮਾਰੀ ਸੰਸਥਾ ਲੋਕਾਂ ਨੂੰ ਚੰਗੀਆਂ ਕਦਰਾਂ-ਕੀਮਤਾਂ ਨਾਲ ਜੋੜ ਕੇ ਭਾਰਤੀ ਸੱਭਿਆਚਾਰ ਦੇ ਰੱਖਿਅਕ ਤੇ ਪ੍ਰਚਾਰਕ ਵਜੋਂ ਕੰਮ ਕਰ ਰਹੀ ਹੈ। ਇਸ ਮੌਕੇ ਸ਼ਹਿਰ ਤੋਂ ਆਏ ਸਾਰੇ ਪਤਵੰਤਿਆਂ ਦੇ ਰੱਖੜੀ ਬੰਨ ਕੇ ਤਿਲਕ ਲਗਾ ਕੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਸੰਗੀਤਾ ਦੀਦੀ ਕਮਲਾ ਦੀਦੀ ਵੀਨਾ, ਦੀਦੀ, ਸੀਮਾ ਦੀਦੀ, ਰਿੰਪੀ ਦੀਦੀ, ਕਰਮਜੀਤ ਦੀਦੀ, ਪਿੰਕੀ ਦੀਦੀ, ਸੋਨੂੰ ਦੀਦੀ, ਆਸ਼ਾ ਦੀਦੀ ਤੋਂ ਇਲਾਵਾ ਯੂਥ ਕਾਂਗਰਸੀ ਆਗੂ ਮਹਿਕਦੀਪ ਸਿੰਘ ਜ਼ੀਰਾ, ਨਗਰ ਕੌਂਸਲ ਜ਼ੀਰਾ ਦੇ ਸਾਬਕਾ ਪ੍ਰਧਾਨ ਡਾ. ਰਸ਼ਪਾਲ ਸਿੰਘ, ਕੌਂਸਲਰ ਹਰੀਸ਼ ਤਾਂਗਰਾ, ਵਰਿੰਦਰ ਖੁਰਾਣਾ, ਰਜਿੰਦਰ ਚਰੀਆ, ਤਜਿੰਦਰ ਸਿੰਘ ਡੈਨੀ, ਰਜਿੰਦਰ ਸਿੰਘ, ਚਰਨਪ੍ਰੀਤ ਸਿੰਘ ਸੋਨੂੰ, ਅਸ਼ੋਕ ਕੱਕੜ, ਸੁਖਦੇਵ ਬਿੱਟੂ ਵਿੱਜ, ਮੀਨਾਕਸ਼ੀ ਬਾਂਸਲ, ਕਿਰਨ ਗੌੜ, ਪੂਜਾ ਭਾਰਗਵ, ਰੰਜੂ ਚੋਪੜਾ, ਵਨੀਤਾ ਝਾਂਜੀ, ਰਮਾ ਸ਼ਰਮਾ ਆਦਿ ਹਾਜ਼ਰ ਸਨ।

## ਭਾਰਤ ਦੇ ਸੰਵਿਧਾਨ ਦੀ ਧਾਰਾ-25 ਹਰ ਸਿੱਖ ਨੂੰ 6 ਇੰਚ ਕਿਰਪਾਨ ਰੱਖਣ ਦੀ ਆਗਿਆ ਦਿੰਦੀ ਹੈ: ਤਰਲੋਚਨ ਸਿੰਘ

ਜਲੰਧਰ, 1 ਅਗਸਤ (ਚ.ਨ.ਸ.): ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਅੱਜ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ-25 ਹਰ ਸਿੱਖ ਨੂੰ 6 ਇੰਚ ਕਿਰਪਾਨ ਰੱਖਣ ਦੀ ਆਗਿਆ ਦਿੰਦਾ ਹੈ ਤੇ ਇਸ ਹੁਕਮ ਦੀ ਕੋਈ ਵੀ ਉਲੰਘਣਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਇੱਕ ਵਾਰੀ ਜੈਪੁਰ ਹਵਾਈ ਅੱਡੇ 'ਤੇ ਇੱਕ ਸਿੱਖ ਕਿਰਪਾਨਧਾਰੀ ਨੂੰ ਰੋਕ ਲਿਆ ਗਿਆ ਸੀ ਤਾਂ ਉਸ ਸਮੇਂ ਮੈਂ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਦੁਬਾਰਾ ਹੁਕਮ ਕਢਵਾਇਆ ਕਿ ਕਿਰਪਾਨ ਧਾਰੀ ਸਿੱਖ ਹਵਾਈ ਅੱਡੇ ਤੇ ਭਾਰਤ ਦੇ ਅੰਦਰਲੇ ਹਵਾਈ ਜਹਾਜ਼ਾਂ ਵਿੱਚ ਜਾ ਸਕਦਾ ਹੈ। ਦੱਸਣਯੋਗ ਹੈ ਕਿ ਪਿਛਲੇ ਦਿਨੀਂ ਇੱਕ ਸਿੱਖ ਲੜਕੀ ਨੂੰ ਜੈਪੁਰ ਵਿਖੇ ਜੱਜ ਦਾ ਪੇਪਰ ਦੇਣ ਤੋਂ ਇਸ ਕਰਕੇ ਰੋਕ ਦਿੱਤਾ ਗਿਆ ਕਿਉਂਕਿ ਉਸ ਨੇ ਕਿਰਪਾਨ ਪਾਈ ਹੋਈ ਸੀ। ਉਨ੍ਹਾਂ ਇਸ ਗੱਲ 'ਤੇ ਅਫ਼ਸੋਸ ਪ੍ਰਗਟ ਕੀਤਾ ਕਿ ਅੱਜ ਅਖ਼ਬਾਰਾਂ ਵਿੱਚ ਸਾਰੇ ਸਿੱਖ ਲੀਡਰਾਂ ਵੱਲੋਂ ਰਾਜਸਥਾਨ ਦੇ ਮੁੱਖ ਮੰਤਰੀ ਦਾ ਪ੍ਰਖਿਆ ਵਿੱਚ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਬੈਠਣ ਦੇਣ ਦੇ ਕੀਤਾ ਐਲਾਨ ਦਾ ਇਵੇਂ ਧੰਨਵਾਦ ਕੀਤਾ ਜਾ ਰਿਹਾ ਹੈ, ਜਿਵੇਂ ਕਿ ਇਹ ਬਹੁਤ ਵੱਡੀ ਨਵੀਂ ਪ੍ਰਾਪਤੀ ਹੋਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਅਧਿਕਾਰਾਂ ਬਾਰੇ ਪਤਾ ਹੀ ਨਹੀਂ ਤੇ ਨਾ ਹੀ ਇਸ ਬਾਰੇ ਜ਼ਰੂਰੀ ਕਾਰਵਾਈ ਕਰਦੇ ਹਾਂ। ਉਨ੍ਹਾਂ ਕਿਹਾ ਕਿ ਮੈਂ ਮੁੱਖ ਮੰਤਰੀ ਰਾਜਸਥਾਨ ਨੂੰ ਪੱਤਰ ਲਿੱਖ ਕੇ ਮੰਗ ਕੀਤੀ ਹੈ ਕਿ ਰਾਜਸਥਾਨ ਸਰਕਾਰ ਉਲੰਘਣਾ ਕਰਨ ਵਾਲੇ ਅਫ਼ਸਰ ਨੂੰ ਸਜ਼ਾ ਦੇਵੇ ਤਾਂ ਜੋ ਮੁੜ ਕੇ ਕੋਈ ਹੋਰ ਗਲਤੀ ਨਾ ਕਰੇ। ਉਨ੍ਹਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਵੀ ਪੱਤਰ ਲਿੱਖ ਕੇ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਕਮੇਟੀ ਨੂੰ ਵੀ ਇਸ ਸਬੰਧੀ ਆਦੇਸ਼ ਦੇਣ ਤਾਂ ਜੋ ਆਪਣੇ ਤੇ ਸਿੱਖਾਂ ਦੇ ਮਾਣ ਸਤਿਕਾਰ ਨੂੰ ਕਾਇਮ ਰੱਖ ਸਕਣ।

## ਸ਼ਹੀਦ ਨੇ ਜੇਲ੍ਹ ਤੋਂ ਆਖਰੀ ਪੱਤਰ 'ਚ 'ਗੁਟਕਾ ਸਾਹਿਬ' ਮੰਗਿਆ

ਅੰਮ੍ਰਿਤਸਰ, 1 ਅਗਸਤ (ਚ.ਨ.ਸ): ਜਲ੍ਹਿਆਂਵਾਲਾ ਬਾਗ ਦੇ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜਿਨ੍ਹਾਂ ਨੂੰ 31 ਜੁਲਾਈ, 1940 ਨੂੰ ਯੂ.ਕੇ. ਦੇ ਬ੍ਰਿਕਸਟਨ (ਪੈਂਟਨਵਿਲ) ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਸੀ, ਨੇ ਆਪਣੀ ਫਾਂਸੀ ਤੋਂ ਪਹਿਲਾਂ ਆਪਣੇ ਆਖਰੀ ਹੱਥ ਲਿਖਤ ਪੱਤਰ ਵਿੱਚ 'ਗੁਟਕਾ ਸਾਹਿਬ' (ਸਿੱਖ ਪ੍ਰਾਰਥਨਾ ਪੁਸਤਕ) ਦੀ ਬੇਨਤੀ ਕੀਤੀ ਸੀ। 4 ਜੂਨ ਨੂੰ ਮੁਕੱਦਮਾ ਸ਼ੁਰੂ ਹੋਣ ਤੋਂ ਤਿੰਨ ਦਿਨ ਬਾਅਦ ਲਿਖੀ ਗਈ 7 ਜੂਨ, 1940 ਦੀ ਇਸ ਚਿੱਠੀ ਵਿੱਚ 'ਗੁਟਕਾ ਸਾਹਿਬ' ਦੀ ਇੱਕ ਸੰਖੇਪ ਬੇਨਤੀ ਸੀ, ਜੋ ਕਿ ਇਸ ਗੱਲ ਦਾ ਸੰਕੇਤ ਸੀ ਕਿ ਊਧਮ ਸਿੰਘ ਆਪਣੀ ਕਿਸਮਤ ਨੂੰ ਕਿਵੇਂ ਜਾਣਦਾ ਸੀ ਤੇ ਹਿੰਮਤ ਨਾਲ ਇਸਨੂੰ ਅਪਣਾਉਣ ਦੀ ਚੋਣ ਕਰਦਾ ਸੀ। ਹਾਲਾਂਕਿ, ਕੋਈ ਨਹੀਂ ਜਾਣਦਾ ਕਿ ਉਸਦੀ ਆਖਰੀ ਇੱਛਾ ਪੂਰੀ ਹੋਈ ਜਾਂ ਨਹੀਂ। ਸ਼ਹੀਦ ਊਧਮ ਸਿੰਘ ਦੇ ਸੱਤ ਹੱਥ ਲਿਖਤ ਪੱਤਰ, ਜੋ ਕਿ ਬ੍ਰਿਕਸਟਨ ਜੇਲ੍ਹ ਵਿੱਚ ਉਸਦੇ ਸਮੇਂ ਤੋਂ ਆਖਰੀ ਸਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿੱਚ ਰੱਖੇ ਗਏ ਹਨ। ਲਾਇਬ੍ਰੇਰੀ ਦੇ ਦੁਰਲੱਭ ਕਿਤਾਬਾਂ ਤੇ ਹੱਥ-ਲਿਖਤਾਂ ਵਾਲੇ ਭਾਗ ਵਿੱਚ 19 ਇਤਿਹਾਸਕ ਦਸਤਾਵੇਜ਼ ਹਨ, ਜਿਨ੍ਹਾਂ ਵਿੱਚ ਸ਼ਹੀਦ ਊਧਮ ਸਿੰਘ ਦੁਆਰਾ ਲਿਖੇ ਗਏ ਸੱਤ ਪੱਤਰ ਸ਼ਾਮਲ ਹਨ ਤੇ ਇਨ੍ਹਾਂ ਤੱਕ ਪਹੁੰਚ ਬੇਨਤੀ 'ਤੇ ਕੀਤੀ ਜਾ ਸਕਦੀ ਹੈ। ਇਹ ਪੱਤਰ ਊਧਮ ਸਿੰਘ ਤੇ ਸ਼ਿਵ ਸਿੰਘ ਜੌਹਲ, ਉਸ ਸਮੇਂ ਲੰਡਨ ਵਿੱਚ ਉਸਦੇ ਦੋਸਤ ਤੇ ਨਜ਼ਦੀਕੀ ਸਹਿਯੋਗੀ, ਵਿਚਕਾਰ ਇੱਕ ਪੱਤਰ ਵਿਹਾਰ ਹਨ, ਜੋ 1972 ਤੱਕ ਇਨ੍ਹਾਂ ਪੱਤਰਾਂ ਦੇ ਰਖਵਾਲੇ ਵੀ ਰਹੇ। ਆਖਰੀ ਪੱਤਰ ਵਿੱਚ ਉਸਦਾ ਜੇਲ੍ਹ ਨੰਬਰ 1010 ਹੈ, ਜੋ ਕਿ ਇਨ੍ਹਾਂ ਸਾਰੇ ਪੱਤਰਾਂ ਵਿੱਚ ਸਾਂਝਾ ਹੈ ਤੇ ਉਸਦੇ ਸ਼ੁਰੂਆਤੀ ਅੱਖਰ ਐਮ ਆਜ਼ਾਦ ਵਜੋਂ ਦਸਤਖਤ ਕੀਤੇ ਗਏ ਹਨ, ਜੋ ਕਿ ਊਧਮ ਸਿੰਘ ਦੇ ਹੁਣ ਪ੍ਰਤੀਕ ਅਪਣਾਏ ਗਏ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦਾ ਹਵਾਲਾ ਹੈ। ਜੀ.ਐਨ.ਡੀ.ਯੂ. ਨੇ ਕਦੇ ਵੀ ਇਨ੍ਹਾਂ ਪੱਤਰਾਂ ਤੱਕ ਜਨਤਕ ਪਹੁੰਚ ਦੀ ਇਜਾਜ਼ਤ ਨਹੀਂ ਦਿੱਤੀ, ਹਾਲਾਂਕਿ ਯੂਨੀਵਰਸਿਟੀ ਨੇ ਇਨ੍ਹਾਂ ਨੂੰ ਸੁਰੱਖਿਅਤ ਰੱਖਿਆ ਹੈ ਤੇ ਇਨ੍ਹਾਂ ਪੱਤਰਾਂ ਦੀ ਸਮੱਗਰੀ ਦੀ ਵਿਆਖਿਆ ਕਰਨ ਵਾਲੀ ਇੱਕ ਕਿਤਾਬ, ਜਿਸਦਾ ਸਿਰਲੇਖ ਹੈ ਊਧਮ ਸਿੰਘ ਦੀਆਂ ਚਿੱਠੀਆਂ, 1974 ਵਿੱਚ ਜੇ.ਐਸ. ਗਰੇਵਾਲ ਤੇ ਹਰੀਸ਼ ਪੁਰੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ, ਦੋਵੇਂ ਜੀ.ਐਨ.ਡੀ.ਯੂ. ਦੇ ਸਾਬਕਾ ਫੈਕਲਟੀ ਹਨ। ਇਹ ਸਾਬਕਾ ਚੋਣ ਕਮਿਸ਼ਨਰ ਐਮ.ਐਸ. ਗਿੱਲ ਸਨ, ਜਿਨ੍ਹਾਂ ਨੇ 1972 ਵਿੱਚ ਸ਼ਿਵ ਸਿੰਘ ਜੌਹਲ ਨੂੰ ਇਹ ਪੱਤਰ ਯੂਨੀਵਰਸਿਟੀ ਨੂੰ ਦਾਨ ਕਰਨ ਲਈ ਮਨਾ ਲਿਆ ਸੀ। ਕਿਤਾਬ ਦੇ ਅਨੁਸਾਰ ਉਨ੍ਹਾਂ ਦੇ ਆਖਰੀ ਪੱਤਰ ਦੱਸਦੇ ਹਨ ਕਿ ਊਧਮ ਸਿੰਘ ਨੇ ਜੇਲ੍ਹ ਵਿੱਚ ਆਪਣੇ ਦਿਨ ਕਿਵੇਂ ਬਿਤਾਏ, ਇਸੇ ਕਰਕੇ ਇਨ੍ਹਾਂ ਪੱਤਰਾਂ ਦੀ ਸਮੱਗਰੀ ਜ਼ਿਆਦਾਤਰ ਉਸਨੂੰ ਜੌਹਲ ਤੋਂ ਹੋਰ ਕਿਤਾਬਾਂ ਦੀ ਬੇਨਤੀ ਕਰਦੀ ਹੈ। ਇੱਕ ਵਿੱਚ ਉਹ ਵਾਰਿਸ ਸ਼ਾਹ ਦੀ ਹੀਰ ਦੀ ਬੇਨਤੀ ਕਰਦਾ ਹੈ ਤੇ ਜੇਲ੍ਹ ਤੋਂ ਇਹ ਲਿਖਤਾਂ ਊਧਮ ਸਿੰਘ ਦੇ ਭਗਤ ਸਿੰਘ ਨਾਲ ਡੂੰਘੇ ਸਬੰਧ ਨੂੰ ਵੀ ਦਰਸਾਉਂਦੀਆਂ ਹਨ। ਇੱਕ ਵਿੱਚ ਉਹ ਮੌਤ ਨੂੰ 'ਫਾਂਸੀ ਨਾਲ ਵਿਆਹ ਕਰਵਾਉਣ' ਵਜੋਂ ਦਰਸਾਉਂਦਾ ਹੈ। ਉਹ 30 ਮਾਰਚ, 1940 ਦੇ ਉਸੇ ਪੱਤਰ ਵਿੱਚ ਭਗਤ ਸਿੰਘ ਦਾ ਵੀ ਜ਼ਿਕਰ ਕਰਦਾ ਹੈ, ਜਦੋਂ ਉਹ ਉਸਨੂੰ ਆਪਣਾ 'ਸਭ ਤੋਂ ਚੰਗਾ ਦੋਸਤ ਤੇ ਕੋਈ' ਜੋ 23 ਤਰੀਕ ਨੂੰ ਉਸਦੀ ਉਡੀਕ ਕਰ ਰਿਹਾ ਹੈ ਕਹਿੰਦਾ ਹੈ, ਉਮੀਦ ਹੈ ਕਿ ਉਸਨੂੰ ਵੀ ਭਗਤ ਸਿੰਘ ਵਾਂਗ ਹੀ ਫਾਂਸੀ ਦਿੱਤੀ ਜਾਵੇਗੀ। ਵੀਸੀ ਪ੍ਰੋਫੈਸਰ ਕਰਮਜੀਤ ਸਿੰਘ ਨੇ ਕਿਹਾ ਇਹ ਦਸਤਾਵੇਜ਼ ਨਵੀਂ ਸਾਰਥਕਤਾ ਗ੍ਰਹਿਣ ਕਰਦੇ ਹਨ ਕਿਉਂਕਿ ਯੂਨੀਵਰਸਿਟੀ ਨੇ ਹੁਣ ਸਾਰੇ ਆਜ਼ਾਦੀ ਘੁਲਾਟੀਆਂ 'ਤੇ ਦਸਤਾਵੇਜ਼ਾਂ ਦੇ ਡਿਜੀਟਲ ਪੁਰਾਲੇਖ ਬਣਾਉਣ ਦਾ ਐਲਾਨ ਕੀਤਾ ਹੈ। ਇਹ ਇਤਿਹਾਸਕ ਮਹੱਤਵ ਵਾਲੇ ਦਸਤਾਵੇਜ਼ ਹਨ ਤੇ ਅਸੀਂ ਜਨਤਾ ਨੂੰ ਇਨ੍ਹਾਂ ਤੱਕ ਪਹੁੰਚ ਦੀ ਇਜਾਜ਼ਤ ਨਹੀਂ ਦਿੰਦੇ। ਇਨ੍ਹਾਂ ਨੂੰ ਧਿਆਨ ਨਾਲ ਸੁਰੱਖਿਅਤ ਰੱਖਿਆ ਗਿਆ ਹੈ ਤੇ ਅਸੀਂ ਊਧਮ ਸਿੰਘ ਤੇ ਹੋਰ ਕ੍ਰਾਂਤੀਕਾਰੀਆਂ ਦੇ ਦਸਤਾਵੇਜ਼ਾਂ ਨੂੰ ਡਿਜੀਟਲ ਫਾਰਮੈਟ ਵਿੱਚ ਸੁਰੱਖਿਅਤ ਰੱਖਣ ਲਈ ਡਿਜੀਟਲ ਪੁਰਾਲੇਖ ਤੇ ਦਸਤਾਵੇਜ਼ੀ ਪ੍ਰੋਜੈਕਟ ਬਣਾਉਣ ਦੀ ਸ਼ੁਰੂਆਤ ਵੀ ਕੀਤੀ ਹੈ।

## 113 ਕਰੋੜ ਰੁਪਏ ਦੇ ਭਾਖੜਾ ਰੱਖ-ਰਖਾਅ ਬਿੱਲ 'ਤੇ ਹੱਲ ਲੱਭਣ ਲਈ ਗੱਲਬਾਤ ਜਾਰੀ: ਸੈਣੀ

ਸੰਗਰੂਰ, 1 ਅਗਸਤ (ਚ.ਨ.ਸ): ਪੰਜਾਬ ਦੀ 'ਆਪ' ਸਰਕਾਰ ਵੱਲੋਂ ਭਾਖੜਾ ਨਹਿਰ ਦੇ ਸੰਚਾਲਨ ਤੇ ਰੱਖ-ਰਖਾਅ ਲਈ ਹਰਿਆਣਾ ਦੀ ਭਾਜਪਾ ਸਰਕਾਰ ਨੂੰ 113.24 ਕਰੋੜ ਰੁਪਏ ਦਾ ਬਿੱਲ ਭੇਜੇ ਜਾਣ ਤੋਂ ਬਾਅਦ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਸਲੇ ਦਾ ਹੱਲ ਲੱਭਣ ਲਈ ਗੁਆਂਢੀ ਰਾਜ ਨਾਲ ਗੱਲਬਾਤ ਜਾਰੀ ਹੈ। ਆਜ਼ਾਦੀ ਘੁਲਾਟੀਏ ਸ਼ਹੀਦ ਊਧਮ ਸਿੰਘ ਦੇ ਜਨਮ ਅਸਥਾਨ ਸੁਨਾਮ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੈਣੀ ਨੇ ਕਿਹਾ ਕਿ ਦੋਵਾਂ ਰਾਜਾਂ ਦਰਮਿਆਨ ਗੱਲਬਾਤ ਚੱਲ ਰਹੀ ਹੈ ਤੇ ਬੈਠ ਕੇ ਇਸ ਦਾ ਹੱਲ ਕੱਢ ਲਿਆ ਜਾਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸ਼ਹੀਦ ਊਧਮ ਸਿੰਘ ਦੀ 86ਵੀਂ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਸੀ ਕਿ ਇਹ ਬਿੱਲ ਲੰਬੇ ਸਮੇਂ ਤੋਂ ਬਕਾਇਆ ਦੇਣਦਾਰੀ ਨੂੰ ਦਰਸਾਉਂਦਾ ਹੈ ਤੇ 'ਆਪ' ਸਰਕਾਰ ਬੀ.ਬੀ.ਐਮ.ਬੀ. (ਭਾਖੜਾ ਬਿਆਸ ਪ੍ਰਬੰਧਨ ਬੋਰਡ) ਵਿੱਚ ਦੂਜੇ ਭਾਈਵਾਲ ਰਾਜਾਂ ਤੋਂ ਬਕਾਏ ਦੀ ਵਸੂਲੀ ਲਈ ਜ਼ੋਰਦਾਰ ਢੰਗ ਨਾਲ ਕੰਮ ਕਰ ਰਹੀ ਹੈ।



## ਮਹਾਰਾਸ਼ਟਰ 'ਚ ਸਿੱਖ ਇਤਿਹਾਸ ਨੂੰ ਸਨਮਾਨ ਮਿਲਣ ਵੱਲ ਇਤਿਹਾਸਕ ਕਦਮ

## ਸੰਤ ਹਰਨਾਮ ਸਿੰਘ ਖ਼ਾਲਸਾ ਦੀ ਅਪੀਲ 'ਤੇ ਮੁੱਖ ਮੰਤਰੀ ਫੜਨਵੀਸ ਨੇ 'ਸਿੱਖ ਸ਼ਹੀਦੀ ਇਤਿਹਾਸ' ਨੂੰ ਸੂਬੇ ਦੀ ਸਿੱਖਿਆ ਪ੍ਰਣਾਲੀ 'ਚ ਕੀਤਾ ਸ਼ਾਮਲ

ਚੋਕ ਮਹਿਤਾ, 1 ਅਗਸਤ (ਬਲਜਿੰਦਰ ਸਿੰਘ ਰੰਧਾਵਾ): ਦਮਦਮੀ ਟਕਸਾਲ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਵੱਲੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸਿੱਖ ਸ਼ਹੀਦੀ ਇਤਿਹਾਸ ਨੂੰ ਸਿੱਖਿਆ ਪ੍ਰਣਾਲੀ 'ਚ ਸ਼ਾਮਲ ਕੀਤੇ ਜਾਣ ਦੀ ਕੀਤੀ ਗਈ ਅਪੀਲ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਵੱਲੋਂ 'ਸਿੱਖ ਸ਼ਹੀਦੀ ਇਤਿਹਾਸ' (1500–1765) ਨੂੰ ਮਹਾਰਾਸ਼ਟਰ ਦੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਪਾਠਕ੍ਰਮ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਕਿ ਸਿੱਖ ਕੌਮ ਲਈ ਬਹੁਤ ਗੌਰਵ ਵਾਲੀ ਗੱਲ ਹੈ। ਇਸ ਮੌਕੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਨੇ ਮਹਾਰਾਸ਼ਟਰ ਸਰਕਾਰ ਵੱਲੋਂ ਕੀਤੇ ਗਏ ਇਸ ਵੱਡੇ ਉਪਰਾਲੇ ਲਈ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਦਿਲੀ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਕੋਰਸ ਨੂੰ ਅੱਗੇ ਵਧਾਉਣ ਲਈ ਦਰਿਆਦਿਲੀ ਨਾਲ ਜੋ ਉਤਸ਼ਾਹ ਦਿਖਾਇਆ ਹੈ, ਉਹ ਬੇਹੱਦ ਸ਼ਲਾਘਾਯੋਗ ਹੈ ਤੇ ਸਿੱਖ ਇਤਿਹਾਸ ਨੂੰ ਸਿੱਖਿਆ ਪਣਾਲੀ ਦਾ ਹਿੱਸਾ ਬਣਾ ਕੇ ਸ੍ਰੀ ਫੜਨਵੀਸ ਨੇ ਸਿੱਖ ਕੌਮ ਨੂੰ ਵੱਡਾ ਮਾਣ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਦੇ ਪੱਖ ਵਿਚ ਇਸ ਕੋਰਸ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ ਤੇ ਹੁਣ ਮੁੰਬਈ ਯੂਨੀਵਰਸਿਟੀ, ਮਾਨਯੋਗ ਵਾਈਸ ਚਾਂਸਲਰ ਪ੍ਰੋ. ਰਵੀਂਦਰ ਕੁਲਕਰਨੀ ਨੇ ਵੀ ਇਸ ਉਪਰਾਲੇ ਦੀ ਸਰਾਹਨਾ ਕੀਤੀ ਹੈ ਤੇ ਪੂਰੀ ਤਰ੍ਹਾਂ ਨਾਲ ਇਸ ਨੂੰ ਸਹਿਮਤੀ ਦਿੰਦੇ ਹੋਏ ਇਸ ਕੋਰਸ ਦਾ ਪਾਠਕ੍ਰਮ ਉਨ੍ਹਾਂ ਦੀ ਵਿਦਵਾਨ ਟੀਮ ਵੱਲੋਂ ਤਿਆਰ ਕੀਤਾ ਜਾ ਰਿਹਾ ਹੈ। ਦਮਦਮੀ ਟਕਸਾਲ ਮੁਖੀ ਨੇ ਕਿਹਾ ਕਿ ਇਹ ਉਪਰਾਲਾ ਸਿੱਖ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੀ ਵਿਰਾਸਤ ਨੂੰ ਸਨਮਾਨ ਦੇਣ ਦੇ ਨਾਲ-ਨਾਲ ਸਾਡੇ ਬੱਚਿਆਂ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੌਸਲੇ, ਬਲੀਦਾਨ ਤੇ ਨੈਤਿਕਤਾ ਦੇ ਮੁੱਲਾਂ ਨਾਲ ਜੋੜੇਗਾ।



## ਸਾਂਸਦ ਰੰਧਾਵਾ ਨੇ ਦੱਸਿਆ ਪੁੱਤਰ ਦੀ ਜਾਨ ਨੂੰ ਖ਼ਤਰਾ

### ☛ ਗੈਂਗਸਟਰ ਜੱਗੂ ਭਗਵਾਨਪੁਰੀਆ ਨੇ ਜਾਨੋਂ ਮਾਰਨ ਦੀ ਦਿੱਤੀ ਧਮਕੀ

ਡੇਰਾ ਬਾਬਾ ਨਾਨਕ, 1 ਅਗਸਤ (ਹੈਪੀ ਕੋਂਟਲੀ): ਵੀਰਵਾਰ ਨੂੰ ਫਤਹਿਗੜ੍ਹ ਚੂੜੀਆਂ ਕਸਬੇ ਦੇ ਇੱਕ ਪੰਜਾਬੀ ਸੈਂਟਰ 'ਤੇ ਦੋ ਅਣਪਛਾਤੇ ਮੋਟਰਸਾਈਕਲ ਸਵਾਰਾਂ ਨੇ ਗੋਲੀਆਂ ਚਲਾਈਆਂ। ਇਸ ਮਾਮਲੇ ਸਬੰਧੀ ਗੁਰਦਾਸਪੁਰ ਦੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ ਕਿ ਉਨ੍ਹਾਂ ਦੇ ਪੁੱਤਰ ਉਦੈਵੀਰ ਸਿੰਘ ਰੰਧਾਵਾ ਨੂੰ ਜੇਲ੍ਹ ਵਿੱਚ ਬੰਦ ਗੈਂਗਸਟਰ ਜੱਗੂ ਭਗਵਾਨਪੁਰੀਆ ਵੱਲੋਂ ਜਾਨੋਂ ਮਾਰਨ ਦੀ ਧਮਕੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੀਰਵਾਰ ਨੂੰ ਉਨ੍ਹਾਂ ਦਾ ਇੱਕ ਸਮਰਥਕ ਉਨ੍ਹਾਂ ਦੇ ਪੁੱਤਰ ਨੂੰ ਮਿਲਿਆ। ਉਸ ਨੂੰ ਲਗਭਗ ਇੱਕ ਘੰਟੇ ਬਾਅਦ ਗੋਲੀ ਮਾਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਹ ਇਸ ਸਮੇਂ ਸੰਸਦ ਸੈਸ਼ਨ ਲਈ ਦਿੱਲੀ ਵਿੱਚ ਹਨ, ਪਰ ਕੋਈ ਵੀ ਗੈਂਗਸਟਰ ਉਨ੍ਹਾਂ ਨੂੰ ਹਿਲਾ ਨਹੀਂ ਸਕਦਾ। ਭਗਵੰਤ ਮਾਨ ਤੇ ਅਰਵਿੰਦ ਕੇਜਰੀਵਾਲ ਨੇ ਪੰਜਾਬ ਨੂੰ ਗੈਂਗਸਟਰਾਂ ਲਈ ਸਵਰਗ ਬਣਾ ਦਿੱਤਾ ਹੈ, ਜਿੱਥੇ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਚੁੱਕੀ ਹੈ।



## ਲੋਕਾਂ ਦੇ ਸਾਥ ਨਾਲ ਹੋਵੇਗਾ ਨਸ਼ਿਆਂ ਦਾ ਖ਼ਾਤਮਾ: ਵਿਧਾਇਕ ਕਲਸੀ

### 'ਨਸ਼ਾ ਮੁਕਤੀ ਯਾਤਰਾ' ਤਹਿਤ ਵਾਰਡ ਨੰਬਰ 48 ਦੇ ਵਾਸੀਆਂ ਨੂੰ ਕੀਤਾ ਨਸ਼ਿਆਂ ਖ਼ਿਲਾਫ਼ ਜਾਗਰੂਕ

ਬਟਾਲਾ, 1 ਅਗਸਤ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੂਬੇ ਵਿੱਚ ਵੱਡੇ ਪੱਧਰ 'ਤੇ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ। ਇਸ ਤਹਿਤ ਬਟਾਲਾ ਦੀ ਵਾਰਡ ਨੰਬਰ 48 ਵਿੱਚ 'ਨਸ਼ਾ ਮੁਕਤੀ ਯਾਤਰਾ' ਤਹਿਤ ਹੋਈ ਇਕੱਤਰਤਾ ਵਿੱਚ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਵਾਰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁਟ ਹੋ ਕੇ ਲੜਨ ਦੀ ਸਹੁੰ ਵੀ ਚੁਕਾਈ ਗਈ। ਵਿਧਾਇਕ ਸ਼ੈਰੀ ਕਲਸੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਤੇ ਇਸ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਵਾਰਡਾਂ ਜਾਂ ਆਲੇ-ਦੁਆਲੇ ਨਸ਼ੇ ਵੇਚਣ ਵਾਲਿਆਂ ਦੀ ਇਤਲਾਹ ਪੁਲਿਸ ਨੂੰ ਜਾਂ ਵਟਸਐਪ ਨੰਬਰ 97791-00200 ਉੱਪਰ ਦੇਣ। ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਨੂੰ ਮੁੜ ਨਵਾਂ ਜੀਵਨ ਦੇਣ ਦੇ ਮੰਤਵ ਨਾਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ। ਇਸ ਲਈ ਸਾਰੇ ਲੋਕ ਇਸ ਨਾਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਇਹ ਮਿਸ਼ਨ ਸਿਰਫ ਸਰਕਾਰ ਤੇ ਪੁਲਿਸ ਵਿਭਾਗ ਵੱਲੋਂ ਸਫ਼ਲ ਨਹੀਂ ਬਣਾਇਆ ਜਾ ਸਕਦਾ। ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ ਅੰਮ੍ਰਿਤ ਕਲਸੀ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬੁਮਰਾਹ ਵਾਈਸ ਕੋਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ ਤੇ ਵੀਨੂੰ ਕਾਹਲੋਂ ਪਤਵੰਤੇ ਤੇ ਵਾਰਡ ਵਾਸੀ ਹਾਜ਼ਰ ਸਨ।



## ਕੁਲਬੀਰ ਬਾਬਾ ਨੇ ਆਪਣਾ 58ਵਾਂ ਜਨਮ ਦਿਨ ਬੂਟਾ ਲਗਾ ਕੇ ਮਨਾਇਆ

ਨਵਾਂਸ਼ਹਿਰ, 1 ਅਗਸਤ (ਰੋਸ਼ਨ ਲਾਲ ਸੁੰਮਨ): ਸੂਫੀ ਦਰਗਾਹ ਪ੍ਰਬੰਧਕ ਕਮੇਟੀ ਰਜਿਸਟਰ ਨਵਾਂਸ਼ਹਿਰ ਦੇ ਵਾਈਸ ਚੇਅਰਮੈਨ ਕੁਲਬੀਰ ਬਾਬਾ ਨੇ ਆਪਣਾ 58ਵਾਂ ਜਨਮ ਦਿਨ ਬੂਟਾ ਲਗਾ ਕੇ ਮਨਾਇਆ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਆਪਣੇ ਜਨਮਦਿਨ ਮੌਕੇ ਤੇ ਵਰ੍ਹੇਗੰਢ ਮੌਕੇ ਇੱਕ ਇੱਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਕਿਉਂਕਿ ਇਹ ਬੂਟੇ ਵਾਤਾਵਰਨ ਸ਼ੁੱਧਤਾ ਲਈ ਬਹੁਤ ਹੀ ਲਾਹੇਵੰਦ ਹੁੰਦੇ ਹਨ। ਬਾਬਾ ਕੁਲਬੀਰ ਨੇ ਦੱਸਿਆ ਕਿ ਰੁੱਖਾਂ ਦੀ ਲਗਾਤਾਰ ਹੋ ਰਹੀ ਕਟਾਈ ਤੇ ਰੁੱਖ ਨਾ ਲਗਾਉਣ ਕਰਕੇ ਤਾਪਮਾਨ ਵਿੱਚ ਬਹੁਤ ਭਾਰੀ ਵਾਧਾ ਹੋਇਆ ਹੈ ਤੇ ਪਾਣੀ ਦਾ ਪੱਧਰ ਹੇਠ ਜਾ ਰਿਹਾ ਹੈ। ਆਓ ਸਾਰੇ ਰਲ ਕੇ ਇਸ ਮੁਹਿੰਮ ਦਾ ਹਿੱਸਾ ਬਣੀਏ ਤੇ ਵੱਧ ਤੋਂ ਵੱਧ ਰੁੱਖ ਲਗਾਈਏ। ਇਸ ਮੌਕੇ 'ਤੇ ਉਨ੍ਹਾਂ ਨਾਲ ਮਿੰਟੂ ਮਹਿਰਾ, ਟਿੰਕੂ, ਸਿਮਰਨ, ਪ੍ਰਿਆ, ਜੋਤੀ, ਪਵਨ ਕੁਮਾਰ ਆਦਿ ਹਾਜ਼ਰ ਸਨ।



## ਬਲਬੀਰ ਸਿੰਘ ਪੰਨੂੰ ਵੱਲੋਂ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ, ਹਲਕੇ ਦੇ ਚਹੁੰਪੱਖੀ ਵਿਕਾਸ ਲਈ ਕੀਤਾ ਵਿਚਾਰ-ਵਟਾਂਦਰਾ

ਬਟਾਲਾ, 1 ਅਗਸਤ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਆਪ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਕਰਨ ਉਪਰੰਤ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂੰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਰਵਿੰਦ ਕੇਜਰੀਵਾਲ ਨਾਲ ਹਲਕੇ ਨੂੰ ਵਿਕਾਸ ਦੇ ਸਿਖਰਾਂ 'ਤੇ ਲਿਜਾਉਣ ਤੇ ਵਿਕਾਸ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ ਤੇ ਉਨ੍ਹਾਂ ਵੱਲੋਂ ਮੇਰੀ ਹੌਸਲਾ ਅਫਜ਼ਾਈ ਕੀਤੀ ਗਈ ਕਿ ਆਪਣੇ ਹਲਕੇ ਵਿੱਚ ਵੱਧ ਤੋਂ ਵੱਧ ਮਿਹਨਤ ਕਰੋ ਤਾਂ ਜੋ 2027 ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਪੱਕੀ ਹੋ ਸਕੇ। ਬਲਬੀਰ ਸਿੰਘ ਪੰਨੂੰ ਨੇ ਅੱਗੇ ਗੱਲ ਕਰਦਿਆਂ ਕਿਹਾ ਕਿ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ ਦੇ ਲੋਕਾਂ ਦੇ ਸਰਬਪੱਖੀ ਵਿਕਾਸ ਤੇ ਪੰਜਾਬ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਲਈ ਲਗਾਤਾਰ ਯਤਨਸ਼ੀਲ ਹਨ ਤੇ ਲੋਕਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਆਪਣੇ ਮਹਿਜ਼ ਤਿੰਨ ਸਾਲਾਂ ਦੇ ਕਾਰਜਕਾਲ ਅੰਦਰ ਲੋਕਪੱਖੀ ਫੈਸਲੇ ਕਰਦਿਆਂ ਸੂਬਾ ਵਾਸੀਆਂ ਨੂੰ 600 ਯੂਨਿਟ ਬਿਜਲੀ ਮੁਫ਼ਤ ਮੁਹੱਈਆ ਕਰਵਾਈ ਗਈ ਹੈ। ਬਿਜਲੀ ਦੀ ਸਪਲਾਈ ਨਿਰਵਿਘਨ ਯਕੀਨੀ ਬਣਾਈ ਗਈ ਹੈ। ਲੋਕਾਂ ਦੀ ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਤੇ ਹਰ ਪਰਿਵਾਰ ਦਾ 10 ਲੱਖ ਰੁਪਏ ਦਾ ਸਿਹਤ ਬੀਮਾ ਕੀਤਾ ਗਿਆ ਹੈ, ਜਿਸ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਵਿਦਿਆਰਥੀਆਂ ਨੂੰ ਸਕੂਲ ਅੰਦਰ ਪੜ੍ਹਨ ਦਾ ਸੁਖਾਵਾਂ ਮਾਹੌਲ ਪ੍ਰਦਾਨ ਕਰਦਿਆਂ ਸਕੂਲਾਂ ਅੰਦਰ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ। ਸਕੂਲ ਆਫ ਐਮੀਨੈਂਸ ਖੋਲ੍ਹੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਨਾਲ ਕੀਤੀਆਂ ਗਰੰਟੀਆਂ ਪੂਰੀਆਂ ਕੀਤੀਆਂ ਗਈਆਂ ਹਨ ਤੇ ਜੋ ਗਰੰਟੀ ਰਹਿ ਗਈ ਹੈ, ਉਸਨੂੰ ਵੀ ਜਲਦ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੁਹਰਾਇਆ ਕਿ ਪੰਜਾਬ ਸਰਕਾਰ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਦ੍ਰਿੜ ਸੰਕਲਪ ਹੈ ਤੇ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਮੋੜ ਕੇ ਖੇਡ ਸੱਭਿਆਚਾਰ ਨਾਲ ਜੋੜਿਆ ਜਾ ਰਿਹਾ ਹੈ।



## ਮੰਦਰ ਨਾਨਕ ਚੱਕ ਵਿਖੇ 531ਵੇਂ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਲਈ ਤਿਆਰੀਆਂ ਸ਼ੁਰੂ



ਫਤਹਿਗੜ੍ਹ ਚੂੜੀਆਂ, 1 ਅਗਸਤ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਤੋਂ ਕੁਝ ਹੀ ਦੂਰੀ ਉੱਪਰ ਪ੍ਰਸਿੱਧ ਮੰਦਰ ਨਾਨਕ ਚੱਕ ਵਿਖੇ ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਦਾ 531ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਦੇ ਲਈ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਪ੍ਰਕਾਸ਼ ਦਿਹਾੜੇ ਨੂੰ ਮਨਾਉਣ ਦੇ ਲਈ ਮਹੰਤ ਹਰੀ ਕੁੰਭ ਦਾਸ ਦੀ ਰਹਿਨੁਮਾਈ ਹੇਠ ਇੱਕ ਮੀਟਿੰਗ ਕੀਤੀ ਗਈ। ਜਿਸ ਵਿੱਚ ਕਈ ਤਰ੍ਹਾਂ ਦੇ ਵਿਚਾਰ-ਵਟਾਂਦਰੇ ਕੀਤੇ ਗਏ ਤੇ ਪ੍ਰਕਾਸ਼ ਦਿਹਾੜੇ ਉੱਪਰ ਦੂਰੋਂ-ਨੇੜਿਓਂ ਆਉਣ ਵਾਲੀਆਂ ਸੰਗਤਾਂ ਦੇ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਜਾਣਗੇ ਤੇ ਸਾਰੇ ਹੀ ਸੇਵਾਦਾਰਾਂ ਦੀ ਵੱਖ-ਵੱਖ ਜਗ੍ਹਾ ਦੇ ਉੱਪਰ ਡਿਊਟੀਆਂ ਵੀ ਲਗਾਈਆਂ ਗਈਆਂ ਹਨ। ਮਹੰਤ ਹਰੀ ਕੁੰਭ ਦਾਸ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਧੰਨ-ਧੰਨ ਬਾਬਾ ਸ੍ਰੀ ਚੰਦਰ ਜੀ ਦੇ ਪ੍ਰਕਾਸ਼ ਉਸਤਵ ਨੂੰ ਬੜੀ ਹੀ ਸ਼ਰਧਾ ਤੇ ਭਾਵਨਾ ਦੇ ਨਾਲ ਮੰਦਰ ਨਾਨਕ ਚੱਕ ਵਿਖੇ ਮਨਾਇਆ ਜਾਵੇਗਾ। ਇਸ ਮੌਕੇ 'ਤੇ ਮਹੰਤ ਹਰੀ ਕੁੰਭ ਦਾਸ, ਰਵਿੰਦਰ ਮੁਨੀ, ਸੰਦੀਪ ਬੇਦੀ, ਜਸ ਲੋਦੀ ਨੰਗਲ, ਰਣਜੋਤ ਸਿੰਘ, ਰੰਮੀ ਅਲੀਵਾਲ, ਪ੍ਰਿੰਸ ਢੱਲਾ, ਪ੍ਰਿੰਸ, ਮੰਨਾ ਸੀੜਾ, ਦੁਰਲੱਭ ਜੀਤ, ਰਣਜੀਤ ਕੋਟਲੀ, ਗੁਰਲਾਲ ਗੇਲਾ, ਗੁਰਲਾਲ ਫੌਜੀ, ਪਵਨ ਗੁਜਰਪੁਰਾ, ਯਾਦਵਿੰਦਰ ਕਾਦੀਆਂ, ਦੀਪੂ, ਮਨਪ੍ਰੀਤ ਪਟਵਾਰੀ, ਅੰਮ੍ਰਿਤਪਾਲ ਸ਼ੈਂਕੀ, ਜੋਬਨ ਡੁਲਟ, ਜਸ਼ਨ, ਧਰਮਵੀਰ, ਨੀਰਜ ਬੇਦੀ, ਕੁਲਦੀਪ, ਦੁਰਗਾ ਪ੍ਰਸਾਦ, ਤਿਲਕ ਰਾਜ, ਜਗਰੂਪ ਸਿੰਘ, ਜੀਵਨ, ਸਾਬਾ, ਹੀਰਾ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਗਲਾਂ, ਗੁਰੀ, ਕਰਨ, ਕੁਲਬੀਰ ਸਿੰਘ, ਮਣੀ ਤੋਂ ਇਲਾਵਾ ਮੰਦਰ ਨਾਨਕ ਚੱਕ ਦੇ ਸੇਵਾਦਾਰ ਹਾਜ਼ਰ ਸਨ।

## ਸੋਨੀਆ ਮਾਨ ਦਾ ਅੰਮ੍ਰਿਤਪਾਲ ਸੋਹੀ ਦੇ ਗ੍ਰਹਿ ਵਿਖੇ ਪਹੁੰਚਣ 'ਤੇ ਵਰਕਰਾਂ ਵੱਲੋਂ ਸਵਾਗਤ



ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 1 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਆਮ ਆਦਮੀ ਪਾਰਟੀ ਦੀ ਵਿਧਾਨ ਸਭਾ ਹਲਕਾ ਰਾਜਾਸਾਂਸੀ ਤੋਂ ਇੰਚਾਰਜ ਤੇ ਮਾਝਾ ਜ਼ੋਨ ਤੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਸਰਕਾਰ ਵੱਲੋਂ ਕੰਪੇਨ ਦੇ ਇੰਚਾਰਜ ਸੋਨੀਆ ਮਾਨ ਤੇ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦਾ ਅੰਮ੍ਰਿਤਪਾਲ ਸਿੰਘ ਸੋਹੀ ਤੇ ਦਿਲਬਾਗ ਸਿੰਘ ਸੋਹੀ ਦੇ ਗ੍ਰਹਿ ਕਸਬਾ ਘੁਮਾਣ ਵਿਖੇ ਪਹੁੰਚਣ 'ਤੇ ਸੋਹੀ ਪਰਿਵਾਰ ਤੇ ਪਾਰਟੀ ਦੇ ਵਲੰਟੀਅਰਜ਼ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸੋਨੀਆ ਮਾਨ ਨੇ ਆਖਿਆ ਕਿ ਮੇਰਾ ਇਥੇ ਆਉਣ ਦਾ ਮੁੱਖ ਮਕਸਦ ਪਾਰਟੀ ਪ੍ਰਤੀ ਨੌਜਵਾਨ ਨੂੰ ਲਾਮਬੱਧ ਕਰਨਾ ਹੈ। ਉਨ੍ਹਾਂ ਆਖਿਆ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਆਖਿਆ ਕਿ ਨਸ਼ਿਆਂ ਦੀ ਦੇਣ ਵਿਰੋਧੀ ਧਿਰ ਦੀਆਂ ਸਰਕਾਰਾਂ ਸ਼ਾਸਨਕਾਲ ਦੀ ਹੈ। ਪਰ ਹੁਣ ਭਗਵੰਤ ਮਾਨ ਸਰਕਾਰ ਨੇ ਇਹ ਟੀਚਾ ਰੱਖਿਆ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨਾ ਹੈ। ਉਨ੍ਹਾਂ ਆਖਿਆ ਪੰਜਾਬ ਵਿੱਚ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵੱਡੇ ਮਗਰਮੱਛਾਂ ਨੂੰ ਫੜ ਕੇ ਜੇਲ੍ਹ ਦੀਆਂ ਸਲਾਖਾਂ ਪਿੱਛੇ ਭੇਜਿਆ ਜਾ ਰਿਹਾ ਹੈ ਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਇੰਚਾਰਜ ਸੋਨੀਆ ਮਾਨ ਤੇ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਤੇ ਚੇਅਰਮੈਨ ਮਾਨਿਕ ਮਹਿਤਾ ਨੂੰ ਐਡਵੋਕੇਟ ਨਿਸ਼ਾਨ ਚਾਹਲ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਸਾਹਿਬ, ਅੰਮ੍ਰਿਤਪਾਲ ਸਿੰਘ ਸੋਹੀ, ਦਿਲਬਾਗ ਸਿੰਘ ਸੋਹੀ, ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਟੀਵੀ ਐਸ ਘੁਮਾਣ, ਸੂਬਾ ਜੁਆਇੰਟ ਸਕੱਤਰ ਨੀਲਮ ਘੁਮਾਣ, ਉਘੇ ਸਮਾਜ ਸੇਵੀ ਡਾ. ਹਰਜਿੰਦਰ ਸਿੰਘ ਜੱਜ ਘੁਮਾਣ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਪੰਚ ਜੀਵਨ ਸਿੰਘ, ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ, ਪੰਚ ਗੁਰਜੀਤ ਸਿੰਘ ਜੰਬਾ, ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਦਲਜੀਤ ਸਿੰਘ ਬੱਬੂ, ਕਾਮਰੇਡ ਗੁਰਦਿਆਲ ਸਿੰਘ, ਕੁਲਵਿੰਦਰ ਜੀਤ ਸਿੰਘ ਬਾਊ ਘੁਮਾਣ, ਸਾਬਕਾ ਸਰਪੰਚ ਬਲਰਾਮ ਸਿੰਘ ਸਮੇਤ ਵਲੰਟੀਅਰਜ਼ ਹਾਜ਼ਰ ਸਨ।

## ਮਾਝਾ ਕਿਸਾਨ ਸੰਘਰਸ਼ ਕਮੇਟੀ ਵੱਲੋਂ ਅੱਜ ਦੇ ਧਰਨੇ ਦੀਆਂ ਤਿਆਰੀਆਂ ਮੁਕੰਮਲ

### ☛ ਕੁਲਦੀਪ ਸਿੰਘ ਚੇਅਰਮੈਨ ਦੇ ਗ੍ਰਹਿ 'ਚ ਕੀਤੀ ਮੀਟਿੰਗ



ਊਧਨਵਾਲ/ਸ੍ਰੀ ਹਰਗੋਬਿੰਦਪੁਰ ਸਾਹਿਬ, 1 ਅਗਸਤ (ਸੁੱਖ ਅੰਮ੍ਰਿਤ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ): ਮਾਝਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕਿਸਾਨਾਂ ਦੀ ਬਕਾਇਆ ਰਾਸ਼ੀ ਤੇ ਕਿਸਾਨਾਂ ਦੇ ਹੱਕੀ ਮੰਗਾਂ ਨੂੰ ਲੈ ਕੇ ਗੁਰਦਾਸਪੁਰ 'ਚ 2 ਅਗਸਤ ਦਿਨ ਸ਼ਨੀਵਾਰ ਨੂੰ ਧਰਨਾ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਬਲਵਿੰਦਰ ਸਿੰਘ ਰਾਜੂ ਔਲਖ ਨੇ ਕਿਹਾ ਕਿ ਕਿਸਾਨਾਂ ਦੇ ਹੱਕ ਲੈਣ ਲਈ ਮਾਝਾ ਕਿਸਾਨ ਸੰਘਰਸ਼ ਕਮੇਟੀ ਦਾ ਵੱਡਾ ਪ੍ਰਦਰਸ਼ਨ ਗੁਰਦਾਸਪੁਰ 'ਚ ਹੋਣ ਜਾ ਰਿਹਾ ਹੈ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਟਰੈਕਟਰ, ਗੱਡੀਆਂ ਲੈ ਕੇ ਕਿਸਾਨ ਆ ਰਹੇ ਹਨ। ਇਹ ਧਰਨਾ ਗੁਰਦਾਸਪੁਰ ਤੋਂ ਪਠਾਨਕੋਟ ਤੇ ਗੁਰਦਾਸਪੁਰ ਤੋਂ ਅੰਮ੍ਰਿਤਸਰ ਹਾਈਵੇਅ ਦੇ ਵਿਚਕਾਰ ਬੱਬਰੀ ਬਾਈਪਾਸ 'ਤੇ ਲਗਾਇਆ ਜਾਵੇਗਾ। ਇਸ ਧਰਨੇ ਵਿੱਚ ਕਿਸਾਨ ਅਣਮਿੱਥੇ ਸਮੇਂ ਲਈ ਬੋਰੀਆਂ ਬਿਸਤਰਾ ਲੈ ਕੇ ਇਸ ਧਰਨੇ ਵਿੱਚ ਆਉਣਗੇ। ਇਹ ਧਰਨਾ ਦਿੱਲੀ ਦੀ ਤਰਜ਼ 'ਤੇ ਲਗਾਇਆ ਜਾਵੇਗਾ ਤੇ ਕਿਸਾਨ ਇਸ ਧਰਨੇ ਵਿੱਚ ਆਪਣੇ ਸਾਰੇ ਹੱਕ ਲੈ ਕੇ ਉੱਠਣਗੇ। ਇਸ ਮੌਕੇ 'ਤੇ ਰਜਿੰਦਰ ਸਿੰਘ ਰਾਜੂ ਧੱਕੜ, ਸੋਨੂੰ ਚੱਡਾ ਜ਼ਿਲ੍ਹਾ ਪ੍ਰਧਾਨ, ਦਾਰਾ ਸਿੰਘ ਨਵੀਆਂ ਬਾਗੜੀਆਂ, ਪਿੰਦਾ ਬਟਾਲਾ, ਦੀਪ ਰਾਜਪੁਰਾ, ਨਿਸ਼ਾਨ ਸਿੰਘ ਭੈਣੀ ਖਾਦਰ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਹੈ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਹੱਲ ਕੀਤਾ ਜਾਵੇ ਨਹੀਂ ਤਾਂ ਇਹ ਧਰਨਾ ਅਣਮਿੱਥੇ ਸਮੇਂ ਲਈ ਗੁਰਦਾਸਪੁਰ 'ਚ ਚੱਲਦਾ ਰਹੇਗਾ। ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।

## ਸ਼੍ਰੋਮਣੀ ਭਗਤ ਨਾਮਦੇਵ ਜੀ ਦਰਬਾਰ ਕਮੇਟੀ ਵੱਲੋਂ ਨਵ-ਨਿਯੁਕਤ ਜ਼ਿਲ੍ਹਾ ਸਕੱਤਰ ਜੋਨੀ ਘੁਮਾਣ ਦਾ ਸਨਮਾਨ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 1 ਅਗਸਤ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਸੀਨੀਅਰ ਯੂਥ ਆਗੂ ਬਲਜੀਤ ਸਿੰਘ ਜੋਨੀ ਘੁਮਾਣ ਨੂੰ ਪਾਰਟੀ ਵਿੱਚ ਵਧੀਆ ਸੇਵਾਵਾਂ ਨਿਭਾਉਣ ਕਰਕੇ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੀ ਸਿਫਾਰਸ਼ 'ਤੇ ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਨਿਯੁਕਤ ਕੀਤਾ ਗਿਆ ਸੀ। ਜ਼ਿਲ੍ਹਾ ਸੋਸ਼ਲ ਮੀਡੀਆ ਸਕੱਤਰ ਬਲਜੀਤ ਸਿੰਘ ਜੋਨੀ ਘੁਮਾਣ ਸ਼੍ਰੋਮਣੀ ਭਗਤ ਨਾਮਦੇਵ ਜੀ ਦਰਬਾਰ ਸਾਹਿਬ (ਅੰਤਿਮ ਸਮਾਧੀ) ਘੁਮਾਣ ਵਿਖੇ ਗੁਰੂਘਰ ਦਾ ਸ਼ੁਕਰਾਨਾ ਕਰਨ ਪਹੁੰਚੇ। ਜਿਥੇ ਉਨ੍ਹਾਂ ਦਾ ਸ਼੍ਰੋਮਣੀ ਭਗਤ ਨਾਮਦੇਵ ਜੀ ਦਰਬਾਰ ਕਮੇਟੀ ਦੇ ਸਰਪ੍ਰਸਤ ਹਰਜਿੰਦਰ ਸਿੰਘ ਬਾਵਾ, ਪ੍ਰਧਾਨ ਤਰਸੇਮ ਸਿੰਘ ਬਾਵਾ, ਜਨਰਲ ਸਕੱਤਰ ਸੁਖਜਿੰਦਰ ਸਿੰਘ ਲਾਲੀ ਬਾਵਾ, ਮੀਤ ਸਕੱਤਰ ਮਨਜਿੰਦਰ ਸਿੰਘ ਬਿੱਟੂ, ਸਾਬਕਾ ਸਰਪੰਚ ਨਰਿੰਦਰ ਸਿੰਘ ਨਿੰਦੀ ਘੁਮਾਣ, ਜੁਆਇੰਟ ਸਕੱਤਰ ਸਰਬਜੀਤ ਸਿੰਘ ਬਾਵਾ, ਸੰਤੋਖ ਸਿੰਘ ਸਾਹ ਵੱਲੋਂ ਗੁਰੂਘਰ ਦੀ ਬਖਸ਼ਿਸ਼ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਸਾਬਕਾ ਚੇਅਰਮੈਨ ਕੁਲਵੰਤਬੀਰ ਸਿੰਘ ਘੁਮਾਣ, ਅਸ਼ਵਨੀ ਕੁਮਾਰ ਮਿੰਟਾ, ਡਾ. ਰਾਜੂ ਘੁਮਾਣ, ਸ਼ਰਨਜੀਤ ਸਿੰਘ ਪੁਰੀ ਸਮੇਤ ਵੱਡੀ ਗਿਣਤੀ ਵਿੱਚ ਵਰਕਰ ਹਾਜ਼ਰ ਸਨ।



## ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ 'ਚ ਤੀਜ ਤਿਉਹਾਰ ਮਨਾਇਆ



ਗੁਰਦਾਸਪੁਰ, 1 ਅਗਸਤ (ਜਸਵਿੰਦਰ ਸਿੰਘ): ਜੀਆ ਲਾਲ ਮਿੱਤਲ ਡੀ.ਏ.ਵੀ. ਪਬਲਿਕ ਸਕੂਲ ਸਮੇਂ-ਸਮੇਂ 'ਤੇ ਸਾਰੇ ਸੱਭਿਆਚਾਰਕ ਤਿਉਹਾਰ ਤੇ ਜਸ਼ਨ ਮਨਾਉਂਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੀ ਸੱਭਿਅਤਾ ਤੇ ਸੱਭਿਆਚਾਰ ਨਾਲ ਜੋੜਿਆ ਜਾ ਸਕੇ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਅੱਜ ਸਕੂਲ ਵਿੱਚ ਤੀਜ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਨੀਲਮ ਮਹੰਤ (ਮੈਂਬਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਲੋਕ ਅਦਾਲਤ), ਡਾ. ਪਾਇਲ ਅਰੋੜਾ (ਐਮ.ਡੀ. ਮੈਡੀਸਨ, ਆਰ.ਪੀ. ਅਰੋੜਾ ਮੈਡੀਸਿਟੀ) ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਸਕੂਲ ਦੇ ਵਿਹੜੇ ਵਿੱਚ ਹਾਜ਼ਰੀ ਭਰਨ 'ਤੇ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਸੱਭਿਆਚਾਰ ਨੂੰ ਦਰਸਾਉਂਦੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਉਨ੍ਹਾਂ ਨੇ ਭਾਸ਼ਣ, ਗੀਤ, ਸੰਗੀਤ, ਨਾਚ ਤੇ ਪੰਜਾਬ ਦੇ ਲੋਕ ਨਾਚ, ਗਿੱਧਾ ਤੇ ਭੰਗੜਾ ਪੇਸ਼ ਕਰਕੇ ਸਾਰਿਆਂ ਦਾ ਮਨੋਰੰਜਨ ਕੀਤਾ। ਇਸ ਮੌਕੇ ਪੰਜਾਬੀ ਪਹਿਰਾਵਾ, ਮਹਿੰਦੀ, ਪੰਜਾਬੀ ਬੋਲੀ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਸਕੂਲ ਦੇ ਛੋਟੇ ਬੱਚਿਆਂ ਦੇ ਰਵਾਇਤੀ ਪਹਿਰਾਵੇ ਵਿੱਚ ਪ੍ਰਦਰਸ਼ਨ ਦੇਖ ਕੇ ਹਰ ਕੋਈ ਖੁਸ਼ ਹੋਇਆ। ਸਾਰੇ ਬੱਚਿਆਂ ਨੂੰ ਆਪਣੇ ਸੰਬੋਧਨ ਵਿੱਚ ਨੀਲਮ ਮਹੰਤ ਨੇ ਸਾਰੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਡਾ. ਪਾਇਲ ਅਰੋੜਾ ਨੇ ਬੱਚਿਆਂ ਨੂੰ ਸਕੂਲ ਵਿੱਚ ਹੋਣ ਵਾਲੇ ਸਾਰੇ ਮੁਕਾਬਲਿਆਂ ਵਿੱਚ ਹਿੱਸਾ ਲੈਣ ਲਈ ਕਿਹਾ। ਇਸ ਮੌਕੇ 'ਤੇ ਸਕੂਲ ਦੇ ਪ੍ਰਿੰਸੀਪਲ ਰਾਜੀਵ ਭਾਰਤੀ ਨੇ ਇੱਕ ਸੰਦੇਸ਼ ਰਾਹੀਂ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ ਤੇ ਕਿਹਾ ਕਿ ਇਹ ਤਿਉਹਾਰ ਸਾਨੂੰ ਨਵੀਂ ਊਰਜਾ ਤੇ ਖੁਸ਼ੀ ਦਿੰਦਾ ਹੈ। ਸਾਨੂੰ ਸਾਰਿਆਂ ਨੂੰ ਇਨ੍ਹਾਂ ਤਿਉਹਾਰਾਂ ਦੀ ਮਹੱਤਤਾ ਨੂੰ ਸਮਝਣਾ ਚਾਹੀਦਾ ਹੈ ਤੇ ਇਨ੍ਹਾਂ ਨੂੰ ਇਕੱਠੇ ਮਨਾਉਣਾ ਚਾਹੀਦਾ ਹੈ। ਤਦ ਹੀ ਅਸੀਂ ਆਪਣੀ ਸੱਭਿਅਤਾ ਤੇ ਸੱਭਿਆਚਾਰ ਨਾਲ ਜੁੜੇ ਰਹਿ ਸਕਦੇ ਹਾਂ।

## ਛੱਤੀਸਗੜ੍ਹ 'ਚ ਨੰਨਜ ਭੈਣਾਂ ਨਾਲ ਵਾਪਰੀ ਘਟਨਾ, ਇਸਾਈਆਂ 'ਤੇ ਹਮਲਾ: ਸਾਬਾ ਭੱਟੀ/ਸੋਨੂੰ ਨਾਨੋਹਰਨੀ

ਧਾਰੀਵਾਲ, 1 ਅਗਸਤ (ਅਸ਼ੋਕ ਕੁਮਾਰ): ਛੱਤੀਸਗੜ੍ਹ ਵਿੱਚ ਨੰਨਜ ਭੈਣਾਂ ਦੇ ਨਾਲ ਧਰਮ ਪਰਿਵਰਤਨ ਨੂੰ ਲੈ ਕੇ ਵਾਪਰੀ ਮੰਦਭਾਗੀ ਘਟਨਾ ਬਹੁਤ ਹੀ ਦੁਖਦਾਈ ਹੈ, ਇਹ ਨਾ ਸਿਰਫ ਇਸਾਈਆਂ 'ਤੇ ਹਮਲਾ ਹੈ, ਸਗੋਂ ਇਹ ਸਾਡੇ ਸੰਵਿਧਾਨ ਦਾ ਕਤਲ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਜਨਰਲ ਸਕੱਤਰ ਘੱਟ ਗਿਣਤੀ ਸਾਭਾ ਭੱਟੀ ਤੇ ਸੋਨੂੰ ਨਾਨੋਹਰਨੀ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਘਟਨਾ ਸਾਡੇ ਭਾਰਤ ਦੇਸ਼ ਵਿੱਚ ਪ੍ਰਭੂ ਯਿਸ਼ੂ ਮਸੀਹ ਦੀ ਸੇਵਾ ਕਰ ਰਹੇ ਭੈਣ-ਭਰਾਵਾਂ 'ਤੇ ਇਹ ਬਹੁਤ ਵੱਡੀ ਪਾਬੰਦੀ ਹੈ। ਮਸੀਹ ਭਾਈਚਾਰਾ ਇਸ ਹਰਕਤ ਨੂੰ ਕਦੀ ਵੀ ਬਰਦਾਸ਼ਤ ਨਹੀਂ ਕਰੇਗਾ ਤੇ ਆਉਣ ਵਾਲੇ ਸਮੇਂ ਵਿੱਚ ਜੇਕਰ ਇਨਸਾਫ ਨਾ ਮਿਲਿਆ ਤਾਂ ਮਸੀਹ ਭਾਈਚਾਰਾ ਡੱਟ ਕੇ ਸੰਘਰਸ਼ ਕਰੇਗਾ।



## ਸਰਕਾਰ ਦੇ ਖ਼ਿਲਾਫ਼ ਗੁਰਦਾਸਪੁਰ 'ਚ ਕੀਤਾ ਜਾਵੇਗਾ ਅੱਜ ਚੱਕਾ ਜਾਮ: ਗੁਰਪ੍ਰੀਤ/ਰਜਿੰਦਰ ਸਿੰਘ ਧੱਕੜ

ਕਲਾਨੌਰ, 1 ਅਗਸਤ (ਕਮਲਜੀਤ ਸਿੰਘ/ਇਕਬਾਲ ਵਾਲੀਆ): ਪੰਜਾਬ ਸਰਕਾਰ ਦੇ ਕਿਸਾਨ ਮਾਰੂ ਨੀਤੀਆਂ ਖ਼ਿਲਾਫ਼ ਮਾਝਾ ਕਿਸਾਨ ਸੰਘਰਸ਼ ਕਮੇਟੀ ਪੰਜਾਬ ਵੱਲੋਂ ਗੁਰਦਾਸਪੁਰ ਬੱਬਰੀ ਚੌਕ ਵਿੱਚ ਧਰਨਾ ਪ੍ਰਦਰਸ਼ਨ ਨੂੰ ਲੈ ਕੇ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਯੂਨੀਅਨ ਦੇ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਬੋਪਾਰਾਏ, ਵਾਈਸ ਪ੍ਰਧਾਨ ਰਜਿੰਦਰ ਸਿੰਘ ਰਾਜੂ ਧੱਕੜ ਨੇ ਕੀਤਾ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ 2 ਅਗਸਤ ਨੂੰ ਵੱਡੇ ਪੱਧਰ 'ਤੇ ਕਿਸਾਨ ਬੱਬਰੀ ਚੌਕ ਗੁਰਦਾਸਪੁਰ 'ਚ ਅਣਮਿਥੇ ਸਮੇਂ ਲਈ ਧਰਨਾ ਲਗਾਉਣ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕਿਸਾਨ ਇਹ ਧਰਨਾ ਉਦੋਂ ਤੱਕ ਜਾਰੀ ਰੱਖਣਗੇ, ਜਦ ਤੱਕ ਕਿਸਾਨਾਂ ਦਾ ਬਕਾਇਆ ਕਿਸਾਨਾਂ ਦੇ ਖਾਤਿਆਂ ਵਿਚ ਨਹੀਂ ਆਉਂਦਾ ਤੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਮੰਨੀਆਂ ਨਹੀਂ ਜਾਣਗੀਆਂ। ਉਨ੍ਹਾਂ ਨੇ ਸਾਰੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਟਰੈਕਟਰ-ਟਰਾਲੀਆਂ ਤੇ ਗੱਡੀਆਂ ਰਾਹੀਂ ਬੱਬਰੀ ਚੌਕ ਵਿੱਚ 2 ਅਗਸਤ ਨੂੰ ਪਹੁੰਚਣ ਤੇ ਧਰਨੇ ਨੂੰ ਕਾਮਯਾਬ ਬਣਾਉਣ।

## ਮੇਰਾ ਯੁਵਾ ਭਾਰਤ ਗੁਰਦਾਸਪੁਰ ਨੇ ਫਲੈਗਸ਼ਿਪ ਵਰਕਸ਼ਾਪ ਪ੍ਰੋਗਰਾਮ ਮਨਾਇਆ

ਕਾਦੀਆਂ, 1 ਅਗਸਤ (ਸਲਾਮ ਤਾਰੀ/ਸਿਕੰਦਰ ਸੰਧੂ): ਮੇਰਾ ਯੁਵਾ ਭਾਰਤ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਿਖਲਾਈ ਸੰਸਥਾ ਵਿਚ ਫਲੈਗਸ਼ਿਪ ਵਰਕਸ਼ਾਪ ਪ੍ਰੋਗਰਾਮ ਮਨਾਇਆ ਗਿਆ। ਜਿਸ ਵਿਚ ਵੱਖ-ਵੱਖ ਸਕੀਮਾਂ ਬਾਰੇ ਬੱਚਿਆ ਨੂੰ ਜਾਣੂੰ ਕਰਵਾਇਆ ਗਿਆ। ਜਿਸ ਵਿਚ ਹਰ ਘਰ ਜਲ ਮਿਸ਼ਨ ਹੁਨਰ ਤੇ ਦੀ ਡਿਜੀਟਲ ਇੰਡੀਆ ਬਾਰੇ ਗੱਲ ਕੀਤੀ ਗਈ। ਇਸ ਪ੍ਰੋਗਰਾਮ ਵਿਚ ਜ਼ਿਲ੍ਹਾ ਯੂਥ ਅਫਸਰ ਸੰਦੀਪ ਕੌਰ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਵਾਟਰ ਸੈਨੀਟੇਸ਼ਨ ਤੋਂ ਕਨਵਰਜੀਤ ਰੱਤਰਾ ਨੇ ਸਕੀਮਾਂ ਬਾਰੇ ਜਾਣੂੰ ਕਰਵਾਇਆ। ਜਿਸ ਵਿਚ ਹਰ ਘਰ ਜਲ ਮਿਸ਼ਨ ਅਹਿਮ ਸੀ ਇਸ ਸਮੇਂ ਸਪੋਰਟਸ ਕੋਆਰਡੀਨੇਟਰ ਅਨੀਤਾ ਪੁਰੀ ਨੇ ਵੱਖ-ਵੱਖ ਸਕਿੱਲਜ਼ ਬਾਰੇ ਗੱਲ ਕੀਤੀ। ਟ੍ਰੈਫਿਕ ਪੁਲਿਸ ਅਮਨਦੀਪ ਸਿੰਘ ਨੇ ਦੱਸਿਆ ਕਿ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਚਾਹੀਦੀ, ਟ੍ਰੈਫਿਕ ਦੇ ਨਵੇਂ ਢੰਗਾਂ ਤੋਂ ਡਿਜੀਟਲ ਢੰਗਾਂ ਤੋਂ ਜਾਣੂੰ ਕਰਵਾਇਆ। ਇਸ ਪ੍ਰੋਗਰਾਮ ਦੇ ਤਹਿਤ ਵਾਤਾਵਰਨ ਨੂੰ ਸਾਫ-ਸੁਥਰਾ ਰੱਖਣ ਦੇ ਤਹਿਤ ਬੂਟੇ ਲਗਾਏ ਗਏ ਤੇ ਨੌਜਵਾਨਾਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਆਲੇ-ਦੁਆਲੇ ਬੂਟੇ ਜ਼ਰੂਰ ਲਗਾਉਣ ਕਿਉਂਕਿ ਦਿਨੋਂ-ਦਿਨ ਵੱਧਦੇ ਪ੍ਰਦੂਸ਼ਣ ਦੇ ਕਾਰਨ ਜਿੱਥੇ ਇਨਸਾਨੀ ਜ਼ਿੰਦਗੀ ਦਾ ਸਾਹ ਲੈਣਾ ਔਖਾ ਹੈ, ਉੱਥੇ ਹੀ ਸਾਨੂੰ ਬੂਟਿਆਂ ਦੀ ਬਹੁਤ ਜ਼ਰੂਰਤ ਹੈ ਕਿਉਂਕਿ ਇਨ੍ਹਾਂ ਬੂਟਿਆਂ ਦੇ ਕਾਰਨ ਸਾਨੂੰ ਹਵਾ ਦੇ ਰਾਹੀਂ ਤਾਜ਼ੀ ਆਕਸੀਜਨ ਮਿਲਦੀ ਹੈ। ਇਸ ਪ੍ਰੋਗਰਾਮ ਵਿੱਚ ਪਹੁੰਚਣ 'ਤੇ ਵੱਖ-ਵੱਖ ਨੁਮਾਇੰਦਿਆਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਜਿਸ ਕਾਰਨ ਅਸੀਂ ਕਈ ਬਿਮਾਰੀਆਂ ਤੋਂ ਛੁਟਕਾਰਾ ਪਾਉਂਦੇ ਹਾਂ। ਇਸ ਸਮੇਂ ਕਾਲਜ ਦੇ ਲੈਕਚਰਾਰ ਨਰੇਸ਼ ਮਹਿਤਾ, ਤਰੁਣ ਪ੍ਰੀਤ ਕੌਰ, ਵੰਦਨਾ, ਮਨਪ੍ਰੀਤ ਆਦਿ ਹਾਜ਼ਰ ਸਨ।



# ਸਿਰਲੇਖਵਾਰ ਇਸ਼ਤਿਹਾਰ/Classified Advertisement

**(U/o 5 Rule 20 CPC)**
**In The Court of Sh. Manpreet Sohi Civil Judge (Junior Division), Dasuya**
CNR No. PBHOA0-000270-2024
Next Date : 21-08-2025
Baljinder Singh S/o Ram Saroop Villlage Kurala Khurd Tehsil Tanda Distt. Hoshiarpur Through LRs.
**......Judgment Debtor**
Versus
1. Jagdeep Singh S/o Khushwant Singh R/o Village Kurala Khurd Tehsil Dasuya Distt. Hoshiarpur and others. **.......Decree Holder**
**Execution For Possession As Per Judgment And Decree**
**Notice to :** 3. Ajay DeepS/o Khushwant Singh 4. (A) Mohan Lal S/o Banta Ram S/o Babu Ram 4. (B) Manohar Lal S/o Banta Ram S/o Babu Ram 7. Lovedeep Singh S/o Sadhu Singh 10. Satbir Kaur D/o Shingara Singh Vill. Kurala Khurd Tehsil Tanda Distt. Hoshiarpur Punjab
In above titled case, the defendant(s) / respondent(s) could not be served. It is ordered that defendant(s)/respondent(s) should appear in person or through counsel on 21.08.2025 at 10:00 a.m.
For details logon to https://highcourtchd.gov.in/?mod=district notice&district=Hoshiarpur
Dated, this day of 29-07-2025
Sd/- **Civil Judge (Jr. Division) Dasuya**

---

**(U/o 5 Rule 20 CPC)**
**In The Court of Ms. Simranpreet Kaur Civil Judge (Junior Division-5), Rajpura**
CNR No. PBPTA0-000460-2022
Next Date : 22-08-2025
State Bank of India
Versus
Manpreet Kaur
**Suit For Recovery**
Notice To: Manpreet Kaur W/o Hardeep Singh Village Haryon, P.O. Ugani, Tehsil Rajpura, District Patiala.
In above titled case, the defendant(s) / respondent(s) could not be served. It is ordered that defendant(s)/respondent(s) should appear in person or through counsel on 22.08.2025 at 10:00 a.m.
For details logon to https://highcourtchd.gov.in/?mod=district notice&district=Patiala
Dated, this day of 16-07-2025
**Sd/- Civil Judge (Jr. Division-5) Rajpura**

---

**(U/o 5 Rule 20 CPC)**
**In The Court of Ms. Sherryl Sohi Additional Civil Judge (Senior Division-2), Faridkot**
CNR No. PBFD02-000264-2021
Next Date : 14-08-2025
Punam Grover
Versus
Buta Ram
**Notice To:** 8. Sham Kaur (Now deceased) W/o Nazar Singh through her Legal heirs (a) Paramjit Singh (b) Gurmail Singh (c) Parvinderjit Singh. All Sons of Nazar Singh S/o Sanghu Singh, R/o Jot Singh Colony, Bholuwala Road, Faridkot. 11. Harjinder Kaur W/o Parvinderjit Singh S/o Nazar Singh, R/o Guru Arjun Dev Nagar, Street no. 4(L), Faridkot, M.no. 7837600100. 13. Gagandeep Singh alias Harbir Singh S/o Parvinderjit Singh, R/o Street no. 4 (Left), Guru Arjun Dev Nagar, Faridkot. 14. Parvinderjit Singh S/o Nazar Singh, now deceased through Smt. Amarjit Kaur, R/o Bazigar basti, Near Dr. Bengali, Main Road, Faridkot. 18. Kulwinder Kaur W/o Tarsem Lal S/o Parkash Ram, R/o Ladhowali, Tehsil Shahkot, Distt. Jalandhar. 19. Kulveer Singh S/o Parvinderjit Singh, C/o Harjinder Kaur, r/o Street no. 4(Left), Guru Arjun Dev Nagar, Faridkot. 22. Mahesh Chand S/o Sh. Moti Ram, now deceased through his legal heirs (d) Neeru Duggal, daughter (e) Mrs. Anju Vohra, daughter of Mahesh Chand, R/o Main road, New Cantt Road, Faridkot. 24. Manjit Kaur sssW/o Balwinder Singh S/o Balkaran Singh, R/o Near Sunder Nagar, Main Rasta, Near Khal, Faridkot.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14.08.2025 at 10:00 a.m.
For details logon to https://highcourtchd.gov.in/?mod=district notice&district=mogacourt
Dated, this day of 30-07-2025
**Sd/- Addl. Civil Judge (Sr. Divn.-2) Faridkot**

---

**In The Court of Sh. Kapil Dev Singla Addl. Principal Judge, Family Court, Patiala**
CNR No. PBPT01-006314-2024
Next Date : 16-09-2025
Rekha Rani
Versus
Dharamver Sharma
**Notice To :** Dharamveer Sharma Father: Surinder Kumar Sharma Hno. 809, Street No. 8, Guru Nanak Nagar, Patiala 2nd Address ASI Dharamveer Sharma S/o Surinder Kumar Sharma Belt No. 220, now posted at Punjab Police, District Patiala.
In above titled case, the accused could not be served. It is ordered that accused should appear in person or through counsel on 16.09.2025 at 10:00 a.m.
For details logon to https://highcourtchd.gov.in/?trs=district notice&district=Patiala
Dated, this day of 29-07-2025
**Sd/- Addl. Principal Judge, Family Court, Patiala**

---

**(U/o 5 Rule 20 CPC)**
**In The Court of Sh. Pankaj Garg Civil Judge (Junior Division), Hoshiarpur**
CNR No. PBHO02-000488-2025
Next Date : 19-08-2025
Piyush Aggarwal S/o Anil Aggarwal aged 28 years R/o House No. B-14/496, Parhlad Nagar, Tehsil & District Hoshiarpur. **.....Plaintiff(s)**
Vs.
Narinder Singh son of Mohinder Singh resident of H.No. B-23/392, Aslamabad, Tehsil & District Hoshiarpur and Another. **......Defendants(s)**
**Notice To :** 1. Narinder Singh son of Mohinder Singh resident of H. No. B-23/392, Aslamabad, Tehsil & District Hoshiarpur. 2. Mandeep daughter of Mohinder Singh resident of H. No. B-23/392, Aslamabad, Tehsil & District Hoshiarpur.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19.08.2025 at 10:00 a.m.
For details logon to https://highcourtchd.gov.in/?trs=district notice&district=Hoshiarpur
Dated, this day of 24-07-2025
**Sd/- Civil Judge (Jr. Division) Hoshiarpur**

---

**(U/o 5 Rule 20 CPC)**
**(Succession Case)**
**In the Court of Ms. Jaspreet Kaur Simak Additional Civil Judge (Senior Division), Dasuya**
CNR No. PBHOA0-000556-2025
Next Date : 18-08-2025
Sham Murari Sharma S/o Basant Ram Sharma 2. Suman Lata Sharma W/o Sham Murari Sharma, R/o House No. 396, Ward No. 8 Mohalla, Keharwali, Tehsil Dasuya, District Hoshiarpur.
Versus
General Public
**Succession Certificate**
**Notice To:** General Public: General Public
In above titled case, the defendant(s) / respondent(s) could not be served. It is ordered that defendant(s)/respondent(s) should appear in person or through counsel on 18.08.2025 at 10:00 a.m.
For details logon to https://highcourtchd.gov.in/?mod=district notice&district=Hoshiarpur
Dated, this day of 30-07-2025
**Sd/- Addl. Civil Judge (Sr. Divn.) Dasuya**

---

**(U/o 5 Rule 20 CPC)**
**In The Court of Sh. Pankaj Verma Additional Civil Judge (Senior Division), Tarn Taran**
**Next Date, Purpose of case, Orders and Judgments as well as other case information is available on http://districts. ecourts. gov.in**
CNR No. PBTT02-000297-2023
Next Date : 19-08-2025
Punjab National Bank
Versus
SOMA
**Notice To :** Soma W/o Mandhir Singh R/o Village Khawaspur, Tehsil Khadur Sahib, at present R/o Quitter No. 493, mal Mandi, Police Line, Tarn Taran Tehsil and District Tarn Taran. 2. Mandhir Singh Punjab Police Employee (Belt N. 324/TT) S/o Mangal Singh Quitter No. 493 Mal Mandi, Police Line Tarn Taran Tehsil and District Tarn Taran.
In above titled case, the defendant(s) / respondent(s) could not be served. It is ordered that defendant(s)/respondent(s) should appear in person or through counsel on 19.08.2025 at 10:00 a.m.
For details logon to https://highcourtchd.gov.in/?trs=district notice&district=Tarn Taran
Dated, this day of 29-07-2025
**Sd/- Addl. Civil Judge (Sr. Divn.) Tarn Taran**

---

**(U/o 5 Rule 20 CPC)**
**In The Court of Sh. Vijay Kumar Matrimonial Cases Special Courts, Fatehgarh Sahib**
CNR No. PBFG01-002485-2024
Next Date : 22-08-2025
Himanshu Phatak S/o Harvinder Paul Phatak R/o # 4166, Ward No. 12, Hamayunpur, Railway Road, Sirhind Tehsil and District Fatehgarh Sahib
Versus
Arti Sharma
**Notice To :** Arti Sharma Spouse : Himanshu Phatak and daughter of Baldev Raj r/o House no. 180, ward no. 14, Trimmo road, Gurdaspur, Tehsil and distt. Gurdaspur.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 22.08.2025 at 10:00 a.m.
For details logon to https://highcourtchd.gov.in/?trs=district notice&district=Fatehgarh Sahib
Dated, this day of 31-07-2025
**Sd/- Matrimonial Cases Special Courts, Fatehgarh Sahib**

---

**(U/o 5 Rule 20 CPC)**
**In The Court of Ms. Reena Rani Civil Judge (Junior Division), Phul**
CNR No. PBBTB0-000682-2019
Next Date : 22-08-2025
Simarjit Singh Sidhu
Versus
Harbans Singh Etc.
**Notice To:** Guddi Spouse: Darshan Singh Khosa randhir Near Gurudawara Sahib Distt. Moga.
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 22.08.2025 at 10:00 a.m.
For details logon to https://highcourtchd.gov.in/?mod=district notice&district=Bathinda
Dated, this day of 31-07-2025
**Sd/- Civil Judge (Jr. Division) Phul**

---

**In The Court of Sh. Mukesh Kumar Singla Judicial Magistrate First Class Phillaur**
CNR No. PBJLB1-000386-2024
Next Date : 23-09-2025
Gurmeet Singh
Versus
Sanjiv Kumar
**Notice To:** Sanjiv Kumar Father : Banarsi Dass R/o H. No. 27-A, Tower Enclave Phase-1, Wadala Chowk Jalandhar 144003
In above titled case, the accused could not be served. It is ordered that the accused should appear in person or through counsel on 23.09.2025 at 10:00 a.m.
For details logon to https://highcourtchd.gov.in/?mod=district notice&district=Jalandhar
Dated, this day of 28-07-2025
**Sd/- JMIC, Phillaur**

---

**Sale Notice for Sale of Immovable Properties**
**In the court of Additional District Judge, Ferozepur.**
**The Managing Director, Punjab State Civil Supplies Corporation Limited**
**Vs**
**M/s Satguru Rice Mills, Zira**
Notice is hereby given to the public in general that the below described immovable properties will be sold on 19/08/2025 by Tehsildar Zira for recovery of dues related to Punjab State Civil Supplies Corporation Limited as per orders of Hon'ble Additional District Judge, Ferozepur.
**DETAILS OF PROPERTIES :-**
**Name of Owner: Naseeb Kaur w/o Jaswant Singh s/o Arjan Singh**
**Description of property:- Agricultural Land Khewat no.129, 130, 147 khatoni no.255, 256, 291 according to jamabandi for the year 2023-24, total area say 32 acres situated in the area of village Rataul Bet, Tehsil Zira, Ferozepur.**
**Date: 01/08/2025** **District Manager**
**Place: Ferozepur** **Punsup Ferozepur**

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿਚ ਰਹੋ।**

**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਵੇਰਵਿਆਂ ਦੀ ਜ਼ਿੰਮੇਵਾਰੀ ਸਾਡੀ ਨਹੀਂ ਹੈ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੀ ਪੁਸ਼ਟੀ ਕਰ ਲੈਣ।

# ਫਤਿਹਗੜ੍ਹ ਚੂੜੀਆਂ ਦੇ ਜਤਿੰਦਰ ਸਿੰਘ ਮਾਸਟਰ ਬਣੇ ਵਿੱਤ ਸਕੱਤਰ



ਫਤਿਹਗੜ੍ਹ ਚੂੜੀਆਂ 31 ਜੁਲਾਈ (ਰਾਜਨ ਸ਼ਰਮਾ): ਫਤਿਹਗੜ੍ਹ ਚੂੜੀਆਂ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਿਛਲੇ ਦਿਨੀਂ ਮਾਸਟਰ ਕੇਡਰ ਯੂਨੀਅਨ ਦੀ ਚੋਣ ਹੋਈ ਜਿਸ ਵਿੱਚ ਗੁਰਦਾਸਪੁਰ , ਤਰਨ ਤਾਰਨ, ਪਠਾਨਕੋਟ, ਅੰਮ੍ਰਿਤਸਰ,ਮਾਝਾ ਜੋਨ ਦੇ ਚਾਰ ਜਿਲਿਆਂ ਦੇ ਯੂਨੀਅਨ ਦੇ ਅਹੁਦੇਦਾਰ ਵਿਸ਼ੇਸ਼ ਤੌਰ ਤੇ ਪਹੁੰਚੇ। ਜਿਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਮਾਸਟਰ ਜਤਿੰਦਰ ਸਿੰਘ ਜੋ ਕਿ ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ ਤੇਜਾਂ ਕਲਾ ਵਿਖੇ ਨਿਯੁਕਤ ਹਨ ਉਨਾਂ ਨੂੰ ਵਿੱਤ ਸਕੱਤਰ ਚੁਣਿਆ ਗਿਆ । ਉਹਨਾਂ ਵੱਲੋਂ ਸਮੂਹ ਮਾਸਟਰ ਕੇਡਰ ਯੂਨੀਅਨ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਲਬਾਤ ਦੌਰਾਨ ਮਾਸਟਰ ਜਤਿੰਦਰ ਸਿੰਘ ਨੇ ਕਿਹਾ ਕਿ ਮੈਂ ਪ੍ਰਧਾਨ ਜੀ ਦੇ ਨਾਲ ਅਤੇ ਹੋਰ ਚੁਣੇ ਗਏ ਅਹੁਦੇਦਾਰਾਂ ਨਾਲ ਮਿਲ ਕੇ ਪੂਰੀ ਇਮਾਨਦਾਰੀ ਅਤੇ ਤਨਦੇਹੀ ਦੇ ਨਾਲ ਕੰਮ ਕਰਾਂਗਾ ਅਤੇ ਮਾਸਟਰ ਕੇਡਰ ਯੂਨੀਅਨ ਦੀਆਂ ਜੋ ਮੰਗਾਂ ਨੇ ਉਹਨਾਂ ਨੂੰ ਵਿਭਾਗ ਦੇ ਅੱਗੇ ਅਤੇ ਸਰਕਾਰ ਦੇ ਅੱਗੇ ਰੱਖਾਂਗੇ। ਉਨਾਂ ਨੇ ਇਸ ਗੱਲ ਦਾ ਵੀ ਧੰਨਵਾਦ ਕੀਤਾ ਕਿ ਉਹਨਾਂ ਨੂੰ ਇਸ ਅਹੁਦੇ ਲਈ ਚੁਣਿਆ ਗਿਆ। ਉਹਨਾਂ ਇਹ ਵੀ ਕਿਹਾ ਕਿ ਸਮੂਹ ਸਾਥੀ ਇਸ ਜਿੰਮੇਵਾਰੀ ਨੂੰ ਰਲ ਮਿਲ ਕੇ ਨਿਭਾਉਣਗੇ।

## ਆਮ ਸੂਚਨਾ

ਮੈਂ, ਨਰਿੰਦਰ ਸਿੰਘ ਪੁੱਤਰ ਸ. ਸਵਰਨ ਸਿੰਘ ਵਾਸੀ ਮਕਾਨ ਨੰ. 267 ਗਲੀ ਨੰ. 7 ਪੁਰਾਣਾ ਬਿਸ਼ਨ ਨਗਰ ਬਿਆਨ ਕਰਦਾ ਹਾਂ ਕਿ ਸ੍ਰੀਮਤੀ ਹਰਚਰਨ ਕੌਰ ਪਤਨੀ ਸ. ਸਵਰਨ ਸਿੰਘ ਮੇਰੀ ਮਾਤਾ ਅਤੇ ਸ੍ਰ. ਅੰਮ੍ਰਿਤਪਾਲ ਸਿੰਘ ਪੁੱਤਰ ਸਵਰਨ ਸਿੰਘ ਵਾਸੀਆਨ ਮਕਾਨ ਨੰ. 267 ਗਲੀ ਨੰ.7 ਪੁਰਾਣਾ ਬਿਸ਼ਨ ਨਗਰ, ਪਟਿਆਲਾ ਮੇਰਾ ਭਰਾ ਹੈ। ਅੱਜ ਤੋਂ ਬਾਅਦ ਮੈਂ ਆਪਣੀ ਮਾਤਾ ਅਤੇ ਭਰਾ ਨਾਲ ਕਿਸੀ ਵੀ ਪ੍ਰਕਾਰ ਦਾ ਕੋਈ ਰਿਸ਼ਤਾ/ਤਾਲੁਕ ਵਾਸਤਾ ਨਹੀਂ ਰੱਖਣਾ ਚਾਹੁੰਦਾ। ਮੇਰੀ ਮਾਤਾ ਅਤੇ ਮੇਰਾ ਭਰਾ ਆਪਣੇ ਨਫੇ-ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ। ਇਸ ਵਿਚ ਮੇਰਾ ਜਾਂ ਮੇਰੇ ਕਿਸੇ ਵੀ ਪਰਿਵਾਰਕ ਮੈਂਬਰਾਂ ਦਾ ਕੋਈ ਲੈਣਾ-ਦੇਣਾ ਨਹੀਂ ਹੋਵੇਗਾ।

## ਜਨਤਕ ਸੂਚਨਾ

**ਵੱਲੋਂ: ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**



[illegible] ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

## ਪੰਜਾਬ ਸਰਕਾਰ

**ਟੈਂਡਰ ਹਵਾਲਾ ਨੰਬਰ :- ਈ-ਟੈਂਡਰ ਨੰ. ਐਮਸੀਜੇ/(ਭ ਅਤੇ ਮ) 2025-26/15**
**ਵਿਭਾਗ :- ਨਗਰ ਨਿਗਮ, ਜਲੰਧਰ ਸਥਾਨਕ ਸਰਕਾਰਾਂ ਵਿਭਾਗ ਪੰਜਾਬ**
**ਈ-ਟੈਂਡਰ ਮੰਗ ਸੂਚਨਾ (ਸਿਵਲ ਕੰਮ)**
**ਬੰਦ ਹੋਣ ਦੀ ਮਿਤੀ ਤੇ ਸਮਾਂ :- ਠੇਕੇਦਾਰਾਂ ਲਈ ਮਿਤੀ ਅਤੇ ਸਮਾਂ ਸੂਚੀ 13.08.2025 ਨੂੰ 16.00 ਵਜੇ ਤੱਕ**
**ਵੇਰਵਿਆਂ ਲਈ ਲਾਗ ਆਨ ਕਰੋ : www.eproc.punjab.govt.in**
**ਨੋਟ : ਟੈਂਡਰ ਸੂਚਨਾ ਵਿਚ ਕੋਈ ਵੀ ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।**
**ਸਹੀ/-ਨਿਗਮ ਇੰਜੀਨੀਅਰ, ਨਗਰ ਨਿਗਮ, ਜਲੰਧਰ**
**RO.No.PR-Advt.No. : 3234/12/2025-26/1814 /Dated CHD : 01/08/2025**

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
**ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ**

**ਮਾਮਲਾ ਨੰਬਰ : ਓਏ/1430/2024**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ ਨੰ. : 29383**
**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਮੈਸ. ਗੁਰਦੇਵ ਸਿੰਘ ਐਂਡ ਕੰਪਨੀ**
**ਵੱਲ,**
**1) ਸਤਵਿੰਦਰ ਕੌਰ ਪਤਨੀ ਸ੍ਰੀ ਬਗੀਚਾ ਸਿੰਘ, ਮਕਾਨ ਨੰ: 387, ਗਲੀ ਨੰ: 12, ਗੁਰਦੁਆਰਾ ਬੋਹੜੀ ਸਾਹਿਬ ਰੋਡ, ਕੋਟ ਖਾਲਸਾ, ਅਕਾਸ਼ ਐਵੇਨਿਊ (ਇੰਦਰਾ ਕਲੋਨੀ), ਅੰਮ੍ਰਿਤਸਰ, ਪੰਜਾਬ - 143001**
**2) ਜਸਬੀਰ ਕੌਰ ਪਤਨੀ ਸਵਰਗੀ ਸ਼੍ਰੀ ਸ਼ਿਵ ਰਾਜ ਸਿੰਘ, ਮਕਾਨ ਨੰ: 387, ਗਲੀ ਨੰ: 12, ਗੁਰਦੁਆਰਾ ਬੋਹੜੀ ਸਾਹਿਬ ਰੋਡ, ਕੋਟ ਖਾਲਸਾ, ਆਕਾਸ਼ ਐਵੇਨਿਊ (ਇੰਦਰਾ ਕਲੋਨੀ), ਅੰਮ੍ਰਿਤਸਰ, ਪੰਜਾਬ - 143001।**
**3) ਬਗੀਚਾ ਸਿੰਘ ਪੁੱਤਰ ਸ੍ਰੀ ਬਲਵੰਤ ਸਿੰਘ, ਵਾਸੀ ਮਕਾਨ ਨੰਬਰ 387, ਗਲੀ ਨੰ: 12, ਗੁਰਦੁਆਰਾ ਬੋਹੜੀ ਸਾਹਿਬ ਰੋਡ, ਕੋਟ ਖਾਲਸਾ, ਆਕਾਸ਼ ਐਵੇਨਿਊ (ਇੰਦਰਾ ਕਲੋਨੀ), ਅੰਮ੍ਰਿਤਸਰ, ਪੰਜਾਬ - 143001।**
**4) ਹਰਮਨਪ੍ਰੀਤ ਸਿੰਘ ਪੁੱਤਰ ਸਵਰਗੀ ਸ਼੍ਰੀ ਸ਼ਿਵ ਰਾਜ ਸਿੰਘ, ਵਾਸੀ ਮਕਾਨ ਨੰਬਰ 387, ਗਲੀ ਨੰਬਰ 12, ਗੁਰਦੁਆਰਾ ਬੋਹੜੀ ਸਾਹਿਬ ਰੋਡ, ਕੋਟ ਖਾਲਸਾ, ਆਕਾਸ਼ ਐਵੇਨਿਊ (ਇੰਦਰਾ ਕਲੋਨੀ), ਅੰਮ੍ਰਿਤਸਰ, ਪੰਜਾਬ - 143001**
**ਸੰਮਨ**
**ਜਿਥੇ ਕਿ, ਓ. ਏ./1430/2024, 29.07.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ.1,54,12,688.18/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
**(1)** ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
**(2)** ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
**(3)** ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
**(4)** ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
**(5)** ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **30.10.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਪੇਪਰ ਬੁੱਕ ਵਾਸਤੇ ਹੇਠ ਲਿਖੇ ਯੂਆਰਐਲ ਇਸਤੇਮਾਲ ਕਰੋ : https://cis.drt.gov.in/drtlive/paperbook.php?ri=2025106960730
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 30.07.2025 ਨੂੰ ਜਾਰੀ।**

## ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)
**ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ**

**ਮਾਮਲਾ ਨੰਬਰ : ਓਏ/1429/2024**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ ਨੰ. : 29382**
**ਪੰਜਾਬ ਨੈਸ਼ਨਲ ਬੈਂਕ**
**ਬਨਾਮ**
**ਮੈਸ. ਪਾਹੂਲ ਇੰਟਰਪ੍ਰਾਇਜ਼ਿਜ਼**
**ਵੱਲ,**
**1) ਜਸਤਿੰਦਰਪਾਲ ਸਿੰਘ ਪੁੱਤਰ ਸ੍ਰੀ ਦਰਬਾਰਾ ਸਿੰਘ, ਪਿੰਡ ਅਲਗੋਂ ਕੋਠੀ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303**
**2) ਦਵਿੰਦਰ ਸਿੰਘ ਪੁੱਤਰ ਸ੍ਰੀ ਦਰਬਾਰਾ ਸਿੰਘ, ਪਿੰਡ ਅਲਗੋਂ ਕੋਠੀ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303**
**3) ਗੁਰਦੇਵ ਸਿੰਘ ਪੁੱਤਰ ਸ੍ਰੀ ਬਲਜੀਤ ਸਿੰਘ, ਨਿਵਾਸੀ ਪਿੰਡ ਅਲਗੋਂ ਕੋਠੀ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303**
**4) ਸੁਖਪ੍ਰੀਤ ਕੌਰ ਪਤਨੀ ਸ੍ਰੀ ਬਲਜੀਤ ਸਿੰਘ, ਵਾਸੀ ਮਕਾਨ ਨੰਬਰ 145, ਪਿੰਡ ਮਾੜੀ ਗੌੜ ਸਿੰਘ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ-143303**
**5) ਗੁਰਮੀਤ ਸਿੰਘ ਪੁੱਤਰ ਸ੍ਰੀ ਪਾਲ ਸਿੰਘ, ਵਾਸੀ ਪਿੰਡ ਅਲਗੋਂ ਕੋਠੀ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303**
**6) ਗੁਰਦਿਆਲ ਸਿੰਘ ਪੁੱਤਰ ਸ੍ਰੀ ਪਾਲ ਸਿੰਘ, ਵਾਸੀ ਮਕਾਨ ਨੰਬਰ 273, ਪਿੰਡ ਛੰਨਾ ਸਰਜਾ ਮਿਰਜਾ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303, ਮ੍ਰਿਤਕ ਹੋਣ ਕਾਰਨ ਆਪਣੇ ਕਾਨੂੰਨੀ ਵਾਰਸਾਂ ਰਾਹੀਂ।**
**ਕਾਨੂੰਨੀ ਵਾਰਸ: 1. ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸਵਰਗੀ ਸ਼੍ਰੀ ਗੁਰਦਿਆਲ ਸਿੰਘ, ਥਾਣਾ ਨੰਬਰ 273, ਪਿੰਡ ਛਨਾ ਸਰਜਾ ਮਿਰਜਾ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ।**
**ਕਾਨੂੰਨੀ ਵਾਰਸ: 2. ਸ਼੍ਰੀ ਅਨਮੋਲਪ੍ਰੀਤ ਸਿੰਘ ਪੁੱਤਰ ਸਵਰਗਵਾਸੀ ਸ੍ਰੀ ਗੁਰਦਿਆਲ ਸਿੰਘ, ਵਾਸੀ ਮਕਾਨ ਨੰਬਰ 273, ਪਿੰਡ ਛਨਾ ਸਰਜਾ ਮਿਰਜਾ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ।**
**7) ਅਵਜੀਤ ਸਿੰਘ ਪੁੱਤਰ ਸ੍ਰੀ ਨਿੰਦਰ ਸਿੰਘ, ਵਾਸੀ ਪਿੰਡ ਮਾੜੀ ਗੌੜ ਸਿੰਘ, ਤਹਿਸੀਲ ਭਿੱਖੀਵਿੰਡ, ਜ਼ਿਲ੍ਹਾ ਤਰਨਤਾਰਨ, ਪੰਜਾਬ - 143303।**
**ਸੰਮਨ**
**ਜਿਥੇ ਕਿ, ਓ. ਏ./1429/2024, 29.07.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ.2,69,54,433.62/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
**(1)** ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
**(2)** ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
**(3)** ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
**(4)** ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
**(5)** ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ **30.10.2025 ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
ਪੇਪਰ ਬੁੱਕ ਵਾਸਤੇ ਹੇਠ ਲਿਖੇ ਯੂਆਰਐਲ ਇਸਤੇਮਾਲ ਕਰੋ : https://cis.drt.gov.in/drtlive/paperbook.php?ri=2025106900730
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 30.07.2025 ਨੂੰ ਜਾਰੀ।**

---

**ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**



ਵਿਸ਼ਾ: ਲੀਜ਼ ਹੋਲਡ ਦਾ ਤਬਾਦਲਾ ਸਵਰਗੀ ਮਹਿੰਦਰ ਕੌਰ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ (ਸੀ.ਪੀ.ਐਲ. 3435) ਦੇ ਸੰਬੰਧ ਵਿੱਚ 20.00% ਹਿੱਸੇ ਦੀ ਹੱਦ ਤੱਕ ਅਧਿਕਾਰ।
ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀਮਤੀ ਮਹਿੰਦਰ ਕੌਰ ਵਪਾਰਕ ਐਸ.ਸੀ.ਓ. ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ ਦੀ 20.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਸੀ।
ਗੁਰਪ੍ਰੀਤ ਸਿੰਘ ਭੱਠਲ, ਨਵਪ੍ਰੀਤ ਸਿੰਘ ਭੱਠਲ, ਸੁਬੀਲ ਸਿੰਘ ਭੱਠਲ ਵੱਲੋਂ ਇਹ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ ਮਹਿੰਦਰ ਕੌਰ ਦੀ ਮੌਤ 29/01/2020 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| | | |
|---|---|---|
| 1. | **ਸੁਖਮਿੰਦਰ ਸਿੰਘ ਭੱਠਲ** | **ਪਤੀ (ਮ੍ਰਿਤਕ)** |
| 2. | **ਸੁਬੀਲ ਸਿੰਘ ਭੱਠਲ** | **ਪੁੱਤਰ** |
| 3. | **ਨਵਪ੍ਰੀਤ ਸਿੰਘ ਭੱਠਲ** | **ਪੁੱਤਰ** |
| 4. | **ਅਰੁਣਜੀਤ ਕੌਰ ਸੇਖੋਂ** | **ਪੁੱਤਰੀ** |
| 5. | **ਗੁਰਪ੍ਰੀਤ ਸਿੰਘ ਭੱਠਲ** | **ਪੁੱਤਰ** |

ਹੁਣ, ਗੁਰਪ੍ਰੀਤ ਸਿੰਘ ਭੱਠਲ, ਨਵਪ੍ਰੀਤ ਸਿੰਘ ਭੱਠਲ, ਸੁਬੀਲ ਸਿੰਘ ਭੱਠਲ ਨੇ 07/05/2014 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਮਹਿੰਦਰ ਕੌਰ ਦੁਆਰਾ ਰੱਖੇ ਗਏ 20.00% ਹਿੱਸੇ ਦੀ ਹੱਦ ਤੱਕ ਕਮਰਸ਼ੀਅਲ ਐਸਸੀਓ ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫ਼ਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

---

**ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**



ਵਿਸ਼ਾ: ਲੀਜ਼ ਹੋਲਡ ਦਾ ਤਬਾਦਲਾ ਸਵ. ਸੁਖਮਿੰਦਰ ਸਿੰਘ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ (ਸੀ.ਪੀ.ਐਲ. 3435) ਦੇ 20.00% ਹਿੱਸੇ ਦੀ ਹੱਦ ਤੱਕ ਅਧਿਕਾਰ।
ਆਮ ਜਨਤਾ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਸੁਖਮਿੰਦਰ ਸਿੰਘ ਵਪਾਰਕ ਐਸ.ਸੀ.ਓ. ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ ਦੇ 20.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ। ਨਵਪ੍ਰੀਤ ਸਿੰਘ ਭੱਠਲ, ਸੁਬੀਲ ਸਿੰਘ ਭੱਠਲ, ਗੁਰਪ੍ਰੀਤ ਸਿੰਘ ਭੱਠਲ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਸੁਖਮਿੰਦਰ ਸਿੰਘ ਦੀ ਮੌਤ 15/12/2023 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-
1. **ਅਰੁਣਜੀਤ ਕੌਰ ਸੇਖੋਂ ਪੁੱਤਰੀ**
2. **ਸੁਬੀਲ ਸਿੰਘ ਭੱਠਲ ਪੁੱਤਰ**
3. **ਨਵਪ੍ਰੀਤ ਸਿੰਘ ਭੱਠਲ ਪੁੱਤਰ**
4. **ਗੁਰਪ੍ਰੀਤ ਸਿੰਘ ਭੱਠਲ ਪੁੱਤਰ**

ਹੁਣ, ਨਵਪ੍ਰੀਤ ਸਿੰਘ ਭੱਠਲ, ਸੁਬੀਲ ਸਿੰਘ ਭੱਠਲ, ਗੁਰਪ੍ਰੀਤ ਸਿੰਘ ਭੱਠਲ ਨੇ ਵਪਾਰਕ ਐਸਸੀਓ ਨੰਬਰ 369-370, ਸੈਕਟਰ 35-ਬੀ, ਚੰਡੀਗੜ੍ਹ ਦੇ ਸੰਬੰਧ ਵਿੱਚ, 01/04/2022 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਸਵਰਗੀ ਸੁਖਮਿੰਦਰ ਸਿੰਘ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 20.00% ਹਿੱਸੇ ਦੀ ਹੱਦ ਤੱਕ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ/ਵਿਅਕਤੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

---

**PUNJAB STATE TRANSMISSION CORPORATION LIMITED**
**Regd. Office : PSEB Head Office, The Mall Patiala - 147001**
**Corporate Identity Number : U40109PB2010SGC033814**
**www.pstcl.org O/o Sr. Xen, C/W Divn., Patiala**
**Tel. No. 96461-17916, E-mail : srxen-cwd-pta@pstcl.org**

**ਈ-ਟੈਂਡਰ ਨੋਟਿਸ ਇਨਕੁਆਇਰੀ ਨੰ. 11/2025-26**

**ਟੈਂਡਰ ਦਾ ਵੇਰਵਾ :** 132 ਕੇ.ਵੀ. ਸ/ਸ ਆਈ.ਜੀ.ਸੀ. ਬਠਿੰਡਾ ਵਿਖੇ ਬੱਸ ਬਾਰ sectionalization ਅਤੇ 1 ਨੰ. 132 ਕੇ.ਵੀ. ਲਾਈਨ ਬੇਅ ਲਈ ਸਿਵਲ ਉਸਾਰੀ ਦੇ ਕੰਮ ਕਰਨਾ।ਈ-ਟੈਂਡਰ ਡਾਊਨ-ਲੋਡ/ਅਪ-ਲੋਡ ਕਰਨ ਦੀ ਆਖ਼ਰੀ ਮਿਤੀ 01.09.2025 ਸਮਾਂ 03:00 PM ਵਜੇ ਤੱਕ।ਅਮਾਨਤੀ ਰਕਮ ਅਤੇ ਬਿਡਜ਼ ਖੋਲ੍ਹਣ ਦੀ ਮਿਤੀ 02.09.2025 ਸਮਾਂ 11:00 AM ਵਜੇ।ਈ-ਟੈਂਡਰ ਦਸਤਾਵੇਜ਼ ਦੀ ਰਕਮ ਨਿਲ।
**ਨੋਟ :** ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖ਼ਬਾਰਾਂ ਵਿੱਚ ਸੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ।ਸੋਧ ਸਬੰਧੀ ਵੇਰਵੇ ਪੀ.ਐਸ.ਟੀ.ਸੀ.ਐਲ. ਦੀ ਵੈੱਬਸਾਈਟ www.pstcl.org ਤੇ ਵੇਖੇ ਜਾਣ। Terms and conditions may be downloaded from web site https://eproc.punjab.gov.in
**ਸੀਨੀ. ਕਾ.ਕਾ. ਇੰਜੀ/ਸਿਵਲ ਨਿਰਮਾਣ ਮੰਡਲ, PSTCL, ਪਟਿਆਲਾ।**
**RO No. PR-Advt. No. 1078/12/2025-26/1842/Dated CHD: 01.08.2025**

---

## ਉੱਤਰ ਰੇਲਵੇ

**ਪ੍ਰਮੁੱਖ ਮੁੱਖ ਵਿਯੁਤ ਇੰਜੀਨੀਅਰ/ਪਰਿਯੋਜਨਾ, ਉੱਤਰ ਰੇਲਵੇ ਅੰਬਾਲਾ ਕੈਂਟ।**
**ਖੁਲੀ ਈ-ਟੈਂਡਰ ਸੂਚਨਾ**
**Corrigendum-2**
**ਟੈਂਡਰ ਸੂਚਨਾ ਲੜੀ : NR/Proj/UMB/Advt./12** **ਮਿਤੀ : 29.07.2025**
**ਟੈਂਡਰ ਨੰਬਰ : NR-Proj-FZR-25005,** ਫ਼ਿਰੋਜ਼ਪੁਰ ਡਵੀਜਨ ਦੇ ਓਐਚਈ/ਪੀਐਸਆਈ ਦਾ ਸੰਸ਼ੋਧਨ ਕੰਮ ਅਤੇ ਏਮਯੂਨਿਸ਼ਨ ਸਾਈਡਿੰਗ, ਬਦੋਵਾਲ, ਐਫਸੀਆਈ ਸਾਈਡਿੰਗ ਮੋਗਾ, ਅਦਾਨੀ ਸਾਈਡਿੰਗ ਡਗਰੂ ਦਾ ਵਿਯੁਤੀਕਰਣ ਦਾ ਸੰਸ਼ੋਧਨ ਕੰਮ ਅਤੇ ਪੀਕਯੂਆਰਐਸ ਸਾਈਡਿੰਗ ਨਕੋਦਰ ਦੀ ਟਾਪ ਵਾਯਰਿੰਗ ਦਾ ਕੰਮ। ਅੰਬਾਲਾ ਡਵੀਜਨ ਦੇ ਓਐਚਈ/ਪੀਐਸਆਈ ਦਾ ਸੰਸ਼ੋਧਨ ਕੰਮ ਅਤੇ ਅੰਬਾਲਾ ਡਵੀਜਨ ਦੇ ਬਠਿੰਡਾ-ਸ੍ਰੀਗੰਗਾਨਗਰ ਸੈਕਸ਼ਨ ਵਿਚ ਪੰਜਕੋਸੀ ਐਸਐਸਪੀ ਦਾ ਨਿਰਮਾਣ ਕੰਮ ਦੀ ਟੈਂਡਰ ਵਿਚ ਪ੍ਰਸ਼ਾਸਨਿਕ ਕਾਰਣਾਂ ਤੋਂ ਸੰਸ਼ੋਧਨ ਕੀਤੇ ਗਏ ਹਨ ਜੋ ਹੇਠਾ ਪ੍ਰਕਾਰ ਹੈ:

| Sr. No. | Items | Existing | Revised |
|---|---|---|---|
| 1. | App. Cost (Rs.) | 4,45,95,484.05/- | 4,45,95,489.24/- |

ਹੋਰ ਸਾਰੀ ਸਰਤਾਂ ਪਹਿਲਾ ਵਾਂਗ ਰਹੇਗੀ। **2349/25**
**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

---

**SMFG Grihashakti** Nayi Asha, Naya Vishwas.
## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.
**ਕਾਰਪੋਰੇਟ ਦਫਤਰ :** 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
**ਰਜਿ. ਦਫ਼ਤਰ :** ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਂਊਟ ਪੂਨਾਮਾਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **''ਐਸਐਮਐਚਐਫਸੀ''** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਅਤੇ ਪਤੇ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦੇ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **''ਐਸਐਮਐਚਐਫਸੀ''** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 609939511046825<br>1. ਤਰਸੇਮ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ<br>2. ਨਸੀਬ ਕੌਰ ਪਤਨੀ ਤਰਸੇਮ ਸਿੰਘ | ਟ੍ਰਾਂਸਫਰ ਡੀਡ ਵਸੀਕਾ ਨੰਬਰ-2021-22/49/1/2330 ਮਿਤੀ 14-2-2022 ਦੇ ਅਧੀਨ ਨਸੀਬ ਕੌਰ ਪਤਨੀ ਤਰਸੇਮ ਸਿੰਘ ਦੇ ਨਾਮ 'ਤੇ ਦਰਜ 1 ਕਨਾਲ 14-1/2 ਮਰਲੇ ਜੋ ਕਿ ਕੁੱਲ 6 ਕਨਾਲ 3 ਮਰਲੇ ਜ਼ਮੀਨ ਦਾ 69/246 ਹਿੱਸਾ ਹੈ, ਜੋ ਕਿ ਖੇਵਟ ਨੰਬਰ-458, ਮੁਸਤਿਲ 142 ਕਿਲਾ 6/2/2(6-3), ਸਾਲ 2018-19 ਲਈ ਜਮ੍ਹਾਂਬੰਦੀ ਵਿੱਚ ਸ਼ਾਮਲ ਹੈ, ਹੁਸਨਰ, ਤਹਿਸੀਲ-ਗਿੱਦੜਬਾਹਾ, ਜ਼ਿਲ੍ਹਾ-ਸ਼੍ਰੀ ਮੁਕਤਸਰ ਸਾਹਿਬ ਵਿਖੇ ਸਥਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਨਿਮਨ ਅਨੁਸਾਰ ਹੱਦਬੰਦੀ :- ਪੂਰਬ-ਪਾਲਾ ਸਿੰਘ, ਪੱਛਮੀ-ਗਲੀ, ਉੱਤਰ- ਤਰਸੇਮ ਸਿੰਘ, ਦੱਖਣ-ਗਲੀ। | 14.05.2025<br>Rs. 8,81,766.94<br>(ਰੁ. ਅੱਠ ਲੱਖ ਇਕਿਆਸੀ ਹਜ਼ਾਰ ਸੱਤ ਸੌ ਛਿਆਹਠ ਅਤੇ ਚੁਰਾਨਵੇਂ ਪੈਸੇ ਕੇਵਲ)<br>10.05.2025 ਦੇ ਅਨੁਸਾਰ | 29.07.2025 |

**ਸਥਾਨ: ਸ੍ਰੀ ਮੁਕਤਸਰ ਸਾਹਿਬ, ਪੰਜਾਬ**
**ਮਿਤੀ : 29.07.2025**
ਸਹੀ/-
**ਅਧਿਕਾਰਤ ਅਧਿਕਾਰੀ,**
**ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.**

---

**ਸੈਂਟਰਲ ਬੈਂਕ ਆਫ ਇੰਡੀਆ Central Bank of India** CENTRAL TO YOU SINCE 1911
**ਖੇਤਰੀ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001**

## ਅੰਤਿਕਾ 4 [ਨਿਯਮ 8 (1)] ਕਬਜ਼ਾ ਸੂਚਨਾ ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਸੈਂਟਰਲ ਬੈਂਕ ਆਫ ਇੰਡੀਆ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਦਰਸਾਈ ਮਿਤੀ ਨੂੰ ਬੈਂਕ ਵੱਲੋਂ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਪੁਨਰ ਨਿਰਮਾਣ ਅਤੇ ਸੁਰੱਖਿਅਣ ਅਤੇ ਸੁਰੱਖਿਆ (ਲਾਗੂਕਰਨ) ਨਿਯਮ 2002 ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ। ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਖਰਚਿਆਂ ਦੇ ਲਈ ਸੈਂਟਰਲ ਬੈਂਕ ਆਫ ਇੰਡੀਆ ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ/ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ/ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਸ਼੍ਰੀ ਰਾਕੇਸ਼ ਬਜਾਜ ਪੁੱਤਰ ਸੰਤ ਲਾਲ, ਸ਼੍ਰੀਮਤੀ ਰਿਤੂ ਬਜਾਜ ਪਤਨੀ ਰਾਕੇਸ਼ ਬਜਾਜ, ਕ੍ਰਿਤਿਕਾ ਬਜਾਜ ਪੁੱਤਰੀ ਰਾਕੇਸ਼ ਬਜਾਜ<br>ਬੀ/ਓ: ਬ੍ਰਾਊਨ ਰੋਡ, ਲੁਧਿਆਣਾ | ਐਮਸੀ ਨੰਬਰ- B-X-116-ਏ (ਨਵਾਂ) ਅਤੇ B-X-116 (ਪੁਰਾਣਾ), ਨਿੰਮ ਵਾਲਾ ਚੌਕ ਰੋਡ, ਸੁਭਾਨੀ ਬਿਲਡਿੰਗ ਚੌਕ ਦੇ ਨੇੜੇ, ਮੁਹੱਲਾ ਬੁੱਟਾ ਜੱਟ, ਲੁਧਿਆਣਾ- 141008, ਵਸੀਕਾ ਨੰਬਰ- 1738 ਮਿਤੀ 23.04.2010 ਨੂੰ ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਸੰਤ ਲਾਲ ਦੇ ਨਾਮ 'ਤੇ ਸਥਿਤ 17.11 ਵਰਗ ਗਜ਼ ਦੀ ਵਪਾਰਕ ਦੁਕਾਨ। ਜਾਇਦਾਦ ਦੀਆਂ ਹੱਦਾਂ: ਪੂਰਬ: ਹਰਵਿੰਦਰ ਕੁਮਾਰ ਵਾਲਾ ਪਾਸਾ 16' 06'', ਪੱਛਮ: ਪ੍ਰਭਾਤ ਵੂਲਨ ਮਿੱਲ ਵਾਲਾ ਪਾਸਾ 16' 06'', ਉੱਤਰ: ਰਾਏ ਚੰਦ ਵਾਲਾ ਪਾਸਾ 09' 03'', ਦੱਖਣ: ਬਾਜ਼ਾਰ ਵਾਲਾ ਪਾਸਾ 09' 03'' | 19/05/2025 | 30/07/2025 | 28,97,389.80 ਰੁਪਏ ਵਿਆਜ ਸਮੇਤ 10.10% ਸਾਲਾਨਾ ਓਡੀ., 10.35% ਸਾਲਾਨਾ ਟੀ.ਐਲ., ਮਾਸਿਕ ਬਕਾਏ 'ਤੇ 13.05.2025 ਤੋਂ ਗਣਨਾ ਕੀਤੀ ਜਾਵੇਗੀ ਅਤੇ ਖਰਚੇ |
| ਮੁਹੰਮਦ ਸਾਬੀਰ ਖਾਨ ਪੁੱਤਰ ਮੁਹੰਮਦ ਸਗੀਰ ਖਾਨ, ਸ਼੍ਰੀਮਤੀ ਸਕੀਲਾ ਬੇਗਮ ਪਤਨੀ ਮੁਹੰਮਦ ਸਾਬੀਰ ਖਾਨ<br>ਬੀ/ਓ: ਬ੍ਰਾਊਨ ਰੋਡ, ਲੁਧਿਆਣਾ | 219 ਵਰਗ ਗਜ਼ ਦੀ ਰਿਹਾਇਸ਼ੀ ਇਮਾਰਤ ਜੋ ਕਿ ਐਮਸੀ ਨੰਬਰ- ਬੀ-XXXI-1703/5/486, ਸਟਰੀਟ ਨੰਬਰ-6, ਗੁਲਾਬੀ ਬਾਗ, ਟਿੱਬਾ ਰੋਡ, ਪਿੰਡ: ਕੁਲੇਵਾਲ, ਲੁਧਿਆਣਾ- 141007 ਵਸੀਕਾ ਨੰਬਰ- 2555 ਮਿਤੀ 17.02.1997 ਮੁਹੰਮਦ ਸਾਬੀਰ ਖਾਨ ਪੁੱਤਰ ਮੁਹੰਮਦ ਸ਼ਾਕੀਰ ਖਾਨ ਅਤੇ ਸਕੀਲਾ ਬੇਗਮ ਪਤਨੀ ਮੁਹੰਮਦ ਸਾਬੀਰ ਖਾਨ ਦੇ ਨਾਮ 'ਤੇ ਹੈ। ਜਾਇਦਾਦ ਦੀਆਂ ਸੀਮਾਵਾਂ: ਪੂਰਬ: ਗਲੀ 20' ਚੌੜੀ ਸਾਈਡ 28' 00'', ਪੱਛਮ: ਮੁਹੰਮਦ ਰਹੀਸ ਦਾ ਘਰ ਸਾਈਡ 50' 00'', ਉੱਤਰ: ਇਸਲਾਮੂਦੀਨ ਦਾ ਘਰ ਸਾਈਡ 23' ਵਕਰ 22'+27' ਤੋਂ ਬਾਹਰ, ਦੱਖਣ: ਗਲੀ 20' ਚੌੜੀ ਸਾਈਡ 50' 00'' | 22/05/2025 | 30/07/2025 | 16,50,427.99 ਰੁਪਏ ਵਿਆਜ ਸਮੇਤ 8.75% ਸਾਲਾਨਾ ਐਚਬੀਐਲ., 10.70% 21.05.2025 ਤੋਂ ਗਣਨਾ ਕੀਤੇ ਜਾਣ ਵਾਲੇ ਮਾਸਿਕ ਬਕਾਏ ਅਤੇ ਖਰਚਿਆਂ 'ਤੇ |
| ਮੈਸ ਦੀਪਿਕਾ ਐਂਟਰਪ੍ਰਾਈਜ਼, ਪ੍ਰੋ. ਸ਼੍ਰੀਮਤੀ ਨੇਹਾ ਸ਼ਰਮਾ ਪਤਨੀ: ਸ਼੍ਰੀ ਸੰਤੋਸ਼ ਕੁਮਾਰ ਸ਼ਰਮਾ ਅਤੇ ਜ਼ਾਮਨ ਸ਼੍ਰੀ ਸੰਤੋਸ਼ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਨਿਵਾਸ ਸ਼ਰਮਾ<br>ਬੀ/ਓ: ਐਮਸੀਬੀ, ਲੁਧਿਆਣਾ | (ਏ) ਮੁੱਢਲੀ ਸੁਰੱਖਿਆ:- ਸੀਸੀ: ਮੈਸ. ਦੀਪਿਕਾ ਐਂਟਰਪ੍ਰਾਈਜ਼ਿਜ਼ ਅਤੇ/ਜਾਂ ਹੋਰ ਸਥਾਨ 'ਤੇ ਪਏ ਸਟਾਕ ਦਾ ਗਿਰਵੀਨਾਮਾ। ਟੀਐਲ: ਮੈਸਰਜ਼ ਦੀਪਿਕਾ ਐਂਟਰਪ੍ਰਾਈਜ਼ਿਜ਼ ਵਿਖੇ ਸਥਾਪਤ ਬੈਂਕ ਦੇ ਵਿੱਤ ਤੋਂ ਖਰੀਦੀ ਗਈ ਮਸ਼ੀਨਰੀ ਦੀ ਗਿਰਵੀਨਾਮਾ।<br>(ਬੀ) ਕੋਲੇਟਰਲ ਸੁਰੱਖਿਆ: ਪਿੰਡ ਲੋਹਾਰਾ ਹੱਦਬਸਤ ਨੰਬਰ:260, ਖਸਰਾ ਨੰਬਰ 1057,1058 ਅਤੇ ਖਾਤਾ ਨੰਬਰ: 336/371 ਹੱਦਬਸਤ ਨੰਬਰ: 260 ਵਿਖੇ ਸਥਿਤ ਉਦਯੋਗਿਕ ਜਾਇਦਾਦ ਫਰਦ ਜਮ੍ਹਾਂਬੰਦੀ 2009-10 ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਅਨੁਸਾਰ ਸੰਤੋਸ਼ ਕੁਮਾਰ ਸ਼ਰਮਾ ਪੁੱਤਰ ਸ਼੍ਰੀ ਸ਼੍ਰੀ ਨਿਵਾਸ ਸ਼ਰਮਾ ਦੇ ਨਾਮ 'ਤੇ ਵਸੀਕਾ ਨੰ: 2022-2023/103/1/8887 ਮਿਤੀ 21/02/2023 ਜਿਸਦਾ ਖੇਤਰਫਲ 300.00 ਵਰਗ ਗਜ਼ ਹੈ। ਪੂਰਬ:- ਰੋਸ਼ਨ ਲਾਲ (37'-4''), ਪੱਛਮ:- ਗਲੀ 35' ਚੌੜੀ (34'-5''), ਉੱਤਰ:- ਰਾਜੂ (75'-0''), ਦੱਖਣ:- ਮਹਿਕ ਬਾਈਕਸ (75'-4'') | 08/05/2025 | 31/07/2025 | ਰੁਪਏ 1,27,49,076.27 ਜਿਸ ਵਿੱਚ 91,73,018.00 ਰੁਪਏ ਦਾ ਨਕਦ ਕ੍ਰੈਡਿਟ 9.35% ਵਿਆਜ ਸਮੇਤ ਅਤੇ 35,76,058.27 ਰੁਪਏ ਦਾ MTL 9.40% ਵਿਆਜ ਸਮੇਤ 08.05.2025 ਤੋਂ ਗਣਨਾ ਕੀਤੇ ਜਾਣ ਵਾਲੇ ਮਾਸਿਕ ਬਕਾਏ ਅਤੇ ਖਰਚਿਆਂ 'ਤੇ |

**ਮਿਤੀ : 30.07.2025** **ਸਥਾਨ : ਲੁਧਿਆਣਾ** **ਸਹੀ/- ਅਧਿਕਾਰਤ ਅਧਿਕਾਰੀ**

---

**ਇੰਡੀਅਨ ਬੈਂਕ Indian Bank** ਇਲਾਹਾਬਾਦ ALLAHABAD
**ਸ਼ਾਖਾ : ਐਸਏਐਮ ਲੁਧਿਆਣਾ 165 ਇੰਡਸਟ੍ਰੀਅਲ ਏਰੀਆ-ਏ, ਨੇੜੇ ਚੀਮਾ ਚੌਂਕ, ਲੁਧਿਆਣਾ**
## ਈ-ਨਿਲਾਮੀ ਵਿਕਰੀ ਸੂਚਨਾ

**ਈ-ਨਿਲਾਮੀ ਮਿਤੀ ਅਤੇ ਸਮਾਂ : 04.09.2025 (ਈ-ਨਿਲਾਮੀ ਵਿਧੀ ਰਾਹੀਂ), ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇ ਤੱਕ**
**ਬਿਆਨਾ ਰਕਮ ਦੀ ਆਖਰੀ ਮਿਤੀ :- 03.09.2025**
**ਸੂਚੀਬੱਧ ਸੰਪੱਤੀਆਂ ਅਤੇ ਸੰਬੰਧਤ ਦਸਤਾਵੇਜ਼ਾਂ/ਨਵੀਨਤਮ ਈਸੀ ਆਦਿ ਦੀ ਜਾਂਚ ਦੀ ਮਿਤੀ ਅਤੇ ਸਮਾਂ : 23.08.2025 ਨੂੰ 02.00 ਵਜੇ ਤੋਂ ਸ਼ਾਮ 4.00 ਵਜੇ ਦੇ ਵਿਚਾਲੇ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੇ ਅਧੀਨ ਸੁਰੱਖਿਆ ਵਿਆਜ (ਲਾਗੂਕਰਨ ਨਿਯਮਾਂਵਲੀ), 2002 ਦੇ ਨਿਯਮ 6 (2) ਅਤੇ 8 (6) ਦੇ ਅਧੀਨ ਇਛੁੱਕ ਵਿਕਰੀ ਦੀ ਸੂਚਨਾ**

ਆਮ ਕਰਕੇ ਜਨਤਾ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ (ਆਂ), ਜਿਸ ਦਾ ਕਬਜ਼ਾ ਇੰਡੀਅਨ ਬੈਂਕ , ਐਸਏਐਮ ਸ਼ਾਖਾ, ਲੁਧਿਆਣਾ, ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ **ਈ-ਨਿਲਾਮੀ ਵਿਧੀ ਦੁਆਰਾ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। ਸਫਲ ਬੋਲੀਕਾਰ ਨੂੰ ਅਗਲੇ ਕੰਮ ਵਾਲੇ ਦਿਨ ਤੱਕ ਬਿਆਨਾ ਰਕਮ (10%) ਜਮ੍ਹਾਂ ਸਮੇਤ ਬੋਲੀ ਰਕਮ ਦਾ 25% (ਪੱਚੀ ਫੀਸਦੀ) ਜਮ੍ਹਾਂ ਕਰਨਾ ਹੋਵੇਗਾ ਅਤੇ ਬਕਾਇਆ ਰਕਮ ਬੈਂਕਰਜ਼ ਚੈੱਕ/ਡਿਮਾਂਡ ਡਰਾਫਟ/ਅਕਾਊਂਟ ਟਰਾਂਸਫਰ ਅਤੇ/ਜਾਂ ਰਕਮ ਤਬਾਦਲੇ ਦੇ ਕਿਸੇ ਵੀ ਹੋਰ ਪ੍ਰਵਾਨਯੋਗ ਢੰਗ ਦੇ ਰੂਪ ਵਿਚ ਨਿਲਾਮੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰਨੀ ਹੋਵੇਗੀ। ਆਨਲਾਈਨ ਰਕਮ ਤਬਾਦਲੇ ਦੇ ਲਈ ਨੋਡਲ ਬੈਂਕ ਖਾਤਾ ਨੰਬਰ/ਆਈਐਫਐਸਸੀ ਕੋਡ ਆਦਿ ਨਿਮਨ ਅਨੁਸਾਰ :-
**ਨੋਡਲ ਬੈਂਕ ਖਾਤਾ ਨੰ.ਅਤੇ ਖਾਤੇ ਦਾ ਨਾਮ: 50477835593, ਅਧਿਕਾਰਤ ਅਧਿਕਾਰੀ ਦੇ ਨਾਮ 'ਤੇ ਐਸਏਐਮ ਸ਼ਾਖਾ, ਲੁਧਿਆਣਾ, ਆਈਐਫਐਸਸੀ ਕੋਡ: ਆਈਡੀਆਈਬੀ000ਐਸ818**

| ਕਰਜ਼ਦਾਰ (ਾਂ), ਗਿਰਵੀਕਾਰ (ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਗਿਰਵੀ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ਬਕਾਇਆ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ ਰਾਸ਼ੀ | ਬੋਲੀ ਵਾਧਾ ਰਕਮ / ਸੰਪੱਤੀ ਆਈਡੀ |
|---|---|---|---|---|
| 1. (ਕਰਜ਼ਦਾਰ):- ਮੈਸ. ਸਰਸਵਤੀ ਵੇਅਰਹਾਊਸਿੰਗ ਕਾਰਪੋਰੇਸ਼ਨ, ਪਤਾ 1: ਦੁਕਾਨ ਨੰਬਰ 92, ਨਵੀਂ ਅਨਾਜ ਮੰਡੀ, ਨਾਭਾ, ਜ਼ਿਲ੍ਹਾ ਪਟਿਆਲਾ 147201 (ਪੰਜਾਬ)। ਪਤਾ 2: ਰੇਲਵੇ ਰੋਡ, ਨਾਭਾ-147201, ਪਟਿਆਲਾ, ਪੰਜਾਬ<br>2.(ਕਰਜ਼ਦਾਰ/ਜ਼ਾਮਨ/ਗਿਰਵੀਕਾਰ):- ਸ਼੍ਰੀਮਤੀ ਮਨੀਸ਼ਾ ਗੋਇਲ, ਗੋਬਿੰਦ ਕਾਟਨ ਫੈਕਟਰੀ, ਰੇਲਵੇ ਰੋਡ, ਨਾਭਾ, ਜ਼ਿਲ੍ਹਾ ਪਟਿਆਲਾ 147201 (ਪੰਜਾਬ)।<br>3. (ਕਰਜ਼ਦਾਰ/ਜ਼ਾਮਨ/ਗਿਰਵੀਕਾਰ):- ਸ਼੍ਰੀ ਕੁਲਦੀਪ ਸਿੰਘ, ਮਕਾਨ ਨੰਬਰ 222, ਦਸ਼ਮੇਸ਼ ਕਲੋਨੀ, ਘੁਲਾੜੀ ਮੰਡੀ, ਨਾਭਾ, ਜ਼ਿਲ੍ਹਾ ਪਟਿਆਲਾ 147201 (ਪੰਜਾਬ)।<br>4. (ਕਰਜ਼ਦਾਰ/ਜ਼ਾਮਨ):- ਸ਼੍ਰੀ ਧਨਵੀਰ ਸਿੰਘ, ਮਕਾਨ ਨੰ. 116/1, ਕਿੰਡਲਾ, ਬਿਓਨੀ, ਜ਼ਿਲ੍ਹਾ ਕੁੱਲੂ 172002 (ਹਿਮਾਚਲ ਪ੍ਰਦੇਸ਼)<br>5. (ਗਿਰਵੀਕਾਰ):- ਸ੍ਰੀ ਕੁਲਦੀਪ ਸਿੰਘ (ਪ੍ਰੋਪ. ਮੈਸਰਜ਼ ਬੂਹੀ ਫੂਡ ਐਨਰਜੀ), ਪਿੰਡ ਲਾਡੀ, ਭਵਾਨੀਗੜ੍ਹ, ਜ਼ਿਲ੍ਹਾ ਸੰਗਰੂਰ 148026 (ਪੰਜਾਬ) | 2 ਕਨਾਲ 4 ਮਰਲੇ ਦੀ ਜਾਇਦਾਦ ਯਾਨੀ 1330 ਵਰਗ ਗਜ਼ ਕੁੱਲ ਜ਼ਮੀਨ ਵਿੱਚੋਂ 299/8600 ਹਿੱਸੇ ਵਾਲੀ 11 ਕਨਾਲ 0 ਮਰਲੇ ਜ਼ਮੀਨ ਖੇਵਟ ਨੰਬਰ 122, ਖਤੌਨੀ ਨੰਬਰ 361, ਖਸਰਾ ਨੰਬਰ 41//14(3-0), 41//15(8-0) ਵਿੱਚ ਜਮ੍ਹਾਂਬੰਦੀ ਸਾਲ 2011-2012 ਦੇ ਅਨੁਸਾਰ ਪਿੰਡ ਝਿੱਲ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ, ਦੋ ਪਲਾਟਾਂ ਦੇ ਰੂਪ ਵਿੱਚ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: (ਏ) 1 ਕਨਾਲ 16 ਮਰਲੇ ਜਾਂ 1094 ਵਰਗ ਗਜ਼ ਦਾ ਪਲਾਟ, ਪੂਰਬ:-ਸੜਕ 22' ਚੌੜੀ, ਪੱਛਮ:- ਸਰਕਾਰੀ ਰਸਤਾ/ਸੜਕ, ਉੱਤਰ:-ਵੇਚਣ ਵਾਲੇ ਦੀ ਜ਼ਮੀਨ, ਦੱਖਣ:-ਖੁੱਲੀ ਜ਼ਮੀਨ। (ਬੀ) 0 ਕਨਾਲ 8 ਮਰਲੇ ਜਾਂ 236 ਵਰਗ ਗਜ਼ ਦਾ ਪਲਾਟ, ਪੂਰਬ:- ਸੜਕ 22' ਚੌੜੀ, ਪੱਛਮ:- ਸਰਕਾਰੀ ਰਸਤਾ/ਸੜਕ, ਉੱਤਰ:- ਮਨੀਸ਼ਾ ਗੋਇਲ ਦਾ ਪਲਾਟ, ਦੱਖਣ:- ਖੁੱਲ੍ਹੀ ਜ਼ਮੀਨ। | Rs. 5,52,65,830.00 (ਰੁ. ਪੰਜ ਕਰੋੜ ਬਵੰਜਾ ਲੱਖ ਪੈਂਹਠ ਹਜ਼ਾਰ ਅੱਠ ਸੌ ਤੀਹ ਕੇਵਲ) 22.07.2025 ਦੇ ਅਨੁਸਾਰ (22.07.2025 ਤੱਕ ਦੇ ਵਿਆਜ ਸਮੇਤ) ਲਾਗੂ ਨਾ ਕੀਤੇ ਗਏ ਅਤੇ ਅਗਲੇਰੇ ਵਿਆਜ, ਲਾਗਤਾਂ, ਫੀਸਾਂ ਅਤੇ ਖਰਚਿਆਂ ਸਮੇਤ। | Rs. 4,19,00,000/-<br>Rs. 41,90,000/- | Rs. 50,000/-<br>IDIB7508000000102 |
| | ਪਿੰਡ ਝਿੱਲ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ ਦੀਆਂ ਮਾਲੀਆ ਹੱਦਾਂ ਵਿੱਚ ਸਾਲ 2011-2012 ਲਈ ਜਮ੍ਹਾਂਬੰਦੀ ਦੇ ਅਨੁਸਾਰ, ਖੇਵਟ ਨੰਬਰ 122, ਖਤੌਨੀ ਨੰਬਰ 361, ਖਸਰਾ ਨੰਬਰ 41//14/3 (3-0), 41//15(8-0) ਵਿੱਚ 11 ਕਨਾਲ-0 ਮਰਲੇ ਦੀ ਕੁੱਲ ਜ਼ਮੀਨ ਵਿੱਚ 0 ਕਨਾਲ - 14 1/2 ਮਰਲੇ ਯਾਨੀ 438 ਵਰਗ ਗਜ਼ ਦੀ ਜਾਇਦਾਦ ਨਿਮਨ ਅਨੁਸਾਰ ਹੱਦਬੰਦੀ: ਪੂਰਬ:- ਸੜਕ 22' ਚੌੜੀ, ਪੱਛਮ:- ਪਾਰਕਿੰਗ ਅਤੇ ਸੜਕ, ਉੱਤਰ:- ਸੰਗੀਤਾ ਗੋਇਲ ਦੀ ਜ਼ਮੀਨ, ਦੱਖਣ:- ਕੁਲਦੀਪ ਸਿੰਘ ਦਾ ਪਲਾਟ। | | Rs. 1,37,00,000/-<br>Rs. 13,70,000/- | Rs. 50,000/-<br>IDIB7508000000103 |
| | ਜ਼ਮੀਨ ਦਾ ਮਾਪ 5ਪੀਬੀ-13ਪੀਬੀ-7ਪੀਬੀ (ਪੁੱਖਤਾ) ਭਾਵ I) ਖੇਵਟ ਨੰਬਰ 5/4 ਵਿੱਚ 9ਪੀਬੀ-0ਪੀਬੀ ਵਿੱਚੋਂ 3ਪੀਬੀ-0ਪੀਬੀ ਦਾ 60/180 ਹਿੱਸਾ, (ਖਤੌਨੀ ਨੰਬਰ 10, ਖਸਰਾ ਨੰਬਰ 409(3-15), 410(2-16), 411(1-8), 574 ਮਿਨ (0-8), 409/1(0-13), (ਕੁਲਦੀਪ ਸਿੰਘ ਅਤੇ ਮੈਸ. ਬੂਹੀ ਫੂਡ ਐਨਰਜੀ (ਮਾਲਕ ਸ਼੍ਰੀ ਕੁਲਦੀਪ ਸਿੰਘ ਦੀ ਮਲਕੀਅਤ) ਅਤੇ (ii) 2ਪੀਬੀ-13ਪੀਬੀ-7ਪੀਬੀ, ਖੇਵਟ ਨੰਬਰ 1/1, ਖਤੌਨੀ ਨੰਬਰ 1 ਤੋਂ 6, ਖਸਰਾ ਨੰਬਰ 453(1-17), 455 ਮਿਨ (1-18), 574(4-4), 506(6-0), 507 (3-2), 544 (3-12), 544/1(3-10), 573(4-18), 545(1-6), 344 (2-17), (ਜਿਸ ਵਿੱਚ ਕੁਲਦੀਪ ਸਿੰਘ ਨੂੰ 1ਪੀਬੀ-0ਪੀਬੀ-15ਪੀਬੀ ਅਤੇ ਬੂਹੀ ਫੂਡ ਐਨਰਜੀ ਨੂੰ 1ਪੀਬੀ-12ਪੀਬੀ-12ਪੀਬੀ ਮਿਲਿਆ ਹੈ) ਵਿੱਚ 33ਪੀਬੀ-4ਪੀਬੀ ਵਿੱਚੋਂ 1067/13280 ਹਿੱਸਾ ਹੈ ਜੋ ਕਿ ਸਾਲ 2012-13 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਲਾਡੀ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ ਵਿਖੇ ਸਥਿਤ ਹੈ। | | Rs. 2,35,00,000/-<br>Rs. 23,50,000/- | Rs. 50,000/-<br>IDIB7508000000101 |

**ਆਨਲਾਈਨ ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ:-**
**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6(2) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ 30 ਦਿਨਾਂ ਦਾ ਸੂਚਨਾ ਵੀ ਹੈ।**
ਬੋਲੀਦਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਔਨਲਾਈਨ ਬੋਲੀ ਵਿੱਚ ਹਿੱਸਾ ਲੈਣ ਲਈ ਸਾਡੇ ਈ-ਨਿਲਾਮੀ ਸੇਵਾ ਪ੍ਰਦਾਤਾ ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ (**https: /baanknet.com**) 'ਤੇ ਜਾਣ। ਤਕਨੀਕੀ ਸਹਾਇਤਾ ਲਈ ਕਿਰਪਾ ਕਰਕੇ **ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਹੈਲਪਡੈਸਕ ਨੰਬਰ 8291 220220, ਈਮੇਲ ਆਈਡੀ:- supportbaanknet@psballiance.com** ਅਤੇ ਸੇਵਾ ਪ੍ਰਦਾਤਾ ਹੈਲਪ ਡੈਸਕ ਵਿੱਚ ਉਪਲਬਧ ਹੋਰ ਹੈਲਪ ਲਾਈਨ ਨੰਬਰਾਂ 'ਤੇ ਕਾਲ ਕਰੋ। ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਨਾਲ ਰਜਿਸਟ੍ਰੇਸ਼ਨ ਸਥਿਤੀ ਅਤੇ ਈਐਮਡੀ ਸਥਿਤੀ ਲਈ। ਕਿਰਪਾ ਕਰਕੇ **support.baanknet@psballiance.com** 'ਤੇ ਸੰਪਰਕ ਕਰੋ।
ਜਾਇਦਾਦ ਦੇ ਵੇਰਵਿਆਂ ਅਤੇ ਜਾਇਦਾਦ ਦੀ ਫੋਟੋ ਅਤੇ ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਲਈ ਕਿਰਪਾ ਕਰਕੇ **https:/baanknet.com** 'ਤੇ ਜਾਓ ਅਤੇ ਇਸ ਪੋਰਟਲ ਨਾਲ ਸਬੰਧਤ ਸਪਸ਼ਟੀਕਰਨ ਲਈ, ਕਿਰਪਾ ਕਰਕੇ ਹੈਲਪਡੈਸਕ ਨੰਬਰ 8291220220 'ਤੇ ਸੰਪਰਕ ਕਰੋ।
ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ **https://baanknet.com** ਨਾਲ ਵੈੱਬਸਾਈਟ ਵਿੱਚ ਜਾਇਦਾਦ ਦੀ ਖੋਜ ਕਰਦੇ ਸਮੇਂ ਉੱਪਰ ਦੱਸੇ ਗਏ ਜਾਇਦਾਦ ਆਈਡੀ ਨੰਬਰ ਦੀ ਵਰਤੋਂ ਕਰਨ।
**ਮਿਤੀ : 01.08.2025** **ਸਥਾਨ : ਲੁਧਿਆਣਾ** **ਅਧਿਕਾਰਤ ਅਧਿਕਾਰੀ**

# ਫਿਲਮੀ

# ਸੱਤ ਸੁਰਾਂ ਦਾ ਵਹਿੰਦਾ ਦਰਿਆ : ਮੁਹੰਮਦ ਰਫ਼ੀ



ਧਰਮਿੰਦਰ ਸਿੰਘ (ਚੱਬਾ)

**ਮੁਹੰਮਦ** ਰਫ਼ੀ ਸੱਤ ਸੁਰਾਂ ਦਾ ਵਹਿੰਦਾ ਦਰਿਆ ਸੀ। ਮੁਹੰਮਦ ਰਫ਼ੀ ਨੂੰ ਸ਼ਹਿਨਸ਼ਾਹ-ਏ-ਤਰੰਨੁਮ ਵੀ ਕਿਹਾ ਜਾਦਾ ਹੈ। ਮੁਹੰਮਦ ਰਫ਼ੀ ਨੇ ਹਿੰਦੀ, ਪੰਜਾਬੀ, ਫਿਲਮੀ, ਭਜਨ, ਕਵਾਲੀਆਂ, ਗਜ਼ਲਾਂ, ਦੇਸ਼ ਭਗਤੀ, ਠੁਮਰੀ ਤੇ ਕਲਾਸੀਕਲ ਆਦਿ ਬਹੁਤ ਗੀਤ ਗਾਏ। ਜੋ ਪ੍ਰਸਿੱਧੀ ਮੁਹੰਮਦ ਰਫ਼ੀ ਦੇ ਹਿੱਸੇ ਆਈ ਸ਼ਾਇਦ ਹੀ ਹੋਰ ਕਿਸੇ ਗਾਇਕ ਦੇ ਹਿੱਸੇ ਆਈ ਹੋਵੇ।

## ਜਨਮ ਤੇ ਪ੍ਰੀਵਾਰ

ਮੁਹੰਮਦ ਰਫ਼ੀ ਦਾ ਨਾਂ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਰਹਿੰਦੀ ਦੁਨੀਆਂ ਤੱਕ ਉਸ ਮਹਾਨ ਸ਼ਖ਼ਸੀਅਤ ਨੂੰ ਉਹਨਾਂ ਦੇ ਗਾਏ ਗੀਤਾਂ ਦੀ ਬਦੌਲਤ ਸੰਗੀਤ ਦੀ ਦੁਨੀਆਂ ਵਿੱਚ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਰਫ਼ੀ ਦਾ ਜਨਮ 24 ਦਸੰਬਰ 1924 ਦਿਨ ਬੁੱਧਵਾਰ ਨੂੰ ਪਿਤਾ ਹਾਜ਼ੀ ਅਲੀ ਮੁਹੰਮਦ ਤੇ ਮਾਤਾ ਅੱਲਾ ਰੱਖੀ (ਕਰਮ ਬੀਬੀ, ਗੁਲਾਬੋ) ਦੇ ਘਰ ਮਜੀਠਾ ਰੋਡ ਪਿੰਡ ਕੋਟਲਾ ਸੁਲਤਾਨ ਸਿੰਘ ਅੰਮ੍ਰਿਤਸਰ ਵਿਖੇ ਹੋਇਆ।ਰਫ਼ੀ ਦਾ ਦਾਦਾ ਸ਼ੇਖ ਮੁਹੰਮਦ ਤੇ ਦਾਦੀ ਦਾ ਨਾਂਅ ਸਲਮਾ ਸੀ। ਰਫ਼ੀ ਦੇ ਪਿਤਾ ਨਾਈ ਜਾਤੀ ਨਾਲ ਸਬੰਧ ਰੱਖਦੇ ਸਨ। ਹਜ਼ਾਮਤਾਂ ਕਰਦੇ ਸਨ ਤੇ ਕੁੱਕ ਦਾ ਕੰਮ ਵੀ ਕਰਦੇ ਸਨ। ਰਫ਼ੀ ਦਾ ਬਚਪਨ ਦਾ ਨਾਂ ਫੀਕੋ ਸੀ। ਸੰਗੀਤ ਦਾ ਲਗਾਉ ਬਚਪਨ ਤੋਂ ਹੀ ਸੀ, ਪਰ ਵੱਡੇ ਭਰਾ ਮੁਹੰਮਦ ਦੀਨ ਤੋਂ ਬਿਨ੍ਹਾਂ ਘਰ ਵਾਲੇ ਇਹ ਕੰਮ ਨੂੰ ਚੰਗਾ ਨਹੀ ਸਨ ਸਮਝਦੇ। ਰਫ਼ੀ ਹੋਰੀ ਚਿਰਾਗ ਬੀਬੀ, ਰੇਸ਼ਮਾ ਬੀਬੀ, ਮੁਹੰਮਦ ਸ਼ਫੀ, ਮੁਹੰਮਦ ਦੀਨ, ਮੁਹੰਮਦ ਇਸਮਾਇਲ, ਮੁਹੰਮਦ ਇਬਰਾਹਿਮ, ਮੁਹੰਮਦ ਰਫ਼ੀ ਤੇ ਮੁਹੰਮਦ ਸਦੀਕ ਆਦਿ ਅੱਠ ਭੈਣ ਭਰਾ ਸਨ।

## ਫ਼ਕੀਰ ਦੀ ਸੰਗਤ

ਪਿੰਡ ਵਿੱਚ ਅੰਮ੍ਰਿਤ ਵੇਲੇ ਇੱਕ ਫਕੀਰ ਨੇ ਪ੍ਰਭੂ ਦਾ ਗੁਣਗਾਨ ਕਰਨਾ, ਪਿੰਡ ਦੀਆਂ ਗਲੀਆਂ ਵਿੱਚ ਗਾਉਣਾ ਤੇ ਰਫ਼ੀ ਨੇ ਉਸਦੇ ਮਗਰ-ਮਗਰ ਗੀਤ ਸੁਣਦੇ ਫਿਰਨਾ। ਉਸ ਫਕੀਰ ਨੇ ਰੋਜ਼ ਆਉਣਾ ਤੇ ਰਫ਼ੀ ਨੇ ਰੋਜ਼ ਉਸ ਦੇ ਮਗਰ-ਮਗਰ ਫਿਰ ਕੇ ਉਸ ਦੇ ਗੀਤ ਸੁਣਨੇ।ਉਸ ਫਕੀਰ ਦੇ ਨਾਲ-ਨਾਲ ਆਪ ਵੀ ਗੁਣਗਣਾਉਣ ਲੱਗ ਪਿਆ।ਪਿੰਡ ਵਿੱਚ ਖੇਤਾਂ ਦੇ ਵੱਟਾਂ ਬੰਨ੍ਹਿਆਂ ਤੇ ਰਫ਼ੀ ਨੇ ਗਾਉਂਦੇ ਫਿਰਨਾ।ਫਿਰ ਇਹ ਗਾਉਣਾ ਉਸ ਦਾ ਜਨੂੰਨ ਬਣ ਗਿਆ।

## ਲਾਹੌਰ ਜਾਣਾ ਤੇ ਉਸਤਾਦਾਂ ਕੋਲੋਂ ਸਿੱਖਣਾ

ਚੌਥੀ ਕਲਾਸ ਤੱਕ ਦੀ ਪੜ੍ਹਾਈ ਆਪਣੇ ਪਿੰਡ ਕੋਟਲਾ ਸੁਲਤਾਨ ਸਿੰਘ ਵਿੱਚ ਹੀ ਕੀਤੀ ਤੇ 1936 ਨੂੰ 12 ਸਾਲ ਦੀ ਉਮਰ ਵਿੱਚ ਰਫ਼ੀ ਆਪਣੇ ਪਿਤਾ ਨਾਲ ਆਪਣਾ ਜੱਦੀ ਪੁਸ਼ਤੀ ਮਕਾਨ 1400 ਰੁ: ਵਿੱਚ ਵੇਚ ਕੇ ਲਾਹੌਰ ਚਲੇ ਗਏ। ਫਿਰ ਕੁੱਝ ਸਮੇਂ ਬਾਅਦਰਫ਼ੀ ਕੋਟਲਾ ਸੁਲਤਾਨ ਸਿੰਘ ਵਿੱਚ ਆਪਣੀ ਭੂਆ ਦੀ ਲੜਕੀ ਬਸ਼ੀਰਾਂ ਨਾਲ ਨਿਕਾਹ ਕਰਵਾਉਣ ਲਈ ਪਿੰਡ ਬਰਾਤ ਲੈ ਕੇ ਆਇਆ ਸੀ। ਰਫ਼ੀ ਨੇ ਲਾਹੌਰ ਜਾ ਕੇ ਬੜੇ ਗੁਲਾਮ ਅਲੀ ਖਾਂ ਸਾਹਬ, ਫ਼ਿਰੋਜ਼ ਨਿਜ਼ਾਮੀ, ਪੰਡਿਤ ਜੀਵਨ ਲਾਲ ਮਟੋ ਅਤੇ ਉਸਤਾਦ ਅਬਦੁੱਲ ਵਾਹਿਦ ਖਾਂ ਸਾਹਬ ਵਰਗੇ ਉਸਤਾਦਾਂ ਤੋਂ ਸੰਗੀਤ ਦੀ ਸਿੱਖਿਆ ਲਈ।

## ਪਹਿਲੀ ਵਾਰ ਸਟੇਜ਼ ਤੇ ਗਾਉਣਾ

ਇਹ ਗੱਲ ਕੋਈ 1937 ਦੇ ਆਸ-ਪਾਸ ਦੀ ਹੈ। ਉਸ ਸਮੇਂ ਰਫ਼ੀ ਦੀ ਉਮਰ 13 ਸਾਲ ਦੀ ਸੀ।ਉਸ ਸਮੇਂ ਲਾਹੌਰ ਵਿੱਚ ਇੱਕ ਬੜਾ ਤਕੜਾ ਸੰਗੀਤਕ ਪ੍ਰੋਗਰਾਮ ਚੱਲ ਰਿਹਾ ਸੀ, ਉੱਥੇ ਨਾਮਵਰ ਗਵੱਈਏ ਮਹਿੰਦੀ ਹਸਨ, ਕੇ. ਐੱਲ ਸਹਿਗਲ ਤੇ ਸ਼ਿਆਮ ਸੁੰਦਰ ਆਏ ਹੋਏ ਸਨ। ਪ੍ਰੋਗਰਾਮ ਚੱਲ ਰਿਹਾ ਸੀ ਤੇ ਲਾਈਟ ਬੰਦ ਹੋ ਗਈ, ਮਾਈਕ ਵੀ ਬੰਦ ਹੋ ਗਿਆ। ਇੰਨ੍ਹਾਂ ਗਾਇਕਾਂ ਨੇ ਸਪੀਕਰ ਤੋਂ ਬਿਨ੍ਹਾਂ ਗਾਉਣ ਤੋਂ ਮਨ੍ਹਾ ਕਰ ਦਿੱਤਾ। ਉੱਥੇ ਹੂਟਿੰਗ ਸ਼ੁਰੂ ਹੋ ਗਈ। ਉੱਥੇ ਰਫ਼ੀ ਦੇ ਵੱਡੇ ਭਰਾ ਮੁਹੰਮਦ ਦੀਨ ਨੇ ਮੌਕਾ ਸੰਭਾਲਦਿਆਂ ਪ੍ਰਬੰਧਕਾਂ ਤੋਂ ਆਗਿਆ ਲੈ ਕੇ ਬਿਨ੍ਹਾਂ ਮਾਇਕ ਦੇ ਰਫ਼ੀ ਨੂੰ ਗਾਉਣ ਲਗਾ ਦਿੱਤਾ। ਬੱਸ ਫਿਰ ਕੀ ਸੀ। ਰਫ਼ੀ ਨੂੰ ਲੋਕਾਂ ਨੇ ਪਸੰਦ ਕੀਤਾ ਤੇ ਸਿਰ ਅੱਖਾਂ ਤੇ ਬਿਠਾ ਲਿਆ। ਰਫ਼ੀ ਨੇ ਉੱਥੇ ਖੁੱਲ੍ਹ ਕੇ ਗਾਇਆ।

## ਪਹਿਲੀ ਵਾਰ ਫਿਲਮਾਂ ਵਿੱਚ ਗਾਉਣਾ ਤੇ ਮੁਬੰਈ ਆਉਣਾ

ਸੰਨ 1940 ਵਿੱਚ ਪਹਿਲੀ ਵਾਰ ਸ਼ਿਆਮ ਸੁੰਦਰ ਦੀ ਮਿਹਰਬਾਨੀ ਸਦਕਾ ਰਫ਼ੀ ਨੇ ਪੰਜਾਬੀ ਫਿਲਮ 'ਗੁੱਲ-ਬਲੋਚ' ਵਿੱਚ 'ਜੀਨਤ ਬੇਗਮ' ਨਾਲ ਡਿਊਟ ਗੀਤ 'ਸੋਹਣੀਏ ਨੀ ਹੀਰੀਏ ਨੀ' ਗਾਇਆ। ਇਥੋਂ ਹੀ ਰਫ਼ੀ ਦੀ ਸੰਗੀਤਕ ਯਾਤਰਾ ਸ਼ੁਰੂ ਹੋਈ। ਹਿੰਦੀ ਫਿਲਮਾਂ ਵਿੱਚ ਉਹਨਾਂ ਨੂੰ 1952 ਵਿੱਚ ਸੰਗੀਤਕਾਰ ਨੌਸ਼ਾਦ ਵੱਲੋਂ ਗਾਉਣ ਦਾ ਮੌਕਾ ਮਿਲਿਆ, ਗੀਤ ਸੀ 'ਓ ਦੁਨੀਆਂ ਕੇ ਰਖਵਾਲੇ' ਤੇ ਫਿਲਮ ਸੀ 'ਬੈਜੂ ਬਾਵਰਾ' ਤੇ ਇਸੇ ਸਾਲ ਹੀ ਉਹ ਮੁੰਬਈ ਆ ਕੇ ਰਹਿਣ ਲੱਗ ਪਿਆ ਸੀ।

## ਲਾਹੌਰ ਰੇਡੀਉ ਤੋਂ ਪਹਿਲੀ ਵਾਰ ਗਾਉਣਾ

ਮੁਹੰਮਦ ਰਫ਼ੀ ਦੀ ਅਵਾਜ਼ ਨੂੰ ਲੋਕਾਂ ਵੱਲੋਂ ਪਸੰਦ ਕੀਤਾ ਜਾਣ ਲੱਗਾ। ਉਦੋਂ ਰੇਡੀਉ ਹੀ ਇੱਕ ਐਸਾ ਮਾਧਿਅਮ ਸੀ ਜੋ ਲੋਕਾਂ ਤੱਕ ਕਲਾਕਾਰ ਦੀ ਅਵਾਜ਼ ਨੂੰ ਪਹੁੰਚਾਉਂਦਾ ਸੀ। ਉਦੋਂ ਲਾਹੌਰ ਰੇਡੀਉ ਸਟੇਸ਼ਨ ਹੁੰਦਾ ਸੀ।ਮੁਹੰਮਦ ਰਫ਼ੀ ਨੇ ਵੀ ਰੇਡੀਉ ਤੇ ਗਾਉਣਾ ਸ਼ੁਰੂ ਕੀਤਾ। ਇਸ ਨਾਲ ਉਹਨਾ ਦੇ ਚਾਹੁੰਣ ਵਾਲਿਆਂ ਦਾ ਘੇਰਾ ਹੋਰ ਵਿਸ਼ਾਲ ਹੁੰਦਾ ਗਿਆ।

## ਸ਼ਾਦੀ ਤੇ ਬੱਚੇ

ਪਹਿਲੀ ਸ਼ਾਦੀ ਰਫ਼ੀ ਦੀ ਉਸ ਦੀ ਭੂਆ ਦੀ ਲੜਕੀ ਬਸ਼ੀਰਾ ਨਾਲ ਹੋਈ ਸੀ। ਇੱਥੇ ਮੁਬੰਈ ਆ ਕੇ ਰਫ਼ੀ ਨੇ ਇੱਕ ਪੁਲਿਸ ਅਧਿਕਾਰੀ ਦੀ ਬੇਟੀ 'ਦਿਲਕਸ਼' (ਬਿਲਕੁਆਇਸ ਬਾਨੋ) ਨਾਲ ਦੂਸਰੀ ਸ਼ਾਦੀ ਕੀਤੀ। ਪਹਿਲੀ ਸ਼ਾਦੀ ਤੋਂ ਇੱਕ ਬੱਚਾ ਸਈਦ ਰਫ਼ੀ,ਦੂਜੀ ਸ਼ਾਦੀ ਤੋਂ ਇਹ ਛੇ ਬੱਚੇ ਹਾਮਿਦ ਰਫ਼ੀ,ਸਾਦਿਕ ਰਫ਼ੀ, ਸ਼ਾਹਿਦ ਰਫ਼ੀ, ਖਾਲਿਦ ਰਫ਼ੀ, ਯਾਸਮੀਨ ਰਫ਼ੀ, ਪਰਵੀਨ ਰਫ਼ੀ ਕੁੱਲ ਆਪ ਦੇ ਸੱਤ ਬੱਚੇ ਹਨ। ਉਸ ਦੇ ਦੋ ਪੁੱਤਰਾਂ ਦੀ ਮੌਤ ਹੋ ਗਈ ਸੀ। ਸਈਦ ਰਫ਼ੀ ਬੰਬਈ ਵਿੱਚ ਰਹਿੰਦਾ ਹੈ। ਹਾਮਿਦ ਰਫ਼ੀ ਜਪਾਨ ਵਿੱਚ ਆਪਣਾ ਕਾਰੋਬਾਰ ਕਰਦਾ ਹੈ।ਇੱਕ ਲੜਕੀ ਸਿੰਗਾਪੁਰ, ਦੂਸਰੀ ਮਲਾਇਆ ਤੇ ਤੀਸਰੀ ਲੜਕੀ ਇੱਥੇ ਭਾਰਤ ਵਿੱਚ ਹੀ ਵਿਆਹੀ ਹੋਈ ਹੈ। ਪ੍ਰੀਵਾਰ ਦੇ ਕੁੱਝ ਲੋਕ ਮੁਹੰਮਦ ਦੀਨ(ਵੱਡੇ ਭਰਾ) ਸਮੇਤ ਲਾਹੌਰ ਵਿੱਚ ਹੀ ਰਹਿੰਦੇ ਹਨ।

## ਅਦਾਕਾਰੀ ਤੇ ਐਵਾਰਡ

ਰਫ਼ੀ ਨੇ ਆਪਣਾ ਅਦਾਕਾਰੀ ਦਾ ਸ਼ੌਕ ਵੀ ਪੂਰਾ ਕੀਤਾ। ਉਸ ਨੇ ਕੁੱਝ ਫਿਲਮਾਂ ਵਿੱਚ ਅਦਾਕਾਰੀ ਕਰਕੇ ਆਪਣੇ ਅਦਾਕਾਰ ਹੋਣ ਦਾ ਸਬੂਤ ਵੀ ਦਿੱਤਾ। ਰਫ਼ੀ ਨੇ ਸੰਨ 1945 ਵਿੱਚ 'ਲੈਲਾ-ਮੰਜਨੂੰ' ਅਤੇ ਸੰਨ 1947 ਵਿੱਚ 'ਜੁੰਗਨੂੰ' ਫਿਲਮ ਵਿੱਚ ਅਦਾਕਾਰੀ ਕਰਕੇ ਵੱਖਰਾ ਹੀ ਰੰਗ ਪੇਸ਼ ਕੀਤਾ। ਉਹਨਾਂ ਨੇ ਬਹੁਤ ਸਾਰੇ ਮਾਨ-ਸਨਮਾਨ ਵੀ ਹਾਸਲ ਕੀਤੇ। 1960 ਵਿੱਚ 'ਚੌਦਵੀ ਕਾ ਚਾਂਦ ਹੋ' ਗੀਤ ਲਈ ਫਿਲਮ ਫੇਅਰ ਐਵਾਰਡ ਮਿਲਿਆ।ਸੰਨ 1965 ਵਿੱਚ 'ਪਦਮ ਸ਼੍ਰੀ' ਨਾਲ ਨਿਵਾਜੇ ਗਏ। 1974 ਤੇ 1977 ਵਿੱਚ ਉਹਨਾਂ ਨੂੰ ਬੈਸਟ ਸਿੰਗਰ ਦਾ ਐਵਾਰਡ ਮਿਲਿਆ।ਸੰਨ 2016 ਵਿੱਚ ਭਾਰਤ ਸਰਕਾਰ ਨੇ ਮੁਹੰਮਦ ਰਫ਼ੀ ਦੇ ਨਾਂਅ ਤੇ ਫੋਟੋ ਵਾਲੀ ਡਾਕ ਟਿਕਟ ਜਾਰੀ ਕਰਕੇ ਮਾਨ ਸਨਮਾਨ ਦਿੱਤਾ।

## ਹਰ ਡਾਇਰੈਕਟਰ ਨਾਲ ਕੀਤਾ ਕੰਮ

ਉਸ ਸਮੇਂ ਦਾ ਕੋਈ ਐਸਾ ਡਾਇਰੈਕਟਰ ਨਹੀ ਸੀ, ਜਿਸ ਨੇ ਮੁਹੰਮਦ ਰਫ਼ੀ ਕੋਲੋਂ ਆਪਣੀ ਫਿਲਮ ਲਈ ਗੀਤ ਨਾ ਗਵਾਏ ਹੋਣ। ਜਿਵੇਂ ਓ.ਪੀ ਨਈਅਰ, ਸ਼ੰਕਰ ਜੈ ਕਿਸ਼ਨ, ਐੱਸ. ਡੀ ਬਰਮਨ, ਮਦਨ ਮੋਹਨ, ਆਰ.ਡੀ ਬਰਮਨ ਆਦਿ ਦੇ ਨਾਂ ਵਰਨਣ ਯੋਗ ਹਨ। ਮੁਹੰਮਦ ਰਫ਼ੀ ਦੀ ਅਵਾਜ਼ ਹਰ ਹੀਰੋ ਤੇ ਫਿੱਟ ਬੈਠਦੀ ਸੀ। ਰਫ਼ੀ ਦੇ ਗਾਏ ਗੀਤ ਉਸ ਵੇਲੇ ਦੇ ਹਰ ਹੀਰੋ ਹੀਰੋਇਨ ਤੇ ਫਿਲਮਾਏ ਗਏ ਸਨ।ਜਿਵੇਂ ਦਲੀਪ ਕੁਮਾਰ, ਦੇਵ ਆਨੰਦ, ਰਜਿੰਦਰ ਕੁਮਾਰ, ਸ਼ੰਮੀ ਕਪੂਰ, ਸ਼ਸ਼ੀ ਕਪੂਰ, ਸੁਨੀਲ ਦੱਤ, ਧਰਮਿੰਦਰ, ਵਿਸ਼ਵਾਜੀਤ, ਪਰਦੀਪ, ਰਾਜ ਕੁਮਾਰ, ਭਾਰਤ ਭੂਸ਼ਨ ਤੇ ਜੋਏ ਮੁਖਰਜੀ ਨੂੰ ਆਪਣੀ ਅਵਾਜ਼ ਦਿੱਤੀ।

## ਕਈ ਭਾਸ਼ਾਵਾਂ ਵਿੱਚ ਹਜ਼ਾਰਾ ਗੀਤ ਗਾਏ

ਰਫ਼ੀ ਨੇ ਆਪਣੀ 40 ਸਾਲ ਦੀ ਫਿਲਮੀ ਤੇ ਗਾਇਕਜ਼ਿੰਦਗੀ ਵਿੱਚ ਤਕਰੀਬਨ ਅਸਾਮੀ, ਤੇਲਗੂ, ਕੋਕਣੀ, ਕੰਨੜ, ਬੰਗਾਲੀ, ਮਰਾਠੀ, ਗੁਜਰਾਤੀ, ਸਿੰਧੀ, ਮਗਾਹੀ, ਮੈਥਲੀ, ਉਰਦੂ, ਭੋਜਪੁਰੀ, ਉੜੀਆ, ਹਿੰਦੀ, ਪੰਜਾਬੀ, ਅੰਗਰੇਜ਼ੀ, ਸਪੇਨੀ, ਡੱਚ, ਫ਼ਾਰਸੀ, ਅਰਬੀ, ਹੈਤੀਆਈ ਆਦਿ ਲਗਭਗ 35 ਭਸ਼ਾਵਾਂ ਵਿੱਚ 28,000 ਤੋਂ ਵੀ ਵੱਧ ਗੀਤ,ਧਾਰਮਿਕ ਸ਼ਬਦ,ਫਿਲਮੀ, ਕਵਾਲੀਆਂ ਤੇ ਭਜਨ ਗਾਏ ਜੋ ਤਕਰੀਬਨ ਸਾਰੇ ਹੀ ਲੋਕਾਂ ਦੀ ਜ਼ੁਬਾਨ ਤੇ ਚੜ੍ਹੇ।

## ਹਿੱਟ ਗੀਤ ਹਿੰਦੀ

ਰਫ਼ੀ ਦੇ ਹਿੱਟ ਗੀਤਾਂ ਵਿੱਚੋ ਕੁੱਝ ਉਹ ਗੀਤਜਿਹੜੇ ਹਿੰਦੀ ਫਿਲਮਾਂ ਵਿੱਚ ਰਫ਼ੀ ਵੱਲੋ ਬੜੀ ਸ਼ਿੱਦਤ ਨਾਲ ਗਾਏ ਗਏ ਤੇ ਜਿੰਨ੍ਹਾਂ ਸਦਕਾ ਉਹ ਫਿਲਮਾਂ ਹਿੱਟ ਫਿਲਮਾਂ ਦੀ ਸੂਚੀ ਵਿੱਚ ਗਿਣੀਆਂ ਜਾਂਦੀਆਂ ਹਨ।ਜਿਵੇਂ:

•ਲਿਖੇ ਜੋ ਖ਼ਤ ਤੁਝੇ (ਫਿਲਮ 'ਕੰਨਿਆਦਾਨ' 1968, ਮਿਊਜ਼ਿਕ ਸ਼ੰਕਰ ਜੈ ਕਿਸ਼ਨ, ਗੀਤਕਾਰ ਹਸਰਤ ਜੈ ਪੁਰੀ)
•ਬਹਾਰੋ ਫੂਲ ਬਰਸਾਉ ਕਿ ਮੇਰਾ ਮਹਿਬੂਬ ਆਇਆ ਹੈ (ਫਿਲਮ 'ਸੂਰਜ' 1966, ਮਿਊਜ਼ਿਕ ਸ਼ੰਕਰ ਜੈ ਕਿਸ਼ਨ, ਗੀਤਕਾਰ ਹਸਰਤ ਜੈ ਪੁਰੀ)
•ਖੋਇਆ-ਖੋਇਆ ਚਾਂਦ (ਫਿਲਮ 'ਕਾਲਾ ਬਜ਼ਾਰ' 1960, ਮਿਊਜ਼ਿਕ ਐੱਸ.ਡੀ ਬਰਮਨ, ਗੀਤਕਾਰ ਸ਼ਲਿੰਦਰਾ)
•ਯੇ ਦੁਨੀਆ ਯੇ ਮਹਿਫਿਲ, ਮੇਰੇ ਕਾਮ ਕੀ ਨਹੀ (ਫਿਲਮ 'ਹੀਰ ਰਾਂਝਾਂ' 1970, ਮਿਊਜ਼ਿਕ ਮਦਨ ਮੋਹਨ, ਗੀਤਕਾਰ ਕੈਫੀ ਆਜ਼ਮੀ)
•ਯੇ ਰੇਸ਼ਮੀ ਜ਼ੁਲਫੇ, ਯੇ ਸ਼ਰਬਤੀ ਆਂਖੇ (ਫਿਲਮ 'ਦੋ ਰਾਸਤੇ' 1969, ਮਿਊਜ਼ਿਕ ਲਕਸ਼ਮੀ ਕਾਂਤ ਪਿਆਰੇ ਲਾਲ, ਗੀਤਕਾਰ ਅਨੰਦ ਬਖਸ਼ੀ)
•ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ (ਫਿਲਮ 'ਹਮ ਦੋਨੋਂ' 1961, ਮਿਊਜ਼ਿਕ ਜੈ ਦੇਵ, ਗੀਤਕਾਰ ਸਾਹਿਰ ਲੁਧਿਆਣਵੀ)
•ਦਰਦ-ਏ-ਦਿਲ, ਦਰਦ-ਏ-ਜਿਗਰ (ਫਿਲਮ 'ਕਰਜ਼' 1980, ਮਿਊਜ਼ਿਕ ਲਕਸ਼ਮੀ ਕਾਂਤ ਪਿਆਰੇ ਲਾਲ, ਗੀਤਕਾਰ ਅਨੰਦ ਬਖਸ਼ੀ)
•ਖੁਸ਼ ਰਹੇ ਤੂੰ ਸਦਾ (ਫਿਲਮ 'ਖਿਲੋਨਾ' 1970, ਮਿਊਜ਼ਿਕ ਲਕਸ਼ਮੀ ਕਾਂਤ ਪਿਆਰੇ ਲਾਲ, ਗੀਤਕਾਰ ਅਨੰਦ ਬਖਸ਼ੀ)
•ਬਦਨ ਪੇ ਸਿਤਾਰੇ ਲਪੇਟੇ ਹੂਏ (ਫਿਲਮ 'ਪ੍ਰਿੰਸ' 1969, ਮਿਊਜ਼ਿਕ ਸ਼ੰਕਰ ਜੈ ਕਿਸ਼ਨ, ਗੀਤਕਾਰ ਹਸਰਤ ਜੈ ਪੁਰੀ)
•ਯੇ ਚਾਂਦ ਸਾ ਰੌਸ਼ਨ ਚੇਹਰਾ (ਫਿਲਮ 'ਕਸ਼ਮੀਰ ਕੀ ਕਲੀ' 1964, ਮਿਊਜ਼ਿਕ ਓ. ਪੀ ਨਈਅਰ, ਗੀਤਕਾਰ )
•ਜੋ ਵਾਦਾ ਕੀਆ ਵੋਹ ਨਿਭਾਨਾ ਪੜੇਗਾ (ਫਿਲਮ 'ਤਾਜ ਮਹੱਲ' 1963, ਮਿਊਜ਼ਿਕ ਰੌਸ਼ਨ, ਗੀਤਕਾਰ ਸਾਹਿਰ ਲੁਧਿਆਣਵੀ)
•ਅਕੇਲੇ-ਅਕੇਲੇ ਕਹਾਂ ਜਾ ਰਹੇ ਹੋ (ਫਿਲਮ 'ਐਨ ਇੰਵਨਿੰਗ ਇਨ ਪੈਰਿਸ' 1967, ਮਿਊਜ਼ਿਕ ਸ਼ੰਕਰ ਜੈ ਕਿਸ਼ਨ, ਗੀਤਕਾਰ ਹਸਰਤ ਜੈ ਪੁਰੀ)
•ਉੜੇ ਜਬ-ਜਬ ਜ਼ੁਲਫੇ ਤੇਰੀ (ਫਿਲਮ 'ਨਯਾ ਦੌਰ' 1957, ਮਿਊਜ਼ਿਕ ਓ. ਪੀ ਨਈਅਰ, ਗੀਤਕਾਰ ਸਾਹਿਰ ਲੁਧਿਆਣਵੀ)
•ਚੌਦਵੀ ਕਾ ਚਾਂਦ ਹੋ (ਫਿਲਮ 'ਚੌਦਵੀ ਕਾ ਚਾਂਦ' 1960, ਮਿਊਜ਼ਿਕ ਐੱਸ. ਡੀ ਬਰਮਨ, ਗੀਤਕਾਰ ਸ਼ਕੀਲ)



•ਪ੍ਰਦੇਸੀਉ ਸੇ ਨਾ ਅੱਖੀਆਂ ਮਿਲਾਨਾ ('ਜਬ-ਜਬ ਫੂਲ ਖਿਲੇ' 1965, ਮਿਊਜ਼ਿਕ ਕਲਿਆਣ ਜੀ ਅਨੰਦ ਜੀ, ਗੀਤਕਾਰ ਅਨੰਦ ਬਖ਼ਸ਼ੀ)

## ਹਿੱਟ ਗੀਤ ਪੰਜਾਬੀ

ਮੁਹੰਮਦ ਰਫ਼ੀ ਦੀ ਪੰਜਾਬੀ ਹੋਣ ਦੇ ਨਾਤੇ ਪੰਜਾਬੀ ਤੇ ਪੂਰੀ ਪਕੜ ਸੀ। ਰਫ਼ੀ ਨੇ ਜਿਹੜੇ ਵੀ ਪੰਜਾਬੀ ਗੀਤ ਗਾਏ ਚਾਹੇ ਪੰਜਾਬੀ ਫਿਲਮਾਂ ਵਿੱਚ ਹਨ ਜਾਂ ਕੋਈ ਪੰਜਾਬੀ ਐਲਬਮ



ਹੈ। ਉਹ ਬਾਰ-ਬਾਰ ਸੁਣਨ ਨੂੰ ਦਿਲ ਕਰਦਾ ਹੈ।ਪੰਜਾਬੀ ਗੀਤ ਹਨ ਜਿਵੇਂ:

•ਰੱਬ ਨਾ ਕਰੇ ( ਫਿਲਮ 'ਭੰਗੜਾ' 1959, ਮਿਊਜ਼ਿਕ ਹੰਸਰਾਜ ਬਹਿਲ, ਗੀਤਕਾਰ ਵਰਮਾ ਮਲਿਕ)
•ਚਿੱਟੇ ਦੰਦ ਹੱਸਣੋ ਨਈ ਰਹਿੰਦੇ, ਲੋਕੀ ਭੈੜੇ ਸ਼ੱਕ ਕਰਦੇ (ਫਿਲਮ 'ਭੰਗੜਾ' 1959, ਮਿਊਜ਼ਿਕ ਹੰਸਰਾਜ ਬਹਿਲ, ਗੀਤਕਾਰ ਵਰਮਾ ਮਲਿਕ)
•ਢੋਲ ਵੱਜਦਾ ਤਾਲੀ ਵੱਜਦੀ (ਫਿਲਮ 'ਸੰਤੋ ਬੰਤੋ' 1976, ਮਿਊਜ਼ਿਕ ਐੱਸ ਮਹਿੰਦਰ, ਗੀਤਕਾਰ ਰਾਜ ਕਵੀ ਇੰਦਰਜੀਤ ਸਿੰਘ ਤੁਲਸੀ)
•ਸੋਹਣਿਉ ਮੱਖਣੋ (ਫਿਲਮ 'ਦਾਜ' 1976, ਮਿਊਜ਼ਿਕ ਐੱਸ ਮਹਿੰਦਰ, ਗੀਤਕਾਰ ਇੰਦਰਜੀਤ ਹਸਨਪੁਰੀ)
•ਪਿਆਰ ਦੇ ਭੁਲੇਖੇ ( ਫਿਲਮ 'ਗੁੱਡੀ' 1961, ਮਿਊਜ਼ਿਕ ਹੰਸਰਾਜ ਬਹਿਲ, ਗੀਤਕਾਰ ਵਰਮਾ ਮਲਿਕ)
•ਏਨੇ ਜ਼ੋਰ ਦੀ ਮਰੋੜੀ ਮੇਰੀ ਬਾਂਹ (ਫਿਲਮ 'ਤੇਰੀ ਮੇਰੀ ਇੱਕ ਜ਼ਿੰਦੜੀ' 1975, ਮਿਊਜ਼ਿਕ ਐੱਸ ਮਹਿੰਦਰ, ਗੀਤਕਾਰ ਇੰਦਰਜੀਤ ਹਸਨਪੁਰੀ)
•ਗੋਰਾ ਰੰਗ ਨਾ ਹੋ ਜਾਏ ਕਾਲਾ ( ਫਿਲਮ 'ਦੋ ਲੱਛੀਆਂ' 1960, ਮਿਊਜ਼ਿਕ ਹੰਸਰਾਜ ਬਹਿਲ, ਗੀਤਕਾਰ ਵਰਮਾ ਮਲਿਕ)
•ਲੱਗੀ ਵਾਲੇ ਤਾਂ ਕਦੇ ਵੀ ਨੀ ਸੌਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗੀ (ਫਿਲਮ 'ਸੱਸੀ ਪੁਨੂੰ' 1983, ਮਿਊਜ਼ਿਕ ਰਵੀ, ਗੀਤਕਾਰ ਬਾਬੂ ਸਿੰਘ ਮਾਨ)
•ਨੱਚ ਸੋਹਣੀਏ (ਫਿਲਮ 'ਦੋ ਪੋਸਤੀ' 1981, ਮਿਊਜ਼ਿਕ ਸਰਦੂਲ ਕਵਾਤਰਾ, ਗੀਤਕਾਰ ਵਰਮਾ ਮਲਿਕ)
•ਬੱਲੇ-ਬੱਲੇ (ਫਿਲਮ 'ਜੱਟ ਪੰਜਾਬੀ' 1979, ਮਿਊਜ਼ਿਕ ਹੰਸਰਾਜ ਬਹਿਲ)
•ਦਾਣਾ ਪਾਣੀ ਖਿੱਚ ਕੇ ਲਿਆਉਂਦਾ, ਕੌਣ ਕਿਸੇ ਦਾ ਖਾਂਦਾ ਈ ਉਏ (ਫਿਲਮ 'ਗੁੱਡੀ' 1961, ਮਿਊਜ਼ਿਕ ਹੰਸਰਾਜ ਬਹਿਲ, ਗੀਤਕਾਰ ਵਰਮਾ ਮਲਿਕ)

## ਧਾਰਮਿਕ ਸ਼ਬਦ ਤੇ ਗੀਤ

ਮੁਹੰਮਦ ਰਫ਼ੀ ਵੱਲੋ ਵੱਖ-ਵੱਖ ਪੰਜਾਬੀ ਤੇ ਹਿੰਦੀ ਫਿਲਮਾਂ ਵਿੱਚ ਗਾਏ ਧਾਰਮਿਕ ਸ਼ਬਦ ਤੇ ਭਜਨ ਅੱਜ ਵੀ ਬਾਰ-ਬਾਰ ਸੁਣਨ ਨੂੰ ਦਿਲ ਕਰਦਾ ਹੈ। ਉਹ ਪੰਜਾਬੀ ਫਿਲਮਾਂ ਵਿੱਚ ਸ਼ਬਦ ਤੇ ਗੀਤ ਗਾਉਣ ਦੇ ਪੈਸੇ ਨਹੀ ਲੈਂਦੇ ਸਨ। ਸ਼ਗਨ ਵਜੋਂ ਇੱਕ ਰੁਪਿਆ ਲੈ ਲੈਂਦੇ ਸਨ।ਉਸ ਦੇ ਪੰਜਾਬੀ ਫਿਲਮਾਂ ਵਿੱਚ ਗਾਏ ਸ਼ਬਦ ਤੇ ਧਾਰਮਿਕ ਗੀਤ ਹਨ ਜੋ ਅੱਜ ਵੀ ਬੜੀ ਹੀ ਸ਼ਰਧਾ ਭਾਵਨਾ ਨਾਲ ਗਾਏ ਤੇ ਸੁਣੇ ਜਾਂਦੇ ਹਨ ਜਿਵੇਂ:

•ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ( ਫਿਲਮ 'ਨਾਨਕ ਨਾਮ ਜਹਾਜ਼ ਹੈ' 1969, ਮਿਊਜ਼ਿਕ ਐੱਸ ਮਹਿੰਦਰ, ਸ਼ਬਦ)
•ਨਾਨਕ ਨਾਮ ਜ਼ਹਾਜ ਹੈ(ਫਿਲਮ 'ਨਾਨਕ ਨਾਮ ਜਹਾਜ਼ ਹੈ' 1969, ਮਿਊਜ਼ਿਕ ਐੱਸ ਮਹਿੰਦਰ, ਗੀਤਕਾਰ ਵਰਮਾ ਮਲਿਕ)
•ਦੁੱਖ ਭੰਜਨ ਤੇਰਾ ਨਾਮ ਜੀ ( ਫਿਲਮ 'ਦੁੱਖ ਭੰਜਨ ਤੇਰਾ ਨਾਮ ਜੀ' 1974, ਮਿਊਜ਼ਿਕ ਐੱਸ ਮਹਿੰਦਰ, ਸ਼ਬਦ)
•ਜੇਤਾ ਸਮੁੰਦ ਸਾਗਰ ਨੀਰ ਭਰਿਆ (ਫਿਲਮ 'ਦੁੱਖ ਭੰਜਨ ਤੇਰਾ ਨਾਮ ਜੀ' 1974, ਮਿਊਜ਼ਿਕ ਐੱਸ ਮਹਿੰਦਰ, ਸ਼ਬਦ)
•ਹਉ ਆਇਆ ਦੂਰੋ ਚੱਲ ਕੇ (ਫਿਲਮ 'ਉੱਚਾ ਦਰ ਬਾਬੇ ਨਾਨਕ ਦਾ' 1982)
•ਸਤਿਗੁਰ ਨਾਨਕ (ਸ਼ਬਦ)
•ਪਾਪੀ ਜੀਅੜਿਆ ਬੋਲ ਸਤਿਨਾਮ (ਸ਼ਬਦ)
•ਜਿਸ ਕੇ ਸਿਰ ਉੱਪਰ ਤੂੰ ਸੁਆਮੀ (ਸ਼ਬਦ)
•ਮਨਜੀਤੇ ਜਗਜੀਤ (ਸ਼ਬਦ)
•ਜੋ ਤੁਧ ਭਾਵੈ (ਸ਼ਬਦ)
•ਠਾਕੁਰ ਤੁਮ ਸਰਣਾਈ ਆਇਆ (ਸ਼ਬਦ)
•ਤੇਰੇ ਅੰਦਰੋਂ ਮੈਲ ਨਾ ਜਾਵੇ, ਨਾਉਂਦਾ ਫਿਰੇ ਤੀਰਥਾਂ ਤੇ (ਧਾਰਮਿਕ ਗੀਤ)
•ਹਰ ਕੋ ਨਾਮ ਸਦਾ ਸੁਖਦਾਈਤੇ ਹੋਰ ਵੀ ਬਹੁਤ ਸਾਰੇ ਸ਼ਬਦ ਤੇ ਧਾਰਮਿਕ ਗੀਤ ਹਨ ਜੋ ਜ਼ਬਰਦਸਤ ਹਿੱਟ ਰਹੇ।

## ਰਫ਼ੀ ਸਰ ਆਪ ਜੈਸਾ ਕੋਈ ਨਹੀ ਹੈ

ਸ਼ੰਮੀ ਕਪੂਰ ਦੀਆਂ ਸਾਰੀਆਂ ਫਿਲਮਾਂ ਦੇ ਗੀਤ ਤਕਰੀਬਨ-ਤਕਰੀਬਨ ਮੁਹੰਮਦ ਰਫ਼ੀ ਦੀ ਆਵਾਜ਼ ਵਿੱਚ ਹੀ ਰਿਕਾਰਡ ਹੁੰਦੇ ਸਨ, ਕਿਉਕਿ ਸ਼ੰਮੀ ਕਪੂਰ ਦੀ ਇਹ ਅਵਾਜ਼ ਪਹਿਚਾਣ ਬਣ ਚੁੱਕੀ ਸੀ। ਸ਼ੰਮੀ ਕਪੂਰ ਦਾ ਕਹਿਣਾ ਹੈ ਕਿ 'ਮੁਹੰਮਦ ਰਫ਼ੀ ਸਾਹਬ ਤੋਂ ਬਿਨ੍ਹਾਂ ਮੈ ਕੁੱਝ ਵੀ ਨਹੀ ਹਾਂ'।ਇਹ ਗੱਲ ਸ਼ੰਮੀ ਕਪੂਰ ਦੀ ਸੰਨ 1968 ਵਿੱਚ ਆਈ ਫਿਲਮ 'ਬ੍ਰਹਮਚਾਰੀ' ਦੀ ਕਰਨ ਲੱਗਾ ਹਾਂ। ਇਸ ਫਿਲਮ ਦੇ ਡਾਇਰੈਕਟਰ ਭੱਪੀ ਸੋਨੀ ਤੇ ਪ੍ਰੋਡਿਊਸਰ ਜੀ.ਪੀ ਸਿੱਪੀ ਸਨ। ਸ਼ੰਮੀ ਕਪੂਰ ਨਾਲ, ਰਾਜ ਸ਼੍ਰੀ, ਮੁਮਤਾਜ਼ ਤੇ ਪ੍ਰਾਨ ਸਨ।ਮਿਊਜ਼ਿਕ ਸ਼ੰਕਰ ਜੈ ਕਿਸ਼ਨ ਦਾ ਸੀ ਤੇ ਇਸ ਫਿਲਮ ਦੇ ਗੀਤ ਹਸਰਤ ਜੈ ਪੁਰੀ, ਰਜਿੰਦਰ ਕ੍ਰਿਸ਼ਨ ਤੇ ਸ਼ਲਿੰਦਰ ਨੇ ਲਿਖੇ ਸਨ। ਇਸ ਫਿਲਮ ਦੇ ਸਾਰੇ ਛੇ ਗੀਤ ਮੁਹੰਮਦ ਰਫ਼ੀ ਨੇ ਗਾਏ ਸਨ।ਇਸ ਫਿਲਮ ਦਾ ਇੱਕ ਗੀਤ ਸੀ ਜੋ ਹਸਰਤ ਜੈਪੁਰੀ ਦਾ ਲਿਖਿਆ ਸੀ ਤੇ ਉਸ ਗੀਤ ਦੀ ਜਿਸ ਦਿਨ ਰਿਕਾਡਿੰਗ ਸੀ, ਉਸ ਦਿਨ ਰਿਕਾਡਿੰਗ ਹਾਲ ਵਿੱਚ ਸ਼ੰਮੀ ਕਪੂਰ ਵੀ ਮੌਜੂਦ ਸਨ। ਰਿਕਾਡਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ਼ੰਮੀ ਕਪੂਰ ਦੇ ਦਿਮਾਗ ਵਿੱਚ ਇੱਕ ਆਈਡੀਆ ਆਇਆ ਤੇ ਉਸ ਨੇ ਮਹੁੰਮਦ ਰਫ਼ੀ ਨੂੰ ਕਿਹਾ ਕਿ 'ਅਗਰ ਆਪ ਇਸ ਗੀਤ ਕਾ ਮੁੱਖੜਾ ਔਰ ਅੰਤਰਾ ਏਕ ਹੀ ਸਾਂਸ ਮੇਂ ਗਾ ਦੇ ਤੋ ਬਾਤ ਬਨ ਜਾਏ' ਇੰਨਾਂ ਸੁਣ ਕੇ ਮਹੁੰਮਦ ਰਫ਼ੀ ਸ਼ੰਮੀ ਕਪੂਰ ਵੱਲ ਵੇਖ ਕੇ ਮੁਸਕਰਾਇਆ ਤੇ ਕਹਿਣ ਲੱਗਾ ਕਿ 'ਚਲੋ, ਤੁਮਹਾਰੀ ਬਾਤ ਪਰ ਅਮਲ ਕਰਤੇ ਹੈ।' ਰਿਕਾਡਿੰਗ ਸ਼ੁਰੂ ਹੋਈ ਤੇ ਰਫ਼ੀ ਨੇ ਉਸ ਗੀਤ ਦਾ ਮੁੱਖੜਾ ਤੇ ਅੰਤਰਾ ਇੱਕ ਹੀ ਸਾਹ ਵਿੱਚ ਗਾ ਦਿੱਤਾ। ਜਦ ਇਸ ਗੀਤ ਦੀ ਰਿਕਾਡਿੰਗ ਖਤਮ ਹੋਈ ਤਾਂ ਸ਼ੰਮੀ ਕਪੂਰ ਉੱਠ ਕੇ ਰਫ਼ੀ ਨੂੰ ਕਹਿਣ ਲੱਗਾ ਕਿ 'ਰਫ਼ੀ ਸਰ, ਆਪ ਜੈਸਾ ਕੋਈ ਨਹੀ ਹੈ।' ਮੁਹੰਮਦ ਰਫ਼ੀ ਫਿਰ ਮੁਸਕਰਾਇਆਤੇ ਸ਼ੰਮੀ ਕਪੂਰ ਵੱਲ ਵੇਖ ਕੇ ਕਹਿਣ ਲੱਗਾ ਕਿ ਸ਼ੰਮੀ, ਐਸੀ ਸ਼ਰਤ ਮੱਤ ਲਗਾਇਆ ਕਰੋ।ਕਿਸੀ ਦਿਨ ਮੇਰੀ ਜਾਨ ਚਲੀ ਜਾਏਗੀ। ਅਗਰ ਮੈਂ ਜ਼ਿੰਦਾ ਰਹਾ ਤੋਂ ਆਪ ਕੇ ਲੀਏ ਹਜ਼ਾਰੋ ਗਾਨੇ ਗਾਉਗਾ।' ਇਹ ਫਿਲਮ 26 ਅਪ੍ਰੈਲ 1968 ਨੂੰ ਰਲੀਜ਼ ਹੋਈ ਸੀ।

## ਸਤੀਸ਼ ਕੌਲ ਨੂੰ ਜਦ ਪੰਜ ਹਜ਼ਾਰ ਦਾ ਇਨਾਮ ਦਿੱਤਾ

ਪੰਜਾਬੀ ਫਿਲਮਾਂ ਦੇ ਬਾਦਸ਼ਾਹ ਕਲਾਕਾਰ ਸਤੀਸ਼ ਕੌਲ ਨੂੰ ਇੱਕ ਵਾਰ ਮਿਲਣਾ ਹੋਇਆ। ਗੱਲਾਂ ਬਾਤਾਂ ਦੌਰਾਨ ਸਤੀਸ਼ ਕੌਲ ਨੇ ਆਪਣੀ ਜ਼ਿੰਦਗੀ ਦੇ ਕਈ ਅਹਿਮ ਕਿੱਸੇ ਸੁਣਾਏ, ਕਈ ਦੁੱਖ-ਸੁੱਖ ਸਾਂਝੇ ਕੀਤੇ। ਇੰਨ੍ਹਾਂ ਕਿੱਸਿਆਂ ਵਿਚੋ ਇੱਕ ਕਿੱਸਾ ਮਹਾਨ ਗਾਇਕ, ਕਲਾਕਾਰ ਤੇ ਇੱਕ ਨੇਕ ਦਿਲ ਇਨਸਾਨ ਬਾਰੇ ਸੀ।ਜਿੰਨ੍ਹਾਂ ਦਾ ਨਾਂ ਸੰਗੀਤ ਜਗਤ ਦੀ ਦੁਨੀਆਂ ਵਿੱਚ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਉਹ ਮੁਹੰਮਦ ਰਫ਼ੀ ਸਨ। ਸਤੀਸ਼ ਕੌਲ ਨੇ ਦੱਸਿਆ ਕਿ 70-80 ਦੇ ਦਹਾਕੇ ਦੌਰਾਨ ਮੇਰੀ ਇੱਕ ਪੰਜਾਬੀ ਫਿਲਮ 'ਸੱਸੀ-ਪੁੰਨੂੰ' ਆਈ ਸੀ।ਜਿਸਦੇ ਡਾਇਰੈਕਟਰ ਸਤੀਸ਼ ਭਾਖੜੀ , ਪ੍ਰੋਡਿਊਸਰ ਮਹਿੰਦਰ ਕੈਲੇ, ਮਿਊਜ਼ਿਕ ਰਵੀ ਦਾ ਸੀ ਤੇ ਮੈ ਤੇ ਭਾਵਨਾ ਭੱਟ ਮੇਨ ਰੋਲ ਵਿੱਚ ਸੀ। ਮੈ ਜ਼ਿਆਦਾਤਰ ਪੰਜਾਬੀ ਫਿਲਮਾਂ ਭਾਵਨਾ ਭੱਟ ਨਾਲ ਕੀਤੀਆਂ ਸਨ।ਇਸ ਫਿਲਮ ਦੇ ਟੋਟਲ 9 ਗੀਤ ਸਨ। ਸੱਸੀ ਪੁਨੂੰ ਦੇ ਗੀਤ ਦੇਵ ਥਰੀਕੇਵਾਲਾ ਤੇ ਬਾਬੂ ਸਿੰਘ ਮਾਨ ਨੇ ਸ਼ਾਇਦ ਲਿਖੇ ਸਨ।ਇਹਨਾਂ ਗੀਤਾਂ ਨੂੰ ਕੁਲਦੀਪ ਮਾਣਕ, ਮੁਹੰਮਦ ਸਦੀਕ, ਆਸ਼ਾ ਭੋਸਲੇ, ਮਹਿੰਦਰ ਕਪੂਰ ਤੇ ਜਨਾਬ ਮੁਹੰਮਦ ਰਫ਼ੀ ਨੇ ਗਾਇਆ ਸੀ। ਉਸ ਫਿਲਮ ਵਿੱਚ ਇੱਕ ਗੀਤ ਸੀ 'ਲੱਗੀ ਵਾਲੇ ਤੇ ਕਦੇ ਨਈਉ ਸੌਂਦੇ, ਨੀ ਤੇਰੀ ਕਿਵੇਂ ਅੱਖ ਲੱਗ ਗਈ' ਇਹ ਗੀਤ ਉਸ ਸਮੇਂ ਬੜਾ ਹਿੱਟ ਗੀਤ ਸੀ। ਅੱਜ ਵੀ ਲੋਕਾਂ ਦੇ ਯਾਦ ਹੈ।ਇਹ ਗੀਤ ਜਨਾਬ ਮੁਹੰਮਦ ਰਫ਼ੀ ਸਾਹਬ ਨੇ ਗਾਇਆ ਸੀ।ਇਹ ਫਿਲਮ ਜਦ ਰਲੀਜ਼ ਹੋਈ ਤਾਂ ਥੋੜ੍ਹੇ ਕੁ ਦਿਨਾਂ ਬਾਦ ਮੈਨੂੰ ਸੁਨੇਹਾ ਮਿਲਿਆ ਕਿ ਮੁਹੰਮਦ ਰਫ਼ੀ ਤੁਹਾਨੂੰ ਮਿਲਣਾ ਚਾਹੁੰਦੇ ਹਨ। ਮੈ ਇਹ ਬੋਲ ਸੁਣ ਕੇ ਇੱਕ ਦਮ ਅਚੰਭਿਤ ਜਿਹਾ ਹੋ ਗਿਆ ਕਿ ਰਫ਼ੀ ਸਾਹਬ ਨੇ ਮੈਨੂੰ ਯਾਦ ਕੀਤਾ ਹੈ। ਮੈ ਮੁਹੰਮਦ ਰਫ਼ੀ ਨੂੰ ਮਿਲਣ ਪਹੁੰਚ ਗਿਆ।ਅੰਦਰੋ ਮਨ ਖੁਸ਼ ਵੀ ਸੀ ਤੇ ਨਾਲ-ਨਾਲ ਅੰਦਰੋ ਡਰੀ ਵੀ ਜਾਵਾਂ ਕਿ ਮੈਨੂੰ ਕਿਉ ਯਾਦ ਕੀਤਾ ਹੈ। ਮੈ ਟਿਕਾਣੇ ਪਹੁੰਚ ਕੇ ਰਫ਼ੀ ਸਾਹਬ ਦਾ ਇੰਤਜ਼ਾਰ ਕਰ ਰਿਹਾ ਸੀ।ਜਦ ਮੁਹੰਮਦ ਰਫ਼ੀ ਆਏ ਤੇ ਜਦੋ ਮੈਨੂੰ ਮਿਲੇ ਤੇ ਮੈਨੂੰ ਘੁੱਟ ਕੇ ਜੱਫੀ ਪਾ ਲਈ ਤੇ ਮੇਰੀ ਤਾਰੀਫ ਕਰਨ ਲੱਗ ਪਏ। ਕਹਿੰਦੇ ਕਿ ' ਵਾਹ ਵਾਹ ! ਯੇ ਗੀਤ ਜਿਤਨੀ ਸ਼ਿੱਦਤ ਸੇ ਮੈਨੇ ਗਾਇਆ ਥਾਂ, ਉਸ ਸੇ ਭੀ ਜ਼ਿਆਦਾ ਸ਼ਿੱਦਤ ਸੇ ਤੂ ਨੇ ਨਿਭਾਇਆ ਹੈ।ਮੈ ਤੇਰੀ ਐਕਟਿੰਗ ਸੇ ਬਹੁਤ ਖੁਸ਼ ਹੁਆ ਹੂੰ।' ਉਹਨਾਂ ਉਸੇ ਵੇਲੇ ਆਪਣੀ ਜੇਬ ਵਿੱਚੋ ਕੱਢ ਕੇ ਪੰਜ ਹਜ਼ਾਰ ਰੁਪਏ ਮੈਨੂੰ ਇਨਾਮ ਵਜੋਂ ਦਿੱਤੇ।ਉਸ ਵਕਤ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀ ਸੀ। ਉਹ ਸਮਾਂ ਮੈਨੂੰ ਕਦੇ ਨਹੀ ਭੁੱਲਦਾ, ਅੱਜ ਵੀ ਯਾਦ ਹੈ। ਮੁਹੰਮਦ ਰਫ਼ੀ ਸਾਹਬ ਬਹੁਤ ਹੀ ਨੇਕ ਦਿਲ ਤੇ ਭਲੇ ਇਨਸਾਨ ਸਨ। ਇਹ ਬੋਲ ਸਨ ਸਤੀਸ਼ ਕੌਲ ਦੇ।

## ਲਤਾ ਮੰਗੇਸ਼ਕਰ ਨਾਲ ਰਿਆਲਟੀ ਨੂੰ ਲੈ ਕੇ ਹੋਇਆ ਸੀ ਮਨ ਮੁਟਾਵ

ਭਾਵੇਂ ਕਿ ਲਤਾ ਰਫ਼ੀ ਦੀ ਜੋੜੀ ਨੇ ਸੈਕੜੇ ਗੀਤ ਗਾਏ ਸਨ ਤੇ ਰਫ਼ੀ ਦੀ ਪਸੰਦੀਦਾ ਗਾਇਕ ਵੀ ਲਤਾ ਮੰਗੇਸ਼ਕਰ ਹੀ ਹੈ, ਪਰ ਇੱਕ ਸਮਾਂ ਐਸਾ ਵੀ ਆਇਆ ਕਿ ਦੋਵਾਂ ਵਿੱਚ ਦਰਾਰ ਪੈ ਗਈ ਸੀ ਤੇ ਬੋਲਚਾਲ ਬੰਦ ਹੋ ਗਈ ਸੀ।ਲਤਾ ਤੇ ਰਫ਼ੀ ਦੀ ਇੱਕ ਗੱਲ ਤੇ ਸਹਿਮਤੀ ਨਹੀ ਬਣ ਰਹੀ ਸੀ।ਉਹ ਗੱਲ ਇਹ ਸੀ ਕਿ ਰਫ਼ੀ ਇਹ ਕਹਿੰਦਾ ਸੀ ਕਿ ਜਦੋਂ ਅਸੀ ਫਿਲਮਾਂ ਵਿੱਚ ਗੀਤ ਗਾਉਂਦੇ ਹਾਂ ਤਾਂ ਉਸਦੇ ਨਿਰਮਾਤਾ ਕੋਲੋਂ ਪੈਸੇ ਲੈ ਲੈਂਦੇ ਹਾਂ।ਫਿਰ ਬਾਦ ਵਿੱਚ ਕਿਸ ਗੱਲ ਦੀ ਰਾਇਲਟੀ ਲੈਣੀ, ਪਰ ਲਤਾ ਕਹਿ ਰਹੀ ਸੀ ਕਿ ਰਾਇਲਟੀ ਲੈਣੀ ਬਣਦੀ ਹੈ। ਬੱਸ ਇਸੇ ਗੱਲ ਤੋਂ ਦੋਵੇਂ ਇੱਕ ਦੂਜੇ ਨਾਲ ਗੁੱਸੇ ਹੋ ਗਏ ਤੇ ਬੋਲਚਾਲ ਬੰਦ ਹੋ ਗਈ।ਦੋਵਾਂ ਨੇ ਇੱਕਠਿਆ ਗਾਉਣਾ ਵੀ ਬੰਦ ਕਰ ਦਿੱਤਾ ਸੀ। ਫਿਰ ਕੋਈ ਚਾਰ-ਪੰਜ ਸਾਲ ਬਾਦ ਅਭਿਨੇਤਰੀ 'ਨਰਗਿਸ' ਦੇ ਉੱਦਮ ਸਦਕਾ ਦੋਵਾਂ ਨੇ ਇੱਕ ਸਾਂਝੀ ਸਟੇਜ਼ ਤੋਂ ਗਾਇਆ ਸੀ। ਫਿਰ ਥੋੜ੍ਹੇ ਸਾਲ ਪਹਿਲਾਂ ਹੀ ਇੱਕ ਨਾਮੀ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿੱਚ ਲਤਾ ਮੰਗੇਸ਼ਕਰ ਨੇ ਕਿਹਾ ਸੀ ਕਿ 'ਮੁਹੰਮਦ ਰਫ਼ੀ ਨੇ ਇਸ ਗੱਲ ਲਈ ਮੇਰੇ ਕੋਲੋ ਲਿਖਤੀ ਮਾਫੀ ਮੰਗੀ ਸੀ'।ਲਤਾ ਦੇ ਇਸ ਬਿਆਨ ਤੇ ਮੁਹੰਮਦ ਰਫ਼ੀ ਦੀ ਔਲਾਦ ਨੇ ਕਿਹਾ 'ਇਹ ਸਭ ਝੂਠ ਹੈ। ਲਤਾ ਮੰਗੇਸ਼ਕਰ ਝੂਠ ਬੋਲ ਰਹੀ ਹੈ।ਸਾਡੇ ਪਿਤਾ ਦਾ ਕਰੈਕਟਰ ਖਰਾਬ ਕਰਨ ਦੀਆਂ ਗੱਲਾਂ ਕਰ ਰਹੀ ਹੈ'।

## ਦਿਲਚਸਪ ਕਿੱਸਾ

ਇਹ ਗੱਲ ਕੋਈ ਸੰਨ 2000 ਦੀ ਹੈ। ਇੰਟਰਵਿਊ ਦੇ ਸਿਲਸਿਲੇ 'ਚ ਮੈਂ ਪ੍ਰਸਿੱਧ ਸ਼ਾਇਰ, ਅਦਾਕਾਰ ਤੇ ਡਾਇਰੈਕਟਰ ਚਮਨ ਲਾਲ ਸ਼ੁਗਲ ਦੇ ਘਰ ਨਵਾਂ ਕੋਟ ਅੰਮ੍ਰਿਤਸਰ ਬੈਠਾ ਸੀ। ਗੱਲਬਾਤ ਦੌਰਾਨ ਉਹਨਾਂ ਮੇਰੇ ਨਾਲ ਮੁਹੰਮਦ ਰਫ਼ੀ ਬਾਬਤ ਇੱਕ ਗੱਲ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਪਹਿਲੀ ਪੰਜਾਬੀ ਰੰਗਦਾਰ ਫਿਲਮ ਮੈਂ ਹੀ ਬਣਾਈ ਸੀ। ਚਮਨ ਲਾਲ ਸ਼ੁਗਲ ਨੇ ਕੋਈ ਚਾਰ ਜਾਂ ਪੰਜ ਪੰਜਾਬੀ ਫਿਲਮਾਂ ਖੁੱਦ ਬਣਾਈਆਂ ਹਨ ਤੇ ਉਹਨਾਂ ਵਿੱਚ ਐਕਟਿੰਗ ਵੀ ਕੀਤੀ ਹੈ ਤੇ ਗੀਤ ਵੀ ਲਿਖੇ ਹਨ। ਉਹ ਕਹਿੰਦੇ ਕਿ ਅਸੀ ਇੱਕ ਪੰਜਾਬੀ ਫਿਲਮ ਦੇ ਗੀਤ ਰਫ਼ੀ ਦੀ ਅਵਾਜ਼ ਵਿੱਚ ਰਿਕਾਰਡ ਕਰਾਉਣਾ ਚਾਹੁੰਦੇ ਸੀ, ਇਸ ਲਈ ਅਸੀ ਗੀਤ ਲੈ ਕੇ ਰਫ਼ੀ ਨੂੰ ਮਿਲਣ ਲਈ ਮੁੰਬਈ ਸਥਿੱਤ ਉਹਨਾਂ ਦੇ ਨਿਵਾਸ ਸਥਾਨ ਤੇ ਪਹੁੰਚ ਗਏ।ਜਦ ਅਸੀ ਉਹਨਾਂ ਦੇ ਘਰ ਅੰਦਰ ਦਾਖਲ ਹੋਏ ਤਾਂ ਪੁੱਛ ਪ੍ਰਤੀਤ ਕਰਨ ਤੋਂ ਬਾਦ ਸਾਨੂੰ ਇੱਕ ਹਾਲ-ਨੁਮਾ ਕਮਰੇ ਵਿੱਚ ਬਿਠਾਇਆ ਗਿਆ ਤੇ ਜਿੱਥੇ ਅਸੀ ਬੈਠੇ ਸੀ, ਉੱਥੇ ਸਾਹਮਣੇ ਪੌੜੀਆਂ ਚੜ੍ਹਦੀਆਂ ਸਨ।ਥੋੜ੍ਹੇ ਕੁ ਚਿਰ ਬਾਦ ਮੁਹੰਮਦ ਰਫ਼ੀ ਸਾਹਬ ਉੱਪਰੋ ਪੌੜੀਆਂ ਉੱਤਰਦੇ ਸਾਡੇ ਵੱਲ ਆ ਰਹੇ ਸਨ।ਅਸੀ ਇੱਕ ਟੱਕ ਉਹਨਾਂ ਵੱਲ ਸਾਰੇ ਤੱਕ ਰਹੇ ਸੀ।ਪਹਿਲੀ ਵਾਰ ਇੰਨ੍ਹੇ ਵੱਡੇ ਸੁਰਾਂ ਦੇ ਸਾਗਰ ਦੇ ਰੁਬਰੂ ਹੋਣਾ ਸੀ।ਉਹ ਸਾਡੇ ਕੋਲ ਆ ਗਏ ਤੇ ਅਸੀ ਉੱਠ ਕੇ ਨਮਸਕਾਰ ਕੀਤੀ ਤੇ ਵਾਰੋ-ਵਾਰੀ ਸਾਰਿਆਂ ਨੇ ਉਹਨਾਂ ਦੇ ਪੈਰੀ ਹੱਥ ਲਾਏ।ਉਹਨਾਂ ਨੇ ਸਾਨੂੰ ਬੈਠ ਜਾਣ ਲਈ ਆਖਿਆ ਤੇ ਉਹ ਆਪ ਵੀ ਸਾਡੇ ਸਾਹਮਣੇ ਸੋਫੇ ਉੱਤੇ ਬੈਠ ਗਏ।ਅਸੀ ਸਾਰਿਆਂ ਨੇ ਆਪਣੀ ਪਛਾਣ ਕਰਾਈ ਤੇ ਉਹਨਾਂ ਕੋਲ ਆਉਣ ਦਾ ਕਾਰਨ ਦੱਸਿਆ ਕਿ 'ਸਾਡੀ ਆਉਣ ਵਾਲੀ ਪੰਜਾਬੀ ਫਿਲਮ ਲਈ ਜੇ ਆਪ ਜੀ ਗੀਤ ਗਾ ਦਿਓ ਤਾਂ ਸਾਡੇ ਧੰਨਭਾਗ ਹੋਣਗੇ।' ਤਾਂ ਉਹਨਾਂ ਇੱਕ ਵਾਰੀ ਵੀ ਨਾਂਹ ਨਹੀ ਕੀਤੀ ਤੇ ਕਹਿਣ ਲੱਗੇ ਕਿ 'ਗੀਤਕਾਰ ਕੌਣ ਹੈ।' ਸ਼ੁਗਲ ਜੀ ਕਹਿਣ ਲੱਗੇ ਕਿ 'ਮੈ ਗੀਤਕਾਰ ਹਾਂ।' ਰਫ਼ੀ ਸਾਹਬ ਕਹਿੰਦੇ 'ਗੀਤ ਲਿਆਏ ਹੋ'? 'ਹਾਂ ਜੀ' ਤੇ ਮੈ ਕਾਗਜ਼ ਤੇ ਲਿਖੇ ਗੀਤ ਕੱਢ ਕੇ ਵਿਖਾਉਣ ਲਈ ਹੱਥ ਅੱਗੇ ਵਧਾਉਣ ਹੀ ਵਾਲਾ ਸੀ ਕਿ ਮੁਹੰਮਦ ਰਫ਼ੀ ਨੇ ਨਾਲ ਹੀ ਦੂਜਾ ਸਵਾਲ ਕਰ ਦਿੱਤਾ ਕਿ 'ਕੁੱਝ ਗਾ ਕੇ ਸੁਣਾਉ?' ਗਾਉਣਾ ਮੈਨੂੰ ਆਉਂਦਾ ਨਹੀ ਸੀ। ਮੈ ਤਾਂ ਗੁਣਗਣਾ ਕੇ ਗੀਤ ਦਾ ਮੀਟਰ ਪੂਰਾ ਕਰ ਲੈਂਦਾ ਸੀ। ਨਾਂਹ ਵੀ ਮੈ ਕਰ ਨਹੀ ਸੀ ਸਕਦਾ ਸੋ ਮੈ ਡਰਦੇ-ਡਰਦੇ ਨੇ ਗੀਤ ਦਾ ਮੁੱਖੜਾ ਗਾਉਣਾ ਸ਼ੁਰੂ ਕੀਤਾ ਤਾਂ ਰਫ਼ੀ ਸਾਹਬ ਸਾਹਮਣੇ ਸੋਫੇ ਤੇ ਬੈਠੇ ਸਨ, ਥੋੜ੍ਹਾ ਕੁ ਅੱਗੇ ਝੁੱਕ ਕੇ ਮੇਰੇ ਹੱਥੋ ਉਹ ਕਾਗਜ਼ ਜਿਸ ਉੱਪਰ ਗੀਤ ਲਿਖਿਆ ਸੀ, ਇੱਕ ਦਮ ਫੜ ਕੇ ਥੋੜ੍ਹਾ ਕੁ ਬੁੱਲੀਆਂ 'ਚ ਮੁਸਕਰਾ ਕੇ ਬੋਲੇ ਕਿ 'ਰਹਿਣ ਦੇ ਬੇਸੁਰਿਆ, ਮੈ ਆਪੇ ਹੀ ਦੇਖ ਲੈਂਦਾ ਹਾਂ।ਤੂੰ ਤਾਂ ਬਹੁਤ ਬੇਸੁਰਾ ਏਂ।' ਤਾਂ ਮੇਰੀ ਜਾਨ 'ਚ ਜਾਨ ਆਈ। ਚਮਨ ਲਾਲ ਸ਼ੁਗਲ ਕਹਿਣ ਲੱਗੇ ਕਿ ਮੈਨੂੰ ਅੱਜ ਵੀ ਉਹਨਾਂ ਦੀ ਉਹ ਮਿੱਠੀ ਜਿਹੀ ਝਿੜਕ ਧੁਰ ਅੰਦਰ ਤੱਕ ਖੁਸ਼ੀ ਦਾ ਅਹਿਸਾਸ ਕਰਾ ਜਾਂਦੀ ਏ।

## ਮੁਹੰਮਦ ਰਫ਼ੀ ਦੀ ਯਾਦਗਾਰ

ਮੁਹੰਮਦ ਰਫ਼ੀ ਦੀ ਯਾਦ ਨੂੰ ਸਮਰਪਿਤ ਮੁਬੰਈ ਦੇ ਬਾਂਦਰਾ ਇਲਾਕੇ 'ਚ ਪਦਮ ਸ਼੍ਰੀ ਮੁਹੰਮਦ ਰਫ਼ੀ ਦੇ ਨਾਂਅ ਇੱਕ ਚੌਕ ਬਣਾਇਆ ਗਿਆ ਹੈ।ਹੋਰ ਵੀ ਰਫ਼ੀ ਦੀਆਂ ਕਈ ਥਾਵਾਂ ਤੇ ਯਾਦਗਾਰਾਂ ਬਣੀਆਂ ਹਨ।

## ਅੰਤ

ਮੁਹੰਮਦ ਰਫ਼ੀ ਨੇ ਆਪਣੀ 55 ਸਾਲ 7 ਮਹੀਨੇ ਤੇ 7 ਦਿਨ ਦੀ ਜ਼ਿੰਦਗੀ 'ਚੋ ਲਗਭਗ 41 ਸਾਲ ਗਾਇਕੀ ਨੂੰ ਸਮਰਪਿਤ ਕੀਤੇ। ਉਸ ਦੀ ਗਾਇਕੀ ਦੀ ਕਈ ਕਲਾਕਾਰਾਂ ਨੇ ਕਾਪੀ ਕਰਕੇ ਗਾਇਆ ਤੇ ਬੁਲੰਦੀਆਂ ਨੂੰ ਛੂਹਿਆ। ਮੁਹੰਮਦ ਰਫ਼ੀ ਦਾ ਕੋਈ ਸਾਨੀ ਨਹੀ ਹੈ।ਅੰਤ 31 ਜੁਲਾਈ 1980 ਦਿਨ ਵੀਰਵਾਰ ਨੂੰ ਰਫ਼ੀ ਨੂੰਤੀਸਰਾ ਹਾਰਟ ਅਟੈਕ ਆਉਣ ਕਾਰਨ ਮੁੰਬਈ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਪਰ ਰਾਤ 10. 25 ਮਿੰਟ ਤੇ ਸਾਡਾ ਸਾਰਿਆਂ ਦਾ ਮਹਿਬੂਬ ਕਲਾਕਾਰ ਸੰਗੀਤ ਪ੍ਰੇਮੀਆਂ ਨੂੰ ਹਮੇਸ਼ਾ-ਹਮੇਸ਼ਾ ਲਈ ਅਲਵਿਦਾ ਆਖ ਗਿਆ। ਸਾਨੂੰ ਉਸ ਮਹਾਨ ਗਾਇਕ ਦੀ ਹਮੇਸ਼ਾ ਘਾਟ ਰੜਕਦੀ ਰਹੇਗੀ।

# ਲੋਕ ਗਾਇਕ ਸੁਰਿੰਦਰ ਛਿੰਦੇ ਨੂੰ ਯਾਦ ਕਰਦਿਆਂ



ਦਰਸ਼ਨ ਸਿੰਘ ਪ੍ਰੀਤੀਮਾਨ
97792-97682

**ਲੋਕਾਂ** ਦੀ ਭੌਂਹੁ-ਭਾਖਿਆ ਪੂਰੀ ਹੁੰਦੀ ਹੈ। ਸਿਆਣੇ ਬੰਦੇ, ਬੱਚੇ ਦੇ ਬਚਪਨ ਤੋਂ, ਉਸ ਦੀਆਂ ਰੁਚੀਆਂ ਵੇਖ ਕੇ ਪਰਖ ਕਰ ਲੈਂਦੇ ਹਨ ਕਿ ਇਹ ਬੱਚਾ ਵੱਡਾ ਹੋ ਕੇ ਕਿਹੋ ਜਿਹੇ ਕਰਮ ਕਰੇਗਾ। ਕਿਉਕਿ ਹਰ ਬੰਦੇ ਦੀਆਂ ਬਹੁਤ ਸਾਰੀਆਂ ਗੱਲੁਾਂ ਜਵਾਨੀ, ਬੁਢੇਪੇ ਵਿਚ ਹੋਣ ਵਾਲੀਆਂ ਉਸ ਦੇ ਬਚਪਨ ਦੀਆਂ ਹਰਕਤਾਂ ਸ਼ੀਸ਼ਾ ਬਣ ਜਾਂਦੀਆਂ ਹਨ। ਜੋ ਪਾਰਖੂ ਮਹਾਂ ਪੁਰਸ਼ ਅੰਦਾਜ਼ਾ ਲਾ ਲੈਂਦੇ ਹਨ ਕਿ ਇਹ ਬੱਚਾ ਵੱਡਾ ਹੋ ਕੁ ਕਿਹੜੇ ਰਾਹਾਂ ਨੂੰ ਸਰ ਕਰੇਗਾ। ਇਵੇਂ ਹੀ ਪੰਜਾਬੀ ਦੇ ਪ੍ਰਸਿੱਧ ਗਾਇਕ ਚਾਂਦੀ ਰਾਮ ਚਾਂਦੀ ਨੇ ਇਕ ਸਟੇਜ ਤੇ ਨਿੱਕੇ ਜਿਹੇ ਬਾਲ ਬੀਬੇ ਸੁਰਿੰਦਰ ਪਾਲ ਧਾਮੀ ਨੂੰ ਬੁੱਕਲ 'ਚ ਲੈ ਕਿ ਕਿਹਾ ਸੀ ਕਿ 'ਪੁੱਤਰਾਂ'! ਇਕ ਨਾ ਇਕ ਦਿਨ ਗਾਇਕੀ ਦੇ ਖੇਤਰ ਵਿਚ ਤੇਰਾ ਨਾ ਧਰੂ ਤਾਰੇ ਵਾਂਗ ਚਮਕੇਗਾ ਜੋ ਪਿੱਛੋ ਜਾ ਕੇ ਸਮਾਂ ਆਉਣ ਤੇ ਸੁਰਿੰਦਰ ਸਿੰਘ ਧਾਮੀ ਤੋਂ ਸੁਰਿੰਦਰ ਛਿੰਦਾ ਲੋਕਾਂ ਦਾ ਹਰਮਨ ਪਿਆਰਾ ਲੋਕ ਗਾਇਕ ਬਣਿਆ। ਸੁਰਿੰਦਰ ਛਿੰਦੇ ਦਾ ਜਨਮ ਮਿਤੀ 20 ਮਈ, 1953 ਨੂੰ ਮਾਤਾ ਵਿਦਿਆਵਤੀ ਦੇ ਪੇਟੋਂ, ਪਿਤਾ ਬਚਨ ਰਾਮ ਦੇ ਘਰ, ਪਿੰਡ ਛੋਟੀ ਇਯਾਲੀ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਮ ਸੁਰਿੰਦਰ ਪਾਲ ਧਾਮੀ ਸੀ। ਸੁਰਿੰਦਰ ਛਿੰਦੇ ਦਾ ਵਿਆਹ ਸ੍ਰੀ ਮਤੀ ਜੋਗਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੇ ਘਰ ਬੇਟੇ ਮਨਿੰਦਰ ਛਿੰਦਾ ਤੇ ਸਿਮਰਨ ਛਿੰਦਾ ਅਤੇ ਦੋ ਧੀਆਂ ਮੀਨਾ ਤੇ ਨੀਨੂੰ ਨੇ ਜਨਮ ਲਿਆ। ਛਿੰਦੇ ਨੇ ਮੁੱਢਲੀ ਵਿੱਦਿਆ ਪੁਰਾਣੇ ਸ਼ਹਿਰ ਲੁਧਿਆਣੇ ਦੇ ਸਰਕਾਰੀ ਸਕੂਲ, ਹਾਤਾ ਸ਼ੇਰ ਜੰਗ 'ਚੋ ਹਾਸ਼ਲ ਕੀਤੀ ਤੇ ਫਿਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਲਟੀਪਰਪਜ਼,ਸਿਨੇਮਾ ਰੋਡ, ਲੁਧਿਆਣਾ ਤੋਂ ਵਿੱਦਿਆ ਹਾਸ਼ਲ ਕੀਤੀ।ਸੁਰਿੰਦਰ ਛਿੰਦੇ ਨੇ ਸਕੂਲ ਪੜ੍ਹਦਿਆਂ ਮਾਸਟਰ ਮਨੋਹਰ ਲਾਲ ਜੈਨ ਦੀ ਬਦੌਲਤ ਇਕ ਸੰਗੀਤਕ ਮੁਕਾਬਲੇ ਸੁਧਾਰ ਵਿਖੇ ਜ਼ਿਲ੍ਹੇ 'ਚੋ ਫਸਟ ਆ ਕੇ ਇਨਾਮ ਹਾਸ਼ਲ ਕੀਤਾ। ਉਸ ਤੋਂ ਬਾਅਦ ਸਕੂਲ ਪੜ੍ਹਦਿਆਂ ਬਹੁਤ ਵਾਰੀ ਆਪਣੀ ਕਲਾਕਾਰੀ ਦੇ ਜੌਹਰ ਵਿਖਾ ਕੇ ਇਨਾਮ ਜਿੱਤੇ ਤੇ ਅੱਗੇ ਹੀ ਅੱਗੇ ਵੱਧਦਾ ਗਿਆ। ਪੜ੍ਹਾਈ ਤੋਂ ਬਾਅਦ ਉਨ੍ਹਾਂ ਮਕੈਨੀਕਲ ਇੰਜਨੀਅਰਿੰਗ ਦਾ ਕੋਰਸ ਕੀਤਾ ਤੇ ਕੁਝ ਸਮਾਂ ਉਨ੍ਹਾਂ ਸਰੂਪ ਮਕੈਨੀਕਲ ਵਰਕਸ 'ਚ ਨੌਕਰੀ ਵੀ ਕੀਤੀ ਪਰ ਛਿੰਦੇ ਦਾ ਝੁਕਾਅ ਬਹੁਤਾ ਗਾਉਣ ਵੱਲ ਹੀ ਸੀ, ਇਸ ਕਰਕੇ ਗਾਉਣ ਦੇ ਸ਼ੌਕ ਨੇ ਉਨ੍ਹਾਂ ਨੂੰ ਬਹੁਤਾ ਸਮਾਂ ਨੌਕਰੀ ਵੀ ਨਾ ਕਰਨ ਦਿੱਤੀ। ਉਧਰ ਉਨ੍ਹਾਂ ਸੰਨ 1972 ਦੇ ਨੇੜੇ-ਤੇੜੇ ਆਪਣਾ ਸੰਗੀਤਕ ਗੁਰੂ ਜਨਾਬ ਜਸਵੰਤ ਭੰਵਰਾ ਨੂੰ ਧਾਰਿਆ, ਜਿਨ੍ਹਾਂ ਤੋਂ ਉਨ੍ਹਾਂ ਸੰਗੀਤ ਦੀਆਂ ਬਰੀਕੀਆਂ ਨੂੰ ਸਿੱਖਿਆ ਨਾਲ ਹੀ ਉਸਤਾਦ ਪੰਡਤ ਗੋਵਰਧਨ ਦਾਸ ਤੋਂ ਸੰਗੀਤ ਦੀ ਤਾਲੀਮ ਸਿੱਖੀ ਤੇ ਹਰਮੋਨੀਅਮ ਨੂੰ ਅਪਨਾਇਆ।ਤੇ ਫਿਰ ਛਿੰਦਾ ਗਾਉਣ ਦੇ ਖੇਤਰ ਵਿਚ ਕੁੱਦ ਪਿਆ । ਸੁਰਿੰਦਰ ਛਿੰਦੇ ਨੂੰ ਸੰਗੀਤ ਦੀ ਗੁੜਤੀ ਘਰ ਪਰਿਵਾਰ ਤੋਂ ਮਿਲੀ ਕਾਰਨ ਹੀ ਉਸ ਨੂੰ ਗਾਉਣ ਨਾਲ ਲਗਾਓ ਵੱਧਦਾ ਗਿਆ ਤੇ ਗਾਇਕੀ ਵਿਚ ਨਿਖਾਰ ਦਿਨੋ-ਦਿਨ ਆਉਂਦਾ ਗਿਆ। ਇਹ ਉਨ੍ਹਾਂ ਦੀ ਗਾਇਕੀ ਦੇ ਖੇਤਰ ਵਿਚ ਕੀਤੀ ਸਖ਼ਤ ਮਿਹਨਤ ਦਾ ਵੀ ਸਿੱਟਾ ਹੈ ਜੋ ਸਦਾ ਬਹਾਰ ਰਚਨਾਵਾਂ ਨੂੰ ਆਪਣੀ ਦਮਦਾਰ, ਰਸੀਲੀ ਆਵਾਜ਼ ਦੇ ਗਿਆ ਉੱਸ ਨੇ ਹੱਟੀ, ਸੱਥੀ, ਭੱਠੀ ਸਕੂਲ ਦੀਆਂ ਬਾਲ ਸਭਾਵਾਂ ਕਾਲਜੀ ਸਟੇਜਾਂ, ਦੋਸਤਾਂ ਦੀਆਂ ਮਹਿਫਲਾਂ ਤੇ ਸ਼ੁਰੂ ਹੋਕੇ ਵਿਆਹ ਤੇ ਅਖਾੜੇ, ਮੇਲਿਆ ਤੱਕ ਦਾ ਸਫਰ ਤਹਿ ਕਰ ਮਾਰਿਆ। ਜਿਵੇਂ-ਜਿਵੇਂ ਤੁਰਦਾ ਗਿਆ ਰਾਹ ਆਪੇ ਹੀ ਅੱਗੇ ਬਣਦੇ ਗਏ। ਦਿਨੋ-ਦਿਨ ਸਰੋਤਿਆਂ ਦੀ ਗਿਣਤੀ ਵੱਧਦੀ ਗਈ, ਗਾਇਕੀ ਦਾ ਘੇਰਾ ਵਿਸ਼ਾਲ ਹੁੰਦਾ ਗਿਆ ਛਿੰਦੇ ਦੀ ਗਾਇਕੀ ਦਾ ਭਰ ਜਵਾਨੀ ਵਿਚ ਚੜ੍ਹਦੇ ਸੂਰਜ ਵਾਂਗ ਇਕ ਦਮ ਪੂਰੀ ਦੁਨੀਆਂ ਵਿਚ ਚਮਕਾਰਾ ਪਿਆ। ਜਦੋਂ ਚਾਰੇ ਪਾਸੇ ਸੁਰਿੰਦਰ ਛਿੰਦਾ, ਛਿੰਦਾ ਹੋਣ ਲੱਗ ਪਈ ਸੀ। ਉਸ ਸਮੇਂ ਵਿਚ ਉਪਰਲੀ ਕਤਾਰ ਦੇ ਕਲਾਕਾਰਾਂ (ਗਾਇਕਾਂ) ਵਿਚ ਜਾ ਖੜ੍ਹਨਾ ਕੋਈ ਖਾਲਾ ਜੀ ਦਾ ਵਾੜਾ ਨਹੀ ਸੀ। ਸੁਰਿੰਦਰ ਛਿੰਦਾ ਕੋਈ ਸਿਫਾਰਸ਼ ਨਾਲ ਜਾਂ ਰਿਸਵਤ ਦੇ ਕੇ ਅੱਗੇ ਨਹੀ ਆਇਆ ਸਗੋਂ ਉਹ ਆਪਣੀ ਸਖ਼ਤ ਮਿਹਨਤ ਦੇ ਸਿਰ ਤੇ, ਦਮਦਾਰ ਅਵਾਜ਼ ਕਰਕੇ ਅੱਗੇ ਆਇਆ। ਜਿਸ ਦਾ ਨਾਂ ਪੰਜਾਬੀਆਂ ਦੇ ਬੁੱਲ੍ਹੇ ਤੇ ਹਰ-ਪਲ ਸੀ ਤੇ ਅੱਜ ਵੀ ਹੈ।ਸੁਰਿੰਦਰ ਛਿੰਦਾ ਬਹੁ-ਪੱਖੀ, ਬਹੁ ਰੰਗਾ ਕਲਾਕਾਰ ਤੇ ਅਦਾਕਾਰ ਸੀ। ਉਹ ਯਾਰਾਂ ਦਾ ਯਾਰ, ਸ਼ੁਭਾਅ ਦਾ ਨਰਮ, ਜੱਸੇ ਦਾ ਠੰਡਾ, ਵਿਹਾਰ ਦਾ ਖਰਾ, ਕਹਿਣੀ-ਕਰਨੀ ਦਾ ਪੂਰਾ, ਮਾਂ ਬੋਲੀ ਦਾ ਲਾਲ ਹੀਰਾ ਗਾਇਕ ਸੀ। ਉਹ ਦਮਦਾਰ ਕਲਾਕਾਰੀ ਦੀਆਂ ਸੁਰਾਂ ਦਾ ਸਿਕੰਦਰ ਸੀ। ਉਸ ਦੀ ਕਮਾਲ ਦੀ ਗਾਇਕੀ ਰੂਹ ਦੀ ਖੁਰਾਕ ਸੀ। ਕੁਲਦੀਪ ਮਾਣਕ ਤੇ ਸੁਰਿੰਦਰ ਛਿੰਦਾ ਸੁੱਚ-ਮੁੱਚ ਹੀ ਲੋਕ ਗਥਾਵਾਂ ਦੇ ਥਮ ਸਨ, ਦੋਵਾਂ ਦੇ ਵਾਰੋ-ਵਾਰੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਨਾਲ ਗਥਾਵਾਂ ਦਾ ਅੰਤ ਹੋ ਗਿਆ ਹੈ । ਵੇਖੋ! ਕੌਣ ਮਾਂ ਬੋਲੀ ਦਾ ਉਨ੍ਹਾਂ ਦੀ ਥਾ ਭਰੂ? ਸੁਰਿੰਦਰ ਛਿੰਦੇ ਦਾ ਝੁਕਾਅ ਗਾਇਕੀ ਵੱਲ ਭਾਵੇਂ ਬਚਪਨ ਤੋਂ ਸੀ ਪਰ ਅਸਲ ਸਫ਼ਰ ਉਨ੍ਹਾਂ ਦਾ ਗਾਇਕੀ ਵਿਚ 1970 ਦੇ ਲਗ-ਭਗ ਹੋਇਆ। ਸੰਨ 1972 ਵਿਚ ਉਹ ਉਸਤਾਦ ਜਸਵੰਤ ਸਿੰਘ ਭੰਵਰਾ ਦੇ ਕਲਾਵੇ ਵਿਚ, ਉਨ੍ਹਾਂ ਦਾ ਚੇਲੇ ਬਣ ਆਏ। ਉਸ ਨੇ ਗਾਇਕੀ ਦਾ ਰਿਆਜ਼ ਤਨੋ-ਮਨੋ ਕੀਤਾ ਜੋ ਉਨ੍ਹਾਂ ਦੀ ਪਛਾਣ ਬਣ ਪਾਇਆ।


ਛਿੰਦੇ ਨੂੰ ਪਹਿਲੀ ਵਾਰ ਦੁਗਾਣਿਆਂ ਦਾ ਸੁਦੇਸ਼ ਕੁਮਾਰੀ ਨਾਲ ਮੌਕਾ ਮਿਲਿਆ। ਸੰਨ 1977 ਵਿਚ ਉਹ ਪ੍ਰਸਿੱਧ ਗੀਤਕਾਰ ਹਰਦੇਵ ਦਿਲਗੀਰ ਉਰਫ ਦੇਵ ਥਰੀਕਿਆਂ ਵਾਲੇ ਦੇ ਨੇੜੇ ਹੋ ਗਏ।ਦੇਵ ਦੀਆਂ ਲਿਖੀਆਂ ਲੋਕ ਗਥਾਵਾ ਨੇ ਸੁਰਿੰਦਰ ਛਿੰਦੇ ਦਾ ਗਾਇਕੀ ਦੇ ਖੇਤਰ ਵਿਚ ਕੱਦ ਬਹੁਤ ਉੱਚਾ ਕੀਤਾ। ਸੰਨ 1978 ਦੇ ਆਸ-ਪਾਸ ਉਨ੍ਹਾਂ ਨੇ ਸੰਗੀਤਕਾਰ ਚਰਨਜੀਤ ਸਿੰਘ ਅਹੂਜਾ ਨਾਲ ਦੋਸਤੀ ਦਾ ਹੱਥ ਮਲਾਇਆ। ਅਹੂਜਾ ਸਾਹਿਬ ਨੇ ਉਨ੍ਹਾਂ ਦੀਆਂ ਲੋਕ ਗਥਾਵਾਂ ਨੂੰ ਸੰਗੀਤ ਬੰਧ ਕੀਤਾ। ਜਿੰਨ੍ਹਾਂ ਦਾ ਚਮਕਾਰਾ ਜਾਦੂ ਵਾਂਗ ਪਿਆ। ਛਿੰਦੇ ਨੂੰ ਚਾਹੁਣ ਵਾਲਿਆਂ ਦੀ ਗਿਣਤੀ ਵਿਚ ਬੇਹੱਦ ਵਾਧਾ ਹੋਇਆ। ਜਦ ਸੁਰਿੰਦਰ ਛਿੰਦੇ ਦਾ ਸੰਨ 1981 ਵਿਚ ਹਰਦੇਵ ਦਿਲਗੀਰ ਉਰਫ ਦੇਵ ਥਰੀਕੇ ਵਾਲੇ ਦਾ ਲਿਖਿਆ 'ਜਿਉਣੇ ਮੌੜ ਦਾ ਕਿੱਸਾ ਰਿਕਾਰਡ ਹੋ ਆਇਆ ਤਾਂ ਪੂਰੇ ਪੰਜਾਬੀਅਤ ਦੇ ਸੰਸਾਰ ਵਿਚ ਛਿੰਦਾ-ਛਿੰਦਾ ਹੋਣ ਲੱਗ ਪਈ। ਉਨ੍ਹਾਂ ਦਾ ਨਾਂ ਅੰਬਰਾਂ ਤੱਕ ਫੈਲ ਗਿਆ।ਉਸ ਸਮੇਂ ਛਿੰਦੇ ਦੀ ਗਾਇਕੀ ਪੂਰੇ ਜੋਬਨ ਤੇ ਨਿਖਾਰ ਲੈ ਆਈ ਸੀ।ਸੁਰਿੰਦਰ ਛਿੰਦੇ ਨੇ ਸੈਕੜੇ ਗੀਤ ਰਿਕਾਰਡ ਕਰਵਾ ਕੇ ਇਕ ਵੱਡੀ ਤੇ ਵੱਖਰੀ ਮਿਸਾਲ ਕਾਇਮ ਕਰ ਵਿਖਾਈ। ਛਿੰਦੇ ਨੇ ਵੱਧ ਗੀਤ ਹਰਦੇਵ ਦਿਲਗੀਰ ਉਰਫ ਦੇਵ ਥਰੀਕਿਆਂ ਵਾਲੇ ਦੇ ਗਾਏ।ਹੋਰ ਗੀਤਕਾਰਾਂ ਦੇ ਗੀਤ ਵੀ ਗਾਏ ਜਿਵੇਂ ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ, ਸੇਵਾ ਸਿੰਘ ਨੌਰਥ, ਸਨਮੁੱਖ ਅਜ਼ਾਦ, ਜੱਗਾ ਗਿੱਲ ਨੱਥੋ ਹੇੜੀ ਵਾਲਾ, ਕਰਨੈਲ ਸਿਵੀਆਂ, ਬਚਨ ਬੇਦਿਲ, ਅਮਰੀਕ ਤਲਵੰਡੀ, ਬੰਤ ਰਾਮਪੁਰੇ ਵਾਲਾ, ਭੱਟੀ ਬੜੀ ਵਾਲਾ, ਬਿੱਟੂ ਦੌਲਤਪੁਰੀਆ, ਜਸਵੀਰ ਗੁਣਾਚੌਰੀਆ, ਕਾਲਾ ਸੰਘਿਆਂ ਵਾਲਾ ਆਦਿ।ਛਿੰਦੇ ਨੇ ਦੁਗਾਣੇ ਗੁਲਸ਼ਨ ਕੋਮਲ, ਸੁਰਿੰਦਰ ਸੋਨੀਆਂ, ਨਰਿੰਦਰ ਬੀਬਾ, ਰੰਜਨਾ, ਪਰਮਿੰਦਰ ਸੰਧੂ, ਕੁਲਦੀਪ ਕੌਰ, ਸੁਖਵੰਤ ਕੌਰ, ਆਦਿ ਨਾਲ ਦੁਗਾਣੇ ਵੀ ਗਾਏ।ਸੁਰਿੰਦਰ ਛਿੰਦਾ ਦੇ



ਕਈ ਸ਼ੁਗਿਰਦ ਹਨ ਜਿਵੇਂ ਅਮਰ ਸਿੰਘ ਚਮਕੀਲਾ, ਗੋਲਡੀ ਚੌਹਾਨ, ਕੁਲਦੀਪ ਪਾਰਸ, ਸੋਹਣ ਸਿਕੰਦਰ, ਮਨਿੰਦਰ ਛਿੰਦਾ ਆਦਿ। ਸੁਰਿੰਦਰ ਛਿੰਦੇ ਦੀ ਗਾਇਕੀ ਦਾ ਦੌਰ ਉਸ ਸਮੇਂ ਸ਼ੁਰੂ ਹੋਇਆ ਜਦੋਂ ਕੋਠਿਆਂ ਤੇ ਦੋ ਮੰਜੇ ਪੁੱਠੇ ਖੜੇ ਕਰਕੇ ਦੋਣਾਂ ਬੰਨ ਦਿੱਤੀਆਂ ਜਾਂਦੀਆਂ ਸਨ ਤੇ ਉਪਰ ਲਾਊਡ-ਸਪੀਕਰ ਬੰਨ ਦਿੱਤਾ ਜਾਂਦਾ ਸੀ ਤਾਂ ਕਿ ਰੇਡੀਓ ਦੇ ਸਪੀਕਰ ਦੀ ਆਵਾਜ਼ ਦੂਰ ਤੱਕ ਸੁਣੇ। ਉਦੋਂ ਤਵਿਆਂ ਦਾ ਯੁੱਗ ਸੀ। ਲੋਕ ਬੜੇ ਸ਼ੌਕ ਨਾਲ ਲਾਊਡ-ਸਪੀਕਰ ਸੁਣਦੇ ਸਨ। ਜਦੋਂ ਕੋਈ ਕਿਸੇ ਕਲਾਕਾਰ ਦਾ ਨਵੇ ਗੀਤਾਂ ਦਾ ਤਵਾ ਆਉਂਦਾ ਤਾਂ ਗੀਤ ਸੁਣਨ ਦੇ ਸ਼ੌਕੀਨਾਂ ਵਿਚ ਅਨੋਖੀ ਖੁਸ਼ੀ ਵੇਖਣ ਨੂੰ ਮਿਲਦੀ। ਕਈ ਨੌਜਵਾਨ ਤਾਂ ਲਾਊਡ-ਸਪੀਕਰ ਨੂੰ ਆਪਣੇ ਕੋਠੇ ਤੇ ਇਕੱਲੇ ਬਹਿ ਕੇ ਗੀਤਾ ਦਾ ਅਨੰਦ ਮਾਣਦੇ ਸਨ, ਕਈ ਹਾਣੀ ਦੋਸਤ ਅੱਧੀ-ਅੱਧੀ ਰਾਤ ਤੱਕ ਸੱਥਾਂ 'ਚ ਖੁੰਢਾ ਤੇ ਬੈਠ ਕੇ ਸੁਣਦੇ। ਬੜਾ ਚੰਗਾ ਸਮਾਂ ਸੀ ਉਹ ਕਲਾਕਾਰੀ ਦਾ। ਉਸ ਸਮੇ ਕਲਾਕਾਰ ਯਮਲਾ ਜੱਟ, ਮਹੰਮਦ ਸਦੀਕ, ਦਿਦਾਰ ਸੰਧੂ, ਗੁਰਦਾਸ ਮਾਨ, ਹੰਸ ਰਾਜ ਹੰਸ, ਪਾਲੀ ਦੇਤਵਾਲੀਆ, ਕੇ. ਦੀਪ, ਕਰਤਾਰ ਰਮਲਾ, ਕਰਨੈਲ ਗਿੱਲ, ਕੁਲਦੀਪ ਮਾਣਕ, ਜਸਵੰਤ ਸੰਦੀਲਾ, ਹਾਕਮ ਬਖਤੜੀ ਵਾਲਾ, ਕੰਗ, ਸੁਰਿੰਦਰ ਛਿੰਦਾ, ਗੁਰਪਾਲ ਪਾਲ, ਚਾਂਦੀ ਰਾਮ ਚਾਂਦੀ, ਸੁਰਿੰਦਰ ਕੌਰ, ਨਰਿੰਦਰ ਬੀਬਾ, ਗੁਲਸ਼ਨ ਕੋਮਲ, ਰਣਜੀਤ ਕੌਰ, ਅਮਰ ਨੂਰੀ, ਸਲੇਹਲਤਾ, ਜਗਮੋਹਨ ਕੌਰ, ਗੁਰਮੀਤ ਬਾਵਾ, ਸੁਰਿੰਦਰ ਮੋਹਣੀ, ਸੁਰਿੰਦਰ ਸੋਨੀਆ, ਰੰਜਨਾ, ਪਰਮਿੰਦਰ ਸੰਧੂ, ਕੁਲਦੀਪ ਕੌਰ, ਸੁਖਵੰਤ ਸੁੱਖੀ ਆਦਿ ਆਵਾਜ਼ਾਂ ਫਿਜ਼ਾ ਵਿਚ ਰਸ ਘੋਲਦੀਆਂ ਸਨ।

ਸੁਰਿੰਦਰ ਛਿੰਦੇ ਨੇ ਦੁਗਾਣੇ ਮਹਿੰਦਰ ਕਪੂਰ, ਸੁਰੇਸ਼ ਵਾਡੇਕਰ, ਨਰਿੰਦਰ ਬੀਬਾ, ਸੁਖਵੰਤ ਸੁੱਖੀ, ਪਰਮਿੰਦਰ ਸੰਧੂ, ਸੁਰਿੰਦਰ ਸੋਨੀਆ, ਹੰਸ ਰਾਜ ਹੰਸ, ਅਨੁਰਾਧਾ ਪੌਡਵਾਲ, ਰੰਜਨਾ ਤੇ ਗੁਲਸ਼ਨ ਕੋਮਲ ਨਾਲ ਗਾਏ।ਛਿੰਦੇ ਨੇ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ ਤੇ ਗੀਤ ਜਿਵੇਂ ਉੱਚਾ ਦਰ ਬਾਬੇ ਨਾਨਕ ਦਾ, ਪੁੱਤ ਜੱਟਾਂ ਦੇ, ਕੇਹਰ ਸਿੰਘ ਦੀ ਮੌਤ, ਬਲਬੀਰੋ ਭਾਬੀ, ਜੱਟ ਪੰਜਾਬ ਦਾ,ਬਦਲਾ ਜੱਟੀ ਦਾ, ਯਾਰਾਂ ਦਾ ਟਰੱਕ ਬੱਲੀਏ, ਪਟੋਲਾ, ਜੱਟ ਯੋਧੇ,ਬਗਾਵਤ, ਚੜ੍ਹਦਾ ਸੂਰਜ, ਹੰਕਾਰ, ਟਰੱਕ ਡਰਾਇਵਰ ਆਦਿ। ਸੁਰਿੰਦਰ ਛਿੰਦੇ ਦੇ ਗਾਏ। ਰਿਕਾਰਡ ਕਰਵਾਏ ਗੀਤ, ਲੋਕ ਗਥਾਵਾਂ, ਦੁਗਾਣੇ ਕੁਝ ਦੇ ਨਾਂ ਇਸ ਪ੍ਰਕਾਰ ਹਨ ਜਿਵੇਂ:- ਸੁੱਚਾ ਸੂਰਮਾ, ਉੱਚਾ ਬੁਰਜ ਲਹੌਰ ਦਾ, ਰੂਪ ਬਸੰਤ, ਜਿਉਣਾ ਮੌੜ, ਜੱਟ ਮਿਰਜਾ ਖਰਲਾਂ ਦਾ, ਦੁੱਲਾ-ਭੱਟੀ, ਜੱਗਾ ਜੱਟ, ਜੰਝ ਅਮਲੀ ਦੀ, ਭਗਤ ਸਿੰਘ, ਧਾਰਮਿਕ ਮੁਗਲਾਂ ਨੂੰ ਸਿੱਖ ਕੌਮ ਦੇ ਜੌਹਰ, ਉੱਚਾ ਦਰ ਬਾਬੇ ਨਾਨਕ ਦਾ, ਝੂਲਦੇ ਨਿਸ਼ਾਨ, ਦੋਵੇਂ ਹੱਸ ਦੇ ਸ਼ਹੀਦੀਆਂ ਪਾ ਗਏ, ਜੋਤ ਹੈ ਜਗਦੀ, ਸ਼ੇਰਾ ਵਾਲੀ ਤੂੰ ਮਿਹਰਾਂ ਵਾਲੀ ਤੂੰ, ਮਾਂ ਜੱਗ ਜਣਈ ਧਾਰਮਿਕ ਤੋ ਇਲਾਵਾ ਗੀਤ ਜਿਵੇਂ:-ਗੱਡੀ ਛਿੰਦੇ ਦੀ, ਚੋਰੀ-ਚੋਰੀ, ਗੱਭਰੂ ਪੰਜਾਬ ਦੇ, ਭਾਬੀ ਪਾ ਸੁਰਮਾ, ਉਹ ਤੇਰੀ ਕੀ ਲੱਗਦੀ, ਇਕ ਕੁੜੀ ਮੈਨੂੰ ਟੈਲੀਫੋਨ ਕਰਦੀ,ਤੇਰੀ ਫੀਅਟ ਤੇ, ਜੱਟੀਏ ਨੀ ਜੱਟੀਏ, ਤਲਾਕ ਅਮਲੀ ਦਾ, ਸੋਹਣੇ ਯਾਰ ਦੀਆਂ, ਬੋਲ ਪੰਜਾਬ ਦੇ, ਪੁੱਤ ਸਰਦਾਰਾਂ ਦੇ, ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ,ਦਿਲੀ ਸ਼ਹਿਰ ਦੀਆਂ ਕੁੜੀਆਂ, ਮੈ ਡਿੱਗੀ ਤਿਲਕ ਕੇ, ਦੋ ਉਠਾਂ ਵਾਲੇ ਨੀ ਲੁੱਟ ਕੇ ਸੇਜ ਸੱਸੀ ਦੀ ਲੈ ਗਏ, ਮਾਵਾਂ ਠੰਡੀਆਂ ਛਾਵਾਂ, ਜਰਾ ਬਚ ਕੇ ਮੋੜ ਤੋਂ, ਯਾਰਾਂ ਦੀ ਵਧੇ ਦੋਸਤੀ,ਰੰਨ ਸਨੁੱਖੀ, ਪਰਦੇ 'ਚ ਖਾਂਦੀ ਦੁਨੀਆਂ, ਸੁੱਖ ਲਈਆਂ ਪੰਜ ਮੱਸਿਆ, ਮੈ ਪਾਣੀ-ਪਾਣੀ ਹੋ ਗਈ ਮਿੱਤਰਾਂ, ਗੱਡੀ ਜੱਟ ਦੀ, ਚਾਹ ਦੀ ਘੁੱਟ ਪਿਲਾਇਆ ਕਰ, ਪੱਟ ਕੇ ਬਿਗਾਨੇ ਪੁੱਤ ਨੂੰ, ਹੀਰ ਸਿਆਲਾਂ ਦੀ, ਬਾਬਿਆ ਦੇ ਚੱਲ ਚੱਲੀਏ, ਤੈਨੂੰ ਹੱਥ ਤੇ ਚੋਗ ਚੁਗਾਵਾਂ, ਜਿਉਂਦੇ ਰਹਿਣ ਟਰੱਕਾਂ ਵਾਲੇ, ਡੋਲੀ, ਜਦ ਮੀਆਂ ਬੀਬੀ ਰਾਜੀ, ਕੁੜੀਆਂ ਵਾਝੋ ਤਾਹਨਾ, ਗੱਡੀ ਛੇ ਸਿਲੰਡਰ ਦੀ, ਜੱਟੀ ਆਸ਼ਕ ਤੇਰੇ ਤੇ, ਫੌਜੀ, ਜੱਟ ਦਿਲ ਲਾ ਗਿਆ, ਯੈਕੀ ਲਵ ਯੂ ਕਰਦੇ, ਛਿੰਦੇ ਦੀਆਂ ਕਲੀਆਂ, ਮੇਰਾ ਮੰਨ ਤੂੰ ਭਾਈਏ ਕਹਿਣਾ, ਇਹ ਮਿਤ ਕਿਸੇ ਦੇ ਨਾ,ਢੋਲਾ ਵੇ ਢੋਲਾ, ਜਸਟ ਪੰਜਾਬੀ ਆਦਿ। ਛਿੰਦਾ ਆਪਣੀ ਰਚਨਾਂ ਸਮਾਜ ਵਿਚ ਲਿਆਉਣ ਤੋਂ ਪਹਿਲਾਂ ਅਨੇਕਾਂ ਵਾਰ ਆਪਣੇ ਮਨ ਨਾਲ ਵਿਚਾਰ ਕਰਦਾ ਸੀ। ਉਹ ਹਰ ਜਾਤੀ ਦਾ ਹਰ ਧਰਮ ਦਾ, ਹਰ ਉਮਰ ਦਾ ਖਿਆਲ ਰੱਖਦਾ ਸੀ। ਇਸ ਕਰਕੇ ਹੀ ਉਨ੍ਹਾਂ ਦੀ ਹਰ ਰਚਨਾ, ਕਿੱਸਾ, ਗੀਤ ਫਿਲਮ ਲੋਕਾਂ ਨੂੰ ਭਾਉਂਦੀ ਸੀ। ਸੁਰਿੰਦਰ ਛਿੰਦਾ ਹਰ ਗੀਤ ਦੋਗਾਣਾ ਹਿੱਕ ਦੇ ਜੋਰ ਤੇ ਗਾਉਂਦਾ ਨਜ਼ਰ ਆਉਂਦਾ ਸੀ। ਉਨ੍ਹਾਂ ਦੀ ਦਮਦਾਰ ਰਸੀਲੀ ਆਵਾਜ਼ ਸਰੋਤਿਆਂ ਨੂੰ ਅਖਾੜੇ ਵਿਚ ਸੁਸਰੀ ਵਾਂਗ ਸਮਾਂ ਦਿੰਦਾ ਸੀ, ਮਤਲਬ ਕੀਲ ਕੇ ਬੈਠਾ ਦਿੰਦਾ ਸੀ।ਪਿੱਛੋ ਆ ਕੇ ਵੀ ਉਨ੍ਹਾਂ ਦੀ ਆਵਾਜ਼ ਵਿਚ ਪਹਿਲਾ ਜਿੰਨੀ ਹੀ ਦਮਕ ਸੀ। ਸੁਰਿੰਦਰ ਛਿੰਦੇ ਦੀ ਦਮਦਾਰ ਅਵਾਜ਼ ਨੇ ਪੰਜਾਬੀ ਸੰਗੀਤਕ ਵਿਹੜੇ ਅਮਿੱਟ ਛਾਪ ਛੱਡੀ। ਉਹ ਆਪਣੀ ਵਿਲੱਖਣ ਸੈਲੀ, ਮਨਮੋਹਕ ਪ੍ਰਦਰਸਨਾਂ ਨਾਲ ਸਰੋਤਿਆਂ ਦੇ ਮਨਾਂ ਨੂੰ ਮੋਹਦਾ ਸੀ। ਉਹ ਸੱਜਰੀ ਸਵੇਰ ਵਰਗੇ ਆਪਣੇ ਮਹਿਕਾਂ ਵੰਡਦੇ ਗੀਤਾਂ ਨਾਲ ਆਪਣੇ ਸਰੋਤਿਆਂ ਦੇ ਦਿਲਾਂ ਦੀ ਧੜਕਣ ਬਣਦਾ ਸੀ। ਸਰੋਤਿਆਂ ਨੂੰ ਆਪਣੇ ਵੱਲ ਖਿੱਚਣ ਦਾ ਉਸ ਨੂੰ ਵੱਲ ਸੀ। ਉਨ੍ਹਾਂ ਵੱਲੋ ਆਪਣੀ ਬੁਲੰਦ ਅਵਾਜ਼ ਵਿਚ ਗਾਈਆਂ ਗਈਆਂ ਅਨੇਕਾਂ ਲੋਕ ਗਾਥਾਵਾਂ ਪੰਜਾਬੀ ਗਾਇਕੀ ਦਾ ਮੀਲ ਪੱਥਰ ਸਾਬਤ ਹੋਈਆਂ ਹਨ। ਛਿੰਦੇ ਨੇ ਪੰਜ ਦਹਾਕਿਆਂ ਦੇ ਲਗ-ਭਗ ਪੰਜਾਬੀ ਸੰਗੀਤ ਜਗਤ ਵਿਚ ਰਾਜ ਕੀਤੇ। ਉਨ੍ਹਾਂ 40 ਤੋਂ ਵੱਧ ਕੈਸਟਾਂ ਪੰਜਾਬੀਆਂ ਦੀ ਝੋਲੀ ਪਾਈਆਂ ਹਨ।ਆਕਸ਼ਬਾਣੀ ਰੇਡੀਓ ਤੇ ਦੂਰਦਰਸ਼ਨ ਜਲੰਧਰ ਤੇ ਉਨ੍ਹਾਂ ਬਹੁਤ ਗਾਇਆ। ਸਰਕਾਰੀ ਤੇ ਗੈਰ-ਸਰਕਾਰੀ, ਮਾਣ-ਸਨਮਾਨ ਬਹੁਤ ਮਿਲੇ। ਸੁਰਿੰਦਰ ਛਿੰਦੇ ਨੂੰ ਅਨੇਕਾਂ ਪੁਰਸਕਾਰ ਹਾਸਲ ਹੋਏ ਜਿਵੇਂ :- ਪ੍ਰੋ: ਮੋਹਨ ਸਿੰਘ ਫਾਉਡੇਸ਼ਨ, ਲੀਜੈਂਡ ਸਿੰਗਰ ਆਫ ਪੰਜਾਬ, ਪ੍ਰਾਈਡ ਆਫ ਇੰਡੀਆ, ਢਾਡੀ ਅਮਰ ਸਿੰਘ ਸ਼ੌਕੀ ਐਵਾਰਡ, ਨੁਸਰਤ ਅਲੀ ਖਾਨ ਐਵਾਰਡ, ਬਾਬਾ ਫਰੀਦ ਐਵਾਰਡ, ਲਾਲ ਚੰਦ ਯਮਲਾ ਜੱਟ ਐਵਾਰਡ, ਮਾਝਾ ਰੰਗ ਮੰਚ ਐਵਾਰਡ, ਪ੍ਰਾਈਡ ਆਫ ਰਾਮ ਗੜ੍ਹੀਆ ਕੌਮ ਐਵਾਰਡ, ਗਦਰੀ ਬਾਬੇ ਐਵਾਰਡ, ਭਾਸ਼ਾ ਵਿਭਾਗ ਤੋਂ ਸ਼ੋਮਣੀ ਐਵਾਰਡ, ਪੰਜਾਬ ਗੌਰਵ ਰਤਨ ਪੁਰਸਕਾਰ, ਪੰਜਵਾਰੀ 'ਗੁਰਜਾ' ਨਾਲ ਸਨਮਾਨਿਤ ਤੇ 26 ਵਾਰੀ ਗੋਲਡ ਮੈਡਲ ਝੋਲੀ ਪਏ।ਆਦਿ। ਸੁਰਿੰਦਰ ਛਿੰਦੇ ਨੇ ਪਰਿਵਾਰਕ ਗੀਤਾਂ ਨੂੰ ਤਰਜੀਹ ਦਿੱਤੀ। ਉਨ੍ਹਾਂ ਫਿਲਮਾਂ ਵਿਚ ਵੀ ਆਪਣੀ ਵਿਲੱਖਣ ਪੁਛਾਣ ਬਣਾਈ। ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਹਮੇਸ਼ਾਂ ਅਮੀਰ ਬਣਾਉਣ ਦੇ ਯਤਨ ਕੀਤੇ। ਉਹ ਇਸ਼ਕ-ਮੁਸ਼ਕ, ਹਥਿਆਰਾਂ ਨੂੰ ਪਰਮੋਟ ਕਰਨ ਵਾਲੇ ਗੀਤ, ਘਟੀਆ ਸ਼ਬਦਾਬਲੀ ਵਾਲੇ ਗੀਤਾ ਤੋਂ ਹਮੇਸ਼ਾਂ ਦੂਰ ਹੀ ਰਿਹਾ। ਉਸ ਨੇ ਪੰਜਾਬੀ ਗਾਇਕੀ ਦੇ ਮਹਿਕਾਂ ਵੰਡਦੇ ਵਿਹੜੇ, ਖੇੜੇ ਨੂੰ ਹਮੇਸ਼ਾਂ ਸਾਫ਼-ਸੁਥਰਾ ਰੱਖਣ ਦੇ ਯਤਨ ਕੀਤੇ।ਉਨ੍ਹਾਂ ਦੀ ਬੁਲੰਦ ਅਵਾਜ਼ ਵਿਚ ਰਿਕਾਰਡ ਕਰਵਾਏ ਸਦਾ ਬਹਾਰ ਗੀਤ ਹਮੇਸ਼ਾਂ ਲੋਕਾਂ ਦੇ ਕੰਨਾਂ 'ਚ ਗੂੰਜਦੇ ਰਹਿਣਗੇ। ਫਿਜ਼ਾ 'ਚ ਉਨ੍ਹਾਂ ਦੀ ਮਿੱਠੜੀ ਅਵਾਜ਼ ਹਮੇਸ਼ਾਂ ਮਿਠਾਸ ਘੋਲਦੀ ਰਹੇਗੀ। ਪੰਜਾਬੀ ਮਾਂ-ਬੋਲੀ ਦੇ ਹੀਰੇ ਲੋਕ ਗਾਇਕ ਸੁਰਿੰਦਰ ਛਿੰਦੇ ਨੇ ਆਪਣੀ ਗਾਇਕੀ ਦਾ ਝੰਡਾ ਬਹੁਤ ਲੰਬਾ ਸਮਾਂ ਬੁਲੰਦ ਰੱਖਿਆ। ਉਨ੍ਹਾਂ ਨੇ 26 ਜੁਲਾਈ 2023 ਦਿਨ ਬੁੱਧਵਾਰ ਨੂੰ 6.30 ਮਿੰਟ ਤੇ ਆਖਰੀ ਸ਼ਾਹ ਲਿਆ ਤੇ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਿਆ।ਭਾਵੇਂ ਸੁਰਿੰਦਰ ਛਿੰਦਾ ਜੀ ਅੱਜ ਸਾਡੇ ਵਿਚਕਾਰ ਤਾਂ ਨਹੀ ਰਹੇ ਪਰ ਉਨ੍ਹਾਂ ਦੀਆਂ ਰਿਕਾਰਡ ਕਰਵਾਈਆਂ ਹਜਾਰਾਂ ਰਚਨਾਵਾਂ, ਉਨ੍ਹਾਂ ਦੀ ਯਾਦ ਨੂੰ ਹਮੇਸ਼ਾਂ ਤਰੋ-ਤਾਜਾ ਰੱਖਣਗੀਆਂ। ਉਹ ਅਮਰ ਰਹੇਗਾ।

# ਅੰਦਰਲਾ ਦੁੱਖ



**ਰੇਨੂੰ ਬਾਲਾ**
ਈਟੀਟੀ ਅਧਿਆਪਕਾ
ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬਾਜੇ ਚੱਕ
ਮੋ: 8847695552

ਸੀਰਤ ਅੱਜ ਬਹੁਤ ਖੁਸ਼ ਸੀ। ਉਸ ਨੇ ਅੱਜ ਛੇਵੀਂ ਜਮਾਤ ਲਈ ਨਵੇਂ ਸਕੂਲ ਵਿਚ ਦਾਖਲਾ ਲੈਣਾ ਸੀ। ਉਹ ਆਪਣੇ ਪ੍ਰਾਇਮਰੀ ਦੇ ਅਧਿਆਪਕਾਂ ਤੋਂ ਵਿਛੜ ਕੇ ਥੋਹੜੀ ਜਹੀ ਉਦਾਸ ਵੀ ਸੀ। ਪਰ ਉਸ ਨੂੰ ਪਤਾ ਸੀ ਕੇ ਜਿੰਦਗੀ ਵਿਚ ਅੱਗੇ ਵਧਣਾ ਵੀ ਜ਼ਰੂਰੀ ਹੈ। ਅੱਜ ਉਸ ਨੂੰ ਸਕੂਲ ਤੋਂ ਨਵੀਆਂ ਕਿਤਾਬਾਂ ਮਿਲੀਆਂ ਹੁਣ ਪੁਰਾਣੇ ਵਿਸ਼ਿਆਂ ਦੇ ਨਾਲ ਕੁਝ ਨਵੇਂ ਵਿਸ਼ੇ ਵੀ ਜੁੜ ਗਏ। ਹੁਣ ਸਕੂਲ ਦਾ ਮਾਹੌਲ ਵੀ ਬਦਲ ਗਿਆ ਸੀ ਹਰੇਕ ਵਿਸ਼ੇ ਲਈ ਅਧਿਆਪਕ ਵੀ ਅਲੱਗ ਅਲੱਗ ਪੜ੍ਹਾਉਣਗੇ।

ਹੁਣ ਉਸ ਨੂੰ ਸਲਾਈ ਅਤੇ ਡਰਾਇੰਗ ਵਿੱਚੋਂ ਵੀ ਇੱਕ ਵਿਸ਼ਾ ਚੁਣਨਾ ਪੈਣਾ ਸੀ। ਉਸ ਸਮੇਂ ਸਕੂਲ ਦਾ ਇਹ ਨਿਯਮ ਸੀ ਕੇ ਮੁੰਡੇ ਡਰਾਇੰਗ ਰੱਖਣਗੇ ਤੇ ਕੁੜੀਆਂ ਸਿਲਾਈ ਰੱਖ ਸਕਦੀਆਂ ਸਨ।ਉਸ ਨੂੰ ਸ਼ੁਰੂ ਤੋਂ ਹੀ ਡਰਾਇੰਗ ਕਰਨ ਦਾ ਬੜਾ ਸ਼ੌਂਕ ਸੀ ਪਰ ਉਸ ਦਾ ਸ਼ੌਂਕ ਦਿਲ ਵਿਚ ਹੀ ਦੱਬਿਆ ਰਹਿ ਗਿਆ। ਉਸ ਨੇ ਮਜ਼ਬੂਰਨ ਸਲਾਈ ਵਿਸ਼ੇ ਦੀ ਚੋਣ ਕੀਤੀ। ਘਰ ਵਾਪਸ ਆ ਕੇ ਸੀਰਤ ਥੋੜ੍ਹੀ ਉਦਾਸ ਸੀ। ਪਰ ਉਸ ਨੇ ਆਪਣੇ ਮਨ ਨੂੰ ਸਿਲਾਈ ਲਈ ਤਿਆਰ ਕਰ ਲਿਆ। ਅਗਲੇ ਦਿਨ ਉਹ ਬੜੇ ਚਾਅ ਨਾਲ ਸਕੂਲ ਗਈ। ਉਹ ਰੋਜ਼ ਮਨ ਲਗਾ ਕੇ ਪੜਦੀ ਤੇ ਆਪਣੇ ਅਧਿਆਪਕਾਂ ਦਾ ਕਹਿਣਾ ਵੀ ਮੰਨਦੀ। ਇਕ ਦਿਨ ਸਿਲਾਈ ਦੇ ਪੀਰੀਅਡ ਵਿਚ ਭੈਣਜੀ ਨੇ ਚਾਰ ਪੰਜ ਕੁੜੀਆਂ ਨੂੰ ਇਕ ਕਿਤਾਬ ਦਿੱਤੀ ਤਾਂ ਜੋ ਉਹ ਉਸ ਵਿਚੋਂ ਆਪਣੀ ਆਪਣੀ ਪਸੰਦ ਦੇ ਨਮੂਨੇ ਉਤਾਰ ਕੇ ਤਿਆਰ ਕਰ ਲੈਣ। ਸਾਰੀਆਂ ਕੁੜੀਆਂ ਨੇ ਆਪਣੇ ਨਮੂਨੇ ਉਤਾਰ ਲਏ ਪਰ ਜਦੋਂ ਸੀਰਤ ਦੀ ਵਾਰੀ ਆਈ ਤਾਂ ਛੁੱਟੀ ਦੀ ਘੰਟੀ ਵੱਜ ਗਈ। ਸੀਰਤ ਨੇ ਸੋਚਿਆ ਕਿ ਉਹ ਕਿਤਾਬ ਆਪਣੇ ਨਾਲ ਘਰ ਲੈ ਜਾਂਦੀ ਹੈ ਅਤੇ ਆਪਣਾ ਕੰਮ ਕਰ ਕੇ ਉਹ ਭੈਣਜੀ ਨੂੰ ਵਾਪਸ ਦੇ ਦੇਵੇਗੀ। ਅਗਲੇ ਦਿਨ ਜਦੋਂ ਸਲਾਈ ਦਾ ਪੀਰੀਅਡ ਲੱਗਿਆ ਤਾਂ ਭੈਣਜੀ ਨੇ ਕੁੜੀਆਂ ਤੋਂ ਕਿਤਾਬ ਬਾਰੇ ਪੁੱਛਿਆ ਸੀਰਤ ਨੇ ਕਿਹਾ ਛੁੱਟੀ ਹੋਣ ਕਾਰਨ ਉਹ ਕਿਤਾਬ ਅਪਣੇ ਨਾਲ ਲੈ ਗਈ ਸੀ। ਸਿਲਾਈ ਵਾਲੇ ਭੈਣਜੀ ਨੂੰ ਸਾਰੇ ਬਿਮਲਾ ਭੈਣਜੀ( ਕਾਲਪਨਿਕ ਨਾਮ) ਦੇ ਨਾਮ ਨਾਲ ਜਾਣਦੇ ਸਨ। ਭੈਣਜੀ ਨੇ ਕਿਤਾਬ ਘਰ ਲੈ ਕੇ ਜਾਣ ਕਾਰਨ ਸੀਰਤ ਨੂੰ ਪੂਰੀ ਜਮਾਤ ਵਿਚ ਖੜ੍ਹੇ ਕਰਕੇ ਖਰੀਆਂ-ਖੋਟੀਆਂ ਗੱਲਾਂ ਸੁਣਾ ਦਿੱਤੀਆਂ। ਜਿਸ ਦਾ ਸੀਰਤ ਦੇ ਮਨ ਵਿਚ ਬਹੁਤ ਗਹਿਰਾ ਅਸਰ ਹੋਇਆ । ਇਸ ਘਟਨਾ ਤੋਂ ਬਾਅਦ ਸੀਰਤ ਬਾਕੀ ਵਿਸ਼ੇ ਤਾਂ ਬਹੁਤ ਹੀ ਪਿਆਰ ਨਾਲ ਪੜ੍ਹਦੀ ਪਰ ਸਿਲਾਈ ਵਿੱਚ ਉਸ ਦੀ ਬਿਲਕੁਲ ਵੀ ਦਿਲਚਸਪੀ ਨਾ ਰਹੀ। ਜਿਵੇਂ ਜਿਵੇਂ ਸਾਲ ਗੁਜ਼ਰਦੇ ਗਏ ਉਹ ਅਗਲੀਆਂ ਜਮਾਤਾਂ ਪਾਸ ਕਰਦੀ ਗਈ ਪਰ ਭੈਣਜੀ ਦੀਆਂ ਗੱਲਾਂ ਉਸ ਨੂੰ ਝੰਜੋੜ ਜਾਂਦੀਆਂ। ਉਹ ਜਮਾਤ ਵਿਚ ਹੋਈ ਆਪਣੀ ਬੇਇੱਜ਼ਤੀ ਨੂੰ ਆਪਣੇ ਦਿਲੋਂ ਕਦੀ ਵੀ ਭੁਲਾ ਨਾ ਸਕੀ। ਉਹ ਆਪਣੀ ਪੂਰੀ ਜ਼ਿੰਦਗੀ ਵਿਚ ਸਲਾਈ ਕਦੀ ਵੀ ਸਿੱਖ ਨਾ ਪਾਈ। ਪਰ ਆਪਣੇ ਵੱਡੇ ਵੀਰ ਵੱਲ ਦੇਖ ਕੇ ਡਰਾਇੰਗ ਕਰਨੀ ਜ਼ੂਰਰ ਸਿੱਖ ਗਈ। ਅੱਜ ਸੀਰਤ ਆਪਣੀ ਜ਼ਿੰਦਗੀ ਵਿਚ ਕਾਫੀ ਅੱਗੇ ਵਧ ਚੁੱਕੀ ਹੈ ਤੇ ਹੁਣ ਉਹ ਇਕ ਕਾਬਿਲ ਅਧਿਆਪਕਾ ਵੀ ਬਣ ਗਈ ਹੈ।ਉਸ ਨੂੰ ਜਦੋਂ ਵੀ ਇਹ ਕਿੱਸਾ ਯਾਦ ਆਉਂਦਾ ਹੈ ਤਾਂ ਉਹ ਹਮੇਸ਼ਾਂ ਸੋਚਦੀ ਹੈ ਕਿ 50-60 ਰੁ:ਕਿਤਾਬ ਪਿੱਛੇ ਉਸ ਨੂੰ ਇੰਨੀਆਂ ਗੱਲਾਂ ਕਿਉਂ ਸੁਣਨ ਨੂੰ ਮਿਲੀਆਂ।

# ਕੁੰਡਲਿਨੀ ਵਿਵਸਥਾ

ਮਨੁੱਖ ਨੂੰ ਸ੍ਰਿਸ਼ਟੀ ਦੀ ਸਭ ਤੋਂ ਉੱਤਮ ਰਚਨਾ ਦਾ ਦਰਜਾ ਪ੍ਰਾਪਤ ਹੈ । ਇਹ ਸਥਾਨ ਮਨੁੱਖ ਨੂੰ ਆਪਣੀ ਤੇਜ਼ ਬੁੱਧੀ, ਸਮਰੱਥਾ, ਸੋਚਣ- ਸਮਝਣ ਦੀ ਸ਼ਕਤੀ ਅਤੇ ਇ ਦੇ ਅੰਦਰ ਛਿਪੇ ਅਨੇਕ ਰਹੱਸਾਂ ਦੇ ਕਾਰਨ ਪ੍ਰਾਪਤ ਹੋਇਆ ਹੈ। ਡਾਕਟਰਾਂ, ਸਾਇੰਸਦਾਨਾਂ ਨੇ ਭਾਵੇਂ ਮਨੁੱਖੀ ਸਰੀਰ ਵਿਚਲੇ ਦਿਖਾਈ ਦੇਣ ਵਾਲੇ ਅਨੇਕ ਅੰਗਾਂ ਦੀ ਖੋਜ ਕਰ ਲਈ ਹੈ ਪ੍ਰੰਤੂ ਕੁਝ ਅਜਿਹੇ ਅਦਿੱਖ ਭੇਦਾਂ ਨੂੰ ਸੰਤਾਂ- ਮਹਾਤਮਾਵਾਂ, ਸਾਧੂਆਂ, ਯੋਗੀਆਂ ਨੇ ਕਠਿਨ ਸਾਧਨਾ, ਭਗਤੀ ਦੁਆਰਾ ਵੇਖਿਆ ਤੇ ਮਹਿਸੂਸ ਕੀਤਾ ਹੈ ਜੋ ਮਨੁੱਖੀ ਅੰਦਰੂਨੀ ਊਰਜਾ ਨੂੰ ਸਥਿਰਤਾ ਪ੍ਰਦਾਨ ਕਰ, ਅਨੰਤ ਗੁਣਾਂ ਦੇ ਮਾਲਕ ਅਨੰਤ ਨਾਲ ਮਿਲਾਪ ਵਿੱਚ ਇੱਕ ਅਧਿਆਤਮਕ ਮਾਧਿਅਮ ਦੇ ਤੌਰ ਤੇ ਕਾਰਜ ਕਰ ਰਹੇ ਹਨ। ਇਹਨਾਂ ਅਧਿਆਤਮਕ ਮਾਧਿਅਮਾਂ ਵਿੱਚੋਂ ਹੀ ਇੱਕ ਮਾਧਿਅਮ ਕੁੰਡਲਿਨੀ ਵੀ ਹੈ। ਯੋਗ ਮੱਤ ਅਨੁਸਾਰ ਇਹ ਇੱਕ ਨਾੜੀ ਹੈ ਜੋ ਸੁਖਮਨਾ ਨਾੜੀ ਦੀ ਜੜ੍ਹ ਵਿੱਚ ਕਵਾੜ ਰੂਪ ਹੋ ਕੇ ਰਹਿੰਦੀ ਹੈ। ਸੱਪ ਦੀ ਤਰ੍ਹਾਂ ਸਾਢੇ ਤਿੰਨ ਕੁੰਡਲ (ਚੱਕਰ) ਮਾਰ ਕੇ ਸੌਣ ਕਾਰਨ ਇਸਦਾ ਨਾਮ ਕੁੰਡਲਿਨੀ ਹੈ। ਯੋਗੀ ਸਾਧਕ, ਯੋਗ ਅਭਿਆਸ ਦੁਆਰਾ ਕੁੰਡਲਿਨੀ ਜਾਗ੍ਰਿਤ ਕਰਦੇ ਹਨ ਜੋ ਸੁਖਮਨਾ ਦੇ ਰਸਤੇ ਦਸਮ ਦੁਆਰ ਤੱਕ ਪਹੁੰਚਦੀ ਹੈ। ਕੁੰਡਲਿਨੀ ਨੂੰ ਦਸਮ ਦੁਆਰ ਵਿੱਚ ਠਹਿਰਾਉਣਾ ਅਤੇ ਫਿਰ ਹੇਠਾਂ ਨਾ ਉਤਰਨ ਦੇਣਾ ਇਹੀ ਯੋਗੀ ਦੀ ਪੂਰਨ ਸਿੱਧੀ ਮੰਨੀ ਜਾਂਦੀ ਹੈ। ਡਾਕਟਰ ਜੂਲੀਅਨ ਜਾਨਸਨ ਦੀ ਪੁਸਤਕ ਅਧਿਆਤਮਕ ਮਾਰਗ ਅਨੁਸਾਰ ਕੁੰਡਲਿਨੀ ਜਾਗ੍ਰਤੀ ਦਾ ਮਾਰਗ ਯੋਗੀਆਂ ਦਾ ਹੈ ਜਦਕਿ ਸੰਤ-ਮਹਾਤਮਾ 'ਸੁਰਤ-ਸ਼ਬਦ ਯੋਗ' ਵਿਧੀ, ਭਾਵ ਸਰੀਰ ਦੇ ਨੌ ਦਰਵਾਜ਼ਿਆਂ ਵਿੱਚੋਂ ਧਿਆਨ ਸਮੇਟ ਕੇ ਤੀਸਰੇ ਤਿਲ (ਅੱਖਾਂ ਦੇ ਵਿਚਕਾਰੋਂ) ਸਰੀਰ ਰੂਪੀ ਮਹਿਲ ਵਿੱਚ ਦਾਖਲ ਹੋਣ ਦੀ ਸਾਧਨਾ ਕਰਨ ਉਤੇ ਜ਼ੋਰ ਦਿੰਦੇ ਹਨ। ਪੁਸਤਕ 'ਆਤਮ ਗਿਆਨ' ਅਨੁਸਾਰ ਅੱਖਾਂ ਤੋਂ ਉੱਪਰ ਆਤਮਾ ਦੀ ਬੈਠਕ ਤੋਂ ਅੱਗੇ ਪ੍ਰਭੂ ਨਾਲ ਮਿਲਣ ਲਈ ਛੇ ਹੋਰ ਚੱਕਰ ਪਾਰ ਕਰਨੇ ਪੈਂਦੇ ਹਨ। ਸੰਤ -ਮਹਾਤਮਾ ਇਹ ਮਾਨਤਾ ਰੱਖਦੇ ਹਨ ਕਿ ਇਸ ਵਿੱਚ ਕੋਈ ਅਕਲਮੰਦੀ ਨਹੀਂ ਹੈ ਕਿ ਪਹਿਲਾਂ ਸਭ ਤੋਂ ਨਿਚਲੇ ਚੱਕਰ ਉੱਤੇ ਹੇਠਾਂ ਉਤਰੀਏ ਅਤੇ ਫਿਰ ਪੌੜੀ ਦੇ ਹੇਠਲੇ ਡੰਡੇ ਤੋਂ ਉੱਪਰ ਵੱਲ ਚੜ੍ਹਾਈ ਸ਼ੁਰੂ ਕਰੀਏ। ਅਜਿਹਾ ਕਰਨ ਨਾਲ ਆਤਮਿਕ ਵਿਕਾਸ ਦਾ ਰਸਤਾ ਲੰਬਾ ਅਤੇ ਔਖਾ ਹੋ ਜਾਂਦਾ ਹੈ।

**ਪ੍ਰੋ. ਡਾ. ਸੰਗਰਾਮ ਸਿੰਘ, 7973327963**


**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਅਮਰੀਕ ਸਿੰਘ ਸਪੁੱਤਰ ਸ੍ਰੀ ਅਵਤਾਰ ਸਿੰਘ** ਦੇ ਨਾਮ ਤੋਂ **ਸ੍ਰੀ ਫਿਰੋਜ਼ ਖਾਨ ਸਪੁੱਤਰ ਮੁਹੰਮਦ ਸਲੀਮ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 63 ਚੰਡੀਗੜ੍ਹ ਬਲਾਕ ਨੰ. 26 ਵਿਚ ਇੱਕ ਬੈਡਰੂਮ ਵਰਗ ਦੀ ਰਿਹਾਇਸ਼ੀ ਇਕਾਈ ਨੰ. 2087-ਈ (ਪੰਜਵੀਂ ਮੰਜ਼ਿਲ), ਬਲਾਕ ਨੰ. 26 ਵਿਚ ਪਾਰਕਿੰਗ** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63 ਚੰਡੀਗੜ੍ਹ ਬਲਾਕ ਨੰ. 26 ਵਿਚ ਇੱਕ ਬੈਡਰੂਮ ਵਰਗ ਦੀ ਰਿਹਾਇਸ਼ੀ ਇਕਾਈ ਨੰ. 2087-ਈ (ਪੰਜਵੀਂ ਮੰਜ਼ਿਲ), ਬਲਾਕ ਨੰ. 26 ਵਿਚ ਪਾਰਕਿੰਗ** ਅਲਾਟੀ/ਟ੍ਰਾਂਸਫਰੀ **ਸ੍ਰੀ ਅਮਰੀਕ ਸਿੰਘ ਸਪੁੱਤਰ ਸ੍ਰੀ ਅਵਤਾਰ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਅਮਰੀਕ ਸਿੰਘ ਸਪੁੱਤਰ ਸ੍ਰੀ ਅਵਤਾਰ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 29.07.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਫਿਰੋਜ਼ ਖਾਨ ਸਪੁੱਤਰ ਮੁਹੰਮਦ ਸਲੀਮ** ਨੂੰ ਵੇਚ ਦਿੱਤੀ ਹੈ। **ਸ੍ਰੀ ਫਿਰੋਜ਼ ਖਾਨ ਸਪੁੱਤਰ ਮੁਹੰਮਦ ਸਲੀਮ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਜਗਤਾਰ ਸਿੰਘ ਸਪੁੱਤਰ ਸ੍ਰੀ ਰਘਬੀਰ ਸਿੰਘ** ਦੇ ਨਾਮ ਤੋਂ **ਸ੍ਰੀਮਤੀ ਅਰਮਿੰਦਰ ਕੌਰ ਸੰਧੂ ਸੁਪਤਨੀ ਸ੍ਰੀ ਗੁਰਿੰਦਰ ਪਾਲ ਸਿੰਘ ਸੰਧੂ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 63 ਚੰਡੀਗੜ੍ਹ ਬਲਾਕ ਨੰ. 26 ਵਿਚ ਇੱਕ ਬੈਡਰੂਮ ਵਰਗ ਦੀ ਰਿਹਾਇਸ਼ੀ ਇਕਾਈ ਨੰ. 2085-ਏ (ਪਹਿਲੀ ਮੰਜ਼ਿਲ), ਬਲਾਕ ਨੰ. 26 ਵਿਚ ਪਾਰਕਿੰਗ** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 63 ਚੰਡੀਗੜ੍ਹ ਬਲਾਕ ਨੰ. 26 ਵਿਚ ਇੱਕ ਬੈਡਰੂਮ ਵਰਗ ਦੀ ਰਿਹਾਇਸ਼ੀ ਇਕਾਈ ਨੰ. 2085-ਏ (ਪਹਿਲੀ ਮੰਜ਼ਿਲ), ਬਲਾਕ ਨੰ. 26 ਵਿਚ ਪਾਰਕਿੰਗ** ਅਲਾਟੀ/ਟ੍ਰਾਂਸਫਰੀ **ਸ੍ਰੀ ਜਗਤਾਰ ਸਿੰਘ ਸਪੁੱਤਰ ਸ੍ਰੀ ਰਘਬੀਰ ਸਿੰਘ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਜਗਤਾਰ ਸਿੰਘ ਸਪੁੱਤਰ ਸ੍ਰੀ ਰਘਬੀਰ ਸਿੰਘ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 15.01.2024 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀਮਤੀ ਅਰਮਿੰਦਰ ਕੌਰ ਸੰਧੂ ਸੁਪਤਨੀ ਸ੍ਰੀ ਗੁਰਿੰਦਰ ਪਾਲ ਸਿੰਘ ਸੰਧੂ** ਨੂੰ ਵੇਚ ਦਿੱਤੀ ਹੈ। **ਸ੍ਰੀਮਤੀ ਅਰਮਿੰਦਰ ਕੌਰ ਸੰਧੂ ਸੁਪਤਨੀ ਸ੍ਰੀ ਗੁਰਿੰਦਰ ਪਾਲ ਸਿੰਘ ਸੰਧੂ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



## ਜਨਤਕ ਸੂਚਨਾ

ਵਿਸ਼ਾ : ਅਲਾਟੀ/ਸਹਿ-ਟ੍ਰਾਂਸਫਰੀ **ਸ੍ਰੀ ਅਸ਼ਵਨੀ ਸਪੁੱਤਰ ਸ੍ਰੀ ਕ੍ਰਿਸ਼ਨ ਲਾਲ ਦੀ** ਬੇਵਸੀਅਤੀ ਮੌਤ 'ਤੇ (1) **ਸ੍ਰੀਮਤੀ ਇੰਦੂ ਸੁਪਤਨੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ ਘਈ**, (2) **ਸ੍ਰੀ ਤੁਸ਼ਾਰ ਘਈ ਸਪੁੱਤਰ ਸਵਰਗੀ ਸ੍ਰੀ ਅਸ਼ਵਨੀ ਕੁਮਾਰ**, (3) **ਸ੍ਰੀਮਤੀ ਕਾਜਲ ਘਈ ਸਪੁੱਤਰੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ ਅਤੇ** (4) **ਸ੍ਰੀਮਤੀ ਨੈਨਾ ਸਪੁੱਤਰੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ** ਦੇ ਨਾਂਵਾਂ 'ਤੇ **ਪਲਸੋਰਾ, ਚੰਡੀਗੜ੍ਹ ਵਿਚ ਈਡਬਲਿਊਐਸ, ਡਾ. ਅੰਬੇਡਕਰ ਆਵਾਸ ਯੋਜਨਾ ਵਰਗ ਦੇ ਡੀਯੂ ਨੰ.** 5570 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਪਲਸੋਰਾ, ਚੰਡੀਗੜ੍ਹ ਵਿਚ ਈਡਬਲਿਊਐਸ, ਡਾ. ਅੰਬੇਡਕਰ ਆਵਾਸ ਯੋਜਨਾ ਵਰਗ ਦੇ ਡੀਯੂ ਨੰ.** 5570 ਦੇ ਅਲਾਟੀ **ਸ੍ਰੀ ਅਸ਼ਵਨੀ ਸਪੁੱਤਰ ਸ੍ਰੀ ਕ੍ਰਿਸ਼ਨ ਲਾਲ** ਦੇ ਕਾਨੂੰਨੀ ਵਾਰਸਾਂ ਦੁਆਰਾ ਦਿੱਤੀ ਸੂਚਨਾ ਅਨੁਸਾਰ **ਚੰਡੀਗੜ੍ਹ ਵਿਖੇ** 27.10.2022 ਨੂੰ ਮੌਤ ਹੋ ਗਈ ਸੀ। (1) **ਸ੍ਰੀਮਤੀ ਇੰਦੂ ਸੁਪਤਨੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ ਘਈ**, (2) **ਸ੍ਰੀ ਤੁਸ਼ਾਰ ਘਈ ਸਪੁੱਤਰ ਸਵਰਗੀ ਸ੍ਰੀ ਅਸ਼ਵਨੀ ਕੁਮਾਰ**, (3) **ਸ੍ਰੀਮਤੀ ਕਾਜਲ ਘਈ ਸਪੁੱਤਰੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ ਅਤੇ** (4) **ਸ੍ਰੀਮਤੀ ਨੈਨਾ ਸਪੁੱਤਰੀ ਸਵਰਗੀ ਸ੍ਰੀ ਅਸ਼ਵਨੀ ਕੁਮਾਰ** ਨੇ **ਸ੍ਰੀ ਅਸ਼ਵਨੀ ਸਪੁੱਤਰ ਸ੍ਰੀ ਕ੍ਰਿਸ਼ਨ ਲਾਲ** ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਂਵਾਂ 'ਤੇ **ਪਲਸੋਰਾ, ਚੰਡੀਗੜ੍ਹ ਵਿਚ ਈਡਬਲਿਊਐਸ, ਡਾ. ਅੰਬੇਡਕਰ ਆਵਾਸ ਯੋਜਨਾ ਵਰਗ ਦੇ ਡੀਯੂ ਨੰ.** 5570 ਦੀ ਮਾਲਕੀ ਦੇ ਤਬਾਦਲੇ ਲਈ ਬੇਨਤੀ ਕੀਤੀ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ ਅਤੇ ਉਹ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਮ੍ਰਿਤਕ ਮਾਲਕ ਦੇ ਇਕਲੌਤੇ ਕਾਨੂੰਨੀ ਵਾਰਸ ਹਨ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) **ਸ੍ਰੀਮਤੀ ਇੰਦੂ (ਸੁਪਤਨੀ)**, (2) **ਸ੍ਰੀ ਤੁਸ਼ਾਰ ਘਈ (ਸਪੁੱਤਰ)**, (3) **ਸ੍ਰੀਮਤੀ ਕਾਜਲ ਘਈ (ਸਪੁੱਤਰੀ)** (4) **ਸ੍ਰੀਮਤੀ ਨੈਨਾ (ਸਪੁੱਤਰੀ)** ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੇ 66.67% ਹਿੱਸੇ ਦੇ ਵਾਸੀ ਲਈ ਉਪਹਾਰ/ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਤਰੁਣਦੀਪ ਸਿੰਘ ਸਪੁੱਤਰ ਸਵਰਗੀ ਸ੍ਰੀ ਦੇਵਿੰਦਰ ਪਾਲ ਸਿੰਘ (1/12ਵੇਂ ਹਿੱਸੇ ਨਾਲ) | (1) ਸ੍ਰੀਮਤੀ ਸੁਰਿੰਦਰ ਕੌਰ ਸਪੁੱਤਰੀ ਸਵਰਗੀ ਸ੍ਰੀ ਸੁਜਾਨ ਸਿੰਘ ਅਤੇ ਸੁਪਤਨੀ ਸ੍ਰੀ ਸਰਬਜੀਤ ਸਿੰਘ ਜੱਗੀ (1/3ਵੇਂ ਹਿੱਸੇ ਨਾਲ) ਅਤੇ (2) ਸ੍ਰੀਮਤੀ ਰਵਿੰਦਰ ਜੀਤ ਕੌਰ ਸਪੁੱਤਰੀ ਸਵਰਗੀ ਸ੍ਰੀ ਸੁਜਾਨ ਸਿੰਘ ਅਤੇ ਸੁਪਤਨੀ ਸ੍ਰੀ ਬਲਦੀਪ ਸਿੰਘ (1/3ਵੇਂ ਹਿੱਸੇ ਨਾਲ) | 3027-1 | HIG-II | 44-ਡੀ, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**



**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨੰ. | ਖਰੀਦਦਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1 | ਸ੍ਰੀ ਪਾਰਸ ਸੂਦ ਸਪੁੱਤਰ ਸ੍ਰੀ ਸੰਜੇ ਸੂਦ | (1) ਡਾ. ਮਹੇਂਦਰ ਸਿੰਘ ਸਪੁੱਤਰ ਸ੍ਰੀ ਬੀਰ ਸਿੰਘ ਅਤੇ (2) ਸ੍ਰੀਮਤੀ ਉਰਮਿਲਾ ਰਾਣੀ ਸੁਪਤਨੀ ਡਾ. ਮਹੇਂਦਰ ਸਿੰਘ | 1251-2 | HIG (L) | 43-ਬੀ, ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**



# ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ ਬੰਦ ਹੋਣ ਦੀ ਮਿਤੀ | ਰਕਮ/ਈਐਮਡੀ (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਨਿਵਿ (ਭ ਅਤੇ ਮ) ਸ਼ਾਖਾ, ਲੁਧਿਆਣਾ | 1. ਐਮ.ਸੀ. ਲੁਧਿਆਣਾ ਵਿਚ ਦਿਹਾਤੀ ਲਿੰਕ ਸੜਕ ਦਾ ਆਧੁਨਿਕੀਕਰਨ, 2. ਐਮ.ਸੀ. ਮਾਛੀਵਾੜਾ ਅਤੇ ਸਾਹਨੇਵਾਲ ਵਿਚ ਦਿਹਾਤੀ ਲਿੰਕ ਸੜਕ ਦਾ ਆਧੁਨਿਕੀਕਰਨ। | 30/07/2025 30/08/2025 | 49.22 ਲੱਖ | 8146100632 eepdldnpwdpb@gmail.com |
| 2. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ.1, ਲੋਨਿਵਿ (ਭ ਅਤੇ ਮ) ਸ਼ਾਖਾ, ਹੁਸ਼ਿਆਰਪੁਰ | ਵਿਧਾਨ ਸਭਾ ਹਲਕਾ ਦਸੂਹਾ ਵਿੱਚ ਪੈਂਦੀਆਂ ਮੁਰੰਮਤ ਪ੍ਰੋਗਰਾਮ 2022-23, 2023-24 ਅਤੇ 2024-25 ਅਧੀਨ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ (ਇੱਕ ਸਾਲ ਦੋਸ਼ ਜੁਆਬਦੇਹੀ ਮਿਆਦ+4 ਸਾਲ ਸੜਕ ਦਾ ਰੱਖ ਰਖਾਅ) ਗਰੁੱਪ ਨੰ. 2, 3, 4 ਅਤੇ 5 | 30/07/2025 23/08/2025 | 14.35 ਲੱਖ | 9855575543 eecd1hsrpurpwdph @gmail.com |
| 3. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਨਿਵਿ ਭ ਅਤੇ ਮ ਸ਼ਾਖਾ, ਫਾਜ਼ਿਲਕਾ | ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ ਦੀ ਵਿਸ਼ੇਸ਼ ਮੁਰੰਮਤ ਲਈ ਡੀਐਨਆਈਟੀ। | 28/07/2025 12/08/2025 | 1.23 ਲੱਖ | 9988282145 eecdfzlpwdpb@gmail.com |
| 4. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 3, ਲੋਨਿਵਿ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਸੇਵਾ ਕੇਂਦਰ ਤਹਿਸੀਲ ਅਜਨਾਲਾ, ਅੰਮ੍ਰਿਤਸਰ ਦੀ ਵਿਸ਼ੇਸ਼ ਮੁਰੰਮਤ ਅਤੇ ਸਥਾਨ ਬਦਲੀ | 01/08/2025 08/08/2025 | 0.20 ਹਜ਼ਾਰ | 8283828197 xencw2amritsar@gmail.com |
| 5. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 3, ਲੋਨਿਵਿ (ਭ ਅਤੇ ਮ) ਸ਼ਾਖਾ, ਲੁਧਿਆਣਾ | 1. ਪਿੰਡ ਲੋਹਾਰਾ, ਲੁਧਿਆਣਾ ਵਿਖੇ ਆਯੂਸ਼ਮਾਨ ਅਰੋਗਿਆ ਕੇਂਦਰ (ਏਏਕੇ) ਦੀ ਮੌਜੂਦਾ ਇਮਾਰਤ ਦਾ ਨਿਰਮਾਣ, ਈਐਮਡੀ 47340, 2. ਰਮਨ ਮਾਰਕਿਟ ਲਕਸ਼ਮੀ ਸਿਨੇਮਾ ਲੁਧਿਆਣਾ ਵਿਖੇ ਏਏਕੇ ਦੀ ਮੌਜੂਦਾ ਇਮਾਰਤ ਦਾ ਨਿਰਮਾਣ, ਈਐਮਡੀ 47860, 3. ਤਿਕੋਣੀ ਬਿਲਡਿੰਗ ਕਮਿਊਨਿਟੀ ਸੈਂਟਰ ਜ਼ੋਨ-ਡੀ ਲੁਧਿਆਣਾ ਵਿਖੇ ਮੌਜੂਦਾ ਏਏਕੇ ਇਮਾਰਤ ਦਾ ਨਿਰਮਾਣ, ਈਐਮਡੀ 47260 | 02/08/2025 17/08/2025 | 1.42 ਲੱਖ | 9814280464 cccd41dnpwdpb @gmail.com |
| 6. | ਕਾਰਜਕਾਰੀ ਇੰਜੀਨੀਅਰ, ਮਜੀਠਾ ਨਹਿਰ ਅਤੇ ਭੂ ਜਲ ਮੰਡਲ, ਜਲ ਸਰੋਤ ਵਿਭਾਗ, ਅੰਮ੍ਰਿਤਸਰ | "ਅੰਮ੍ਰਿਤਸਰ ਮਜੀਠਾ ਨਹਿਰ ਅਤੇ ਭੂ ਜਲ ਮੰਡਲ, ਅੰਮ੍ਰਿਤਸਰ ਵਿਚ ਨਹਿਰੀ ਪਾਣੀ ਦੀ ਵਰਤੋਂ ਦੁਆਰਾ ਜ਼ਮੀਨੀ ਪਾਣੀ ਦੀ ਬਣਾਉਟੀ ਰੀਚਾਰਜਿੰਗ ਦੁਆਰਾ ਭੂ ਜਲ ਟੇਬਲ ਦੀ ਬਣਾਉਣਟੀ ਰੀਚਾਰਜਿੰਗ ਦੁਆਰਾ ਜ਼ਮੀਨਦੋਜ਼ ਪਾਣੀ ਦੇ ਟੇਬਲ ਦੀ ਮਜ਼ਬੂਤੀ ਲਈ ਰੀਚਾਰਜ ਸਕੀਮ ਦਾ ਨਿਰਮਾਣ"। | 01/08/2025 11/08/2025 | 0.31 ਹਜ਼ਾਰ | 8950065264 xenmajitha @gmail.com |
| 7. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 2, ਲੋਨਿਵਿ (ਭ ਅਤੇ ਮ) ਸ਼ਾਖਾ, ਕਪੂਰਥਲਾ | ਐਮ.ਸੀ. ਸੁਲਤਾਨਪੁਰ ਲੋਧੀ ਗਰੁੱਪ ਨੰ. 1 ਅਤੇ 2 ਵਿਚ ਦਿਹਾਤੀ ਲਿੰਕ ਸੜਕਾਂ (2025-26) ਦਾ ਆਧੁਨਿਕੀਕਰਨ (ਪੰਜ ਸਾਲ ਰੱਖ ਰਖਾਅ ਸਮੇਤ) | 31/07/2025 21/08/2025 | 30.70 ਲੱਖ | 9781404284 eecdkptpwdpb@gmail.com |
| 8. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਨਿਵਿ (ਭ ਅਤੇ ਮ) ਸ਼ਾਖਾ, ਅੰਮ੍ਰਿਤਸਰ | ਸਾਲ 2025-26 ਦੇ ਲਈ ਪੂੰਜੀ ਨਿਵੇਸ਼ ਦੇ ਲਈ ਰਾਜ ਦੀ ਵਿਸ਼ੇਸ਼ ਸਹਾਇਤਾ ਅਧੀਨ ਜ਼ਿਲ੍ਹਾ ਅੰਮ੍ਰਿਤਸਰ ਵਿਚ ਐਮ.ਸੀ. ਰਈਆ, ਮਹਿਤਾ ਅਤੇ ਗਹਿਰੀ ਵਿਚ ਪੈਂਦੀਆਂ ਦਿਹਾਤੀ ਲਿੰਕ ਸੜਕਾਂ (65 ਅਦਦ ਸੜਕਾਂ) ਦਾ ਆਧੁਨਿਕੀਕਰਨ (ਗਰੁੱਪ ਨੰ. 1 ਅਤੇ 2) | 30/07/2025 30/08/2025 | 43.14 ਲੱਖ | 9888404112 ee.pd.amritsar.pwd @punjab.gov.in |
| 9. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਨਿਵਿ (ਭ ਅਤੇ ਮ) ਸ਼ਾਖਾ, ਐਸ.ਏ.ਐਸ. ਨਗਰ | 1) ਸ਼ਹਿਰੀ ਖੇਤਰ ਫੇਜ਼ 8, ਮੋਹਾਲੀ ਵਿਚ ਨਵੇਂ ਆਮ ਆਦਮੀ ਕਲੀਨਿਕ ਦੀ ਸਥਾਪਨਾ, 2) ਐਮ.ਸੀ. ਖਰੜ, ਐਸਏਐਸ ਨਗਰ ਵਿਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ। | 01/08/2025 18/08/2025 | 15.27 ਲੱਖ | 8054703344 ee.pd.moh.pwd @punjab.gov.in |
| 10. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ ਨੰ. 1, ਲੋਨਿਵਿ (ਭ ਅਤੇ ਮ) ਸ਼ਾਖਾ, ਪਟਿਆਲਾ | ਸਰਕਾਰੀ ਰਜਿੰਦਰਾ ਹਸਪਤਾਲ, ਪਟਿਆਲਾ ਵਿਚ ਐਮਰਜੈਂਸੀ ਬਿਜਲੀ ਬੈਕਅੱਪ ਲਈ ਰਿੰਗ ਮੇਨ ਸਿਸਟਮ ਦੀ ਵਿਵਸਥਾ। | 30/07/2025 07/08/2025 | 29.00 ਹਜ਼ਾਰ | 9888821419 eepd1ptapwdpb@gmail.com |
| 11. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ, ਪੀਡਬਲਿਊ (ਸੀ ਐਂਡ ਐਮ), ਡਵੀਜ਼ਨ, ਐਸਏਐਸ ਨਗਰ | 1) ਬਲਾਕ ਮਾਜਰੀ, ਖਰੜ ਅਤੇ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ ਦੇ ਵੱਖ-ਵੱਖ ਪਿੰਡਾਂ ਵਿਚ ਖੇਡ ਮੈਦਾਨਾਂ ਦਾ ਵਿਕਾਸ।2) ਬਲਾਕ ਬਸੀ ਪਠਾਣਾਂ, ਸਰਹਿੰਦ, ਖਮਾਣੋਂ ਅਤੇ ਖੇੜਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿਚ ਖੇਡ ਮੈਦਾਨਾਂ ਦਾ ਵਿਕਾਸ। | 02/08/2025 18/08/2025 | 76.79 ਲੱਖ | 8527430259 xenprdsas@yahoo.com |
| 12. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਨਿਵਿ (ਭ ਤੇ ਮ) ਸ਼ਾਖਾ, ਰੂਪਨਗਰ | ਜ਼ਿਲ੍ਹਾ ਰੂਪਨਗਰ ਐਮ.ਸੀ ਸ੍ਰੀ ਆਨੰਦਪੁਰ ਸਾਹਿਬ ਵਿਚ ਵੱਖ-ਵੱਖ ਦਿਹਾਤੀ ਐਲਆਰ ਦਾ ਆਧੁਨਿਕਰੀਕਰਨ। | 01/08/2025 01/09/2025 | 28.38 ਲੱਖ | 9779970088 pwdropar@yahoo.co.in |
| 13. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 1, ਲੋਨਿਵਿ (ਭ ਤੇ ਮ) ਸ਼ਾਖਾ, ਐਸਏਐਸ ਨਗਰ (ਮੋਹਾਲੀ) | 5 ਸਾਲਾਂ ਦੇ ਨਿਯਮਿਤ ਰੱਖ ਰਖਾਅ (ਪਹਿਲਾ ਸਾਲ ਦੋਸ਼ ਜੁਆਬਦੇਹੀ ਮਿਆਦ ਵਜੋਂ ਵਿਚਾਰਿਆ ਜਾਵੇਗਾ) ਸਮੇਤ (1) ਐਮ.ਸੀ ਖਰੜ ਅਤੇ (2) ਕੁਰਾਲੀ ਜ਼ਿਲ੍ਹਾ ਐਸਏਐਸ ਨਗਰ ਵਿਚ ਵਿਸ਼ੇਸ਼ ਮੁਰੰਮਤ ਪ੍ਰੋਗਰਾਮ 2022-23, 2023-24 ਅਤੇ 2024-25 (ਪੀਐਮਬੀ ਦੁਆਰਾ ਫੰਡ) (ਦੂਜੀ ਵਾਰ ਸੱਦਾ) | 02/08/2025 16/08/2025 | 28.01 ਲੱਖ | 9876647324 Pwdelmohali@gmail.com |
| 14. | ਕਾਰਜਕਾਰੀ ਇੰਜੀਨੀਅਰ, ਕੌਮੀ ਰਾਜ ਮਾਰਗ ਮੰਡਲ, ਲੋਨਿਵਿ (ਭ ਅਤੇ ਮ) ਸ਼ਾਖਾ, ਐਸਏਐਸ ਨਗਰ | ਹੈਡ 3054 ਐਸਐਚ ਦੇ ਅਧੀਨ ਚੰਡੀਗੜ੍ਹ ਰੋਪੜ ਰੋਡ ਐਨਐਚ-205/ਹੁਣ ਓਡੀਆਰ 'ਤੇ ਕੁਰਾਲੀ ਸ਼ਹਿਰ ਵਿਖੇ ਆਰਓਬੀ 'ਤੇ ਨੁਕਸਾਨੀ ਆਰਸੀਸੀ ਰੇਲਿੰਗ ਦਾ ਪੁਨਰ ਨਿਰਮਾਣ ਅਤੇ ਆਰਓਬੀ ਦੀ ਮੁਰੰਮਤ। | 04/08/2025 11/08/2025 | 2.00 ਹਜ਼ਾਰ | 9815545801 eecwdmohpwdpb @gmail.com |
| 15. | ਕਾਰਜਕਾਰੀ ਇੰਜੀਨੀਅਰ, ਬਿਜਲੀ ਮੰਡਲ, ਲੋਨਿਵਿ (ਭ ਤੇ ਮ) ਸ਼ਾਖਾ, ਅੰਮ੍ਰਿਤਸਰ | ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਬਟਾਲਾ ਕਾਹਨੂੰਵਾਨ ਰੋਡ ਲੰਬਾਈ 3500 ਮੀਟਰ 'ਤੇ ਸਿੰਬਲ ਚੌਂਕ ਤੋਂ ਪਿੰਡ ਧੁੱਪਸੜੀ ਤੱਕ ਸੜਕ 'ਤੇ ਲਾਈਟਿੰਗ ਦੀ ਵਿਵਸਥਾ, ਬਟਾਲਾ ਕਾਹਨੂੰਵਾਨ ਰੋਡ ਨੂੰ ਚੌੜਾ ਕਰਨਾ। | 14/08/2025 14/08/2025 | 1.56 ਲੱਖ | 9914184800 electricalasr@yahoo.in |
| 16. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸਵੱਛਤਾ ਮੰਡਲ ਨੰ. 1, ਚੰਡੀਗੜ੍ਹ ਵਿਖੇ | ਕਾਨਫਰੰਸ ਹਾਲ ਨੰ. 2, ਮਗਸੀਪਾ ਕੈਂਪਸ, ਸੈਕਟਰ-26, ਚੰਡੀਗੜ੍ਹ ਵਿਖੇ 04 ਅਦਦ ਕੈਸੇਟ ਟਾਈਪ ਏਅਰ ਕੰਡੀਸ਼ਨਰ ਭਾਵ 02 ਅਦਦ 2.4 ਐਚ.ਪੀ. ਸਮਰਥਾ ਦੀ ਹੀਟਿੰਗ ਅਤੇ ਕੂਲਿੰਗ ਅਤੇ 02 ਅਦਦ 3 ਐਚਪੀ ਸਮਰਥਾ ਦੀ ਰੀਟਿੰਗ ਅਤੇ ਕੂਲਿੰਗ ਦੀ ਵਿਵਸਥਾ ਅਤੇ ਸਥਾਪਨਾ। | 02/08/2025 11/08/2025 | 18.00 ਹਜ਼ਾਰ | 9872519223 ccgwd1@yahoo.in |
| 17. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ (ਸੀ ਐਂਡ ਐਮ) ਡਵੀਜ਼ਨ, ਪਟਿਆਲਾ | ਜ਼ਿਲ੍ਹਾ ਪਟਿਆਲਾ ਦੇ 10 ਬਲਾਕਾਂ ਵਿਚ ਖੇਡ ਮੈਦਾਨਾਂ ਦਾ ਵਿਕਾਸ (ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਸੂਚੀਬੱਧ ਠੇਕੇਦਾਰ ਇਨ੍ਹਾਂ ਟੈਂਡਰਾਂ ਲਈ ਐਸਬੀਡੀ ਵਿਚ ਦਰਸਾਏ ਅਨੁਸਾਰ ਪਾਤਰ ਹਨ)। | 01/08/2025 18/08/2025 | 111.69 ਲੱਖ | 9814331751 xenprdpatiala@yahoo.in |
| 18. | ਸੀਨੀਅਰ ਮੈਡੀਕਲ ਅਫ਼ਸਰ, ਸਿਵਲ ਹਸਪਤਾਲ, ਕੋਟਕਪੂਰਾ (ਫਰੀਦਕੋਟ) | ਐਸਡੀਐਚ ਕੋਟਕਪੂਰਾ ਲਈ ਕੰਟੀਨ ਦਾ ਟੈਂਡਰ। | 04/08/2025 08/08/2025 | 2.82 ਲੱਖ | 7973983259 civilhkkp@gmail.com |
| 19. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ (ਸੀ ਐਂਡ ਐਮ) ਡਵੀਜ਼ਨ, ਮਲੇਰਕੋਟਲਾ | ਬਲਾਕ ਅਹਿਮਦਗੜ੍ਹ, ਅਮਰਗੜ੍ਹ ਅਤੇ ਮਲੇਰਕੋਟਲਾ ਅਤੇ ਜ਼ਿਲ੍ਹਾ ਮਲੇਰਕੋਟਲਾ ਦੇ ਵੱਖ-ਵੱਖ ਪਿੰਡਾਂ ਵਿਖੇ ਖੇਡ ਮੈਦਾਨਾਂ ਦਾ ਨਿਰਮਾਣ (ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦੇ ਸੂਚੀਬੱਧ ਠੇਕੇਦਾਰ ਇਨ੍ਹਾਂ ਟੈਂਡਰਾਂ ਲਈ ਐਸਬੀਡੀ ਵਿਚ ਦਰਸਾਏ ਅਨੁਸਾਰ ਪਾਤਰ ਹਨ)। | 01/08/2025 18/08/2025 | 29.93 ਲੱਖ | 9814331751 xenprmalerkotla @gmail.com |
| 20. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸਵੱਛਤਾ ਮੰਡਲ ਨੰ. 2, ਫਿਰੋਜ਼ਪੁਰ | ਡਬਲਿਊਐਸਐਸ ਢਾਣੀ ਸ਼ਹੀਦ ਊਧਮ ਸਿੰਘ ਵਾਲਾ, ਚੱਕ ਰਖਮੀਰ ਅਤੇ ਸ਼ੇਰ ਮੁਹੰਮਦ ਬਲਾਕ ਗੁਰੂਹਰਿ ਸਹਾਏ ਜ਼ਿਲ੍ਹਾ ਫਿਰੋਜ਼ਪੁਰ ਦੇ ਲਈ ਕਲਸਟਰ ਸੈਕਸ਼ਨ ਨੰ. ਐਸ-363 (ਐਫ) (ਪੈਕੇਜ-11) ਦੇ ਸੁਧਾਰ ਕਾਰਜ (ਰਾਜ ਹਿੱਸਾ/ਜੇਜੇਐਮ ਦੇ ਅਧੀਨ) | 04/08/2025 18/08/2025 | 2.27 ਲੱਖ | 9855554813 cewss.div2fcrozepurpb @yahoo.com |
| 21. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸਵੱਛਤਾ ਮੰਡਲ, ਤਲਵਾੜਾ (ਹੁਸ਼ਿਆਰਪੁਰ) | ਪਿੰਡ ਰੈਲੀ ਬਲਾਕ ਹਾਜੀਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਪਲਾਸਟਿਕ ਵੇਸਟ ਮੈਨੇਜਮੈਂਟ ਯੂਨਿਟ (ਪੀਡਬਲਿਊਐਮਯੂ) ਦਾ ਨਿਰਮਾਣ (ਅੰਦਾਜ਼ਨ ਅੰਦਰੂਨੀ ਆਕਾਰ 12.40 ਮੀਟਰ X7.50 ਮੀਟਰ) ਸਵੱਛ ਭਾਰਤ ਮਿਸ਼ਨ ਗ੍ਰਾਮੀਣ ਫੇਜ਼-2 ਦੇ ਅਧੀਨ। ਰਕਮ = 15.83 ਲੱਖ | 01/08/2025 18/08/2025 | 31.66 ਹਜ਼ਾਰ | 9914715280 eewss.divtalwarapb @yahoo.com |
| 22. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ (ਸੀ ਐਂਡ ਐਮ) ਡਵੀਜ਼ਨ, ਜਲੰਧਰ | ਜ਼ਿਲ੍ਹਾ ਕਪੂਰਥਲਾ ਦੇ ਵੱਖ-ਵੱਖ ਪਿੰਡਾਂ ਵਿਚ ਦੋ ਅਦਦ ਪੰਚਾਇਤ ਘਰਾਂ ਅਤੇ ਜ਼ਿਲ੍ਹਾ ਜਲੰਧਰ ਦੇ ਵੱਖ-ਵੱਖ ਪਿੰਡਾਂ ਵਿਚ 6 ਅਦਦ ਪੰਚਾਇਤ ਘਰਾਂ ਦਾ ਨਿਰਮਾਣ। | 29/07/2025 08/08/2025 | 3.88 ਲੱਖ | 7837575001 ee.prpwdiv.jalandhar @punjab.gov.in |
| 23. | ਕਾਰਜਕਾਰੀ ਇੰਜੀਨੀਅਰ, ਕੌਮੀ ਰਾਜ ਮਾਰਗ ਮੰਡਲ ਨੰ. 1, ਲੋਨਿਵਿ (ਭ ਤੇ ਮ) ਸ਼ਾਖਾ, ਬਠਿੰਡਾ | ਐਮਡੀਆਰ-18 ਰਤੀਆ ਤੋਂ ਸਰਦੂਲਗੜ੍ਹ ਸੈਕਸ਼ਨ, ਮਾਨਸਾ 'ਤੇ ਰੋਡ ਕੱਟ ਦੀ ਰੀਸਟੋਰੇਸ਼ਨ (ਕਿ. ਮੀ. 30.740 ਤੋਂ 33.070) ਕੁੱਲ ਲੰਬਾਈ = 2330 ਮੀਟਰ (ਪੁਨਰ-ਸੱਦਾ) | 01/08/2025 18/08/2025 | 64.50 ਹਜ਼ਾਰ | 9888566783 eecwdbtipwdpb @gmail.com |
| 24. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਮੰਡਲ, ਰੂਪਨਗਰ | ਬਲਾਕ ਚਮਕੌਰ ਸਾਹਿਬ, ਨੂਰਪੁਰ ਬੇਦੀ, ਰੂਪਨਗਰ, ਮੋਰਿੰਡਾ, ਐਚਡਬਲਿਊਸੀ ਭਲਿਆਣ, ਬੀਪੀਐਚਯੂ ਕੀਰਤਪੁਰ ਸਾਹਿਬ ਦੇ ਵੱਖ-ਵੱਖ ਪਿੰਡਾਂ ਵਿਚ ਖੇਡ ਮੈਦਾਨਾਂ ਦਾ ਵਿਕਾਸ। ਜ਼ਿਲ੍ਹਾ ਰੂਪਨਗਰ ਵਿਚ ਲਾਅਨ ਟੈਨਿਸ ਕੋਟ ਦੀ ਮੁਰੰਮਤ, ਨਹਿਰੂ ਸਟੇਡੀਅਮ ਰੂਪਨਗਰ ਵਿਚ ਅਥਲੈਟਿਕ ਟ੍ਰੈਕ ਦੀ ਮੁਰੰਮਤ। | 02/08/2025 18/08/2025 | 30.06 ਲੱਖ | 9814056538 xenprdropar @yahoo.com |
| 25. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਨਿਵਿ (ਭ ਤੇ ਮ) ਸ਼ਾਖਾ, ਮੋਗਾ | ਪਹਿਲੀ ਮੰਜ਼ਿਲ ਐਸਡੀਐਮ ਦਫ਼ਤਰ/ਕੋਰਟ ਕੰਪਲੈਕਸ ਨਿਹਾਲ ਸਿੰਘ ਵਾਲਾ ਵਿਖੇ ਸਥਾਈ ਕੋਰਟ ਹਾਲ ਅਤੇ ਰਿਟਾਇਰਿੰਗ ਰੂਮ ਦੀ ਨਵੀਂ ਉਸਾਰੀ। | 04/08/2025 12/08/2025 | 1.05 ਲੱਖ | 9878491700 eecdmogapwdpb1 @gmail.com |
| 26. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਨੰ. 2, ਲੋਨਿਵਿ (ਭ ਤੇ ਮ) ਸ਼ਾਖਾ, ਬਠਿੰਡਾ | ਰਾਮਸਰਾ ਤੋਂ ਬਾਘਾ ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਦੇ ਐਲ/ਆਰ ਦੀ ਨਵੀਂ ਉਸਾਰੀ। | 29/07/2025 13/08/2025 | 1.51 ਲੱਖ | 9463785032 xene2bti@gmail.com |
| 27. | ਮੰਡਲ ਭੌਂ ਸੰਭਾਲ ਅਧਿਕਾਰੀ, ਫਿਰੋਜ਼ਪੁਰ | ਸਰਕਾਰੀ ਹਾਈ ਸਕੂਲ ਪਿੰਡ ਸ਼ੇਖਵਾਂ ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਵਿਖੇ ਬਰਸਾਤੀ ਪਾਣੀ ਸੰਭਾਲ ਪ੍ਰੋਜੈਕਟ ਦਾ ਨਿਰਮਾਣ। | 29/07/2025 13/08/2025 | 8.35 ਹਜ਼ਾਰ | 9501130087 dsco.dswc.ferozepur @punjab.gov.in |
| 28. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸਵੱਛਤਾ ਮੰਡਲ ਨੰ. 3, ਬਠਿੰਡਾ | 1. ਬਲਾਕ-ਸੀ, ਜੇਸੀਸੀ ਬਠਿੰਡਾ ਵਿਚ ਅਦਾਲਤੀ ਕਮਰੇ, ਅਹਿਲਮਦ ਕਮਰਾ ਅਤੇ ਬਲਾਕ-ਏ ਵਿਚ ਅਹਿਲਮਦ, ਨਾਜ਼ਰ ਦੇ ਕਮਰੇ ਵਿਚ ਸਪਲਿਟ ਟਾਈਪ ਏਸੀ ਦੀ ਵਿਵਸਥਾ ਅਤੇ ਸਥਾਪਨਾ। 2. ਮੌਜੂਦਾ ਬਿਲਡਿੰਗ ਬਲਾਕ ਏ ਅਤੇ ਬੀ ਸਰਕਾਰੀ ਪੋਲੀਟੈਕਨੀਕਲ ਕਾਲਜ, ਬਠਿੰਡਾ ਵਿਚ ਪੀਐਚ ਸੇਵਾਵਾਂ ਦੀ ਮੁਰੰਮਤ ਅਤੇ ਨਵੀਨੀਕਰਨ। | 01/08/2025 18/08/2025 | 2.52 ਲੱਖ | 9888249650 xengwbti@yahoo.com |
| 29. | ਸੀਨੀਅਰ ਮੈਡੀਕਲ ਅਫ਼ਸਰ (ਇੰਚਾਰਜ), ਸਿਵਲ ਹਸਪਤਾਲ, ਬਰਨਾਲਾ | ਸਾਲ 2025-2026 ਦੇ ਲਈ ਖਪਤਯੋਗ ਅਤੇ ਲੈਬ ਸਮੱਗਰੀ ਦੀ ਖਰੀਦ ਲਈ ਟੈਂਡਰ। | 01/08/2025 14/08/2025 | 50.00 ਹਜ਼ਾਰ | 9914934435 Ch.bnl@punjab.gov.in |
| 30. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਨਿਵਿ (ਭ ਤੇ ਮ) ਸ਼ਾਖਾ, ਬਰਨਾਲਾ | ਪੂੰਜੀ ਨਿਵੇਸ਼ 2025-26 ਦੇ ਲਈ ਰਾਜਾਂ ਦੀ ਵਿਸ਼ੇਸ਼ ਸਹਾਇਤਾ ਸਕੀਮ ਦੇ ਅਧੀਨ ਰੱਖ ਰਖਾਅ ਸਮੇਤ ਜ਼ਿਲ੍ਹਾ ਬਰਨਾਲਾ (ਐਮ.ਸੀ. ਧਨੌਲਾ ਅਤੇ ਤਪਾ) ਵਿਚ 20 ਅਦਦ ਦਿਹਾਤੀ ਲਿੰਕ ਸੜਕਾਂ ਦਾ ਆਧੁਨਿਕੀਕਰਨ। | 28/07/2025 19/08/2025 | 19.78 ਲੱਖ | 9876340111 xenpwdbarnala@yahoo.com |
| 31. | ਕਾਰਜਕਾਰੀ ਇੰਜੀਨੀਅਰ, ਬਿਲਡਿੰਗ ਐਂਡ ਸਟੋਰਜ਼ ਡਵੀਜ਼ਨ, ਪੰਜਾਬ, ਚੰਡੀਗੜ੍ਹ | ਮੁੱਖ ਦਫ਼ਤਰ ਭਵਨ ਪਹਿਲੀ ਅਤੇ ਤੀਜੀ ਮੰਜ਼ਿਲ, ਸੈਕਟਰ 17ਈ, ਚੰਡੀਗੜ੍ਹ ਦੇ ਨਵੀਨੀਕਰਨ ਲਈ ਅਨੁਮਾਨ। | 02/08/2025 18/08/2025 | 142.69 ਹਜ਼ਾਰ | 9855772448 eeworkshop38@gmail.com |
| 32. | ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ, ਲੋਨਿਵਿ (ਭ ਤੇ ਮ) ਸ਼ਾਖਾ, ਪਠਾਨਕੋਟ | ਜ਼ਿਲ੍ਹਾ ਪਠਾਨਕੋਟ ਵਿਚ ਵੱਖ-ਵੱਖ ਪਿੰਡਾਂ ਵਿਖੇ ਸੋਲਰ ਸਟ੍ਰੀਟ ਲਾਈਟਾਂ ਦੀ ਸਥਾਪਨਾ (ਐਮ. ਪੀ. ਲੈਡ ਸਕੀਮ ਦੇ ਅਧੀਨ) | 04/08/2025 18/08/2025 | 0.98 ਲੱਖ | 9855076068 eecdpthkpwdpb@gmail.com |
| 33. | ਕਾਰਜਕਾਰੀ ਇੰਜੀਨੀਅਰ, ਰੋਪੜ ਨਹਿਰ ਅਤੇ ਭੂ ਜਲ ਮੰਡਲ, ਡਬਲਿਊਆਰਡੀ ਪੰਜਾਬ, ਰੋਪੜ | ਰੋਪੜ ਹੈਡ ਵਰਕਸ ਦੀ ਸਜਾਵਟ, ਸੁੰਦਰੀਕਰਨ ਅਤੇ ਲਾਈਟਿੰਗ | 03/08/2025 18/08/2025 | 1.87 ਲੱਖ | 8054251920 xen.roparcanal@gmail.com |
| 34. | ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਮੰਡਲ, ਲੋਨਿਵਿ, (ਭ ਤੇ ਮ) ਸ਼ਾਖਾ, ਹੁਸ਼ਿਆਰਪੁਰ | ਲਹਿਲੀ ਕਲਾਂ ਤੋਂ ਸੀਨਾ, ਬਿਹਾਲਾ, ਖਨੂਰ, ਜੱਲੋਵਾਲ (ਐਨਆਈਡੀਏ ਪ੍ਰੋਜੈਕਟ ਦੇ ਅਧੀਨ ਵਿਕਾਸ) (1 ਸਾਲ ਦੋਸ਼ ਜੁਆਬਦੇਹੀ ਮਿਆਦ + 4 ਸਾਲ ਸੜਕ ਰੱਖ ਰਖਾਅ) ਚੱਬੇਵਾਲ ਹਲਕਾ ਗਰੁੱਪ ਨੰ. 1 ਦੇ ਐਲ/ਆਰ ਦਾ ਐਸ/ਆਰ। | 02/08/2025 16/08/2025 | 4.02 ਲੱਖ | 8288869999 eepdhsrpurpwdpb @gmail.com |
| 35. | ਜ਼ਿਲ੍ਹਾ ਖੇਡ ਅਫ਼ਸਰ, ਮਾਨਸਾ | ਕੁਸ਼ਤੀ ਖੇਡ ਵਿੰਗ ਦੀ ਖੁਰਾਕ (ਰਿਹਾਇਸ਼ੀ) | 01/08/2025 15/08/2025 | 28.35 ਹਜ਼ਾਰ | 8146536515 dsomansa@gmail.com |
| 36. | ਨਿਰਦੇਸ਼ਕ, ਬਾਗਬਾਨੀ, ਪੰਜਾਬ, ਐਸਏਐਸ ਨਗਰ | ਬਾਗਬਾਨੀ ਵਿਕਾਸ ਕੇਂਦਰ, ਲਾਡੋਵਾਲ, ਲੁਧਿਆਣਾ ਵਿਖੇ ਸਵੈ ਚਲਿਤ ਸਿੰਜਾਈ/ਫਰਟੀਗੇਸ਼ਨ ਇਕਾਈ ਦੀ ਸਥਾਪਨਾ ਨਾਲ ਬੂਮ ਇਰੀਗੇਸ਼ਨ ਸਮੇਤ ਸਬਜ਼ੀਆਂ ਅਤੇ ਫਲਾਂ ਦੇ ਲਈ ਹਾਈ-ਟੈਕ ਪੌਲੀ ਹਾਊਸ ਦੀ ਸਥਾਪਨਾ (4 ਯੂਨਿਟX1961 ਐਮ2) | 01/08/2025 21/08/2025 | 3.50 ਲੱਖ | 7508018803 dhpunjab@gmail.com |
| 37. | ਕਾਰਜਕਾਰੀ ਇੰਜੀਨੀਅਰ/ਫਿਰੋਜ਼ਪੁਰ ਨਿਕਾਸੀ-ਸਹਿ-ਖੁਦਾਈ ਅਤੇ ਭੂ ਵਿਗਿਆਨ ਮੰਡਲ, ਡਬਲਿਊਆਰਡੀ, ਫਿਰੋਜ਼ਪੁਰ | ਜ਼ਿਲ੍ਹਾ ਫਿਰੋਜ਼ਪੁਰ ਵਿਚ ਰੇਲਵੇ ਲਾਈਨ ਦੇ ਫਿੱਡਾ ਆਊਟਫਾਲ ਡਰੇਨ ਅਪਸਟ੍ਰੀਮ ਵਿਚ ਪੈਂਦੇ ਪਿੰਡ ਕਾਸੂਬੇਗ/ਰੁਕਨਾ ਬੇਗੂ ਦੇ ਨੀਵੇਂ ਇਲਾਕੇ ਵਿਚ ਬਰਸਾਤੀ ਪਾਣੀ ਨੂੰ ਕੱਢਣ ਲਈ 3 ਅਦਦ ਨਾਲੀਆਂ ਦੇ ਨਿਰਮਾਣ ਦੁਆਰਾ ਹੜ੍ਹ ਜੋਖਮ ਨੂੰ ਘਟਾਉਣਾ। | 30/07/2025 13/08/2025 | 81.54 ਹਜ਼ਾਰ | 9781922494 xengolewala@ rediffmail.com |

**ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, eproc.punjab.gov.in, www.eproc.punjab.gov.in, Health. Punjab.gov.in, eproc.punjab.govt.in, www.pbrdp.gov.in, health.punjab.gov.in, irrigation.punjab.gov.in, www.irrigation.punjab.gov.in**
**RO No. PR-Advt. No.: 1001/12/2025-26/1866/Dated CHD: 01/08/2025**



**ਈ-ਨਿਲਾਮੀ ਵਿਕਰੀ ਸੂਚਨਾ**
**28.08.2025**
**11.00 ਵਜੇ ਤੋਂ 16.00 ਵਜੇ**

# SBI ਸਟੇਟ ਬੈਂਕ ਆਫ ਇੰਡੀਆ

**ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਤੀਜੀ ਮੰਜ਼ਿਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਨਟੇਨ ਚੌਂਕ, ਸਿਵਲ ਲਾਈਨਜ਼, ਲੁਧਿਆਣਾ 141001**

**ਈ-ਨਿਲਾਮੀ ਵਿਕਰੀ ਸੂਚਨਾ**
**28.08.2025**
**11.00 ਵਜੇ ਤੋਂ 16.00 ਵਜੇ**

**28.08.2025 ਨੂੰ ਚੱਲ/ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ 11.00 ਵਜੇ ਤੋਂ 16.00 ਵਜੇ ਤੱਕ,**
**ਈ-ਨਿਲਾਮੀ ਬੰਦ ਹੋਣ 'ਤੇ ਜਾਂ ਇਸ ਤੋਂ ਪਹਿਲਾਂ ਈਐਮਡੀ ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ,**
**ਮੈਸ. ਪੀਐਸਬੀ ਅਲਾਇੰਸ ਪ੍ਰਾਈਵੇਟ ਲਿਮਟਿਡ ਕੋਲ ਆਪਣੀ ਈ-ਨਿਲਾਮੀ ਸਾਈਟ 'ਤੇ ਰਜਿਸਟਰਡ ਆਪਣੇ ਖੁਦ ਦੇ ਵਾਲਿਟ ਰਾਹੀਂ ਬੋਲੀਕਾਰ : https://baanknet.com ਆਰਟੀਜੀਐਸ/ਐਨਈਐਫਟੀ ਦੇ ਜ਼ਰੀਏ**

**ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ** ਕਾਨੂੰਨ, 2002 ਦੇ ਤਹਿਤ ਅਚੱਲ/ਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ, ਜਿਸ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਅਤੇ 9 (1) ਦੇ ਉਪਬੰਧ ਦੇ ਨਾਲ ਪੜ੍ਹਿਆ ਜਾਂਦਾ ਹੈ। ਇਸ ਦੁਆਰਾ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ **ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ)** ਨੂੰ ਗਿਰਵੀ ਰੱਖੀਆਂ ਗਈਆਂ ਹਨ, ਇਹਨਾਂ ਜਾਇਦਾਦਾਂ ਦਾ ਉਸਾਰੂ/ਭੌਤਿਕ ਕਬਜ਼ਾ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀਆਂ ਦੁਆਰਾ ਲਿਆ ਗਿਆ ਹੈ, 28.08.2025 ਨੂੰ **"ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਓਥੇ ਹੈ"** ਦੇ ਆਧਾਰ 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰਾਂ/ਜ਼ਾਮਨਾਂ ਤੋਂ ਸਟੇਟ ਬੈਂਕ ਆਫ਼ ਇੰਡੀਆ (ਸੁਰੱਖਿਅਤ ਕਰਜ਼ਦਾਤਾ) ਦੇ ਬਕਾਇਆ ਬੈਂਕ ਬਕਾਏ + ਵਿਆਜ (ਜਿਵੇਂ ਕਿ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸਿਆ ਗਿਆ ਹੈ) ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਜਾਇਦਾਦਾਂ ਦੇ ਵਿਰੁੱਧ ਹੇਠਾਂ ਦੱਸੇ ਅਨੁਸਾਰ ਹੋਵੇਗਾ। ਸਾਰੇ ਕਾਨੂੰਨੀ/ਗੈਰ-ਕਾਨੂੰਨੀ ਬਕਾਏ, ਟੈਕਸ, ਦਰਾਂ, ਮੁਲਾਂਕਣ, ਖਰਚੇ, ਫੀਸ ਆਦਿ ਦਾ ਭੁਗਤਾਨ ਕਿਸੇ ਵੀ ਵਿਅਕਤੀ ਦੇ ਕਾਰਨ ਸਿਰਫ਼ ਸਫਲ ਬੋਲੀਕਾਰ ਦੀ ਜ਼ਿੰਮੇਵਾਰੀ ਹੋਵੇਗੀ। ਸਫਲ ਬੋਲੀਕਾਰ ਦੁਆਰਾ ਵਿਕਰੀ ਕੀਮਤ ਦੀ ਕਿਸੇ ਵੀ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ ਉਸ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਜ਼ਬਤ ਕਰ ਲਈ ਜਾਵੇਗੀ। **ਵਿਕਰੀ ਦੇ ਵੇਰਵੇ ਨਿਯਮ ਅਤੇ ਸ਼ਰਤਾਂ ਹੇਠਾਂ ਦਿੱਤੀਆਂ ਗਈਆਂ ਹਨ/ਵੇਬਸਾਈਟ ਵੇਖੋ: (a) https:sbi.co.in/(b) https://baanknet.com**

**ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ**

| ਲ. ਨੰ. | ਕਰਜ਼ਦਾਰ (ਾਂ)/ ਜ਼ਾਮਨ (ਾਂ) ਦੇ ਨਾਮ | ਬਕਾਇਆ ਰਕਮ | ਸੰਪੱਤੀ/ਆਂ ਦੇ ਵੇਰਵੇ | ਰਾਖਵੀਂ ਕੀਮਤ / ਜਮ੍ਹਾਂ ਬਿਆਨਾ ਰਕਮ (ਈਐਮਡੀ) / ਬੋਲੀ ਵਾਧਾ ਰਕਮ | ਸੰਪੱਤੀ ਦੀ ਜਾਂਚ ਦੀ ਮਿਤੀ ਅਤੇ ਸਮਾਂ | ਅਧਿਕਾਰਤ ਅਧਿਕਾਰੀ/ਸੰਪਰਕ ਨੰ. |
|---|---|---|---|---|---|---|
| 1. | ਸ੍ਰੀ ਕੁਨਾਲ ਸਪੁੱਤਰ ਸ੍ਰੀ ਜਨਕ ਰਾਜ #1134, ਜਲੰਧਰ ਪ੍ਰਾਈਮ ਐਨਕਲੇਵ, ਕਪੂਰਥਲਾ ਰੋਡ, ਬਸਤੀ ਬਾਵਾ ਖੇਲ ਜਲੰਧਰ-144021 | Rs. 22,52,873.00 (ਰੁ. ਬਾਈ ਲੱਖ ਬਵੰਜਾ ਹਜ਼ਾਰ ਅੱਠ ਸੌ ਤਿਹੱਤਰ ਕੇਵਲ) ਮਿਤੀ 25.11.2019 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ | ਸ੍ਰੀ ਕੁਨਾਲ ਪੁੱਤਰ ਸ੍ਰੀ ਜਨਕ ਰਾਜ ਦੇ ਨਾਮ 'ਤੇ ਵਿਕਰੀ ਡੀਡ ਨੰਬਰ 2018-19/187/1/4568 ਮਿਤੀ 29.01.2019, ਸਬ ਰਜਿਸਟਰਾਰ, ਜਲੰਧਰ-2 ਦੇ ਦਫ਼ਤਰ ਵਿੱਚ ਰਜਿਸਟਰਡ ਸੰਪੱਤੀ ਆਈਡੀ- SBIN200027795401: 8.55 ਮਰਲੇ (46'-6"x 50') ਦਾ ਰਿਹਾਇਸ਼ੀ ਪਲਾਟ ਜੋ ਕਿ ਖਾਤਾ ਨੰਬਰ 113/115, ਖਸਰਾ ਨੰਬਰ 19//2/2, 3,9/2, 12/2, 13, 8 ਵਿੱਚ ਸ਼ਾਮਲ ਹੈ, ਜੋ ਕਿ ਪਲਾਟ ਨੰਬਰ 5, ਪ੍ਰਾਈਮ ਐਨਕਲੇਵ ਐਕਸਟੈਂਸ਼ਨ-9, ਬਸਤੀ ਬਾਵਾ ਖੇਲ, ਹੱਦਬਸਤ ਨੰਬਰ 311, ਜਲੰਧਰ ਵਿਖੇ ਸਥਿਤ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਉੱਤਰ: ਖੁੱਲ੍ਹਾ ਪਲਾਟ, ਦੱਖਣ: ਸੜਕ, ਪੂਰਬ: ਪਲਾਟ ਨੰਬਰ 6, ਪੱਛਮ: ਸੜਕ<br>(ਸੰਕੇਤਕ/ਨਿਰਮਾਣ ਅਧੀਨ ਪਲਾਟ) ਦੀ ਕਬਜ਼ਾ ਮਿਤੀ : 19.03.2020 | Rs. 14,32,000/-<br>Rs. 1,43,200/-<br>Rs. 50,000/- | 18.08.2025 11:00 hrs to 13:00 hrs | ਨਾਮ : ਵਿਕਾਸ ਕੁਮਾਰ ਚੌਰਸਈਆ (ਸੀ.ਐਲ.ਓ.) Mobile No. 97790 75339<br>ਨਾਮ : ਸਪਨਾ ਕੇ. ਸ਼ਰਮਾ (ਸੀ.ਸੀ.ਓ.) Mobile No. 82646-56640 |

**ਇਹ ਪ੍ਰਕਾਸ਼ਨ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 9 (1) ਅਤੇ 8(6) ਦੇ ਤਹਿਤ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਨੂੰ 15 ਦਿਨਾਂ ਦਾ ਨੋਟਿਸ ਵੀ ਹੈ।**

**ਸਰਫਾਇਸੀ ਐਕਟ, 2002 ਦੇ ਉਪਬੰਧਾਂ ਦੇ ਅਨੁਸਾਰ, ਹੁਣ ਬੈਂਕ ਦੇ ਕਬਜ਼ੇ ਵਿੱਚ ਅਚੱਲ ਸੰਪਤੀਆਂ ਨੂੰ ਜਨਤਕ ਈ-ਨਿਲਾਮੀ ਰਾਹੀਂ ਵੇਚਣ ਦਾ ਪ੍ਰਸਤਾਵ ਹੈ ਜੋ 28.08.2025 ਨੂੰ ਸਵੇਰੇ 11.00 ਵਜੇ https://baanknet.com ਰਾਹੀਂ ਹੋਵੇਗੀ। ਵਿਕਰੀ ਦੀਆਂ ਵਿਸਤ੍ਰਿਤ ਸ਼ਰਤਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਵੈੱਬਸਾਈਟਾਂ ਵੇਖੋ: https://baanknet.com**

ਮਿਤੀ: 02.08.2025 — ਸਥਾਨ: ਲੁਧਿਆਣਾ — ਅਧਿਕਾਰਤ ਅਧਿਕਾਰੀ, ਸਟੇਟ ਬੈਂਕ ਆਫ ਇੰਡੀਆ

हरियाणा सरकार

"युवाओं को नौकरी देने का हमारा अभियान निरंतर जारी है। भारत सरकार रोज़गार के नए अवसर उपलब्ध कराने पर भी ध्यान केंद्रित कर रही है।"
- नरेन्द्र मोदी



# ਅਸਰਦਾਰ ਸਰਕਾਰ - ਸੁਸ਼ਾਸਨ ਹੀ ਆਧਾਰ

## ਗਰੁੱਪ 'ਡੀ' ਵਰਗ ਦੇ ਨਵ-ਨਿਯੁਕਤ ਸਰਕਾਰੀ ਕਰਮਚਾਰੀਆਂ ਦਾ
## ਰਾਜ ਪੱਧਰੀ ਸੰਮੇਲਨ

2 ਅਗਸਤ, 2025 | ਦੁਪਹਿਰ 12 ਵਜੇ | ਇੰਦਰਧਨੁਸ਼ ਆਡੀਟੋਰੀਅਮ, ਸੈਕਟਰ-5, ਪੰਚਕੂਲਾ

ਮੁੱਖ ਮਹਿਮਾਨ
**ਸ਼੍ਰੀ ਨਾਇਬ ਸਿੰਘ ਸੈਣੀ**
ਮੁੱਖ ਮੰਤਰੀ, ਹਰਿਆਣਾ

- ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ, ਲਗਭਗ 1.75 ਲੱਖ ਨੌਜਵਾਨਾਂ ਨੂੰ ਪਾਰਦਰਸ਼ਤਾ ਅਤੇ ਯੋਗਤਾ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ
- HKRNL ਦੁਆਰਾ ਲਗਭਗ 23 ਹਜ਼ਾਰ ਨੌਜਵਾਨਾਂ ਨੂੰ ਦਿੱਤੀਆਂ ਨੌਕਰੀਆਂ
- ਗਰੁੱਪ 'ਸੀ' ਅਤੇ 'ਡੀ' ਦੀਆਂ ਭਰਤੀਆਂ ਵਿਚ ਇੰਟਰਵਿਊ ਨੂੰ ਕੀਤਾ ਖਤਮ
- ਠੇਕਾ ਕਰਮਚਾਰੀਆਂ ਦੀਆਂ ਨੌਕਰੀਆਂ ਸੇਵਾਮੁਕਤੀ ਤੱਕ ਸੁਰੱਖਿਅਤ, 5 ਸਾਲ ਪੂਰੇ ਕਰ ਚੁੱਕੇ ਠੇਕਾ ਕਰਮਚਾਰੀ ਹੋਣਗੇ ਨੀਤੀ ਦੇ ਲਾਭਪਾਤਰ
- ਵਾਰ-ਵਾਰ ਹੋਣ ਵਾਲੀਆਂ ਮੁਕਾਬਲਾ ਪ੍ਰੀਖਿਆਵਾਂ ਤੋਂ ਛੁਟਕਾਰੇ ਲਈ ਸਾਂਝਾ ਯੋਗਤਾ ਟੈਸਟ (CET) ਲਈ ਕੀਤਾ ਗਿਆ ਪ੍ਰਬੰਧ
- ਨੌਜਵਾਨਾਂ ਨੂੰ ਵਿਦੇਸ਼ ਭੇਜਣ ਲਈ ਓਵਰਸੀਜ਼ ਪਲੇਸਮੈਂਟ ਸੈੱਲ ਦੀ ਸਥਾਪਨਾ

ਪ੍ਰੋਗਰਾਮ ਨਾਲ ਜੁੜਨ ਲਈ QR ਕੋਡ ਸਕੈਨ ਕਰੋ

**ਆਪ ਸਭ ਨੂੰ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ**

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ ਦੇ Whatsapp ਚੈਨਲ ਨਾਲ ਜੁੜਨ ਲਈ QR ਕੋਡ ਨੂੰ ਸਕੈਨ ਕਰੋ

ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ

www.prharyana.gov.in | Follow us on @diprharyana

# ਖਾਲਸਾ ਕਾਲਜ ਮਹਿਤਾ ਬੀ.ਕਾਮ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾ।



ਚੌਂਕ ਮਹਿਤਾ,01 ਅਗਸਤ (ਬਲਜਿੰਦਰ ਸਿੰਘ ਰੰਧਾਵਾ)ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਬੀ .ਕਾਮ ਸਮੈਸਟਰ ਦੂਜੇ ਅਤੇ ਛੇਵੇਂ ਦੇ ਨਤੀਜੇ ਘੋਸ਼ਿਤ ਕੀਤੇ ਗਏ। ਜਿਸ ਵਿੱਚ ਬੀ.ਕਾਮ ਸਮੈਸਟਰ ਦੂਜੇ ਅਤੇ ਛੇਵੇਂ ਦੀ ਵਿਦਿਆਰਥੀਆਂ ਦੀ ਮਿਹਨਤ ਸਦਕਾ ਨਤੀਜੇ ਸੌ ਫੀਸਦੀ ਰਹੇ। ਜਿਸ ਵਿੱਚ ਬੀ.ਕਾਮ ਜੈਸਮੀਨ ਕੌਰ 78%,ਨਵਦੀਪ ਕੌਰ 77% ਪ੍ਰੀਆ ਕਿਰਨ, ਸਿਮਰਨਪ੍ਰੀਤ ਕੌਰ 75% ਅੰਕ ਪ੍ਰਾਪਤ ਕਰ ਕ$ਮਵਾਰ ਪਹਿਲਾ,ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਅਤੇ ਬੀ.ਕਾਮ ਸਮੈਸਟਰ ਛੇਵੇਂ ਦੀ ਕਿਰਨਦੀਪ ਕੌਰ ਨੇ ਵਧੀਆ ਅੰਕ ਪ੍ਰਾਪਤ ਕੀਤੇ । ਇਹਨਾ ਪ੍ਰੀਖਿਆਵਾਂ ਵਿਚ ਕਾਲਜ ਦੇ ਸਾਰੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਲਾਘਾਯੋਗ ਰਿਹਾ। ਇਸ ਮੌਕੇ 'ਤੇ ਕਾਲਜ ਦੇ ਪ੍ਰਿੰਸੀਪਲ ਸਰਦਾਰ ਗੁਰਦੀਪ ਸਿੰਘ ਜਲਾਲ ਉਸਮਾਂ ਨੇ ਖੁਸ਼ੀ ਜ਼ਾਹਿਰ ਕਰਦਿਆ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ, ਅਤੇ ਕਿਹਾ ਕਿ ਇਹ ਨਤੀਜੇ ਸਿਰਫ ਤੁਹਾਡੀ ਲਗਾਤਾਰ ਕੋਸ਼ਿਸ਼ ਨਹੀਂ ਸਗੋਂ ਤੁਹਾਡੇ ਭਵਿੱਖ ਦੀ ਮਜਬੂਤ ਨੀਂਹ ਵੀ ਹਨ ।ਤੁਸੀ ਕਾਲਜ ਦਾ ਮਾਨ ਵਧਾਇਆ ਹੈ ਤੇ ਹੋਰ ਬੱਚਿਆਂ ਲਈ ਪ੍ਰੇਰਨਾ ਦਾ ਇੱਕ ਉਦਾਹਰਣ ਬਣੇ ਹੋ । ਉਹਨਾਂ ਨੇ ਵਿਦਿਆਰਥੀਆਂ ਨੂੰ ਦਿਲ ਲਾ ਕੇ ਪੜ੍ਹਨ ਅਤੇ ਆਪਣੀ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ ।ਇਸ ਸੁਭਾਗੇ ਮੌਕੇ 'ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ,ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ, ਕੁਲਦੀਪ ਕੌਰ,ਗੁਰਸ਼ਰਨਪ੍ਰੀਤ ਕੌਰ, ਸੁਖਮਨਦੀਪ ਕੌਰ ,ਪਵਨਦੀਪ ਕੌਰ, ਅਮਨਦੀਪ ਕੌਰ, ਪੂਰਤੀ ਸ਼ਰਮਾ , ਨਵਨੀਤ ਕੌਰ, ਮਨਜੀਤ ਕੌਰ ,ਗੁਰਵਿੰਦਰ ਕੌਰ ,ਸੁਪ੍ਰੀਤ ਕੌਰ, ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ।

# ਜਸਪ੍ਰੀਤ ਕੌਰ ਨੂੰ ਵਕੀਲ ਬਣਨ ਤੇ ਵਧਾਈ ਦਿੱਤੀ

ਭੋਗਪੁਰ.1 ਅਗਸਤ : ਅਮਰਜੀਤ ਸਿੰਘ ਸੈਣੀ ਜੰਡੀਰ. :ਭੀਮ ਆਰਮੀ ਆਗੂ ਪਰਮਵੀਰ ਸਿੰਘ ਨੇ ਜਸਪ੍ਰੀਤ ਕੌਰ ਨੂੰ ਵਕੀਲ ਬਣ ਤੇ ਵਧਾਈ ਦਿੱਤੀ। ਜਾਣਕਾਰੀ ਦਿੰਦੇ ਹੋਏ ਪਰਮਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਦੀਨੀ ਜਸਪ੍ਰੀਤ ਕੌਰ ਨੇ ਐਲ ਐਲ ਬੀ ਪੜਾਈ ਪੂਰੀ ਕਰਕੇ ਵਕੀਲ ਦਾ ਉਹਦਾ ਪ੍ਰਾਪਤ ਕੀਤਾ ਸੀ,ਅਤੇ ਬਾਰ ਕੌਂਸਲਰ ਚੰਡੀਗੜ੍ਹ ਵੱਲੋਂ ਜਸਪ੍ਰੀਤ ਕੌਰ ਨੂੰ ਵਕਾਲਤ ਕਰਨ ਸਬੰਧੀ ਸਰਟੀਫਿਕੇਟ ਵੀ ਦਿੱਤਾ ਗਿਆ ਸੀ। ਤੇ ਅੱਜ ਉਸ ਨੂੰ ਕਾਮਯਾਬੀ ਮਿਲਣ ਤੇ ਪਰਮਵੀਰ ਸਿੰਘ ਨੇ ਆਪਣੀ ਟੀਮ ਸਮੇਤ ਜਸਪ੍ਰੀਤ ਕੌਰ ਨੂੰ ਵਧਾਈ ਦਿੱਤੀ

# ਖਿਡਾਰੀ ਭਾਵਿਕ ਜੈਨ, ਹਰਨਵ ਸਿੰਘ ਅਤੇ ਹਰਸ਼ਿਕਾ ਦਾ ਫਿਰੋਜ਼ਪੁਰ ਪਹੁੰਚਣ ਤੇ ਵਿਧਾਇਕ ਸ਼੍ਰੀ ਰਜਨੀਸ਼ ਕੁਮਾਰ ਦਹੀਯਾ ਨੇ ਕੀਤਾ ਸਵਾਗਤ



f ਫਰੋਜ਼ਪੁਰ 1 ਅਗਸਤ 2025 ( )20ਵੀਂ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਜੋ ਕਿ 15 ਜੁਲਾਈ ਤੋਂ 30 ਜੁਲਾਈ 2025 ਤੱਕ ਸਥਾਨ ਸਾਊਥ ਕੋਰੀਆ ਵਿੱਚ ਹੋਈਆਂ ਸਨ ਵਿੱਚ ਜੂਨੀਅਰ ਲੜਕੀਆਂ ਇਨਲਾਈਨ ਹਾਕੀ ਟੀਮ ਵਿੱਚ ਹਰਸ਼ਿਕਾ ਨੇ ਦੂਜਾ, ਇਸੇ ਇਵੈਂਟ ਲੜਕਿਆਂ ਵਿੱਚ ਹਰਨਵ ਸਿੰਘ ਅਤੇ ਭਾਵਿਕ ਜੈਨ ਨੇ ਤੀਜਾ ਸਥਾਨ ਹਾਸਿਲ ਕੀਤਾ। ਫਿਰੋਜ਼ਪੁਰ ਪਹੁੰਚਣ ਤੇ ਇਨ੍ਹਾਂ ਖਿਡਾਰੀਆਂ ਦਾ ਵਿਧਾਇਕ ਫਿਰੋਜ਼ਪੁਰ ਦਿਹਾਤੀ ਸ਼$ਰੀ ਰਜਨੀਸ਼ ਕੁਮਾਰ ਦਹੀਯਾਵੱਲੋਂ ਜ਼ੋਰਦਾਰ ਸਵਾਗਤ ਕੀਤਾ ਗਿਆ, ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਹਾਇਕ ਕਮਿਸ਼ਨਰ ਸ਼$ਰੀ ਸਿਮਰਨਜੀਤ ਸਿੰਘ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸ ਮੌਕੇ ਰਜਨੀਸ਼ ਕੁਮਾਰ ਦਹੀਯਾ ਨੇ ਕਿਹਾ ਕਿ ਖਿਡਾਰੀ ਹਰਸ਼ਿਕਾ ਨੇ ਜੂਨੀਅਰ ਲੜਕੀਆਂ ਇਨਲਾਈਨ ਹਾਕੀ ਟੀਮ ਵਿੱਚ ਦੂਜਾ, ਹਰਨਵ ਸਿੰਘ ਅਤੇ ਭਾਵਿਕ ਜੈਨ ਜੂਨੀਅਰ ਲੜਕਿਆਂ ਨੇ ਇਨਲਾਈਨ ਹਾਕੀ ਟੀਮ ਵਿੱਚ ਤੀਜਾ ਸਥਾਨ ਹਾਸਿਲ ਕਰਕੇ ਫਿਰੋਜ਼ਪੁਰ ਛਾਉਣੀ ਵਿਖੇ ਪੁੱਜਣ 'ਤੇ ਬਹੁਤ ਖ਼ੁਸ਼ੀ ਹੋਈ ਹੈ। ਉਹਨਾਂ ਕਿਹਾ ਕਿ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਭਾਵਿਕ ਜੈਨ, ਹਰਨਵ ਸਿੰਘ ਅਤੇ ਹਰਸ਼ਿਕਾ ਨੇ ਸਾਊਥ ਕੋਰੀਆ ਵਿੱਚ ਹੋਈਆਂ ਗੇਮਾਂ ਵਿੱਚ ਇਹ ਮੁਕਾਮ ਹਾਸਿਲ ਕਰਕੇ ਜ਼ਿਲ੍ਹੇ ਦਾ ਨਾਮ ਅਤੇ ਪੰਜਾਬ ਦਾ ਨਾਮ ਰੌਸ਼ਨ ਕੀਤਾ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵੀ ਮੁੱਖ ਤਰਜੀਹ ਰਹੀ ਹੈ ਕਿ ਪੰਜਾਬ ਦੇ ਖਿਡਾਰੀ ਵੱਡੀਆਂ ਵੱਡੀਆਂ ਗੇਮਾਂ ਵਿੱਚ ਮੱਲਾਂ ਮਾਰਨ੍ਹ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਖਿਡਾਰੀਆਂ ਨੂੰ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਲਈ ਪ੍ਰੈਕਟਿਸ ਵਾਸਤੇ ਖੇਡ ਮੈਦਾਨ ਬਣਾ ਕੇ ਦੇ ਰਹੀ ਹੈ। ਉਹਨਾਂ ਕਿਹਾ ਕਿ ਖਿਡਾਰੀ ਦੇਸ਼ ਦਾ ਮਾਣ ਹੁੰਦੇ ਹਨ ਅਤੇ ਇਹਨਾਂ ਖਿਡਾਰੀਆਂ ਵੱਲੋਂ ਹੀ ਬਾਹਰਲੇ ਮੁਲਕਾਂ ਵਿੱਚ ਜਾ ਕੇ ਪੰਜਾਬ ਅਤੇ ਭਾਰਤ ਦਾ ਨਾਮ ਰੌਸ਼ਨ ਕਰਨਾ ਬਹੁਤ ਮਾਣ ਵਾਲੀ ਗੱਲ ਹੈ। ਉਹਨਾਂ ਨੇ ਇਸ ਮੌਕੇ ਖਿਡਾਰੀਆਂ ਅਤੇ ਉਨਾਂ ਦੇ ਪਰਿਵਾਰ ਵਾਲਿਆਂ, ਕੋਚ ਸਾਹਿਬਾਨਾਂ ਨੂੰ ਇਸ ਵੱਡੀ ਜਿੱਤ ਦੀ ਪ੍ਰਾਪਤੀ ਤੇ ਵਧਾਈ ਦਿੱਤੀ ਇਸ ਮੌਕੇ ਜ਼ਿਲ੍ਹਾ ਖੇਡ ਅਫਸਰ ਰੁਪਿੰਦਰ ਸਿੰਘ ਬਰਾੜ ਨੇ ਕਿਹਾ ਕਿ ਖਿਡਾਰੀ ਹਰਸ਼ਿਕਾ, ਭਾਵਿਕ ਜੈਨ ਅਤੇ ਹਰਨਵ ਸਿੰਘ (ਦਾਸ ਐਂਡ ਬਰਾਊਨ ਵਰਲਡ ਸਕੂਲ ਫਿਰੋਜ਼ਪੁਰ) ਨੇ ਜੂਨੀਅਰ ਇਨਲਾਈਨ ਹਾਕੀ ਟੀਮ ਵਿੱਚੋਂ ਕ੍ਰਮਵਾਰ ਦੂਜਾ, ਤੀਜਾ ਅਤੇ ਤੀਜਾ ਸਥਾਨ ਹਾਸਿਲ ਕਰਕੇ ਆਉਣ ਤੇ ਪੂਰੇ ਜ਼ਿਲ੍ਹੇ ਵਿੱਚ ਖ਼ੁਸ਼ੀ ਦਾ ਮਾਹੌਲ ਹੈ ਉਹਨਾਂ ਕਿਹਾ ਕਿ ਜ਼ਿਲ੍ਹੇ ਅੰਦਰ ਖਿਡਾਰੀਆਂ ਨੂੰ ਚੰਗੇ ਕੋਚ ਅਤੇ ਚੰਗਾ ਖੇਡ ਗਰਾਊਂਡ ਮੁਹੱਈਆ ਕਰਵਾਇਆ ਗਿਆ ਹੈ ਤਾਂ ਜੋ ਖਿਡਾਰੀ ਆਪਣੀ ਚੰਗੀ ਤਰ੍ਹਾਂ ਤਿਆਰੀ ਕਰਕੇ ਖੇਡਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੇ ਜ਼ਿਲ੍ਹੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ ਉਹਨਾਂ ਕਿਹਾ ਕਿ ਖਿਡਾਰੀਆਂ ਦੀ ਇਸ ਜਿੱਤ ਤੇ ਉਹਨਾਂ ਨੂੰ ਪੂਰਾ ਮਾਣ ਹੈ ਇਸ ਮੌਕੇ ਖੇਡ ਵਿਭਾਗ ਦੇ ਕੋਚ ਅਤੇ ਸਟਾਫ ਆਦਿ ਹਾਜ਼ਰ ਸਨ

# ਪੱਤਰਕਾਰ ਦੇਸ਼ ਦੀ ਰੀੜ ਦੀ ਹੱਡੀ ਵਾਂਗ ਹੁੰਦੇ ਹਨ : ਹਰਮੇਜ ਸਿੰਘ



ਭੋਗਪੁਰ, ਅਮਰਜੀਤ ਸਿੰਘ ਸੈਣੀ ਜੰਡੀਰ। ਪ੍ਰੈਸ ਮੀਡੀਆ ਦੇਸ਼ ਦੀ ਰੀੜ ਦੀ ਹੱਡੀ ਵਾਂਗ ਹੁੰਦਾ ਹੈ।ਮੀਡੀਆ ਹੀ ਹੈ ਜੋ ਕਿ ਦੇਸ਼,ਸੂਬੇ,ਹਰ ਪਿੰਡ ਅਤੇ ਹਰ ਮਹੱਲੇ ਦੀ ਕਾਮਯਾਬੀ ਲਈ ਚਿੰਨ ਬਣ ਕੇ ਉਭਰਦਾ ਹੈ ਤੇ ਮੀਡੀਆ ਵਿੱਚ ਕੰਮ ਕਰਨ ਵਾਲੇ. ਭਰਿਸ਼ਟਾਚਾਰੀਆਂ ਦੇ ਜ਼ੁਲਮਾਂ ਦੇ ਸ਼ਿਕਾਰ ਹੁੰਦੇ ਹੋਏ ਵੀ ਆਪਣੇ ਫਰਜ ਨੂੰ ਇਮਾਨਦਾਰੀ ਨਾਲ ਨਿਭਾਉਂਦੇ ਹਨ,ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਵਿੰਗ ਦੇ ਪ੍ਰਧਾਨ ਹਰਮੇਜ ਸਿੰਘ ਨੇ ਕੀਤਾ. ਹਰਮੇਜ ਸਿੰਘ ਨੇ ਕਿਹਾ ਕਿ ਮਿਹਨਤੀ ਅਤੇ ਸੁਚਵਾਨ ਮੀਡੀਆ ਚ ਕੰਮ ਕਰ ਰਹੇ ਪੱਤਰਕਾਰ ਆਪਣੀ ਜ਼ਿੰਦਗੀ ਨੂੰ ਦਾਅ ਤੇ ਲਗਾ ਕੇ ਸੱਚਾਈ ਲੋਕਾਂ ਸਾਹਮਣੇ ਰੱਖਦੇ ਹਨ. ਉਹਨਾਂ ਕਿਹਾ ਪ੍ਰਸ਼ਾਸਨ ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਮਿਹਨਤੀ ਸਮਾਜ ਸੇਵਾਂ ਵੱਲ ਧਿਆਨ ਰੱਖੋ. ਅਤੇ ਨਾਲ ਹੀ ਉਹਨਾਂ ਨੇ ਕੁਝ ਪੁਲਿਸ ਮੁਲਾਜ਼ਮਾ ਵੱਲ ਵੀ ਉਂਗਲ ਕਰਦੇ ਹੋਏ ਕਿਹਾ ਕਿ ਕੁਝ ਥਾਣੇ ਦੇ ਮੁਲਾਜ਼ਮ ਆਪਣੇ ਵੱਖਰੇ ਪੱਤਰਕਾਰ ਰੱਖਦੇ ਹਨ ਇੱਕ ਜਾਂ ਦੋ ਪੱਤਰਕਾਰਾਂ ਨੂੰ ਖਬਰ ਦੱਸ ਕੇ ਲਗਵਾ ਲੈਂਦੇ ਹਨ.ਅਤੇ ਉਹ ਖਬਰ ਵਿੱਚ ਕਈ ਵਾਰ ਪੂਰੀ ਸੱਚਾਈ ਨਹੀਂ ਦੱਸੀ ਜਾਂਦੀ.ਉਹਨਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਚਾਹੀਦਾ ਹੈ ਕਿ ਮੀਡੀਆ ਵਿੱਚ ਕੰਮ ਕਰ ਰਹੇ ਸਾਰੇ ਪੱਤਰਕਾਰਾਂ ਨੂੰ ਪ੍ਰੈਸ ਨੋਟ ਭੇਜਿਆ ਜਾਵੇ, ਤਾਂ ਕਿ ਹਰ ਅਖਬਾਰ ਜਾਂ ਚੈਨਲ ਦੀ ਖ਼ਬਰ ਪੂਰੀ ਸੱਚਾਈ ਨਾਲ ਚੱਲ ਸਕੇ,ਉਨ੍ਹਾਂ ਕਿਹਾ ਕਿ ਕਿਸੇ ਵੀ ਚੈਨਲ ਤੇ ਖ਼ਬਰ ਚਲ ਜਾਵੇ ਤਾਂ ਚੈਨਲ ਰਾਹੀਂ ਵੀਡੀਓ ਵਿੱਚ ਪੂਰੀ ਸਚਾਈ ਦਾ ਪਤਾ ਚਲ ਜਾਂਦਾ ਹੈ, ਉਹਨਾਂ ਦਾ ਪਤਾ ਨਹੀਂ ਪੁਲਿਸ ਮੁਲਾਜ਼ਮ ਕੈਮਰੇ ਸਾਹਮਣੇ ਆਉਣ ਤੋਂ ਕਿਉਂ ਡਰਦੇ ਹਨ,ਇਸ ਮੌਕੇ ਤੇ ਸਸਵੀਰ ਸਿੰਘ, ਸਤਨਾਮ ਸਿੰਘ, ਬਿੱਟੂ, ਪਰਮਜੀਤ ਆਦਿ ਹਾਜ਼ਰ ਸਨ

# ਭਗਤਾ ਭਾਈ 'ਚ ਜੋਨਲ ਸਕੂਲ ਖੇਡਾਂ ਦੀ ਸ਼ਾਨਦਾਰ ਸਮਾਪਤੀ

ਭਗਤਾ ਭਾਈ ਕਾ 1 ਅਗਸਤ (ਸਵਰਨ ਸਿੰਘ ਭਗਤਾ):ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਤਾ ਭਾਈ ਵਿਖੇ ਚੱਲ ਰਹੀਆਂ ਜੋਨਲ ਪੱਧਰੀ ਸਕੂਲ ਖੇਡਾਂ ਅੱਜ ਆਪਣੇ ਆਖਰੀ ਦਿਨ 'ਤੇ ਸ਼ਾਨਦਾਰ ਢੰਗ ਨਾਲ ਸਮਾਪਤ ਹੋ ਗਈਆਂ ।ਇਹ ਖੇਡਾਂ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ੍ਰੀਮਤੀ ਮਮਤਾ ਖੁਰਾਨਾ ਸੇਠੀ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਜਸਵੀਰ ਸਿੰਘ ਗਿੱਲ ਅਗਵਾਈ ਹੇਠ ਕਰਵਾਈਆਂ ਗਈਆਂ ।ਖੇਡਾਂ ਦੇ ਅੰਤਿਮ ਦਿਨ ਚੇਅਰਮੈਨ ਜ਼ਿਲ੍ਹਾ ਇੰਪਰੂਵਮੈਂਟ ਟਰੱਸਟ ਅਤੇ ਜ਼ਿਲ੍ਹਾ ਪ੍ਰਧਾਨ ਦਿਹਾਤੀ ਬਠਿੰਡਾ ਜਤਿੰਦਰ ਸਿੰਘ ਭੱਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ।ਉਹਨਾਂ ਕਿਹਾ ਕਿ ਨੌਜਵਾਨੀ ਦੇ ਵਿਕਾਸ ਲਈ ਖੇਡਾਂ ਬਹੁਤ ਜ਼ਰੂਰੀ ਹਨ ।ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਇਹ ਖੇਡਾਂ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਸਹਿਯੋਗ ਅਤੇ ਅਟੱਲ ਹੌਸਲਾ ਪੈਦਾ ਕਰਦੀਆਂ ਹਨ। ਨੌਜਵਾਨ ਜਦੋਂ ਮੈਦਾਨਾਂ ਨਾਲ ਜੁੜਦੇ ਹਨ,ਤਾਂ ਉਹ ਨਸ਼ਿਆਂ ਤੋਂ ਕੋਹਾਂ ਦੂਰ ਰਹਿੰਦੇ ਹਨ ।ਅਸੀਂ ਚਾਹੁੰਦੇ ਹਾਂ ਕਿ ਪਿੰਡ-ਪਿੰਡ ਵਿੱਚ ਖੇਡਾਂ ਨੂੰ ਵਧਾਵਾ ਮਿਲੇ,ਤਾਂ ਜੋ ਨਸ਼ਿਆਂ ਦੀ ਸਮੱਸਿਆ ਦਾ ਜੜ੍ਹੋਂ ਖ਼ਾਤਮਾ ਕੀਤਾ ਜਾ ਸਕੇ ਅਤੇ ਉਨ੍ਹਾਂ ਖਿਡਾਰੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪੱਤਰਕਾਰ ਪਰਵੀਨ ਗਰਗ, ਰਾਜਿੰਦਰ ਸਿੰਘ ਮਰਾਹੜ,ਰਾਜੀਵ ਗੋਇਲ,ਪ੍ਰਿੰਸੀਪਲ ਅਨੀਤਾ ਗੋਇਲ ਅਤੇ ਪ੍ਰਿੰਸੀਪਲ ਬਲਜੀਤ ਗੋਇਲ,ਲੈਕਚਰਾਰ ਦਰਸ਼ਨ ਸਿੰਘ ਭਗਤਾ,ਰਜਿੰਦਰ ਸਿੰਘ ਸਟਾਰ ਇੰਡਸਟਰੀਜ ਭਗਤਾ ਵੱਲੋਂ ਜੇਤੂ ਖਿਡਾਰੀਆਂ ਨੂੰ ਇਨਾਮ ਵੰਡ ਕੇ ਉਨ੍ਹਾਂ ਦੀ ਹੌਸਲਾ ਅਫਜਾਈ ਕੀਤੀ ਗਈ ।ਥਾਣਾ ਮੁਖੀ ਭਗਤਾ ਭਾਈ ਦਲਜੀਤ ਸਿੰਘ ਵੱਲੋਂ ਰੱਸ਼ਾ ਕੱਸੀ ਦੇ ਖਿਡਾਰੀਆਂ ਨੂੰ 5000 ਰੁਪਏ ਨਕਦ ਇਨਾਮ ਦਿੱਤਾ ਗਿਆ ।ਖੋ-ਖੋ ਅੰਡਰ-14 ਲੜਕਿਆਂ ਵਿੱਚ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਨਿਓਰ, ਦੂਸਰਾ ਸਥਾਨ ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ ਮਲੂਕਾ ਅਤੇ ਤੀਸਰਾ ਸਥਾਨ ਆਕਸਫੋਰਡ ਸਕੂਲ ਭਗਤਾ ਨੇ ਹਾਸਿਲ ਕੀਤਾ। ਕਬੱਡੀ ਸਰਕਲ ਅੰਡਰ-14 ਲੜਕਿਆਂ ਵਿੱਚ ਪਹਿਲਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਿਆਲਪੁਰਾ ਭਾਈ ਕਾ,ਦੂਸਰਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਿਆਣ ਸੁੱਖਾ ਅਤੇ ਤੀਸਰਾ ਸਥਾਨ ਸਰਕਾਰੀ ਹਾਈ ਸਕੂਲ ਰਾਮੂਵਾਲਾ ਨੇ ਹਾਸਿਲ ਕੀਤਾ। ਕਬੱਡੀ ਸਰਕਲ ਅੰਡਰ-17 ਲੜਕਿਆਂ ਵਿੱਚ ਪਹਿਲਾ ਸਥਾਨ ਸੈਕੰਡਰੀ ਸਕੂਲ ਕਲਿਆਣ ਸੁੱਖਾ,ਦੂਸਰਾ ਸਥਾਨ ਸੈਕੰਡਰੀ ਸਕੂਲ ਗੁੰਮਟੀ ਅਤੇ ਤੀਸਰਾ ਸਥਾਨ ਸੈਕੰਡਰੀ ਸਕੂਲ ਦਿਆਲਪੁਰਾ ਭਾਈਕਾ ਨੇ ਹਾਸਿਲ ਕੀਤਾ ।ਜ਼ੋਨਲ ਪ੍ਰਧਾਨ ਮਨਦੀਪ ਸਿੰਘ ਨੇ ਕਿਹਾ ਕਿ ਇਹ ਖੇਡਾਂ ਵਿਦਿਆਰਥੀਆਂ ਲਈ ਨਾ ਸਿਰਫ ਸਰੀਰਕ ਤੰਦਰੁਸਤੀ ਦਾ ਸਰੋਤ ਬਣੀਆਂ,ਸਗੋਂ ਉਨ੍ਹਾਂ ਵਿੱਚ ਅਗਵਾਈ,ਨਿਸ਼ਠਾ ਅਤੇ ਟੀਮ ਵਰਕ ਦੇ ਗੁਣ ਵੀ ਪੈਦਾ ਕੀਤੇ। ਖੇਡਾਂ ਦੇ ਸਮਾਪਤੀ ਉੱਤੇ ਵਿਦਿਆਰਥੀਆਂ,ਅਧਿਆਪਕਾਂ ਅਤੇ ਮੀਡੀਆ ਵੱਲੋਂ ਆਯੋਜਕਾਂ ਦੀ ਭੂਮਿਕਾ ਦੀ ਭਰਪੂਰ ਸ਼ਲਾਘਾ ਕੀਤੀ ਗਈ।

## ਪੰਜਾਬ ਦੇ ਸੰਘਰਸ਼ੀ ਕਿਸਾਨ ਆਪਣੀਆਂ ਜਮੀਰਾਂ ਅਤੇ ਜ਼ਮੀਨਾਂ ਨਹੀਂ ਛੱਡਣਗੇ-ਕੁਲਵੰਤ ਮਾਨ



ਭਦੌੜ 1 ਅਗਸਤ (ਸੁਖਵਿੰਦਰ ਪਲਾਹਾ)ਸੂਬਾ ਸਰਕਾਰ ਦੀਆਂ ਲੈਂਡ ਪੂਲਿੰਗ ਪਾਲਿਸੀ ਵਰਗੀਆਂ ਲੋਕ ਮਾਰੂ ਨੀਤੀਆਂ ਦੇ ਖ਼ ?ਲਾਫ਼ ਸੰਯੁਕਤ ਕਿਸਾਨ ਮੋਰਚੇ ਸਮੇਤ ਸਹਿਯੋਗੀ ਤੌਰ ਤੇ, ਇਨਕਲਾਬੀ ਧਿਰਾਂ, ਟ$ਰੇਡ ਯੂਨੀਅਨਾਂ ਸਮੇਤ ਵੱਖ-ਵੱਖ ਐਸੋਸੀਏਸ਼ਨਾਂ ਲੈਂਡ ਪੂਲਿੰਗ ਨੀਤੀ ਦਾ ਡਟਵਾਂ ਵਿਰੋਧ ਕਰ ਰਹੀਆਂ ਹਨ। ਇਸ ਦੇ ਉਲਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਾਰ-ਵਾਰ ਕਿਸਾਨਾਂ ਨੂੰ ਇਹ ਦੱਸਿਆ ਜਾ ਰਿਹਾ ਕਿ ਇਸ ਦੇ ਨਾਲ ਕਿਸਾਨਾਂ ਦਾ ਬਹੁਤ ਵੱਡਾ ਫ਼ਾਇਦਾ ਹੋਵੇਗਾ । ਇਹਨਾਂ ਸਬਦਾ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ-ਡਕੌਂਦਾ ਧਨੇਰ ਦੇ ਜਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ, ਭਗਵੰਤ ਮਾਨ ਜੀ ਹੁਣ ਜਿਹੜੀ ਤੁਸੀਂ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਦੀ ਜ਼ਮੀਨ ਹੜੱਪਣ ਦਾ ਸੁਪਨਾ ਲਈ ਬੈਠੇ ਹੋ ਇਸਨੂੰ ਕਦੇ ਵੀ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ ਉਨ੍ਹਾਂ ਕਿਹਾ ਕਿ ਜ਼ਮੀਨ ਕਿਸਾਨ ਦੀ ਹੈ ਇੱਕ ਕਿੱਲੇ ਦੇ ਵਿੱਚੋਂ ਦੋ ਕਨਾਲਾਂ ਕਿਸਾਨ ਨੂੰ ਛੱਡਕੇ, ਬਾਕੀ ਦੀਆਂ ਛੇ ਕਨਾਲਾਂ ਜ਼ਮੀਨ ਦੀ ਦਿਨ ਦਿਹਾੜੇ ਢੋਲ ਵਜਾ ਕੇ ਲੋਕਾਂ ਦੇ ਅੱਖੀਂ ਘੱਟਾ ਪਾਕੇ ਚੋਰੀ ਕਰਨੀ ਇਹ ਚੋਰੀ ਕਿਵੇਂ ਹੋਣ ਦੇਣਗੇ ਪੰਜਾਬੀ ਅਣਖੀ ਲੋਕ , ਪੰਜਾਬ ਦੇ ਲੋਕ ਤਾਂ ਵੱਟ ਦੇ ਰੌਲੇ ਪਿੱਛੇ ਆਪਣੇ ਸਕੇ ਭਾਈ ਦਾ ਸਿਰ ਲਾ ਕੇ ਰੱਖ ਦਿੰਦੇ ਹਨ, ਉਨ੍ਹਾਂ ਕਿਹਾ ਕਿ ਕੁੱਝ ਦਹਾਕੇ ਪਹਿਲਾਂ ਤੱਕ ਪੂਰੇ ਭਾਰਤ ਵਿੱਚ ਪੰਜਾਬ ਵਿੱਚੋਂ 70 % ਅੰਨ ਭੰਡਾਰ ਵਿੱਚ ਯੋਗਦਾਨ ਰਿਹਾ ਹੈ ਇਸ ਲਈ ਜ਼ਮੀਨ ਨੂੰ ਕਿਵੇਂ ਮਲਬੇ ਥੱਲੇ ਦੱਬਿਆ ਜਾਵੇਗਾ, 75 ਸਾਲਾਂ ਵਿੱਚ ਪਹਿਲਾਂ ਤਾਂ ਪੰਜਾਬ ਦੇ 13000 ਪਿੰਡਾਂ ਵਿੱਚ ਗਲੀਆਂ ਨਾਲੀਆਂ ਸੀਵਰੇਜ ਦਾ ਪ੍ਰਬੰਧ ਨਹੀਂ ਹੋਇਆ, ਹੁਣ ਹਜ਼ਾਰਾਂ ਏਕੜ ਜ਼ਮੀਨ ਵਿੱਚ ਨਵੀਂ ਡਿਵੈਲਪਮੈਂਟ ਕਿਵੇਂ ਕੀਤੀ ਜਾਵੇਗੀ ?ਕਿਹੜੀ ਜਾਦੂਦੀ ਛਟੀ ਹੈ ਤੁਹਾਡੇ ਕੋਲ, ਜੇ ਇਸ ਨੀਤੀ ਵਿੱਚ ਸਿਰਫ਼ ਇਕੱਲੀ ਜ਼ਮੀਨ ਹੜੱਪਣ ਦੀ ਨੀਤੀ ਤੋਂ ਬਿਨ੍ਹਾਂ ਰੱਤੀ ਭਰ ਸਚਾਈ ਵੀ ਹੈ ਤਾਂ ਫਿਰ ਪੰਜਾਬ ਦੇ ਮੁੱਖ ਮੰਤਰੀ ਕਿਸਾਨ ਜਥੇਬੰਦੀਆਂ ਨਾਲ ਬੈਠਕੇ ਮੀਟਿੰਗ ਕਿਉਂ ਨਹੀਂ ਕਰਦੇ ?

# ਬਜਰੰਗ ਭਵਨ ਮੰਦਰ ਜ਼ੀਰਾ ਵੱਲੋਂ 21 ਵਾਂ ਲੰਗਰ ਭੰਡਾਰਾ ਅਯੋਜਿਤ



ਜ਼ੀਰਾ 31 ਜੁਲਾਈ (ਦੀਪਕ ਭਾਰਗੋ ) ਮਾਤਾ ਚਿੰਤਪੁਰਨੀ ਜੀ ਦੇ ਚਲਦੇ ਮੇਲੇਨੂੰ ਮੁੱਖ ਰੱਖਦਿਆਂ ਸਰਪ੍ਰਸਤ ਸਵ ਸ੍ਰੀ ਪ੍ਰੇਮ ਕੁਮਾਰ ਗਰੋਵਰ ਜੀ ਦੀ ਯਾਦ ਵਿੱਚ ਸ੍ਰੀ ਬਜਰੰਗ ਭਵਨ ਲੰਗਰ ਕਮੇਟੀ ਜ਼ੀਰਾ ਵੱਲੋਂ ਸ੍ਰੀ ਬਜਰੰਗ ਭਵਨ ਮੰਦਰ ਜ਼ੀਰਾ ਵੱਲੋਂ ਸਲਾਨਾ 21 ਵਾਂ ਲੰਗਰ ਮਿਤੀ 20 ਜੁਲਾਈ ਤੋਂ 1ਅਗਸਤ 2025 ਤੱਕ ਲਗਾਇਆ ਗਿਆ। ਜਿਥੇ ਅੱਜ ਅਸ਼ਟਮੀ ਮੌਕੇ ਲੰਗਰ ਦੀ ਸਮਾਪਤੀ ਦੌਰਾਨ ਜਗਤ ਦੇ ਉਧਾਰ ਲਈ ਹਵਨ ਯੱਗ ਕਰਵਾਇਆ ਗਿਆ ਅਤੇ 11 ਕੰਨਿਆ ਦਾ ਕੰਜਕ ਪੂਜਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੀ ਬਜਰੰਗ ਭਵਨ ਲੰਗਰ ਕਮੇਟੀ ਦੇ ਮੈਂਬਰ ਵਿਜੈ ਸ਼ਰਮਾ, ਤਰਲੋਕ ਸਿੰਘ ਮਿਰਜ਼ਾ, ਗੁਰਦੇਵ ਸਿੰਘ ਸਿੱਧੂ ,ਦੀਪਕ ਭਾਰਗੋ,ਲੱਕੀ ਪਾਸੀ ਨੇ ਦੱਸਿਆ ਕਿ ਮਾਤਾ ਚਿੰਤਪੁਰਨੀ ਦੇ ਦਰਸ਼ਨਾਂ ਲਈ ਜਾਂਦੇ ਯਾਤਰੂਆਂ ਦੇ ਰਹਿਣ ਅਤੇ ਖਾਣ ਪੀਣ ਦੇ ਪੁਖਤਾ ਪ੍ਰਬੰਧ ਕੀਤੇ ਗਏ ।ਉਨ੍ਹਾਂ ਦੱਸਿਆ ਕਿ ਲੰਮੇ ਸਮੇਂ ਤੋਂ ਸਰਪ੍ਰਸਤ ਸਵ ਪ੍ਰੇਮ ਗਰੋਵਰ ਦੀ ਅਗਵਾਈ ਹੇਠ ਲੰਗਰ ਸ਼ੁਰੂ ਕੀਤਾ ਗਿਆ ਸੀ , ਜੋ ਅੱਜ ਵੀ ਜਾਰੀ ਹੈ। ਇਸ ਮੌਕੇ ਧਰਮਪਾਲ ਚੁੱਘ,ਰਾਜੇਸ਼ ਢੰਡ, ਸੁੰਦਰਮ ਸੂਦ, ਪ੍ਰਵੀਨ ਉਪਲ, ਸੰਦੀਪ ਸ਼ਰਮਾ, ਐਨ ਕੇ ਨਾਰੰਗ , ਵਿਪਨ ਸੇਠੀ ਸੈਕਟਰੀ,ਵਿਜੇ ਸ਼ਰਮਾ, ਤਰਲੋਕ ਸਿੰਘ ਮਿਰਜ਼ਾ, ਸੂਰਜ ਅਨੇਜਾ,ਗੁਰਪ੍ਰੀਤ ਸਿੰਘ ਭੁੱਲਰ, ਗੌਰਵ ਭਾਰਗੋ, ਕੁਲਦੀਪ ਸ਼ਰਮਾ, ਰਾਜੂ ਚੱਕੀ ਵਾਲੇ, ਪੰਡਿਤ ਧਰਮਪਾਲ,ਕੁੱਕੂ ਸ਼ਰਮਾ ਕਰਿਆਨਾ,ਰੀਧਮ ਸੇਠੀ,ਅਭੀ ਸੇਠੀ,ਰਾਜੂ ਚੁੱਘ ਮੰਨੂ ਵੋਹਰਾ ਇਸ ਮੌਕੇ ਵਿਸ਼ੇਸ਼ ਤੌਰ ਤੇ ਬਜਰੰਗ ਭਵਨ ਇਸਤਰੀ ਸਤਿਸੰਗ ਕਮੇਟੀ ਵੱਲੋਂ ਕੀਰਤਨ ਵੀ ਕੀਤਾ ਗਿਆ।

# ਡੈਲੀਗੇਟ ਸਾਹਿਬਾਨਾਂ ਦੀ ਮੀਟਿੰਗ ਅੱਜ ਪਿੰਡ ਖਾਲੜਾ ਵਿਖੇ ਕੀਤੀ ਗਈ



ਭੋਗਪੁਰ 2 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ) :ਸ੍ਰੀ ਅਕਾਲ ਤੱਖਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਆਰੰਭੀ ਭਰਤੀ ਮੁਹਿੰਮ ਤੋਂ ਉਪਰੰਤ ਹਲਕਾ ਖੇਮਕਰਨ ਦੇ ਸਮੂੰਹ ਡੈਲੀਗੇਟ ਸਾਹਿਬਾਨਾਂ ਦੀ ਮੀਟਿੰਗ ਅੱਜ ਪਿੰਡ ਖਾਲੜਾ ਵਿਖੇ ਕੀਤੀ ਗਈ, ਮੀਟਿੰਗ ਚ ਡੈਲੀਗੇਟ ਸਾਹਿਬਾਨਾਂ ਦੇ ਨਾਲ ਨਾਲ ਸ੍ਰੀ ਅਕਾਲ ਤੱਖਤ ਸਾਹਿਬ ਪ੍ਰਤੀ ਅਦਬ ਅਤੇ ਸਤਿਕਾਰ ਰੱਖਣ ਵਾਲੀ ਵੱਡੀ ਗਿਣਤੀ ਚ ਹਲਕੇ ਦੀ ਸੰਗਤ ਵੀ ਪਹੁੰਚੀ, ਇਸ ਮੌਕੇ ਵਿਸ਼ੇਸ਼ ਰੂਪ ਚ ਬੀਬੀ ਸਤਵੰਤ ਕੌਰ ਜੀ (ਸਪੁੱਤਰੀ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ) ਨੇ ਬਤੌਰ ਮਾਝਾ ਇੰਚਾਰਜ ਅਤੇ ਅਬਜ਼ਰਵਰ (ਪੰਜ ਮੈਂਬਰੀ ਭਰਤੀ ਕਮੇਟੀ) ਹਾਜ਼ਰੀ ਭਰੀ ਅਤੇ ਸੰਗਤ ਦੇ ਨਾਲ ਪੰਥਕ ਵਿਚਾਰਾਂ ਦੀ ਸਾਂਝ ਪਾਈ, ਮੀਟਿੰਗ ਚ ਬੀਬੀ ਜੀ ਤੋਂ ਇਲਾਵਾ ਭਾਈ ਕੰਵਰ ਚੜ੍ਹਤ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਡਾ ਰਜਿੰਦਰ ਸਿੰਘ ਰਾਣਾ ਖਾਲੜਾ, ਸਰਪੰਚ ਜੈਮਲ ਸਿੰਘ ਕਲਸੀਆਂ ਖੁਰਦ, ਸੁਰਿੰਦਰ ਸਿੰਘ ਮਾੜੀ ਉਦੋਕੇ, ਬਾਬਾ ਸੁਖਦੇਵ ਸਿੰਘ ਭੂਰਾ ਕੋਹਨਾ ਸਮੇਤ ਸਮੂੰਹ ਹਲਕਾ ਡੈਲੀਗੇਟ ਹਲਕਾ ਖੇਮਕਰਨ ਮੌਜੂਦ ਸਨ

# ਭੁੱਚੋ ਕੈਂਚੀਆਂ ਤੋ ਫੋਹਾਰਾ ਚੌਕ ਤੱਕ ਕਾਫੀ ਸਮੇਂ ਤੋਂ ਸੜਕ ਦਾ ਬੁਰਾ ਹਾਲ



ਭੁੱਚੋ ਮੰਡੀ ਨਥਾਣਾ 1ਅਗਸਤ (ਹਰਬੰਸ ਸਿੰਘ ਭੋਲਾ,) ਕਾਫੀ ਸਮੇਂ ਤੋਂ ਲਟਕਦੀ ਮੰਡੀ ਵਾਸੀਆਂ ਦੀ ਇਸ ਟੁਟੀ ਹੋਈ ਸੜਕ ਦੀ ਰਿਪੇਅਰ ਕਰਨ ਦੀ ਮੰਗ ਇਹ ਸੜਕ ਕੰਕਰੀਟ ਦੀ ਬਣੀ ਹੋਈ ਹੈ ।,ਇੰਜ ਲਗਦਾ ਜਿਵੇਂ ਇਸ ਦਾ ਕੋਈ ਬਾਲੀ ਵਾਰਸ ਹੀ ਨਹੀਂ ਹੁੰਦਾ ਥੋੜਾ ਜਿਹਾ ਮੀਂਹ ਪੈਣ ਨਾਲ ਜਾ ਸੀਵਰੇਜ ਦੀ ਸਹੀ ਨਿਕਾਸੀ ਨਾ ਹੋਣ ਸੜਕ ਤੇ ਵੱਡੇ ਵੱਡੇ ਖੱਡੇ ਦਾ - ਥਾ ਤੋਂ ਸੜਕ ਟੁਟੀ ਹੋਣ ਕਰਕੇ ਆਉਣ ਜਾਣ ਵਾਲੇ ਲੋਕਾਂ ਭਾਰੀ ਦਿਕਤਾਂ ਸਾਹਮਣਾ ਕਰਨਾ ਪੈਂਦਾ ਖਾਸ ਕਰਕੇ ਦੋ ਪਹੀਆ ਵਾਹਨ ਚਲਾਉਣ ਵਾਲਿਆਂ ਨੂੰ ਬੜੀ ਸਾਵਧਾਨੀ ਵਰਤਣੀ ਪੈਂਦੀ ਆ ।ਇਸ ਰਾਸਤੇ ਰਾਹੀਂ ਮੋੜ ,ਮਾਨਸਾ ਗਿਲ ,ਚੱਕ ਬਖਤੂ ਬਾਲਿਆਂ ਵਾਲੀ ਤੋਂ ਇਲਾਵਾ ਸ਼ਰਧਾਲੂ ਆ ਨੂੰ ਬਠਿੰਡਾ ਜਾਣ ਦੀ ਬਜਾਏ ਭੁੱਚੋ ਮੰਡੀ ਤੋਂ ਬੁਰਜ ਕਾਹਨ ਸਿੰਘ ਵਾਲਾ ਤੋਂ ਤੁੰਗਵਾਲੀ ਵਿਚੋਂ ਦੀ ਸਿੱਧਾ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਜਾਣ ਵਾਲਿਆਂ ਲਈ ਬਹੁਤਾ ਕਾਰਗਿਰ ਤੇ ਘੱਟ ਦੂਰੀ ਤਹਿ ਕਰਕੇ ਪਹੁੰਚਣ ਲਈ ਇਕੋ ਇਕ ਰਸਤਾ ਹੈ ਇਸ ਸੜਕ ਦੇ ਟੁਟਣਾ ਨਾਲ ਸਕੂਲ ਦੇ ਬੱਚਿਆਂ ਦੀਆਂ ਵੈਨਾ ਹਸਪਤਾਲਾਂ ਜਾਣ ਵਾਲੀਆਂ ਐਂਬੂਲੈਂਸਾਂ ਹਰ ਰੋਜ ਭੁੱਚੋ ਕੈਂਚੀਆਂ ਤੋ ਚੜ੍ਹ ਜਾਣ ਵਾਲੇ ਮੁਲਾਜ਼ਮਾਂ ਬਹੁਤ ਪ੍ਰਸ਼ਾਨੀ ਹੁੰਦੀ ਹੈ ਇਸ ਟੁਟੀ ਸੜਕ ਲਈ ਮੰਡੀ ਵਾਸੀਆਂ ਨੇ ਮਰੁੱਮਤ ਕਰਨ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਹੈ ਪਰ ਪੁਨਾਲਾ ਉਥੇ ਦਾ ਉਥੇ ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਅੱਜ ਤੱਕ ਇਸ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਲੋਕਾਂ ਦਾ ਹਰ ਰੋਜ਼ ਨੁਕਸਾਨ ਹੋ ਰਿਹਾ ਖਾਸ ਕਰਕੇ ਦੁਕਾਨ ਦਾਰਾ ਦੀਆਂ ਦੁਕਾਨਾਂ ਨੂੰ ਬੱਸਾਂ ਟਰੱਕਾਂ ਦੇ ਖੱਡਿਆਂ ਵਿੱਚ ਵਜਣ ਕਿ,ਗੰਦੇ ਪਾਣੀ ਦੇ ਸਿੱਟੇ ਦੁਕਾਨਾ ,ਛੋਟੇ ਦੋ ਪਹੀਆ ਵਾਹਨਾਂ ਤੇ ਪੈਦਲ ਚਲਣ ਵਾਲਿਆਂ ਨੂੰ ਤੰਗ ਪ੍ਰੇਸਾਨ ਕਰਦੇ ਹਨ ਤੇ ਸੜਕ ਦੇ ਨਜ਼ਦੀਕ ਬਣੀਆਂ ਦੁਕਾਨਾਂ ਤੇ ਲੋਕੀਂ ਸੋਦਾ ਲੈਣ ਆਉਣ ਕੰਨੀ ਕਤਰਾਉਂਦੇ ਹਨ ਜਿਸ ਕਾਰਨ ਉਨ੍ਹਾਂ ਦਾ ਮਾਲੀ ਨੁਕਸਾਨ ਹੋ ਰਿਹਾ। ਬੜੀ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਇਸ ਹਲਕੇ ਦੇ ਇਸ ਮਜੂਦਾ ਸਰਕਾਰ ਦੇ ਵਿਧਾਇਕ ਵੀ ਅੱਖਾਂ ਬੰਦ ਕਰਕੇ ਲੰਘ ਕੇ ਜਾਂਦੇ ਹਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਕਾਸ ਕਾਰਜਾਂ ਹਨੇਰੀ ਲੈਂ ਆਂਦੀ ਦੇ ਬੜੇ ਦਾਅਵੇ ਕਰ ਰਹੀ ਤੇ ਰੌਲਾ ਪਾ ਰਹੀ ਹੈ ।ਪਰ ਕੀਤਾ ਕੁੱਝ ਨਹੀਂ ਪਰ ਲੋਕਾਂ ਦਾ ਰੱਬ ਰਾਖਾ।

# ਮਲੂਕਾ ਨੇ ਹਲਕਾ ਰਾਮਪੁਰਾ ਨੂੰ ਇੱਕ ਬਲਾਕ ਬਣਾਉਣ ਦਾ ਕੀਤਾ ਵਿਰੋਧ



ਭਗਤਾ ਭਾਈ ਕਾ 1 ਅਗਸਤ (ਸਵਰਨ ਸਿੰਘ ਭਗਤਾ)ਸੂਬੇ ਚ ਜਿਲ੍ਹਾ ਲੰਮੇ ਸਮੇਂ ਤੋਂ ਲਟਕ ਰਹੀਆਂ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਹੋਣ ਦੀ ਸੁਗਬੁਗਾਹਟ ਦੇ ਨਾਲ ਹੀ ਬਠਿੰਡਾ ਜਿਲ੍ਹਾ ਦੇ ਬਲਾਕਾਂ ਦੀ ਗਿਣਤੀ ਘੱਟ ਕਰਨ ਦਾ ਸਰਕਾਰ ਦੇ ਫੈਸਲੇ ਦਾ ਭਗਤਾ ਖੇਤਰ ਚ ਵਿਰੋਧ ਆਰੰਭ ਹੋ ਗਿਆ ਹੈ ਜਿਸ ਦੇ ਤਹਿਤ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਭਗਤਾ ਬਲਾਕ ਨੂੰ ਫੂਲ ਬਲਾਕ 'ਚ ਰਲਾਉਣ ਦੀ ਸਖਤ ਨਿਖੇਧੀ ਕਰਦਿਆਂ ਮਲੂਕਾ ਨੇ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਨੇ ਆਪਣੇ ਕਾਰਜਕਾਲ ਦੌਰਾਨ ਇੱਕ ਵੀ ਲੋਕ ਪੱਖੀ ਫੈਸਲਾ ਨਹੀਂ ਕੀਤਾ।ਉਹਨਾਂ ਕਿਹਾ ਕਿ ਸਰਕਾਰ ਲਗਾਤਾਰ ਲੋਕ ਵਿਰੋਧੀ ਫੈਸਲਿਆ ਨਾਲ ਚਰਚਾ ਚ ਰਹਿੰਦੀ ਹੈ ਲੋਕ ਰੋਹ ਤੇ ਅਦਾਲਤੀ ਦਖ਼ਲ ਤੋਂ ਬਾਅਦ ਕਈ ਬਾਰ ਸਰਕਾਰ ਨੇ ਫੈਸਲੇ ਵਾਪਿਸ ਲਏ। ਉਹਨਾਂ ਕਿਹਾ ਕਿ ਹਲਕਾ ਰਾਮਪੁਰਾ ਫੂਲ ਨੂੰ ਇੱਕ ਬਲਾਕ ਬਣਾਉਣ ਦਾ ਫੈਸਲਾ ਲੋਕ ਵਿਰੋਧੀ ਹੈ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਅਕਾਲੀ ਦਲ ਦੀ ਸਰਕਾਰ ਸਮੇਂ ਭਗਤਾ ਭਾਈ ਬਲਾਕ ਨੂੰ ਵਿਕਸਤ ਕਰਨ ਲਈ ਕਰੋੜਾਂ ਰੁਪਏ ਖਰਚ ਕੀਤੇ ਗਏ ਸਨ ਤਹਿਸੀਲ ਅਤੇ ਬੀ ਡੀ ਪੀ ਓ ਦਫ਼ਤਰ ਚ ਪੰਚਾਇਤਾਂ ਅਤੇ ਆਮ ਲੋਕਾਂ ਦੇ ਸਰਕਾਰੀ ਕੰਮਾਂ ਨੂੰ ਸੁਖਾਲਾ ਕਰਨ ਲਈ ਮੁਢਲਾ ਢਾਂਚਾ ਮਜ਼ਬੂਤ ਤੇ ਸਟਾਫ ਦੀ ਪੂਰਤੀ ਕੀਤੀ ਗਈ ਸੀ। ਮਲੂਕਾ ਨੇ ਕਿਹਾ ਭਗਤਾ ਬਲਾਕ ਰੱਦ ਹੋਣ ਨਾਲ ਲੋਕ ਕੰਮਾਂ ਲਈ ਖੱਜਲ ਹੋਣਗੇ ਸਰਕਾਰ ਨੇ ਹਮੇਸ਼ਾ ਪੰਚਾਇਤਾ ਦੇ ਹੱਕ ਖੋਹਣ ਵਾਲੇ ਫੈਸਲੇ ਕੀਤੇ ਹਨ ਸਰਕਾਰ ਨੇ ਪੰਚਾਇਤ ਦੇ ਹੱਕ ਅਫਸਰਾਂ ਨੂੰ ਦੇਣ ਲਈ ਪਹਿਲਾਂ ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕੀਤੀਆਂ ਸਨ,ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਪਤੀ ਦੀਆਂ ਚੋਣਾਂ ਚ ਦੇਰੀ ਵੀ ਸਰਕਾਰ ਦੀ ਇਸੇ ਸੋਚ ਨੂੰ ਪੁਖਤਾ ਕਰਦੀ ਹੈ। ਉਹਨਾਂ ਕਿਹਾ ਕਿ ਬਲਾਕਾਂ ਦੀ ਗਿਣਤੀ ਘਟਾ ਕੇ ਸਰਕਾਰ ਇੱਕ ਦਫ਼ਤਰ ਚੋਂ ਹਲਕੇ ਨੂੰ ਅਫਸਰਾਂ ਰਾਹੀਂ ਕੰਟਰੋਲ ਕਰਨਾ ਚਾਹੁੰਦੀ ਹੈ ਸਰਕਾਰ ਤਰੁੰਤ ਇਸ ਫੈਸਲੇ ਨੂੰ ਵਾਪਿਸ ਲਵੇ। ਮਲੂਕਾ ਨੇ ਕਿਹਾ ਕੇ ਅਕਾਲੀ ਦਲ ਸਰਕਾਰ ਦੇ ਤੁਗਲਕੀ ਫਰਮਾਨ ਲਾਗੂ ਨਹੀਂ ਹੋਣ ਦੇਵੇਗਾ। ਭਗਤਾ ਬਲਾਕ ਦੇ ਪਿੰਡਾਂ 'ਚ ਸਰਕਾਰ ਦੇ ਇਸ ਫੈਸਲੇ ਦਾ ਸਖਤ ਵਿਰੋਧ ਹੈ ਮਲੂਕਾ ਨੇ ਕਿਹਾ ਕੇ ਅਕਾਲੀ ਦਲ ਸਰਕਾਰ ਦੇ ਤੁਗਲਕੀ ਫਰਮਾਨ ਲਾਗੂ ਨਹੀਂ ਹੋਣ ਦੇਵੇਗਾ। ਭਗਤਾ ਬਲਾਕ ਦੇ ਪਿੰਡਾਂ 'ਚ ਸਰਕਾਰ ਦੇ ਇਸ ਫੈਸਲੇ ਦਾ ਸਖਤ ਵਿਰੋਧ ਹੈਤੇ ਜਿਲ੍ਹਾ ਪ੍ਰੀਸ਼ਦ ਤੇ ਸੰਮਤੀ ਦੀਆਂ ਚੋਣਾਂ ਚ ਲੋਕ ਆਪ ਦੀਆਂ ਜਮਾਨਤਾਂ ਜਬਤ ਕਰਵਾ ਦੇਣਗੇ।

# ਜ਼ਿੰਦਗੀ ਵਿਚ ਸਫਲ ਹੋਣ ਲਈ ਵੱਡੇ ਸੁਪਨੇ ਦੇਖਣੇ ਚਾਹੀਦੇ ਹਨ : ਇੰਜੀ.ਸੰਦੀਪ ਕੁਮਾਰ



ਗੁਰਦਾਸਪੁਰ 1 ਅਗਸਤ ( ਜਸਵਿੰਦਰ ਸਿੰਘ ) - ਜਿੰਦਗੀ ਵਿਚ ਸਫਲ ਹੋਣ ਅਤੇ ਚੰਗਾ ਮੁਕਾਮ ਹਾਸਲ ਕਰਨ ਲਈ ਵੱਡੇ ਸੁਪਨੇ ਦੇਖਣੇ ਚਾਹੀਦੇ ਹਨ, ਕਿਉਂਕਿ ਜੇਕਰ ਸੁਪਨੇ ਵੱਡੇ ਨਹੀਂ ਹੋਣਗੇ ਤਾਂ ਸਫਲਤਾ ਦਾ ਰਾਹ ਤੈਅ ਕਰਨਾ ਔਖਾ ਹੋ ਜਾਂਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀ.ਬੀ.ਏ ਇਨਫੋਟੈਕ ਗੁਰਦਾਸਪੁਰ ਦੇ ਐਮ.ਡੀ.ਇੰਜੀ.ਸੰਦੀਪ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ ਇੰਜੀ.ਸੰਦੀਪ ਕੁਮਾਰ ਨੇ ਕਿਹਾ ਕਿ ਸੀ.ਬੀ.ਏ ਇਨਫੋਟੈਕ ਪਿਛਲੇ ਕਈ ਸਾਲਾਂ ਤੋਂ ਗੁਰਦਾਸਪੁਰ ਵਿਚ ਕੰਪਿਊਟਰ ਅਤੇ ਆਈ.ਟੀ ਦੇ ਕੋਰਸ ਕਰਵਾ ਰਹੀ ਹੈ ਅਤੇ ਹੁਣ ਤੱਕ ਸਾਡੇ ਕਈ ਵਿਦਿਆਰਥੀ ਕੋਰਸ ਪੂਰਾ ਕਰਨ ਉਪਰੰਤ ਜਿੱਥੇ ਚੰਗੀਆਂ ਪੁਜੀਸ਼ਨਾਂ ਹਾਸਲ ਕਰ ਸਕਦੇ ਹਨ ਉਥੇ ਹੀ ਆਈ.ਟੀ ਦੇ ਖੇਤਰ ਵਿਚ ਵਿਦਿਆਰਥੀ ਤੇਜੀ ਨਾਲ ਅੱਗੇ ਵੱਧ ਰਹੇ ਹਨ। ਇੰਜੀ.ਸੰਦੀਪ ਕੁਮਾਰ ਨੇ ਕਿਹਾ ਕਿ ਇਹ ਯੁੱਗ ਕੰਪਿਊਟਰ ਅਤੇ ਆਈ.ਟੀ ਦਾ ਯੁੱਗ ਹੈ ਤੁਸੀਂ ਚਾਹੇ ਜਿੰਨੀ ਮਰਜੀ ਪੜਾਈ ਕਰ ਲਵੋਂ ਲੇਕਿਨ ਜੇਕਰ ਤੁਹਾਨੂੰ ਕੰਪਿਊਟਰ ਦਾ ਗਿਆਨ ਜੀਰੋ ਹੈ ਤਾਂ ਕੋਈ ਵੀ ਚੰਗੀ ਕੰਪਨੀ ਤੁਹਾਨੂੰ ਨੌਕਰੀ ਨਹੀਂ ਦੇਵੇਗੀ ਇਸ ਲਈ ਅੱਜ ਦੇ ਦੌਰ ਵਿਚ ਜਿੱਥੇ ਉਚ ਦਰਜੇ ਦੀ ਪੜਾਈ ਕਰਨੀ ਜ਼ਰੂਰੀ ਹੈ ਉਸਦੇ ਨਾਲ ਹੀ ਕੰਪਿਊਟਰ ਦਾ ਗਿਆਨ ਹੋਣਾ ਵੀ ਲਾਜਮੀ ਹੈ। ਉਹਨਾਂ ਕਿਹਾ ਕਿ ਅਸੀਂ ਵਿਦਿਆਰਥੀਆਂ ਨੂੰ ਉਹ ਕੋਰਸ ਕਰਵਾਉਂਦੇ ਹਾਂ ਜਿਹਨਾਂ ਦੀ ਮਾਰਕੀਟ ਵਿਚ ਚੰਗੀ ਡਿਮਾਂਡ ਹੈ ਅਤੇ ਕੋਰਸ ਪੂਰਾ ਕਰਨ ਤੋਂ ਬਾਅਦ ਵਿਦਿਆਰਥੀਆਂ ਨੂੰ ਚੰਗੀਆਂ ਨੌਕਰੀਆਂ ਮਿਲਦੀਆਂ ਹਨ ਅੱਜ ਹਰ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡਾ ਕਾਰੋਬਾਰ ਡਿਜੀਟਲ ਖੇਤਰ ਨਾਲ ਜੁੜਿਆ ਹੋਇਆ ਹੈ। ਇਸ ਲਈ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਕੰਪਨੀ ਨੂੰ ਕੰਪਿਊਟਰ ਦਾ ਗਿਆਨ ਰੱਖਣ ਵਾਲੇ ਲੜਕੇ ਲੜਕੀਆਂ ਦੀ ਜ਼ਰੂਰਤ ਹੁੰਦੀ ਹੈਅੱਜ ਹਰ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡਾ ਕਾਰੋਬਾਰ ਡਿਜੀਟਲ ਖੇਤਰ ਨਾਲ ਜੁੜਿਆ ਹੋਇਆ ਹੈ। ਇਸ ਲਈ ਛੋਟੀ ਤੋਂ ਛੋਟੀ ਅਤੇ ਵੱਡੀ ਤੋਂ ਵੱਡੀ ਕੰਪਨੀ ਨੂੰ ਕੰਪਿਊਟਰ ਦਾ ਗਿਆਨ ਰੱਖਣ ਵਾਲੇ ਲੜਕੇ ਲੜਕੀਆਂ ਦੀ ਜ਼ਰੂਰਤ ਹੁੰਦੀ ਹੈ

# ਪੰਜਾਬੀ ਲਿਖਾਰੀ ਸਭਾ ਵਲੋਂ ਸ਼ਹੀਦ ਊਧਮ ਸਿੰਘ ਦੀ ਯਾਦ ਨੂੰ ਸਮਰਪਿਤ ਨਿਵੇਕਲਾ ਸਮਾਗਮ ਕਰਵਾਇਆ



ਭਗਤਾ ਭਾਈ ਕਾ 1 ਅਗਸਤ (ਸਵਰਨ ਸਿੰਘ ਭਗਤਾ)ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਵੱਲੋਂ ਜ਼ਫ਼ਰਨਾਮਾ ਸਾਹਿਬ (ਦੀਨਾ ਪਿੰਡ) ਵਿਖੇ ਇੱਕ ਯਮੀਤ ਦੀ ਜ਼ਿੰਦਗੀ ਸਰ ਕਰਕੇ ਕੇ ਜਲ੍ਹਿਆਂਵਾਲੇ ਬਾਗ਼ ਦਾ ਬਦਲਾ ਲੈਣ ਵਾਲੇ ਕੌਮੀ ਪ੍ਰਵਾਨੇ ਸ਼ਹੀਦ ਊਧਮ ਸਿੰਘ ਸੁਨਾਮ ਦੀ ਯਾਦ ਨੂੰ ਸਮਰਪਿਤ ਪੰਜਾਬੀ ਲਿਖਾਰੀ ਸਭਾ ਨਿਹਾਲ ਸਿੰਘ ਵਾਲਾ ਦੇ ਪ੍ਰਧਾਨ ਅਮਰਜੀਤ ਸਿੰਘ ਫ਼ੌਜੀ ਦੀਨਾ ਦੀ ਅਗਵਾਈ ਹੇਠ ਇੱਕ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੇ ਦੱਸਿਆ ਕਿ ਸਮਾਗਮ ਦੌਰਾਨ ਬਹੁਤ ਵੱਡੀ ਤਾਦਾਦ ਵਿੱਚ ਨਵੇਂ ਉਭਰਦੇ ਅਤੇ ਪੁਰਾਣੇ ਨਾਮਵਰ ਲੇਖਕਾਂ ਅਤੇ ਗੀਤਕਾਰਾਂ ਵੱਲੋਂ ਹਾਜ਼ਰੀ ਲਵਾਈ ਆਪਣੀਆਂ ਰਚਨਾਵਾਂ ਰਾਹੀਂ ਕੌਮੀ ਪ੍ਰਵਾਨਿਆਂ ਨੂੰ ਯਾਦ ਕੀਤਾ ।ਇਸ ਮੌਕੇ ਮਕਬੂਲ ਗੀਤਕਾਰ ਜਸਵੰਤ ਸਿੰਘ ਬੋਪਾਰਾਏ ਵੱਲੋਂ ਉਨ੍ਹਾਂ ਦੀ ਜੀਵਨ ਸ਼ੈਲੀ ਤੇ ਝਾਤ ਮਾਰਦਿਆਂ ਦੱਸਿਆ ਉਨ੍ਹਾਂ ਆਪਣੇ ਮਨਸੂਬੇ ਨੂੰ ਕਾਮਯਾਬ ਕਰਨ ਲਈ ਵੀਹ ਦੀ ਮੁਸ਼ੱਕਤ ਕਰਨੀ ਪਈ ਆਖ਼ ?ਰ ਲੰਡਨ ਵਿਖੇ ਜਨਰਲ ਡਾਇਰ ਨੂੰ ਮਾਰ ਮੁਕਾਇਆ ।ਇਸ ਇਲਾਵਾ ਉਨ੍ਹਾਂ ਇਹ ਚਿੰਤਾ ਜ਼ਾਹਰ ਕੀਤੀ ਕਿ ਅੱਜ ਸਾਡੀਆਂ ਲਾਇਬ੍ਰੇਰੀਆਂ ਵਿੱਚ ਸੁੰਨਾਪਣ,ਸੋਸ਼ਲ ਮੀਡੀਆ ਦੀ ਵੱਡੀ ਦੇਣ ਹੈ, ਜੋ ਸਾਨੂੰ ਕਿਸੇ ਹੋਰ ਪਾਸੇ ਵੱਲ ਲਿਜਾ ਰਿਹਾ ਇਸ ਤੇ ਸੋਚਣ ਦੀ ਲੋੜ ਹੈ ।ਇਸ ਇਲਾਵਾ ਉਘੇ ਗੀਤਕਾਰ ਗੁਰਮੀਤ ਸਿੰਘ ਗੀਤਾ ਦਿਆਲਪੁਰਾ ਵੱਲੋਂ ਵੀ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਜੀਵਨ ਝਾਤ ਤੇ ਚਾਨਣਾ ਪਾਉਂਦਿਆਂ ਕਿਹਾ ਕਿ ਕਿੰਨੇ ਸ਼ਿਰੜੀ ਅਤੇ ਦ੍ਰਿੜ ਇਰਾਦੇ ਦੇ ਮਾਲਕ ਸਨ ।ਇਸ ਮੌਕੇ ਸ਼ਹੀਦ ਊਧਮ ਸਿੰਘ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕੀਤੇ ।ਇਸ ਉਪਰੰਤ ਲਾਲੀ ਕਰਤਾਰਪੁਰੀ ਦੀ ਗੀਤਾਂ ਦੀ ਕਿਤਾਬ ਵਾਵਰੋਲਿਆਂ ਦਰਮਿਆਨ ਲੋਕ ਅਰਪਣ ਹੋਈ। ਜਿਸਦੀ ਸਮੀਖਿਆ ਉਘੇ ਸਮਾਜ ਸੇਵੀ ਸੁਰਜੀਤ ਸਿੰਘ ਚੇਲਾ ਭਾਈਰੂਪਾ ਵੱਲੋਂ ਕੀਤੀ ਗਈ ।ਇਸ ਮੌਕੇ ਪਿੰਡ ਨੌਜਵਾਨ ਆਗੂ ਰਣਜੀਤ ਸਿੰਘ ਸਰਪੰਚ ਅਤੇ ਸਮੁੱਚੀ ਪੰਚਾਇਤ ਵੱਲੋਂ ਇਸ ਪ੍ਰੋਗਰਾਮ ਦੀ ਸਫਲਤਾ ਲਈ ਵਿਸ਼ੇਸ਼ ਯੋਗਦਾਨ ਪਾਇਆ ।।

# 1 ਪਿਸਟਲ 32 ਬੋਰ ਸਮੇਤ 2 ਕਾਰਤੂਸ, 1 ਖੋਲ, ਵਾਰਦਾਤ ਸਮੇਂ ਵਰਤੀ ਗੱਡੀ ਅਤੇ 50,000 ਰੁਪਏ ਨਗਦ ਸਣੇ ਦੋਸ਼ੀ ਗ੍ਰਿਫਤਾਰ



ਸੰਗਰੂਰ, 1 ਅਗਸਤ (ਹਰਕੰਵਲ ਸਿੰਘ ਹੈਪੀ) ਸ਼੍ਰੀ ਸਰਤਾਜ ਸਿੰਘ ਚਾਹਲ ਆਈ.ਪੀ.ਐਸ., ਐਸ.ਐਸ.ਪੀ., ਸਾਹਿਬ ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰੀ ਸੁਰੱਖਿਆ ਲੈਣ ਦੇ ਮੰਤਵ ਨਾਲ ਆਪਣੇ ਆਪ 'ਤੇ ਹਮਲਾ ਕਰਵਾਉਣ ਦੀ ਕੀਤੀ ਗਈ ਸਾਜਿਸ਼ ਦਾ ਪਰਦਾਫਾਸ ਕਰਦੇ ਹੋਏ 04 ਕਥਿਤ ਦੋਸ਼ੀ ਗ੍ਰਿਫਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 01 ਪਿਸਟਲ 32 ਬੋਰ ਸਮੇਤ 02 ਕਾਰਤੂਸ, 01 ਖੋਲ, ਵਾਰਦਾਤ ਸਮੇਂ ਵਰਤੀ ਗੱਡੀ ਅਤੇ 50,000/-ਰੁਪਏ ਨਗਦ ਬ੍ਰਾਮਦ ਕਰਵਾਏ ਗਏ ਹਨ ।ਸ਼੍ਰੀ ਚਾਹਲ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਿਤੀ 29.07.2025 ਨੂੰ ਮਿਲਨਜੋਤ ਸਿੰਘ ਪੁੱਤਰ ਵਾਸੀ ਥਿੰਦ ਪੱਤੀ ਸ਼ੇਰਪੁਰ ਨੇ ਇਤਲਾਹ ਦਿੱਤੀ ਸੀ ਕਿ ਉਹ ਕਥਾਵਾਚਕ ਹੈ, ਜੋ ਮਿਤੀ 28.07.2025 ਨੂੰ ਵਕਤ ਕਰੀਬ ਰਾਤ 9:00 ਵਜੇ ਮੋਹਾਲੀ ਤੋਂ ਸਕਾਰਪੀਓ ਗੱਡੀ ਵਿੱਚ ਅਤੇ ਉਸਦਾ ਰਿਸ਼ਤੇਦਾਰ ਜਸਵਿੰਦਰ ਸਿੰਘ ਸਵਿਫਟ ਡਿਜਾਇਰ ਨੰਬਰੀ ਪੀ ਬੀ 13 ਬੀ ਐਸ 5597 ਵਿੱਚ ਉਸ ਦੇ ਘਰ ਸ਼ੇਰਪੁਰ ਨੂੰ ਵਾਪਸ ਆ ਰਹੇ ਸੀ ਤਾਂ ਅਣਪਛਾਤੇ ਵਿਅਕਤੀਆਂ ਨੇ ਸਿਆਜ ਗੱਡੀ ਰਾਹੀਂ ਉਨ੍ਹਾਂ ਦਾ ਪਿੱਛਾ ਕੀਤਾ। ਮਿਲਨਜੋਤ ਸਿੰਘ ਆਪਣੇ ਘਰ ਪੁੱਜਾ ਅਤੇ ਉਸਦਾ ਰਿਸ਼ਤੇਦਾਰ ਵੀ ਆਪਣੀ ਸਵਿਫਟ ਡਿਜ਼ਾਇਰ ਗੱਡੀ ਉਸਦੇ ਘਰ ਦੇ ਬਾਹਰ ਖੜ੍ਹੀ ਕਰ ਕੇ ਘਰ ਅੰਦਰ ਚਲਾ ਗਿਆ ਤਾਂ ਇਤਨੇ ਵਿੱਚ ਉਨ੍ਹਾਂ ਦਾ ਪਿੱਛਾ ਕਰਨ ਵਾਲੀ ਸਿਆਜ ਗੱਡੀ ਵਿੱਚ ਸਵਾਰ ਤਿੰਨ ਨਾਮਲੂਮ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਨੇ ਜਸਵਿੰਦਰ ਸਿੰਘ ਦੀ ਸਵਿਫਟ ਗੱਡੀ ਦੇ ਫਰੰਟ ਸ਼ੀਸ਼ੇ 'ਤੇ ਫਾਇਰ ਮਾਰ ਕੇ ਫਰਾਰ ਹੋ ਗਏ। ਜਿਸ 'ਤੇ ਮਿਲਨਜੋਤ ਸਿੰਘ ਦੇ ਬਿਆਨ 'ਤੇ ਮੁਕੱਦਮਾ ਨੰਬਰ 77 ਮਿਤੀ 29-07-2025 ਅ/ਧ 25,27/54/59 ਅਸਲਾ ਐਕਟ, 324 (4) ਬੀ.ਐਨ.ਐਸ ਥਾਣਾ ਸੇਰਪੁਰ ਬਰਖਿਲਾਫ ਨਾਮਲੂਮ ਵਿਅਕਤੀਆਂ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਗਈ।

# ਮਾਤਾ ਗੁਜਰੀ ਕਾਲਜ ਦੇ ਅਰਥ ਸ਼ਾਸਤਰ ਵਿਭਾਗ ਵੱਲੋਂ ਇੰਡਕਸ਼ਨ ਪ੍ਰੋਗਰਾਮ ਆਯੋਜਿਤ



ਫ਼ਤਹਿਗੜ੍ਹ ਸਾਹਿਬ, 1 ਅਗਸਤ (ਹਰਪ੍ਰੀਤ ਕੌਰ ਟਿਵਾਣਾ) ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਅਰਥ ਸ਼ਾਸਤਰ ਵਿਭਾਗ ਵੱਲੋਂ ਬੀ.ਏ. ਆਨਰਜ਼ ਭਾਗ-ਪਹਿਲਾ ਦੇ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਦਾ ਮੁੱਖ ਉਦੇਸ਼ ਕਾਲਜ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਕਾਲਜ ਅਤੇ ਵਿਭਾਗ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮਾਂ ਦੁਆਰਾ ਜਿੱਥੇ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਦੀ ਮਹੱਤਤਾ ਬਾਰੇ ਪਤਾ ਚੱਲਦਾ ਹੈ, ਉੱਥੇ ਨਾਲ ਹੀ ਕਾਲਜ ਦੀਆਂ ਅਹਿਮ ਸਹਿ ਵਿੱਦਿਅਕ ਗਤੀਵਿਧੀਆਂ ਬਾਰੇ ਲਾਭਕਾਰੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਸਮਾਗਮ ਦੀ ਸ਼ੁਰੂਆਤ ਸਮੇਂ ਅਰਥ ਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਨਵਜੀਤ ਕੌਰ ਨੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ ਅਤੇ ਉਨ੍ਹਾਂ ਨੂੰ ਆਪਣੇ ਪ੍ਰੋਫ਼ੈਸ਼ਨਲ ਗਿਆਨ ਵਿੱਚ ਵਾਧਾ ਕਰਨ ਲਈ ਪ੍ਰੇਰਿਤ ਦਿੱਤਾ।ਇਸ ਤੋਂ ਬਾਅਦ ਪ੍ਰੋ. ਜੁਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਮੁਕਾਬਲੇ ਦੇ ਯੁੱਗ ਵਿੱਚ ਪੜ੍ਹਾਈ ਦੀ ਮਹੱਤਤਾ ਸਬੰਧੀ ਜਾਣੂ ਕਰਵਾਇਆ। ਇਸ ਮੌਕੇ ਡਾ. ਜਗਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਦੀਆਂ ਸੱਭਿਆਚਾਰਕ ਗਤੀਵਿਧੀਆਂ ਵਿਚ ਸ਼ਾਨਦਾਰ ਪ੍ਰਾਪਤੀਆਂ ਬਾਰੇ ਦੱਸਦਿਆਂ ਉਨ੍ਹਾਂ ਨੂੰ ਇਨ੍ਹਾਂ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਸੋਸ਼ਿਆਲੋਜੀ ਵਿਭਾਗ ਤੋਂ ਡਾ. ਪੁਸ਼ਪਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਕਾਲਜ ਵਿੱਚ ਚੱਲ ਰਹੇ ਐਨ.ਐਸ.ਐਸ. ਅਤੇ ਐਨ.ਸੀ.ਸੀ. ਪ੍ਰੋਗਰਾਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਹਰਸਿਮਰਨ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਕਾਲਜ ਵਿਖੇ ਚੱਲ ਰਹੀਆਂ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਿਭਾਗ ਦੇ ਡਾ. ਗੁਰਜਿੰਦਰ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ। ਇਸ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਵਿਦਿਆਰਥੀਆਂ ਨੇ ਰਿਫਰੈਸ਼ਮੈਂਟ ਦਾ ਆਨੰਦ ਮਾਣਿਆ।

# ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਵੱਲੋਂ ਮੁੱਖ ਮੰਤਰੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ : ਵਿਕਾਸ ਸਾਹਨੀ



ਮਾਨਸਾ, 1 ਅਗਸਤ ( ਨਰਿੰਦਰ ਬਾਂਸਲ ਵਿਨੋਦ ਸਿੰਗਲਾ) : ਰਾਜ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਆਪਣੀਆ ਸੇਵਾਵਾਂ ਨਿਭਾਅ ਚੁੱਕੇ ਈ.ਜੀ.ਐਸ,ਏ.ਆਈ.ਈ,ਐਸ.ਟੀ.ਆਰ, ਆਈ.ਈ.ਵੀ ਅਤੇ ਸਿੱਖਿਆ ਪ੍ਰੋਵਾਇਡਰ ਆਪਣੀ ਬਹਾਲੀ ਨੂੰ ਲੈਕੇ ਕਾਫੀ ਲੰਬੇ ਸਮੇ ਤੋ ਸੰਘਰਸ਼ ਕਰ ਰਹੇ ਹਨ। ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਵਿਕਾਸ ਸਾਹਨੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਆਪਣੇ ਆਪ ਨੂੰ ਆਮ ਲੋਕਾਂ ਦੇ ਮੁੱਖ ਮੰਤਰੀ ਕਹਿਣ ਵਾਲੇ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਿਕ ਸਾਨੂੰ ਬਿਨਾਂ ਕਿਸੇ ਸ਼ਰਤ ਬਹਾਲ ਕੀਤਾ ਜਾਵੇ। ਜਦਕਿ ਮੁੱਖ ਮੰਤਰੀ ਵੱਲੋਂ ਲੁਧਿਆਣਾ ਜ਼ਿਮਨੀ ਚੋਣਾਂ ਦੌਰਾਨ 15 ਜੂਨ ਨੂੰ ਫਿਲੌਰ ਵਿਖੇ ਕੀਤੀ ਗਈ ਮੀਟਿੰਗ ਵਿੱਚ ਵੀ ਸਾਡੀ ਜਥੇਬੰਦੀ ਦੇ ਸਮੂਹ ਵਲੰਟੀਅਰ ਨੂੰ ਜਲਦ ਹੀ ਬਿਨਾਂ ਕਿਸੇ ਦੇਰੀ ਤੋਂ ਵਿਭਾਗਾਂ ਨੂੰ ਕਮੇਟੀ ਦਾ ਗਠਨ ਕਰਕੇ ਬਹਾਲ ਕਰਨ ਦੇ ਹੁਕਮ ਦਿੱਤੇ ਸਨ ਅਤੇ 15 ਦਿਨਾਂ ਦੇ ਅੰਦਰ-ਅੰਦਰ ਬਹਾਲੀ ਪ੍ਰੋਸੈਸ ਨੂੰ ਪੂਰਾ ਕਰਨ ਲਈ ਕਿਹਾ ਗਿਆ ਸੀ। ਪਰ ਅੱਜ ਪੂਰੇ 46 ਦਿਨ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਵੱਲੋਂ ਸਾਡੀ ਬਹਾਲੀ ਸਬੰਧੀ ਕੋਈ ਪ੍ਰਤੀਕ੍ਰਿਆ ਨਹੀਂ ਹੈ, ਵਾਰ ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕੀਤੀਆਂ ਜਾਂਦੀਆਂ ਹਨ, ਜਿਸ ਤੋਂ ਤੰਗ ਆ ਕੇ ਮੁੜ ਬਹਾਲ ਕੱਚੇ ਅਧਿਆਪਕ ਯੂਨੀਅਨ ਨੇ ਫੈਸਲਾ ਲਿਆ ਹੈ ਕਿ ਜੱਥੇਬੰਦੀ ਵੱਲੋਂ 4 ਅਗਸਤ 2025 ਦਿਨ ਸੋਮਵਾਰ ਨੂੰ ਮੁੱਖ ਮੰਤਰੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਲਖਵਿੰਦਰ ਕੌਰ,ਅਮਨਦੀਪ ਧਾਲੀਵਾਲ, ਵਰੁਣ ਖੇੜਾ, ਜਸਵਿੰਦਰ ਕੌਰ, ਰੁਪਿੰਦਰ ਕੌਰ, ਗੁਰਪ੍ਰੀਤ ਸਿੰਘ, ਗੁਰਸੇਵਕ ਸਿੰਘ, ਕਰਮਜੀਤ ਕੌਰ, ਮਨਧੀਰ ਕੌਰ, ਹਰਮਨਜੀਤ ਕੌਰ, ਬਲਵਿੰਦਰ ਕੌਰ, ਵਜ਼ੀਰ ਸਿੰਘ, ਜਰਨੈਲ ਸਿੰਘ, ਮਨਿੰਦਰ ਮਾਨਸਾ, ਵੀਰਪਾਲ ਕੌਰ ਅਤੇ ਸਮੂਹ ਸਾਥੀ ਹਾਜਰ ਸਨ ।

# ਬੱਸ ਅੱਡਾ ਬਚਾਉਣ ਲਈ ਸ਼ਹਿਰ ਬੰਦ, ਰੋਸ ਮਾਰਚ ਕੱਢਿਆ

## ਵਪਾਰੀ, ਕਿਸਾਨ, ਵਿਦਿਆਰਥੀ ਜਥੇਬੰਦੀਆਂ ਅਤੇ ਸਮਾਜਸੇਵੀ ਵੱਡੀ ਗਿਣਤੀ 'ਚ ਹੋਏ ਸ਼ਾਮਲ





ਬਠਿੰਡਾ, 1 ਅਗਸਤ (ਦੀਪਕ ਸ਼ਰਮਾ): ਬੱਸ ਅੱਡਾ ਬਚਾਉਣ ਲਈ ਚੱਲ ਰਹੇ ਸੰਘਰਸ਼ ਨੂੰ ਲੈ ਕੇ ਹੁਣ ਲੋਕਾਂ ਨੇ ਇੱਕਜੁੱਟ ਹੋ ਕੇ ਪ੍ਰਸ਼ਾਸਨ ਅਤੇ ਸਰਕਾਰ ਵਿਰੁੱਧ ਸੰਘਰਸ਼ ਨੂੰ ਤਿੱਖਾ ਰੂਪ ਦੇ ਦਿੱਤਾ ਹੈ। ਅੰਬੇਡਕਰ ਪਾਰਕ ਵਿੱਚ ਸੰਘਰਸ਼ ਦੇ 100 ਦਿਨ ਪੂਰੇ ਹੋਣ 'ਤੇ ਵਪਾਰੀ, ਕਿਸਾਨ, ਮਜ਼ਦੂਰ, ਵਿਦਿਆਰਥੀ ਜਥੇਬੰਦੀਆਂ ਨੇ ਸ਼ਹਿਰ ਦੇ ਬੱਸ ਅੱਡਾ ਮਾਰਕੀਟ, ਕੋਰਟ ਰੋਡ, ਸਬਜ਼ੀ ਮੰਡੀ, ਮਹਿਣਾ ਚੌਂਕ, ਮਿੱਠੂ ਵਾਲਾ ਮੋੜ ਅਤੇ ਆਰੀਆ ਸਮਾਜ ਚੌਕ ਨੂੰ ਦੁਪਹਿਰ 12 ਵਜੇ ਤੱਕ ਪੂਰੀ ਤਰ੍ਹਾਂ ਬੰਦ ਕਰਕੇ ਅੰਬੇਡਕਰ ਪਾਰਕ ਤੋਂ ਸਦਭਾਵਨਾ ਚੌਕ ਤੱਕ ਵੱਡਾ ਰੋਸ ਮਾਰਚ ਕੱਢਿਆ। ਜਿਸ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪਹੁੰਚੇ। ਪ੍ਰਦਰਸ਼ਨਕਾਰੀਆਂ ਨੇ ਨਾਅਰੇਬਾਜ਼ੀ ਕਰਦਿਆਂ ਬੱਸ ਅੱਡਾ ਬਦਲਣ ਦੇ ਫ਼ੈਸਲੇ ਅਤੇ ਸਰਕਾਰ ਦੀ ਨੀਤੀ ਵਿਰੁੱਧ ਜ਼ਬਰਦਸਤ ਰੋਸ ਜ਼ਾਹਿਰ ਕੀਤਾ। ਬੱਸ ਅੱਡਾ ਸੰਘਰਸ਼ ਕਮੇਟੀ ਦੇ ਆਗੂ ਬਲਤੇਜ ਸਿੰਘ ਵਾਂਦਰ ਨੇ ਕਿਹਾ ਕਿ ਸਰਕਾਰ ਲੋਕਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ ਅਤੇ ਆਪਣੀ 'ਫੂਟ ਪਾਓ' ਨੀਤੀ ਰਾਹੀਂ ਬੱਸ ਅੱਡਾ ਬਦਲ ਕੇ ਸ਼ਹਿਰ ਨੂੰ ਉਜਾੜਨਾ ਚਾਹੁੰਦੀ ਹੈ, ਜਿਸ ਨੂੰ ਕਦੇ ਵੀ ਸਹਿਣ ਨਹੀਂ ਕੀਤਾ ਜਾਵੇਗਾ। ਗੁਰਪ੍ਰੀਤ ਸਿੰਘ ਆਰਟਿਸਟ ਅਤੇ ਹਰਵਿੰਦਰ ਹੈਪੀ ਨੇ ਕਿਹਾ ਕਿ ਸਰਕਾਰ ਹੁਣ ਆਮ ਲੋਕਾਂ ਦੀ ਨਹੀਂ ਰਹੀ, ਸਗੋਂ ਖਾਸ ਲੋਕਾਂ ਦੀ ਬਣ ਗਈ ਹੈ। ਜਦ ਪ੍ਰਸ਼ਾਸ਼ਨ ਨੂੰ ਇੱਕ-ਇੱਕ ਅੰਕੜੇ ਅਤੇ ਤਰਕ ਦੇ ਕੇ ਮੌਜੂਦਾ ਬੱਸ ਅੱਡੇ ਦੇ ਫਾਇਦੇ ਦੱਸੇ ਗਏ ਹਨ ਤਾਂ ਫਿਰ ਬਦਲਣ ਦੀ ਹੱਠ ਕਿਉਂ ਕਰ ਰਹੇ ਹਨ। ਸੰਦੀਪ ਬਾਬੀ ਅਤੇ ਕੰਵਲਜੀਤ ਭੰਗੂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਲੋਕ ਅਵਾਜ਼ ਸੁਣ ਕੇ ਬੱਸ ਅੱਡਾ ਬਦਲਣ ਵਾਲਾ ਫੈਸਲਾ ਤੁਰੰਤ ਰੱਦ ਕੀਤਾ ਜਾਵੇ। ਵਿਦਿਆਰਥੀਆਂ ਦੀ ਵੱਡੀ ਗਿਣਤੀ ਦੇ ਨਾਲ ਪਹੁੰਚੀ ਯੂਨੀਅਨ ਨੇਤਾ ਪਾਇਲ ਅਰੋੜਾ ਨੇ ਕਿਹਾ ਕਿ ਸਰਕਾਰ ਨੂੰ ਲੱਗਦਾ ਹੈ ਕਿ ਸਮਾਂ ਲੰਘਣ ਨਾਲ ਸੰਘਰਸ਼ ਥੰਮ੍ਹ ਜਾਵੇਗਾ, ਪਰ ਅਸੀਂ ਤਿਆਰੀ ਨਾਲ ਸਰਕਾਰ ਦੀ ਇੱਟ ਨਾਲ ਇੱਟ ਬਜਾ ਦੇਵਾਂਗੇ। ਭਾਜਪਾ ਆਗੂ ਸੰਦੀਪ ਅਗਰਵਾਲ ਨੇ ਕਿਹਾ ਕਿ ਸਰਕਾਰ ਆਮ ਲੋਕਾਂ ਦੀ ਦੁਸ਼ਮਣ ਬਣ ਕੇ ਕਦੇ ਬੱਸ ਅੱਡਾ ਬਦਲਣ ਦੀ ਨੀਤੀ ਤਾਂ ਕਦੇ ਟੋਹ ਵੈਨ ਰਾਹੀਂ ਲੁੱਟ ਕਰਨ ਦੀ ਨੀਤੀ ਬਣਾਈ ਹੋਈ ਹੈ। ਹਰ ਵਪਾਰੀ ਅਤੇ ਨਾਗਰਿਕ ਆਮ ਆਦਮੀ ਪਾਰਟੀ ਤੋਂ ਨਾਰਾਜ਼ ਹੈ, ਹੁਣ ਹੋਰ ਬਰਦਾਸ਼ਤ ਨਹੀਂ ਹੋਵੇਗਾ। ਜੇਕਰ ਸਰਕਾਰ ਨੇ ਆਪਣੇ ਤਾਨਾਸ਼ਾਹੀ ਭਰੇ ਫ਼ੈਸਲੇ ਨਾ ਵਾਪਸ ਲਏ ਤਾਂ 15 ਅਗਸਤ ਨੂੰ ਵੱਡੇ ਰੂਪ 'ਚ ਸੰਘਰਸ਼ ਹੋਵੇਗਾ। ਵਪਾਰ ਮੰਡਲ ਪ੍ਰਧਾਨ ਜੀਵਨ ਗੋਇਲ ਨੇ ਕਿਹਾ ਕਿ ਜੇ ਸਰਕਾਰ ਲੋਕ-ਵਿਰੋਧੀ ਨੀਤੀਆਂ ਤੋਂ ਪਿੱਛੇ ਨਾ ਹਟੀ ਤਾਂ ਉਨ੍ਹਾਂ ਨੂੰ ਪੰਜਾਬ ਵਿੱਚ ਇੱਕ ਵੀ ਸੀਟ 'ਤੇ ਵੋਟ ਨਹੀਂ ਮਿਲੇਗੀ। ਖੇਤ ਮਜ਼ਦੂਰ ਯੂਨੀਅਨ ਸਭਾ ਦੇ ਪ੍ਰਧਾਨ ਪ੍ਰਕਾਸ਼ ਸਿੰਘ ਨੇ ਵੀ ਸਰਕਾਰ ਦੀ ਖ਼ਿਲਾਫ਼ ਜ਼ੋਰਦਾਰ ਬੋਲ ਕਰਦੇ ਹੋਏ ਉਨ੍ਹਾਂ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ। ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਤੇ ਭਾਜਪਾ ਦੇ ਮਹਾਂਮੰਤਰੀ ਅਸ਼ੋਕ ਬਲਿਆਂਵਾਲੀ ਨੇ ਵੀ ਇਸ ਮੋਰਚੇ ਨੂੰ ਪੂਰਾ ਸਮਰਥਨ ਦੇਣ ਦੀ ਗੱਲ ਕਹੀ। ਬਲਤੇਜ ਵਾਂਦਰ ਨੇ ਐਲਾਨ ਕੀਤਾ ਕਿ ਸਰਕਾਰ ਦੀ ਇਸ ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ ਦੇ ਖ਼ਿਲਾਫ਼ ਸੰਘਰਸ਼ ਕਮੇਟੀ ਪੂਰੀ ਤਰ੍ਹਾਂ ਕਿਸਾਨਾਂ ਦੇ ਨਾਲ ਖੜ੍ਹੀ ਰਹੇਗੀ। ਇਸ ਮੌਕੇ 'ਤੇ ਬੀਕੇਯੂ ਸਿੱਧੂਪੁਰ ਦੇ ਬਲਦੇਵ ਸਿੰਘ ਸੰਦੋਹਾ, ਬੂਟਾ ਸਿੰਘ ਤੁੰਗਵਾਲੀ (ਬੀਕੇਯੂ ਡਕੌਂਦਾ), ਅਮਰਜੀਤ ਹਨੀ, ਵਿਦਿਆਰਥੀ ਯੂਨੀਅਨ ਦੇ ਸੰਕੇਤ ਵੈਦ, ਜਗਸੀਰ ਝੁੰਬਾ (ਬੀਕੇਯੂ ਉਗਰਾਹਾਂ), ਡੇਜ਼ੀ ਜਿੰਦਲ, ਦੇਵੀ ਦਯਾਲ, ਬਲਵਿੰਦਰ ਬਾਹੀਆ, ਵਿਸ਼ਵਦੀਪ, ਹਨੀ ਸਿੰਘ, ਬਾਬੂ ਖਾਨ, ਰਵਿੰਦਰ ਗੁਪਤਾ ਆਦਿ ਮੌਜੂਦ ਸਨ।

# ਵਿਦਿਆਰਥੀਆਂ ਨੂੰ ਬਿਮਾਰੀਆਂ ਬਾਰੇ ਜਾਗਰੂਕ ਕੀਤਾ



ਲਹਿਰਾਗਾਗਾ, 1 ਅਗਸਤ (ਗੁਰਦੀਪ ਸਿੰਘ): ਸਿਹਤ ਵਿਭਾਗ ਦੀਆਂ ਹਦਾਇਤਾਂ ਦੇ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਜੇ ਬਾਂਸਲ ਦੀ ਯੋਗ ਅਗਵਾਈ ਵਿੱਚ ਲਹਿਰਾ ਪ੍ਰਾਈਵੇਟ ਤੇ ਸਰਕਾਰੀ ਸੀਨੀਅਰ ਸਕੂਲਾਂ ਵਿੱਚ ਜਾ ਕੇ ਡੇਂਗੂ, ਚਿਕਨਗੁਨੀਆ ਤੇ ਹੋਰ ਮੌਸਮੀ ਬਿਮਾਰੀਆਂ ਦੇ ਲਾਰਵੇ ਸੰਬੰਧੀ ਸਰਵੇ ਕਰਕੇ ਸ਼ੱਕੀ ਪਾਈਆਂ ਗਈਆਂ ਲਾਰਵੇ ਵਾਲੀਆਂ ਥਾਵਾਂ 'ਤੇ ਟੈਮੀਫੋਸ ਸਪਰੇਅ ਦਾ ਛਿੜਕਾਅ ਕੀਤਾ ਗਿਆ, ਤੇ ਡੇਂਗੂ ਦੇ ਲਾਰਵੇ ਯੁਕਤ ਕੰਟੇਨਰਾਂ ਨੂੰ ਮੌਕੇ 'ਤੇ ਨਸ਼ਟ ਕਰਵਾਇਆ ਗਿਆ। ਮੌਕੇ 'ਤੇ ਮੌਜੂਦ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਤੇ ਲੋਕਾਂ ਨੂੰ ਡੇਂਗੂ ਦੇ ਪੈਦਾ ਹੋਣ ਦੇ ਕਾਰਨ, ਸੋਰਸ, ਪ੍ਰਭਾਵ ਤੇ ਡੇਂਗੂ ਤੋਂ ਬਚਾਅ ਕਰਨ ਬਾਰੇ ਸਮਝਾਇਆ ਗਿਆ। ਅਤੇ ਦੱਸਿਆ ਗਿਆ ਕਿ ਕਿਸੇ ਵੀ ਥਾਂ 'ਤੇ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ, ਹਰ ਪਾਸੇ ਸੁੱਕਾ ਰੱਖਿਆ ਜਾਵੇ, ਸਮੇਂ ਸਿਰ ਕੂਲਰ ਵਿੱਚੋਂ ਪਾਣੀ ਬਦਲਿਆ ਜਾਵੇ, ਫਰਿੱਜ ਦੀ ਬੈਕ ਸਾਈਡ ਵਾਲੀ ਟਰੇ ਵਿੱਚ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ, ਸ਼ਾਮ ਦੇ ਸਮੇਂ ਪੂਰੀਆਂ ਬਾਹਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ ਆਦਿ ਮੁੱਢਲੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਿਹਤ ਵਿਭਾਗ ਵੱਲੋਂ ਐਸ.ਆਈ ਸੁਖਵਿੰਦਰ ਸਿੰਘ, ਰਾਜੂ ਸੈਣੀ, ਸਰਬਜੀਤ ਸਿੰਘ ਤੇ, ਨਗਰ ਕੌਂਸਲ ਲਹਿਰਾ ਦੇ ਮੁਲਾਜ਼ਮ ਆਦਿ ਹਾਜ਼ਰ ਸਨ।

# ਫਤਿਹ ਕਾਲਜ ਦੇ ਬੀ.ਸੀ.ਏ. ਪਹਿਲੇ ਸਮੈਸਟਰ ਦੇ ਨਤੀਜੇ ਰਹੇ ਸ਼ਾਨਦਾਰ



ਰਾਮਪੁਰਾ ਫੂਲ, 1 ਅਗਸਤ (ਮਨਪ੍ਰੀਤ ਮਿੱਟੂ): ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਬੀ.ਸੀ.ਏ. ਪਹਿਲੇ ਸਮੈਸਟਰ (ਦਸੰਬਰ 2024) ਦੇ ਨਤੀਜੇ ਐਲਾਨੇ ਜਾਣ 'ਤੇ ਫਤਿਹ ਕਾਲਜ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਦੀ ਕਾਬਲੀਅਤ ਅਤੇ ਅਧਿਆਪਕਾਂ ਦੇ ਦ੍ਰਿੜ੍ਹ ਸੰਕਲਪ ਨੇ ਸ਼ਾਨਦਾਰ ਨਤੀਜੇ ਦੇ ਕੇ ਸਭ ਦਾ ਮਾਣ ਵਧਾਇਆ ਹੈ। ਕੁੱਲ 36 'ਚੋਂ 26 ਪ੍ਰੀਖਿਆਰਥੀਆਂ ਨੇ 75% ਜਾਂ ਇਸ ਤੋਂ ਉੱਪਰ ਅੰਕ ਹਾਸਲ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਹਾਸਲ ਵੇਰਵਿਆਂ ਅਨੁਸਾਰ ਵੀਰਪਾਲ ਕੌਰ ਪੁੱਤਰੀ ਗੁਰਮੀਤ ਸਿੰਘ ਵਾਸੀ ਪਿੰਡ ਚਾਉਕੇ ਨੇ 87% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਦਕਿ ਮਹਿਕਪ੍ਰੀਤ ਕੌਰ ਪੁੱਤਰੀ ਮਨਜੀਤ ਸਿੰਘ (ਪਿੰਡ ਕੁੱਤੀਵਾਲ ਕਲਾਂ) ਅਤੇ ਮਹਿਕਦੀਪ ਪੁੱਤਰੀ ਜਗਸੀਰ ਸਿੰਘ (ਪਿੰਡ ਰਾਮਨਿਵਾਸ)ਦੋਵਾਂ ਨੇ 85% ਅੰਕਾਂ ਨਾਲ ਸਾਂਝੇ ਤੌਰ 'ਤੇ ਦੂਜਾ ਸਥਾਨ ਹਾਸਲ ਕੀਤਾ। ਪਰਨੀਤ, ਪੁੱਤਰੀ ਹਰਭਜਨ ਸਿੰਘ (ਪਿੰਡ ਧਨੌਲਾ) ਅਤੇ ਰੀਆ, ਪੁੱਤਰੀ ਜੈਦੇਵ (ਵਾਸੀ ਰਾਮਪੁਰਾ ਫੂਲ) ਨੇ 84% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਚੇਅਰਮੈਨ ਸ. ਐਸ. ਐਸ. ਚੱਠਾ ਨੇ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਹ ਸਫਲਤਾ ਸਾਡੇ ਵਿਦਿਆਰਥੀਆਂ ਦੀ ਮਿਹਨਤ ਅਤੇ ਸੰਸਥਾ ਦੇ ਉੱਚ ਮਿਆਰੀ ਅਧਿਆਪਨ ਦਾ ਨਤੀਜਾ ਹੈ। ਇਸ ਮੌਕੇ ਐਮ.ਡੀ ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ ਜਗਵਿੰਦਰ ਸਿੰਘ ਸਿੱਧੂ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਕੰਪਿਊਟਰ ਵਿਭਾਗ ਦੇ ਮੁਖੀ ਪ੍ਰੋ ਸੋਨਵਿੰਦਰ ਸਿੰਘ, ਪ੍ਰੋ ਸੋਨੀਆ, ਪ੍ਰੋ ਕੁਮਾਰੀ ਸ਼ੈਲਜਾ, ਐਜੂਕੇਸ਼ਨ ਵਿਭਾਗ ਮੁਖੀ ਪ੍ਰੋ ਸੰਦੀਪ ਕੌਰ, ਪ੍ਰੋ ਹਰਜੀਤ ਕੌਰ, ਪ੍ਰੋ ਖੁਸ਼ਦੀਪ ਸੰਧੂ ਤੋਂ ਇਲਾਵਾ ਸਮੂਹ ਅਧਿਆਪਕ ਸਾਹਿਬਾਨ ਨੇ ਪ੍ਰਸ਼ੰਸਨ ਪ੍ਰਾਪਤ ਕਰਨ ਵਾਲਿਆਂ ਵਿਦਿਆਰਥੀਆਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

# ਗਲੋਬਲ ਡਿਸਕਵਰੀ ਸਕੂਲ ਦੇ ਖਿਡਾਰੀਆਂ ਵੱਲੋਂ ਜ਼ੋਨਲ ਬੈਡਮਿੰਟਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ



ਰਾਮਪੁਰਾ ਫੂਲ,1ਅਗਸਤ (ਮਨਪ੍ਰੀਤ ਮਿੱਟੂ): ਸੀ.ਬੀ.ਐਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ, ਰਾਮਪੁਰਾ ਫੂਲ ਦੇ ਵਿਦਿਆਰਥੀਆਂ ਨੇ ਜ਼ੋਨਲ ਪੱਧਰ ਦੇ ਬੈਡਮਿੰਟਨ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ,ਜਿਸ ਦੌਰਾਨ ਅੰਡਰ-14 ਵਰਗ ਵਿੱਚ, ਸਕੂਲ ਦੇ ਮੁੰਡਿਆਂ ਅਤੇ ਕੁੜੀਆਂ ਦੀਆਂ ਟੀਮਾਂ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਅੰਡਰ-17 ਮੁੰਡਿਆਂ ਅਤੇ ਕੁੜੀਆਂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ। ਉਪਰੰਤ ਵਿਦਿਆਰਥੀਆਂ ਦੀ ਜ਼ਿਲ੍ਹਾ ਪੱਧਰ ਮੁਕਾਬਲੇ ਲਈ ਚੋਣ ਹੋ ਗਈ ਹੈ। ਸਕੂਲ ਦੇ ਵਾਇਸ ਚੇਅਰਮੈਨ ਸ਼੍ਰੀ ਅਮਿਤ ਸਰਾਫ ਨੇ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਦੀ ਸਫਲਤਾ ਲਈ ਮਾਰਗਦਰਸ਼ਨ ਕਰਨ ਵਾਲੇ ਸਾਰੇ ਖੇਡ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਮੁਕਾਬਲਿਆਂ ਲਈ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਕਰੋੜਾਂ ਦੇ ਵਿਕਾਸ ਕਾਰਜਾਂ ਨਾਲ ਬਦਲੀ ਜਾਵੇਗੀ ਸ਼ਹਿਰ ਦੀ ਨੁਹਾਰ: ਬਲਕਾਰ ਸਿੱਧੂ



ਰਾਮਪੁਰਾਫੂਲ, 1 ਅਗਸਤ (ਮਨਪ੍ਰੀਤ ਮਿੱਟੂ):-ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਨਗਰ ਕੌਂਸਲ ਰਾਮਪੁਰਾਫੂਲ ਦਫਤਰ ਵਿਖੇ ਸਮੂਹ ਵਾਰਡਾਂ ਦੇ ਕੌਂਸਲਰਾਂ ਅਤੇ ਪਾਰਟੀ ਦੇ ਮੋਹਤਬਰ ਆਗੂਆਂ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਲੈਕੇ ਮੀਟਿੰਗ ਕੀਤੀ। ਵਿਧਾਇਕ ਸਿੱਧੂ ਨੇ ਹਾਜ਼ਰੀਨ ਕੌਂਸਲਰਾਂ ਨੂੰ ਦੱਸਿਆ ਕਿ ਸ਼ਹਿਰ ਦੇ ਵਿਕਾਸ ਲਈ ਲੱਗਭੱਗ 3 ਕਰੋੜ 90 ਲੱਖ ਰੁਪਏ ਦੇ ਗਲੀਆਂ 'ਚ ਇੰਟਰਲਾਕ ਟਾਇਲਾਂ,ਪੱਕੀਆਂ ਨਾਲੀਆਂ ਦੇ ਟੈਂਡਰ ਅਤੇ 1 ਕਰੋੜ 50 ਲੱਖ ਰੁਪਏ ਦੀਆਂ ਲੁੱਕ ਵਾਲੀਆਂ ਸੜਕਾਂ ਬਣਾਉਣ ਦੇ ਵਰਕ ਆਰਡਰ ਜਾਰੀ ਹੋ ਚੁੱਕੇ ਹਨ ਜਿਨ੍ਹਾਂ ਦਾ ਕੰਮ ਜਲਦ ਹੀ ਸ਼ੁਰੂ ਹੋ ਜਾਵੇਗਾ। ਇੱਥੇ ਦੱਸਣਯੋਗ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਵਿਧਾਇਕ ਵੱਲੋਂ ਕੌਂਸਲਰਾਂ ਨੂੰ ਉਨ੍ਹਾਂ ਦੇ ਵਾਰਡਾਂ ਵਿਚ ਹੋ ਰਹੇ ਕੰਮਾਂ ਦੀ ਲਾਗਤ ਸਮੇਤ ਖੁੱਲ੍ਹੀ ਜਾਣਕਾਰੀ ਦਿੱਤੀ ਗਈ ਹੋਵੇ, ਜਿਸਦੀ ਕਿ ਕੌਂਸਲਰਾਂ ਨੇ ਭਰਪੂਰ ਸ਼ਲਾਘਾ ਕੀਤੀ। ਸਿੱਧੂ ਨੇ ਕਿਹਾ ਕਿ ਹਰੇਕ ਵਾਰਡ ਵਿੱਚ ਕੰਮ ਦੀ ਰਕਮ,ਪ੍ਰਕਿਰਿਆ ਅਤੇ ਮਿਆਦ ਬਾਰੇ ਪੂਰੀ ਪਾਰਦਰਸ਼ਤਾ ਬਣਾਈ ਜਾਵੇਗੀ।"ਸਾਡਾ ਮਕਸਦ ਹਰ ਵਾਰਡ ਵਿੱਚ ਲੋਕਾਂ ਦੀ ਅਸਲ ਜ਼ਰੂਰਤ ਅਨੁਸਾਰ ਕੰਮ ਕਰਵਾਉਣਾ ਅਤੇ ਸਰਕਾਰੀ ਫੰਡਾਂ ਦੀ ਇੱਕ ਇੱਕ ਪੈਸੇ ਦੀ ਸਹੀ ਵਰਤੋਂ ਕਰਵਾਉਣੀ ਹੈ। ਇਸ ਮੌਕੇ ਸੰਗਠਨ ਇੰਚਾਰਜ ਅਤੇ ਮਾਰਕਿਟ ਕਮੇਟੀ ਰਾਮਪੁਰਾ ਦੇ ਚੇਅਰਮੈਨ ਦਰਸ਼ਨ ਸਿੰਘ ਸੋਹੀ,ਰੌਬੀ ਬਰਾੜ ਸੀਨੀਅਰ ਆਪ ਆਗੂ, ਟਰੱਕ ਯੂਨੀਅਨ ਰਾਮਪੁਰਾ ਦੇ ਪ੍ਰਧਾਨ ਸ਼ੇਰ ਬਹਾਦਰ ਧਾਲੀਵਾਲ,ਰਵਿੰਦਰ ਸਿੰਘ ਨਿੱਕਾ ਵਾਈਸ ਪ੍ਰਧਾਨ ਨਗਰ ਕੌਂਸਲ, ਕੌਂਸਲਰ ਕਰਨੈਲ ਸਿੰਘ ਮਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਿਰਮਲ ਸਿੰਘ ਜੇਈ ਤੋਂ ਇਲਾਵਾ ਸਾਰੇ ਕੌਂਸਲਰ ਅਤੇ ਵੱਡੀ ਗਿਣਤੀ ਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਮੌਜੂਦ ਸਨ।

# ਸ਼੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ 16 ਨਾਕਿਆਂ 'ਤੇ ਚੈਕਿੰਗ, ਹੋਟਲ-ਢਾਬਿਆਂ 'ਤੇ ਰਹਿਣ ਵਾਲਿਆਂ ਦੀ ਵੀ ਜਾਂਚ

## ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ: ਐਸ.ਐਸ.ਪੀ.



ਸ੍ਰੀ ਮੁਕਤਸਰ ਸਾਹਿਬ, 1 ਅਗਸਤ (ਐਚ ਐਸ ਕਪੂਰ): (ਸਵਤੰਤਰਤਾ ਦਿਵਸ) ਦੇ ਮੱਦੇ ਨਜ਼ਰ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਪੁਲਿਸ ਵੱਲੋਂ ਜ਼ਿਲ੍ਹੇ ਭਰ ਵਿੱਚ ਲੋਕਾਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਸ਼ਰਾਰਤੀ ਅੰਨਸਰਾਂ ਅਤੇ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਦੌਰਾਨ 16 ਨਾਕਿਆਂ 'ਤੇ ਨਾਕਾਬੰਦੀ ਕਰਕੇ ਵਿਸ਼ੇਸ਼ ਤਲਾਸ਼ੀ ਮੁਹਿੰਮ ਚਲਾਈ ਗਈ। ਇਹ ਮੁਹਿੰਮ ਡਾ. ਅਖਿਲ ਚੌਧਰੀ, ਆਈ.ਪੀ.ਐਸ., ਸੀਨੀਅਰ ਸੁਪਰਡੈਂਟ ਆਫ ਪੁਲਿਸ, ਸ੍ਰੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਅਮਲ ਵਿੱਚ ਲਿਆਂਦੀ ਗਈ। ਜ਼ਿਲ੍ਹੇ ਦੇ ਚਾਰ ਹੀ ਸਬ-ਡਿਵੀਜ਼ਨਾਂ - ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਅਤੇ ਲੰਬੀ ਵਿੱਚ ਟੋਟਲ 16 ਨਾਕੇ ਲਗਾਏ ਗਏ। ਹਰ ਨਾਕੇ 'ਤੇ 10 ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ। ਮੁੱਖ ਉਦੇਸ਼ ਸੀ ਸ਼ੱਕੀ ਵਿਅਕਤੀਆਂ, ਵਾਹਨਾਂ, ਅਤੇ ਸ਼ਰਾਰਤੀ ਅਨਸਰਾਂ ਦੀ ਪਛਾਣ ਅਤੇ ਨਸ਼ਾ ਤਸਕਰੀ ਦੀ ਰੋਕਥਾਮ। ਇਸ ਦੌਰਾਨ ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਵੱਲੋਂ ਸਾਰਿਆਂ ਸਬ ਡਿਵੀਜ਼ਨਾਂ ਵਿੱਚ ਹੋਟਲਾਂ, ਢਾਬਿਆਂ, ਗੈਸਟ ਹਾਊਸਾਂ, ਧਰਮਸ਼ਾਲਾਵਾਂ ਅਤੇ ਰੈਸਟੋਰੈਂਟਾਂ 'ਚ ਜਾ ਕੇ ਸ਼ੱਕੀ ਵਿਅਕਤੀਆਂ ਦੀ ਜਾਂਚ ਅਤੇ ਪੁੱਛਗਿੱਛ ਕੀਤੀ ਗਈ ਅਤੇ ਜਿਨ੍ਹਾਂ ਵਿਅਕਤੀਆਂ ਨੇ ਕਿਰਾਏ 'ਤੇ ਠਹਿਰਨ ਲਈ ਕਮਰੇ ਲਏ ਹੋਏ ਹਨ, ਉਨ੍ਹਾਂ ਦੀ ਡਿਟੇਲਡ ਵੈਰੀਫਿਕੇਸ਼ਨ ਕੀਤੀ ਗਈ। ਜਿਨਾਂ 'ਤੇ ਪਹਿਲਾਂ ਹੀ ਨਸ਼ੇ ਜਾਂ ਹੋਰ ਗੈਰਕਾਨੂੰਨੀ ਤੇ ਮੁਕੱਦਮੇਂ ਦਰਜ ਸਨ, ਉਹਨਾਂ ਦੀ ਗਤੀਵਿਧੀ, ਘਰਾਂ ਟਿਕਾਣਿਆਂ ਦੀ ਖਾਸ ਤਲਾਸ਼ੀ ਲਈ ਗਈ। ਨਾਕਿਆਂ ਦੀ ਨਿਗਰਾਨੀ ਐਸ.ਪੀ (ਡੀ) ਮਨਮੀਤ ਸਿੰਘ ਢਿੱਲੋਂ ਵੱਲੋਂ ਕੀਤੀ ਗਈ। ਇਸ ਮੌਕੇ ਡੀ.ਐਸ.ਪੀ ਨਵੀਨ ਕੁਮਾਰ (ਮੁਕਤਸਰ),ਜਸਪਾਲ ਸਿੰਘ (ਲੰਬੀ), ਇੱਕਬਾਲ ਸਿੰਘ (ਮਲੋਟ) ਅਤੇ ਅਵਤਾਰ ਸਿੰਘ (ਗਿੱਦੜਬਾਹਾ) ਮੌਕੇ 'ਤੇ ਮੌਜੂਦ ਰਹੇ। ਕੁੱਲ 160 ਤੋਂ ਵੱਧ ਪੁਲਿਸ ਅਧਿਕਾਰੀ ਅਤੇ ਮੁਲਾਜ਼ਮ ਮੁਹਿੰਮ ਵਿੱਚ ਸ਼ਾਮਿਲ ਰਹੇ।

# ਸੰਤ ਹਰਚੰਦ ਸਿੰਘ ਦੀ ਬਰਸੀ ਸਬੰਧੀ ਹਲਕਾ ਸੰਗਰੂਰ ਦੇ ਆਗੂਆਂ ਤੇ ਵਰਕਰਾਂ ਦੀ ਮੀਟਿੰਗ



ਭਵਾਨੀਗੜ੍ਹ, 1 ਅਗਸਤ (ਅਮਨਦੀਪ ਸਿੰਘ ਮਾੜ੍ਹਾ) : 20 ਅਗਸਤ ਨੂੰ ਸੰਤ ਹਰਚੰਦ ਸਿੰਘ ਦੀ ਬਰਸੀ ਸਬੰਧੀ ਭਵਾਨੀਗੜ੍ਹ ਵਿਚ ਹਲਕਾ ਸੰਗਰੂਰ ਦੇ ਅਕਾਲੀ ਆਗੂਆਂ ਅਤੇ ਵਰਕਰਾਂ ਦੀ ਮੀਟਿੰਗ ਹੋਈ। ਸੰਗਰੂਰ ਅਤੇ ਸੁਨਾਮ ਉੱਧਮ ਸਿੰਘ ਵਾਲਾ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਮੀਟਿੰਗ ਦੀ ਅਗਵਾਈ ਕਰਦਿਆਂ ਦੱਸਿਆ ਕਿ ਸਾਰੇ ਹਲਕਿਆਂ ਵਿਚ ਮੀਟਿੰਗਾਂ ਹੋ ਰਹੀਆਂ ਹਨ ਤਾਂ ਜੋ ਵੱਧ ਤੋਂ ਸੰਗਤਾਂ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚਣ। ਉਹਨਾਂ ਦੱਸਿਆ ਕਿ 20 ਅਗਸਤ ਨੂੰ ਲੌਂਗੋਵਾਲ ਵਿਖੇ ਭਾਈ ਮਨੀ ਸਿੰਘ ਖਾਲਸਾ ਕਾਲਜ ਵਿਚ ਬਰਸੀ ਸਬੰਧੀ ਸਮਾਗਮ ਹੋਵੇਗਾ, ਜਿਸ ਵਿਚ ਸੰਗਰੂਰ ਹਲਕੇ ਵਿਚੋਂ 40 ਦੇ ਕਰੀਬ ਬੱਸਾਂ ਰਾਹੀਂ ਸੰਗਤਾਂ ਜਾਣਗੀਆਂ। ਉਹਨਾਂ ਦੱਸਿਆ ਕਿ ਬਰਸੀ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਹੋਰ ਵੀ ਵੱਡੇ ਲੀਡਰ ਪਹੁੰਚਕੇ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਲੋਕਾਂ ਦੀਆਂ ਜ਼ਮੀਨਾਂ ਹੜੱਪਣ ਦੀ ਨਿਖੇਧੀ ਵੀ ਕੀਤੀ ਗਈ। ਵੋਟਾਂ ਵੇਲੇ ਕੀਤੇ ਝੂਠੇ ਵਾਅਦੇ ਪੂਰੇ ਕਰਨ ਲਈ ਜ਼ਮੀਨਾਂ ਹੜੱਪੀਆਂ ਜਾ ਰਹੀਆਂ ਹਨ। ਅਕਾਲੀ ਦਲ ਜ਼ਮੀਨ ਹੜੱਪਣ ਵਾਲੀਆਂ ਸਰਕਾਰ ਦੀਆਂ ਸਕੀਮਾਂ ਕਾਮਯਾਬ ਨਹੀਂ ਹੋਣ ਦੇਵੇਗਾ। ਜਿੱਥੇ ਜਿੱਥੇ ਸਰਕਾਰ ਧੱਕਾ ਕਰੇਗੀ ਅਕਾਲੀ ਦਲ ਉਸਦਾ ਡਟਕੇ ਵਿਰੋਧ ਕਰੇਗਾ। ਕਰਜੇ ਦਾ ਵਿਆਜ ਮੋੜਕੇ ਫਿਰ ਉਸ ਤੋਂ ਦੁਗਣਾ ਕਰਜਾ ਕਿੱਥੋਂ ਦੀ ਸਮਝਦਾਰੀ ਹੈ। ਆਪ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਕੋਈ ਸੜਕ, ਨਾ ਕੋਈ ਸਕੂਲ ਬਣਿਆ। ਪਰੰਤੂ ਵਾਅਦੇ ਅਤੇ ਪੋਸਟਰ ਵੱਡੇ ਵੱਡੇ ਛਪਦੇ ਹਨ। ਇਸ ਮੌਕੇ ਤੇਜਿੰਦਰ ਸਿੰਘ ਸੰਘਰੇੜੀ, ਬੀਬੀ ਪਰਮਜੀਤ ਕੌਰ ਵਿਰਕ, ਰੁਪਿੰਦਰ ਸਿੰਘ ਰੰਧਾਵਾ, ਜਸਵੀਰ ਸਿੰਘ ਬਾਲਦ, ਇਕਬਾਲਜੀਤ ਸਿੰਘ ਪੂਨੀਆ, ਹਰਜਿੰਦਰ ਸਿੰਘ ਜਲਾਣ, ਸੋਮਾ ਫੱਗੂਵਾਲਾ, ਗੋਲਡੀ ਤੂਰ, ਮੈਨੇਜਰ ਜਗਜੀਤ ਸਿੰਘ ਜੱਗੀ, ਗੁਰਮੀਤ ਸਿੰਘ ਜੈਲਦਾਰ, ਸੁਰਜੀਤ ਸਿੰਘ ਭੱਟੀਵਾਲ, ਗੁਰਮੀਤ ਸਿੰਘ ਰਟੋਲ, ਪ੍ਰਿੰਸੀ. ਨਰੇਸ਼ ਕੁਮਾਰ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।

# ਜੋਧਾਂ ਵਿਖੇ 7 ਅਗਸਤ ਨੂੰ ਹੋਵੇਗੀ ਵੱਡੀ ਰੈਲੀ : ਘਣੀਆਂ



ਬਾਜਾਖਾਨਾ,1 ਅਗਸਤ ( ਅਵਤਾਰ ਸਿੰਘ ਮੱਲਾ): ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਲਾਕ ਬਾਜਾਖਾਨਾ ਦੇ ਕਿਸਾਨਾਂ ਵੱਲੋਂ ਸਰਕਾਰ ਦੀ ਲੈਂਡ ਪੂਲਿੰਗ ਪਾਲਸੀ ਦੇ ਵਿਰੋਧ ਵਿੱਚ ਗੁਰਦੁਆਰਾ ਅਨੰਦਗੜ੍ਹ ਸਾਹਿਬ ਬਾਜਾਖਾਨਾ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ ਨੇ ਖਾਸ ਤੌਰ ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆਂ ਨੇ ਦੱਸਿਆ ਕਿ ਸਰਕਾਰ ਦੀ ਇਹ ਪਾਲਸੀ ਸਿਰਫ਼ ਤੇ ਸਿਰਫ਼ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਕਿਸਾਨਾਂ ਤੋਂ ਖੋਹ ਕੇ ਕਾਰਪੋਰੇਟ ਦੇ ਹੱਥ ਦੇਣ ਦਾ ਇੱਕ ਤਰੀਕਾ ਹੈ। ਉਹਨਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਅਗਵਾਈ ਹੇਠ ਸਰਕਾਰ ਦੀ ਇਸ ਕਿਸਾਨ ਮਾਰੂ ਨੀਤੀ ਦਾ ਮੂੰਹ ਤੋੜਵਾਂ ਜਵਾਬ ਦੇਣ ਦੇ ਲਈ ਆਉਣ ਵਾਲੇ 7 ਅਗਸਤ ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਜੋਧਾਂ ਵਿਖੇ ਕਿਸਾਨਾਂ ਦੀ ਇੱਕ ਵੱਡੀ ਇਕੱਤਰਤਾ ਕਰਕੇ ਰੈਲੀ ਕੱਢੀ ਜਾ ਰਹੀ ਹੈ, ਜਿਸ ਦੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਸ਼ਿਰਕਤ ਕਰਨਗੇ। ਉਹਨਾਂ ਦੱਸਿਆ ਕਿ ਇਹਨਾਂ ਮੀਟਿੰਗਾਂ ਰਾਹੀਂ ਬਲਾਕ ਪੱਧਰੀ ਕਿਸਾਨਾਂ ਨੂੰ ਇਸ ਹੋਣ ਵਾਲੀ ਰੈਲੀ ਸਬੰਧੀ ਲਾਮਬੰਦ ਕੀਤਾ ਜਾ ਰਿਹਾ ਹੈ ਤਾਂ ਜੋ ਸਰਕਾਰ ਦੀ ਇਸ ਲੋਕ ਮਾਰੂ ਨੀਤੀ ਦਾ ਡੱਟ ਕੇ ਵਿਰੋਧ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਕਿਸਾਨਾਂ ਦੇ ਹਿੱਤਾਂ ਲਈ ਹਮੇਸ਼ਾ ਤੱਤਪਰ ਹੈ ਅਤੇ ਕਿਸਾਨਾਂ ਦੀ ਇੱਕ ਇੰਚ ਜ਼ਮੀਨ 'ਤੇ ਵੀ ਕਿਸੇ ਗੈਰ ਦਾ ਕਬਜ਼ਾ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਉਹਨਾਂ ਦੇ ਨਾਲ ਜਥੇਬੰਦੀ ਦੇ ਜ਼ਿਲ੍ਹਾ ਖਜਾਨਚੀ ਗੁਰਾਂਦਿਤਾ ਸਿੰਘ ਨੰਬਰਦਾਰ, ਬਲਾਕ ਬਾਜਾਖਾਨਾ ਦੇ ਪ੍ਰਧਾਨ ਬਲਜਿੰਦਰ ਸਿੰਘ ਵਾੜਾ ਭਾਈਕਾ, ਬਲਾਕ ਖਜਾਨਚੀ ਰਣਜੀਤ ਸਿੰਘ ਡੋਡ, ਸੀਨੀਅਰ ਮੀਤ ਪ੍ਰਧਾਨ ਸ਼ਮਸ਼ੇਰ ਸਿੰਘ ਮੱਲਾ, ਜਨਰਲ ਸਕੱਤਰ ਸੁਖਪ੍ਰੀਤ ਸਿੰਘ ਝੱਖੜਵਾਲਾ, ਗੁਰਪ੍ਰੀਤ ਸਿੰਘ ਸਿੱਧੂ ਬਲਾਕ ਪ੍ਰੈਸ ਸਕੱਤਰ, ਕੁਲਵੀਰ ਸਿੰਘ ਝੱਖੜਵਾਲਾ, ਹਰਭਗਵਾਨ ਸਿੰਘ ਉਕੰਦਵਾਲਾ, ਸੁਖਮੰਦਰ ਸਿੰਘ ਘਣੀਆਂ,ਨਾਹਰ ਸਿੰਘ ਪੱਪਾ ਡੋਡ, ਗੁਰਾਂਦਿੱਤਾ ਸਿੰਘ ਵਾੜਾ ਭਾਈਕਾ, ਅੰਗਰੇਜ਼ ਸਿੰਘ ਪ੍ਰਧਾਨ ਵਾਂਦਰ, ਗੁਰਮੀਤ ਸਿੰਘ ਪ੍ਰਧਾਨ ਠੱਠੀ ਭਾਈ, ਗੁਰਦੀਪ ਸਿੰਘ ਪ੍ਰਧਾਨ ਰੋਮਾਣਾ, ਹਰਜਿੰਦਰ ਸਿੰਘ ਨੀਟੂ ਰੋਮਾਣਾ, ਰੁਲਦੂ ਸਿੰਘ ਲੰਭਵਾਲੀ, ਹਰਚਰਨ ਸਿੰਘ ਡੋਡ,ਕਰਮ ਸਿੰਘ ਘਣੀਆਂ, ਇਕਬਾਲ ਸਿੰਘ ਸੇਖੋਂ ਪ੍ਰਧਾਨ ਬਾਜਾਖਾਨਾ, ਗੁਰਪ੍ਰੀਤ ਸਿੰਘ ਪ੍ਰਧਾਨ ਮੱਲਾ, ਮੰਦਰ ਸਿੰਘ ਪ੍ਰਧਾਨ ਬਰਗਾੜੀ,ਸੁਖਪਿੰਦਰ ਸਿੰਘ ਕਾਕਾ ਠੱਠੀ ਭਾਈ,ਮੱਲ ਸਿੰਘ ਮੱਲਾ,ਲਾਭ ਸਿੰਘ ਪ੍ਰਧਾਨ ਇਕਾਈ ਝੱਖੜਵਾਲਾ, ਬੇਅੰਤ ਸਿੰਘ ਵਾਂਦਰ, ਹਰਪ੍ਰੀਤ ਸਿੰਘ ਬਰਗਾੜੀ ਪਰਵਿੰਦਰ ਸਿੰਘ ਰੋਮਾਣਾ, ਬੂਟਾ ਸਿੰਘ ਉਕੰਦਵਾਲਾ, ਗੁਰਲਾਲ ਸਿੰਘ ਮੱਲਾ,ਆਦਿ ਵੱਡੀ ਗਿਣਤੀ ਕਿਸਾਨ ਹਾਜ਼ਰ ਰਹੇ।

# ਕੈਂਸਰ ਚੈਕਅੱਪ ਕੈਂਪ 'ਚ 400 ਤੋਂ ਵਧੇਰੇ ਮਰੀਜ਼ਾਂ ਦੀ ਜਾਂਚ



ਧੂਰੀ, 1 ਅਗਸਤ (ਰਾਜੇਸ਼ਵਰ ਪਿੰਟੂ, ਅਮਨ ਗਰਗ): ਐਸ.ਬੀ.ਆਈ. ਕਾਰਡ ਵੱਲੋਂ ਕੈਂਸਰ ਖਿਲਾਫ ਵਿੱਢੀ ਜੰਗ ਤਹਿਤ ਸੰਗਰੂਰ ਜ਼ਿਲ੍ਹੇ ਵਿੱਚ ਵਰਲਡ ਕੈਂਸਰ ਕੇਅਰ ਦੀ ਸਹਾਇਤਾ ਨਾਲ ਮੁਫਤ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪਾਂ ਦੀ ਲੜੀ ਤਹਿਤ ਵਰਲਡ ਕੈਂਸਰ ਕੇਅਰ ਦੇ ਗਲੋਬਲ ਅਬੈਂਸਡਰ ਡਾ. ਕੁਲਵੰਤ ਸਿੰਘ ਧਾਲੀਵਾਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸੰਗਰੂਰ ਜ਼ਿਲ੍ਹੇ ਵਿੱਚ 16 ਕੈਂਸਰ ਜਾਂਚ ਕੈਂਪਾਂ ਦੀ ਲੜੀਵਾਰਤਾ ਤਹਿਤ ਵਰਲਡ ਕੈਂਸਰ ਕੇਅਰ ਦੇ ਪੰਜਾਬ ਚੈਪਟਰ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਅੱਜ ਸਥਾਨਕ ਮਾਡਰਨ ਸੈਕੂਲਰ ਪਬਲਿਕ ਸਕੂਲ, ਧੂਰੀ ਵਿਖੇ ਕੈਂਪ ਲਗਾਇਆ ਗਿਆ, ਜਿਸ ਵਿੱਚ 400 ਤੋਂ ਵਧੇਰੇ ਮਰੀਜ਼ਾਂ ਦੀ ਜਾਂਚ ਕੀਤੀ ਗਈ। ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਕਪਤਾਨ ਪੁਲਿਸ ਨਵਰੀਤ ਸਿੰਘ ਵਿਰਕ ਨੇ ਕੀਤਾ। ਉਨ੍ਹਾਂ ਸਾਰੀ ਟੈਸਟ ਪ੍ਰਕ੍ਰਿਆ ਦਾ ਜਾਇਜ਼ਾ ਲੈਣ ਉਪਰੰਤ ਸੰਤੁਸ਼ਟੀ ਪ੍ਰਗਟਾਈ। ਇਸ ਮੌਕੇ ਉਹਨਾਂ ਨੇ ਮਾਡਰਨ ਸੈਕੂਲਰ ਪਬਲਿਕ ਸਕੂਲ ਧੂਰੀ ਅਤੇ ਵਿੱਦਿਆ ਸਾਗਰ ਨਰਸਿੰਗ ਕਾਲਜ ਧੂਰੀ ਦੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਸੰਸਥਾ ਦੇ ਡਿਪਟੀ ਡਾਇਰੈਕਟਰ ਗੁਰਵਿੰਦਰ ਕੌਰ ਨੇ ਜਾਣਕਾਰੀ ਦਿੱਤੀ ਕਿ ਕੈਂਪ ਵਿੱਚ ਕੈਂਸਰ ਅਵੇਅਰਨੈਸ, ਸ਼ੂਗਰ ਅਤੇ ਬੀ.ਪੀ. ਚੈਕ ਅਪ, ਮਰਦਾਂ ਦੇ ਗਦੂਦਾਂ ਦੀ ਜਾਂਚ ਲਈ ਪੀ.ਐਸ.ਏ. ਟੈਸਟ, ਬਲੱਡ ਕੈਂਸਰ ਦੀ ਜਾਂਚ, ਮੂੰਹ, ਗਲੇ ਅਤੇ ਹੱਡੀਆਂ ਦੀ ਜਾਂਚ, ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ, ਬੱਚੇਦਾਨੀ ਦੇ ਪੈਪ ਸਮੇਅਰ ਟੈਸਟ ਅਤੇ ਕੈਂਸਰ ਮਰੀਜ਼ਾਂ ਨੂੰ ਸਹੀ ਸਲਾਹ ਦਿੱਤੀ ਗਈ। ਇਸ ਕੈਂਪ ਦੌਰਾਨ ਵਰਲਡ ਕੈਂਸਰ ਕੇਅਰ ਸੁਸਾਇਟੀ ਦੀਆਂ ਪਹੁੰਚ ਰਹੀਆਂ ਬੱਸਾਂ ਵਿੱਚ ਮਾਹਿਰ ਡਾਕਟਰ ਅਤੇ ਅਤਿ ਆਧੁਨਿਕ ਉਪਕਰਨ ਮੌਜੂਦ ਸਨ। ਇਸ ਦੇ ਨਾਲ ਹੀ ਲੋੜਵੰਦ ਮਰੀਜ਼ਾਂ ਨੂੰ ਡਾ. ਧਰਮਿੰਦਰ ਸਿੰਘ ਅਤੇ ਉਹਨਾਂ ਦੀ ਟੀਮ ਵੱਲੋਂ ਮੁਫਤ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ। ਕੈਂਪ ਵਿੱਚ ਸੰਸਥਾ ਦੇ ਪ੍ਰਿੰਸੀਪਲ ਸੁਨੀਲ ਕਦਮ, ਸਟਾਫ ਅਤੇ ਵਿਦਿਆਰਥੀਆਂ ਨੇ ਆਪਣੀਆਂ ਡਿਊਟੀਆਂ ਵਧੀਆ ਤਰੀਕੇ ਨਾਲ ਨਿਭਾਈਆਂ।

# ਹੌਜ਼ਰੀ ਆਜੀਵਿਕਾ ਤਹਿਤ ਔਰਤਾਂ ਨੂੰ ਪਿੰਡਾਂ ਵਿੱਚ ਹੀ ਮਿਲਿਆ ਰੁਜ਼ਗਾਰ

ਮੂਨਕ,1 ਅਗਸਤ(ਸਮਸ਼ੇਰ ਸਿੰਘ ਭੁਟਾਲ): ਪਹਿਲਾ ਹੌਜ਼ਰੀ ਆਜੀਵਿਕਾ ਯੋਜਨਾ' ਤਹਿਤ ਪਿੰਡਾਂ ਵਿੱਚ ਹੀ ਘਰੇਲੂ ਔਰਤਾਂ ਨੂੰ ਨੌਕਰੀ ਕਰ ਕੇ ਚੰਗੀ ਕਮਾਈ ਕਰਨ ਦਾ ਮੌਕਾ ਮਿਲਣ ਜਾ ਰਿਹਾ ਹੈ। ਇਸ ਨਾਲ ਨਾ ਸਿਰਫ਼ ਔਰਤਾਂ ਨੂੰ ਕਮਾਈ ਕਰਨ ਦਾ ਮੌਕਾ ਮਿਲੇਗਾ, ਸਗੋਂ ਆਤਮ-ਨਿਰਭਰ ਵੀ ਬਣਨਗੀਆਂ। ਪੰਜਾਬ ਸਰਕਾਰ ਦੀ ਨਿਵੇਕਲੀ 'ਪਹਿਲ ਹੌਜ਼ਰੀ ਆਜੀਵਿਕਾ ਯੋਜਨਾ' ਤਹਿਤ ਪਿੰਡਾਂ ਦੀਆਂ ਘਰਾਂ ਵਿੱਚ ਬੈਠੀਆਂ ਔਰਤਾਂ ਨੂੰ ਰੁਜ਼ਗਾਰ ਮਿਲੇਗਾ। ਇਸ ਯੋਜਨਾ ਤਹਿਤ ਪਿੰਡ ਹਮੀਰਗੜ੍ਹ ਵਿਖੇ ਇਮਾਰਤ ਵਿੱਚ ਇਹ ਕੇਂਦਰ ਸ਼ੁਰੂ ਕੀਤਾ ਗਿਆ ਹੈ, ਜਿੱਥੇ ਪੰਜਾਬ ਸਰਕਾਰ ਵੱਲੋਂ 14 ਮਸ਼ੀਨਾਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਦਿੱਤੀਆਂ ਗਈਆਂ ਹਨ। 150 ਔਰਤਾਂ ਵਲੋਂ ਇੱਥੇ 20000, ਵਰਦੀਆਂ ਬਣਾਈ ਜਾਣਗੀਆਂ। ਪਹਿਲੇ ਗੇੜ ਤਹਿਤ 70 ਔਰਤਾਂ ਨੂੰ ਸਿਖਲਾਈ ਦਿੱਤੀ ਗਈ ਹੈ। ਔਰਤਾਂ ਲਈ ਚੰਗਾ ਮੌਕਾ:ਇਸ ਮੌਕੇ ਜਾਣਕਾਰੀ ਦਿੰਦਿਆਂ ਪੰਚਾਇਤ ਵਿਭਾਗ ਦੇ ਅਧਿਕਾਰੀ ਸੰਦੀਪ ਕੁਮਾਰ ,ਬਲਾਕ ਮੈਨੇਜਰ ਨੇ ਦੱਸਿਆ ਇਹ ਮਿਸ਼ਨ ਏਡੀਸੀ ਪੇਂਡੂ ਸੁਖਚੈਨ ਸਿੰਘ ਸੰਗਰੂਰ ਦੇ ਅੰਡਰ ਚੱਲ ਰਿਹਾ ਹੈ ਕਿ ਪਹਿਲ ਪ੍ਰੋਜੈਕਟ ਤਹਿਤ ਸਾਰੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਸਰਕਾਰ ਵੱਲੋਂ ਵਰਦੀਆਂ ਦਿੱਤੀਆਂ ਜਾਣਗੀਆਂ, ਜਿਸ ਨੂੰ ਔਰਤਾਂ ਦੇ ਸਵੈ ਸੇਵੀ ਗਰੁੱਪ ਤਿਆਰ ਕਰਨਗੇ। ਪਿੰਡ ਹਮੀਰਗੜ੍ਹ ਵਿਖੇ ਲੱਖਾਂ ਰੁਪਏ ਦੀ ਲਾਗਤ ਨਾਲ ਤਿਆਰ ਕੀਤੀ ਗਈ ਇਮਾਰਤ ਵਿੱਚ ਇਹ ਕੇਂਦਰ ਸ਼ੁਰੂ ਕੀਤਾ ਗਿਆ ਹੈ, ਜਿੱਥੇ ਪੰਜਾਬ ਸਰਕਾਰ ਵੱਲੋਂ 14 ਮਸ਼ੀਨਾਂ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਦਿੱਤੀਆਂ ਗਈਆਂ ਹਨ। ਸੈਲਫ ਹੈਲਪ ਗਰੁੱਪ : ਸੰਦੀਪ ਕੁਮਾਰ ਬਲਾਕ ਮੈਨੇਜਰ ਸਿੰਘ ਨੇ ਦੱਸਿਆ ਕਿ ਅਨਦਾਨਾ ਐਟ ਮੂਨਕ ਹਮੀਰਗੜ੍ਹ ਵਿੱਚ ਗਰੀਬ ਪੇਂਡੂ ਔਰਤਾਂ ਦੇ ਲੱਗਭੱਗ 350 ਦੇ ਕਰੀਬ ਸਵੈ-ਸਹਾਇਤਾ ਸਮੂਹ ਚੱਲ ਰਹੇ ਹਨ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਔਰਤਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਲਈ ਰੁਜ਼ਗਰ ਦਾ ਮੌਕਾ ਮੁਹੱਈਆ ਕਰਵਾਉਣ ਲਈ ਪਹਿਲ ਪ੍ਰੋਜੈਕਟ ਉਲੀਕਿਆ ਗਿਆ। ਜਿਸ ਅਧੀਨ ਸਕੂਲੀ ਬੱਚਿਆਂ ਨੂੰ ਵਰਦੀਆ ਦਿੱਤੀਆ ਜਾਣੀਆ ਹਨ, ਇਨ੍ਹਾਂ ਵਰਦੀਆਂ ਦੀ ਸਿਲਾਈ ਸਵੈ- ਸਹਾਇਤਾ ਸਮੂਹ ਦੇ ਮੈਂਬਰਾਂ ਦੁਆਰਾ ਕੀਤੀ ਜਾਣੀ ਹੈ। ਪੰਜਾਬ ਸਰਕਾਰ ਦਾ ਇਹ ਪਹਿਲ ਪ੍ਰੋਜੈਕਟ ਸਵੈ-ਸਹਾਇਤਾ ਸਮੂਹ ਦੀਆਂ ਔਰਤਾਂ ਲਈ ਵਰਦਾਨ ਸਿੱਧ ਹੋਵੇਗਾ।

# ਫਰੀਦਕੋਟ ਪੁਲਿਸ ਨੇ ਲੁੱਟ ਖੋਹ ਕਰਨ ਦੀ ਫਿਰਾਕ 'ਚ ਬੈਠੇ ਗਿਰੋਹ ਨੂੰ ਕੀਤਾ ਕਾਬੂ




ਬਾਜਾਖਾਨਾ, 1 ਅਗਸਤ (ਅਵਤਾਰ ਸਿੰਘ ਮੱਲਾ) : ਡਾ. ਪ੍ਰਗਿਆ ਜੈਨ ਆਈ.ਪੀ.ਐਸ ਐਸ.ਐਸ.ਪੀ ਫਰੀਦਕੋਟ ਜੀ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਲੁੱਟਾਂ-ਖੋਹਾਂ, ਚੋਰੀਆਂ ਅਤੇ ਨਸ਼ੇ ਦੀ ਤਸਕਰੀ ਵਿੱਚ ਸ਼ਾਮਿਲ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਤਹਿਤ ਇੱਕ ਹੋਰ ਸਫਲਤਾ ਹਾਸਿਲ ਕਰਦੇ ਹੋਏ ਸੰਦੀਪ ਕੁਮਾਰ ਐਸ.ਪੀ(ਇੰਨਵੈਸਟੀਗੇਸ਼ਨ) ਫਰੀਦਕੋਟ ਜੀ ਦੀ ਰਹਿਨੁਮਾਈ ਹੇਠ ਥਾਣਾ ਬਾਜਾਖਾਨਾ ਵੱਲੋਂ ਲੁੱਟ ਖੋਹ ਕਰਨ ਫਿਰਾਕ ਵਿੱਚ ਬੈਠੇ ਗਿਰੋਹ ਵਿੱਚ ਸ਼ਾਮਿਲ 03 ਦੋਸ਼ੀਆਂ ਨੂੰ ਵਾਰਦਾਤ ਕਰਨ ਤੋਂ ਪਹਿਲਾਂ ਹੀ ਕਾਬੂ ਕੀਤਾ ਗਿਆ ਹੈ। ਇਹ ਜਾਣਕਾਰੀ ਚਰਨਜੀਵ ਲਾਂਬਾ ਡੀ.ਐਸ.ਪੀ(ਐਨ.ਡੀ.ਪੀ.ਐਸ) ਫਰੀਦਕੋਟ ਵੱਲੋਂ ਪ੍ਰੈਸ ਕਾਨਫਰੰਸ ਦੌਰਾਨ ਸ਼ਾਂਝੀ ਕੀਤੀ ਗਈ। ਗ੍ਰਿਫਤਾਰ ਦੋਸ਼ੀਆਂ ਦੀ ਪਹਿਚਾਣ ਗੁਰਦਿੱਤ ਸਿੰਘ ਉਰਫ ਗੋਰਾ, ਗੁਰਮੀਤ ਸਿੰਘ ਅਤੇ ਲਵਪ੍ਰੀਤ ਸਿੰਘ ਉਰਫ ਲੱਭੀ ਵਜੋ ਹੋਈ ਹੈ। ਇਹ ਸਾਰੇ ਦੋਸ਼ੀ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਰਿਹਾਇਸ਼ੀ ਹਨ। ਪੁਲਿਸ ਪਾਰਟੀ ਵੱਲੋ ਇਹਨਾਂ ਪਾਸੋਂ 1 ਲੋਹੇ ਦੀ ਗਰਾਰੀ ਲੱਗੀ ਪਾਈਪ, 1 ਟੋਕਾ ਅਤੇ 1 ਲੋਹੇ ਦੀ ਪਾਈਪ ਬਰਾਮਦ ਕੀਤੀ ਗਈ ਹੈ। ਇਸ ਦੇ ਨਾਲ ਹੀ ਦੋਸ਼ੀਆਂ ਪਾਸੋਂ 01 ਚੋਰੀ ਦਾ ਹੀਰੋ ਹਾਂਡਾ ਮੋਟਰਸਾਈਕਲ ਵੀ ਬਰਾਮਦ ਕੀਤੀ ਗਿਆ ਹੈ। ਕਾਰਵਾਈ ਦੀ ਜਾਣਕਾਰੀ ਸਾਂਝੀ ਕਰਦਿਆ ਉਹਨਾਂ ਦੱਸਿਆ ਕਿ ਸ:ਥ ਬਲਤੇਜ ਸਿੰਘ ਪੁਲਿਸ ਪਾਰਟੀ ਸਮੇਤ ਪੁਲਿਸ ਚੌਕੀ ਬਰਗਾੜੀ ਮੌਜੂਦ ਸੀ ਤਾਂ ਉਹਨਾ ਨੂੰ ਇਤਲਾਹ ਮਿਲੀ ਕਿ ਦੋਸ਼ੀ ਗੁਰਦਿੱਤ ਸਿੰਘ ਉਰਫ ਗੋਰਾ, ਗੁਰਮੀਤ ਸਿੰਘ ਅਤੇ ਲਵਪ੍ਰੀਤ ਸਿੰਘ ਉਰਫ ਲੱਭੀ ਨਸ਼ਾ ਕਰਨ ਅਤੇ ਚੋਰੀਆਂ ਕਰਨ ਦੇ ਆਦੀ ਹਨ ਅਤੇ ਜੋ ਬਹਿਬਲ ਕਲਾ ਡਰੇਨ ਦੇ ਪਾਸ ਤੇਜਧਾਰ ਹਥਿਆਰਾ ਸਮੇਤ ਰਾਹਗੀਰਾਂ, ਪੈਟਰੋਲ ਪੰਪ ਵਾਲਿਆਂ ਅਤੇ ਦੁਕਾਨਦਾਰਾ ਪਾਸੋ ਚੋਰੀ ਅਤੇ ਲੁੱਟ/ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ। ਜਿਸ ਤੇ ਪੁਲਿਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੌਕੇ ਪਰ ਪਹੁੰਚ ਕੇ ਇਸ ਗਿਰੋਹ ਵਿੱਚ ਸ਼ਾਮਿਲ ਦੋਸ਼ੀਆਂ ਨੂੰ ਤੇਜ਼ਧਾਰ ਹਥਿਆਰਾਂ ਅਤੇ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਗਿਆ। ਇਸ ਸਬੰਧੀ ਥਾਣਾ ਬਾਜਾਖਾਨਾ ਵਿਖੇ ਮਕੱਦਮਾ ਨੰਬਰ 86 ਮਿਤੀ 31-07-25 ਅਧੀਨ ਧਾਰਾ 112,303(2),310(4), 317(2) ਬੀ.ਐਨ.ਐਸ ਤਹਿਤ ਦਰਜ ਰਜਿਸਟਰ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਮੁੱਢਲੀ ਤਫਤੀਸ਼ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਦੋਸ਼ੀ ਗੁਰਦਿੱਤ ਸਿੰਘ ਉਰਫ ਗੋਰਾ ਇਸ ਗਿਰੋਹ ਦਾ ਮੁੱਖ ਸਰਗਨਾ ਹੈ, ਜਿਸਦੇ ਖਿਲਾਫ ਬਠਿੰਡਾ, ਸ਼੍ਰੀ ਮੁਕਤਸਰ ਸਾਹਿਬ ਅਤੇ ਫਰੀਦਕੋਟ ਅੰਦਰ ਪਹਿਲਾਂ ਵੀ ਚੋਰੀ, ਖੋਹ, ਨਸ਼ੇ ਦੀ ਤਸਕਰੀ ਅਤੇ ਹੋਰ ਸੰਗੀਨ ਧਾਰਾਵਾ ਤਹਿਤ ਕੁੱਲ 10 ਮੁਕੱਦਮੇ ਦਰਜ ਰਜਿਸਟਰ ਹਨ। ਇਸ ਤੋ ਇਲਾਵਾ ਦੂਜੇ ਦੋਸ਼ੀਆਂ ਗੁਰਮੀਤ ਸਿੰਘ ਅਤੇ ਲਵਪ੍ਰੀਤ ਸਿੰਘ ਖਿਲਾਫ ਵੀ ਨਸ਼ੇ ਦੀ ਤਸਕਰੀ, ਚੋਰੀ ਅਤੇ ਹੋਰ ਧਾਰਾਵਾ ਤਹਿਤ ਕੁੱਲ 06 ਮੁਕੱਦਮੇ ਦਰਜ ਰਜਿਸਟਰ ਹਨ। ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾ ਰਿਹਾ ਹੈ। ਰਿਮਾਡ ਹਾਸਿਲ ਕਰਨ ਉਪਰੰਤ ਦੋਸ਼ੀਆਂ ਪਾਸੋ ਹੋਰ ਪੁੱਛਗਿੱਛ ਕੀਤੀ ਜਾਵੇਗੀ।

# ਡਿਸਟਿਕ ਇੰਡਸਟੀਅਲ ਚੈਂਬਰ ਵਫਦ ਨੇ ਐਸ.ਐਚ.ਓ. ਨਾਲ ਕੀਤੀ ਮੀਟਿੰਗ



ਭਵਾਨੀਗੜ੍ਹ, 1 ਅਗਸਤ (ਅਮਨਦੀਪ ਸਿੰਘ ਮਾੜ੍ਹਾ):ਸੰਗਰੂਰ ਡਿਸਟ੍ਰਿਕ ਇੰਡਸਟਰੀਅਲ ਚੈਂਬਰ ਬਲਾਕ ਭਵਾਨੀਗੜ੍ਹ ਦੇ ਇਕ ਵਫ਼ਦ ਵੱਲੋਂ ਅੱਜ ਬਲਾਕ ਪ੍ਰਧਾਨ ਜਗਪਾਲ ਸਿੰਘ ਢਿੱਲੋਂ ਦੀ ਅਗਵਾਈ ਹੇਠ ਸਥਾਨਕ ਪੁਲਸ ਸਟੇਸ਼ਨ ਵਿਖੇ ਨਵੇ ਆਏ ਥਾਣਾ ਮੁਖੀ ਸਬ ਇੰਸਪੈਕਟਰ ਅਵਤਾਰ ਸਿੰਘ ਨਾਲ ਮੀਟਿੰਗ ਕਰਕੇ ਸ਼ਹਿਰ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਵਫ਼ਦ ਵੱਲੋਂ ਥਾਣਾ ਮੁਖੀ ਤੋਂ ਮੰਗ ਕੀਤੀ ਗਈ ਕਿ ਸ਼ਹਿਰ 'ਚੋਂ ਲੰਘਦੀ ਨੈਸ਼ਨਲ ਹਾਈਵੇ ਦੇ ਅਨਾਜ਼ ਮੰਡੀ ਕੱਟ ਨਜ਼ਦੀਕ ਦੋਵੇ ਸਾਇਡਾਂ ਦੀਆਂ ਸਰਵਿਸ ਰੋਡਜ਼ ਉੱਪਰ ਖੜ੍ਹਦੀਆਂ ਫਰੂਟ, ਸਬਜੀਆਂ ਅਤੇ ਹੋਰ ਸਮਾਨ ਵਾਲੀਆਂ ਰੇਹੜੀਆਂ ਕਾਰਨ ਇਥੇ ਜ਼ਾਮ ਲੱਗਣ ਕਾਰਨ ਟਰੈਫ਼ਿਕ ਦੀ ਗੰਭੀਰ ਸਮੱਸਿਆ ਬਣੀ ਰਹਿੰਦੀ ਹੈ ਜਿਸ ਕਾਰਨ ਇੱਥੇ ਹਾਈਵੇਅ ਕਰਾਸ ਕਰਨ ਸਮੇਂ ਹਾਦਸੇ ਵੀ ਵਾਪਰਦੇ ਹਨ। ਇਸ ਲਈ ਇਨ੍ਹਾਂ ਰੇਹੜੀਆਂ ਨੂੰ ਇੱਥੋਂ ਹਟਾਇਆ ਜਾਵੇ, ਸ਼ਹਿਰ 'ਚ ਘੁੰਮਦੇ ਵੱਡੀ ਗਿਣਤੀ 'ਚ ਬੇਸਹਾਰਾ ਪਸ਼ੂਆਂ ਕਾਰਨ ਰੋਜ਼ਾਨਾਂ ਨੈਸ਼ਨਲ ਹਾਈਵੇ ਸਮੇਤ ਪਿੰਡਾਂ ਨੂੰ ਜਾਣ ਵਾਲੀਆਂ ਲਿੰਕ ਸੜਕਾਂ ਅਤੇ ਸ਼ਹਿਰ ਦੇ ਗਲੀ ਮੁਹੱਲਿਆਂ 'ਚ ਵੀ ਹਾਦਸੇ ਵਾਪਰ ਰਹੇ ਹਨ ਤੇ ਇਨ੍ਹਾਂ ਬੇਸਹਾਰਾ ਪਸ਼ੂਆਂ ਕਾਰਨ ਹੁਣ ਤੱਕ ਕਈ ਬੇਗੁਨਾਹ ਵਿਅਕਤੀਆਂ ਦੀ ਜਾਨ ਵੀ ਜਾ ਚੁੱਕੀ ਹੈ। ਇਸ ਲਈ ਇਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾ ਭੇਜਿਆ ਜਾਵੇ। ਵਫ਼ਦ ਨੇ ਨਵੇ ਥਾਣਾ ਮੁਖੀ ਅੱਗੇ ਇਲਾਕੇ 'ਚ ਸਰਗਰਮ ਚੋਰ ਗਿਰੋਹ ਵੱਲੋਂ ਇਲਾਕੇ 'ਚ ਫੈਕਟਰੀਆਂ 'ਚ ਚੋਰੀ ਦੀਆਂ ਘਟਨਾਵਾਂ ਨੂੰ ਅੰਜ਼ਾਮ ਦੇ ਕੇ ਕੀਤੇ ਜਾ ਰਹੇ ਵੱਡੇ ਨੁਕਸਾਨ ਦੇ ਮੁੱਦੇ ਨੂੰ ਜੋਰਸ਼ੋਰ ਨਾਲ ਉਠਾਇਆ ਤੇ ਇਸ ਗਿਰੋਹ ਦੇ ਨਾਲ ਨਾਲ ਸ਼ਹਿਰ 'ਚ ਗੁੰਡਾਗਰਦੀ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਵੀ ਨੱਥ ਪਾਉਣ ਦੀ ਮੰਗ ਕੀਤੀ। ਇਸ ਮੌਕੇ ਥਾਣਾ ਮੁਖੀ ਸਬ ਇੰਸਪੈਕਟਰ ਅਵਤਾਰ ਸਿੰਘ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ ਤੇ ਸ਼ਹਿਰ ਨਿਵਾਸੀਆਂ ਨੂੰ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਇਸ ਵਫ਼ਦ 'ਚ ਪ੍ਰਧਾਨ ਜਗਪਾਲ ਢਿੱਲੋਂ ਤੋਂ ਇਲਾਵਾ ਯਤਿੰਦਰ ਮਿੱਤਲ ਅਤੇ ਸਤਵੰਤ ਸਿੰਘ ਖਰੇ ਉਪ ਚੇਅਰਮੈਨ, ਭਗਵੰਤ ਸਿੰਘ ਖਰੇ, ਗੁਰਮੀਤ ਸਿੰਘ ਦੇਵਾ ਖਜ਼ਾਨਚੀ ਅਤੇ ਵਰਿੰਦਰ ਸੱਗੂ ਮੌਜੂਦ ਸਨ।

# ਵਿਰੋਧੀਆਂ ਦੀ ਭੱਠਲ ਕਾਲਜ ਦੇ ਮੁੱਦੇ 'ਤੇ ਪ੍ਰੈੱਸ ਕਾਨਫਰੰਸ ਮਹਿਜ ਸਿਆਸੀ ਡਰਾਮਾ : ਬਰਿੰਦਰ ਗੋਇਲ



ਲਹਿਰਾਗਾਗਾ, 1ਅਗਸਤ (ਰਾਮੇਸ਼ਵਰ ਸ਼ਰਮਾ/ ਖੁਸ਼ਵਿੰਦਰ ਸ਼ਰਮਾ): ਭੱਠਲ ਕਾਲਜ ਦੇ ਲਈ ਟੈਕਨੀਕਲ ਬੋਰਡ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਕਾਲਜ ਨੂੰ ਵਧੀਆ ਤਰੀਕੇ ਦੇ ਨਾਲ ਚਲਾਉਣ ਦੇ ਲਈ ਪੰਜਾਬ ਸਰਕਾਰ ਜਲਦੀ ਫੈਸਲਾ ਲੈਣ ਜਾ ਰਹੀ ਹੈ। ਵਿਰੋਧੀ ਧਿਰ ਨੂੰ ਘੇਰਦਿਆਂ ਹੋਇਆਂ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਆਖਿਆ ਕਿ ਵਿਰੋਧੀ ਧਿਰ ਭੱਠਲ ਕਾਲਜ ਦੇ ਨਾਂ 'ਤੇ ਡਰਾਮਾ ਕਰ ਰਹੀ ਹੈ।ਇਲਾਕਾ ਨਿਵਾਸੀਆਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ ਉਥੋਂ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਭੱਠਲ ਕਾਲਜ ਦੇ ਮੁਲਾਜ਼ਮਾਂ ਨੂੰ ਲਗਭਗ 36 ਮਹੀਨਿਆਂ ਤੋਂ ਕਾਂਗਰਸ ਦੀ ਮੌਜੂਦਾ ਸਰਕਾਰ ਦੇ ਵਿੱਚ ਤਨਖਾਹ ਨਹੀਂ ਮਿਲੀ ਸੀ। ਭੱਠਲ ਕਾਲਜ ਨੂੰ ਬੰਦ ਕਰਵਾਉਣ ਦੇ ਵਿੱਚ ਕਾਂਗਰਸ ਸਰਕਾਰ ਨੇ ਕੋਈ ਕਮੀ ਨਹੀਂ ਛੱਡੀ ਸੀ। ਮੁਲਾਜ਼ਮਾਂ ਨੂੰ ਭੁੱਖੇ ਮਾਰਨ ਦੇ ਵਿੱਚ ਪਿਛਲੀਆਂ ਕਾਂਗਰਸ ਸਰਕਾਰ ਨੇ ਕੋਈ ਕਮੀ ਨਹੀਂ ਛੱਡੀ, ਜੋ ਅੱਜ ਦੇ ਕਾਂਗਰਸ ਦੇ ਲੀਡਰ ਉਸ ਉੱਤੇ ਆਪਣੀ ਸਿਆਸੀ ਰੋਟੀਆਂ ਸੇਕ ਰਹੇ ਹਨ। ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਆਖਿਆ ਕਿ ਭੱਠਲ ਕਾਲਜ ਨੂੰ ਬੰਦ ਕਰਾਉਣ ਦੇ ਵਿੱਚ ਸਭ ਤੋਂ ਵੱਡਾ ਹੱਥ ਕਾਂਗਰਸ ਸਰਕਾਰ ਦਾ ਹੈ, ਜਿਸ ਨੇ 104 ਮੁਲਾਜ਼ਮਾ ਦੀ ਲਗਭਗ ਤਿੰਨ ਸਾਲ ਦੀ ਤਨਖਾਹ 'ਤੇ ਰੋਕ ਲਗਾ ਕੇ ਭੱਠਲ ਕਾਲਜ ਦੇ ਮੁਲਾਜ਼ਮਾਂ ਦਾ ਮਨੋਬਲ ਅਤੇ ਉਨ੍ਹਾਂ ਦੇ ਜੀਵਨ ਸ਼ੈਲੀ 'ਤੇ ਇੱਕ ਬਹੁਤ ਹੀ ਮਾੜਾ ਅਸਰ ਪਾਇਆ ਹੈ। ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਆਖਿਆ ਕਿ ਭੱਠਲ ਕਾਲਜ ਦੇ ਮੁਲਾਜ਼ਮਾਂ ਦੇ ਘਰੇਲੂ ਖਰਚਿਆਂ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਦੇ ਵੱਲੋਂ ਇੱਕ ਵਾਰ ਛੇ ਮਹੀਨੇ ਅਤੇ ਇੱਕ ਵਾਰ ਦੋ ਮਹੀਨਿਆਂ ਦੀ ਤਨਖਾਹ ਮੁਲਾਜ਼ਮਾਂ ਦੇ ਖਾਤਿਆਂ ਦੇ ਵਿੱਚ ਪਵਾ ਦਿੱਤੀ ਗਈ ਸੀ। ਭੱਠਲ ਕਾਲਜ ਦੇ ਮੁਲਾਜ਼ਮਾਂ ਦੇ ਨਾਲ ਲਗਾਤਾਰ ਮੀਟਿੰਗਾਂ ਜਾਰੀ ਹਨ ਬਹੁਤ ਜਲਦੀ ਹੀ ਭੱਠਲ ਕਾਲਜ ਦੇ ਮੁਲਾਜ਼ਮਾਂ ਦਾ ਪੱਕਾ ਹੱਲ ਕੀਤਾ ਜਾਵੇਗਾ। ਇਸ ਮੁੱਦੇ 'ਤੇ ਜਦੋਂ ਭੱਠਲ ਕਾਲਜ ਦੇ ਮੁਲਾਜ਼ਮ ਦੇ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਕਾਂਗਰਸ ਸਰਕਾਰ ਦੇ ਵੇਲੇ ਪੰਜ ਕਰੋੜ ਰੁਪਏ ਮੁਲਾਜ਼ਮਾਂ ਨੂੰ ਤਨਖਾਹ ਦੇਣ ਦੇ ਲਈ ਜਾਰੀ ਹੋਣ ਦੀ ਗੱਲ ਸਾਹਮਣੇ ਆਈ ਸੀ ਪਰ ਉਹ ਕਿੱਥੇ ਗਏ ਉਹ ਹਾਲੇ ਤੱਕ ਕਿਸੇ ਨੂੰ ਨਹੀਂ ਪਤਾ ਲੱਗਿਆ। ਜੇਕਰ ਪੁਰਾਣੀ ਸਰਕਾਰਾਂ ਨੇ ਸਾਥ ਦਿੱਤਾ ਹੁੰਦਾ ਤਾਂ ਸਾਡੀ ਇਹ ਨੌਬਤ ਨਹੀਂ ਹੋਣੀ ਸੀ। ਕਾਂਗਰਸ ਸਰਕਾਰ ਵੇਲੇ ਭੱਠਲ ਕਾਲਜ ਦੇ ਮੁਲਾਜ਼ਮਾਂ ਨੂੰ 36 ਮਹੀਨਿਆਂ ਦੀ ਤਨਖਾਹ ਨਾ ਦੇਣਾ ਭੱਠਲ ਕਾਲਜ ਦੇ ਮੁਲਾਜ਼ਮਾਂ 'ਤੇ ਮੁਸ਼ਕਿਲਾਂ ਦਾ ਪਹਾੜ ਸਿਰ 'ਤੇ ਮੜ ਦਿੱਤਾ ਸੀ, ਜਦੋਂ ਕਾਂਗਰਸ ਸਰਕਾਰ ਦੇ ਵਿੱਚ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਹੁੰਦੇ ਸੀ ਉਹਨਾਂ ਨੇ ਭੱਠਲ ਕਾਲਜ ਦੇ ਬਾਰੇ ਵਿਚਾਰ ਚਰਚਾ ਕੀਤੀ ਸੀ ਪਰ ਉਹਨਾਂ ਦੇ ਬਦਲਣ ਤੋਂ ਬਾਅਦ ਕਿਸੇ ਵੀ ਕਾਂਗਰਸ ਦੇ ਸਿਆਸੀ ਲੀਡਰ ਨੇ ਦਿਲਚਸਪੀ ਨਹੀਂ ਦਿਖਾਈ। ਲਗਭਗ 36 ਮਹੀਨੇ ਦੀ ਤਨਖਾਹ ਨਾ ਮਿਲਣ ਦੇ ਕਾਰਨ ਸਾਡੇ ਇੱਕ ਸਾਥੀ ਮੁਲਾਜ਼ਮ ਨੇ ਆਪਣੀ ਜੀਵਨ ਲੀਲਾ ਵੀ ਸਮਾਪਤ ਕਰ ਲਈ ਸੀ। ਜੇਕਰ ਉਸ ਸਮੇਂ ਕਾਂਗਰਸ ਸਰਕਾਰ ਨੇ ਮੁਲਾਜ਼ਮਾਂ ਅਤੇ ਭੱਠਲ ਕਾਲਜ ਵਾਲੇ ਕੁਝ ਸੋਚਿਆ ਹੁੰਦਾ ਤਾਂ ਅੱਜ ਸਾਨੂੰ ਇਹ ਦਿਨ ਦੇਖਣ ਨੂੰ ਨਾ ਮਿਲਦੇ। ਸਾਡੇ ਮੁਲਾਜ਼ਮਾਂ ਦੀ ਤਾਂ ਇਹੀ ਬੇਨਤੀ ਹੈ ਕਿ ਭੱਠਲ ਕਾਲਜ ਦੇ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਣ ਤੋਂ ਸਿਵਾਏ ਇਸ ਦਾ ਪੱਕਾ ਹੱਲ ਕੀਤਾ ਜਾਵੇ ਅਤੇ ਮੁਲਾਜ਼ਮਾਂ ਨੂੰ ਉਹਨਾਂ ਦਾ ਬਣਦਾ ਹੱਕ ਦਿਵਾਇਆ ਜਾਵੇ।

# 69ਵੀਂ ਸਕੂਲ ਖੇਡਾਂ ਦੇ ਜ਼ੋਨ ਪੱਧਰੀ ਸ਼ਤਰੰਜ ਦੇ ਮੁਕਾਬਲੇ 'ਚ ਲੜਕੀਆਂ ਨੇ ਸਿਲਵਰ ਮੈਡਲ ਜਿੱਤਿਆ



ਬਰਨਾਲਾ, 1 ਅਗਸਤ (ਸੁਖਵਿੰਦਰ ਸਿੰਘ ਭੰਡਾਰੀ/ਹਿਮਾਂਸ਼ੂ ਗਰਗ): ਟੰਡਨ ਇੰਟਰਨੈਸ਼ਨਲ ਸਕੂਲ ਦੀਆਂ ਵਿਦਿਆਰਥਣਾਂ ਨੇ 69ਵੀ ਸਕੂਲ ਖੇਡਾਂ ਦੇ ਜ਼ੋਨ ਪੱਧਰ ਦੇ ਸ਼ਤਰੰਜ ਮੁਕਾਬਲੇ ਵਿੱਚ ਸਿਲਵਰ ਮੈਡਲ ਜਿੱਤਿਆ। ਇਹ 69ਵੀਂ ਸਕੂਲ ਖੇਡਾਂ ਦੇ ਜ਼ੋਨ ਪੱਧਰ ਦੇ ਸ਼ਤਰੰਜ ਦੇ ਮੁਕਾਬਲੇ ਸੰਧੂ ਪੱਤੀ ਜ਼ੋਨ ਵੱਲੋਂ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਜਿਸ ਵਿਚ ਟੰਡਨ ਸਕੂਲ ਵੱਲੋਂ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਨੇ ਵੀ ਭਾਗ ਲਿਆ। ਇਸ ਟੂਰਨਾਮੈਂਟ ਵਿੱਚ ਟੰਡਨ ਸਕੂਲ ਦੀਆਂ ਅੰਡਰ 17 ਸਾਲ ਲੜਕੀਆਂ ਦੀ ਟੀਮ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਸਿਲਵਰ ਮੈਡਲ ਜਿੱਤਿਆ। ਸਕੂਲ ਵੱਲੋਂ ਸ਼ਤਰੰਜ ਦੀ ਟੀਮ ਵਿੱਚ ਨੌਵੀਂ ਕਲਾਸ ਦੀ ਵਿਦਿਆਰਥਣ ਖੇਵਨਾ, ਪਰਵਿੰਦਰ ਕੌਰ ਸੱਤਵੀਂ ਕਲਾਸ, ਸ਼ਗਨਪ੍ਰੀਤ ਕੌਰ ਅਤੇ ਹਰਨੂਰ ਕੌਰ ਨੌਵੀਂ ਕਲਾਸ ਨੇ ਭਾਗ ਲਿਆ ਅਤੇ ਆਪਣੇ ਸਾਹਮਣੇ ਵਾਲੇ ਖਿਡਾਰੀ ਨੂੰ ਸ਼ਕਤ ਮੁਕਾਬਲਾ ਦਿੰਦੇ ਹੋਏ ਸਿਲਵਰ ਮੈਡਲ ਆਪਣੀ ਟੀਮ ਦੇ ਨਾਮ ਕੀਤਾ। ਇਸ ਟੂਰਨਾਮੈਂਟ ਵਿੱਚ ਖੇਵਨਾ ਅਤੇ ਸਗਨਪ੍ਰੀਤ ਕੌਰ ਨੂੰ ਜ਼ਿਲ੍ਹਾ ਪੱਧਰ ਮੁਕਾਬਲੇ ਲਈ ਚੁਣਿਆ ਗਿਆ। ਪ੍ਰਿੰਸੀਪਲ ਮੈਡਮ ਸ਼ਾਲਿਨੀ ਕੌਸ਼ਲ ਨੇ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਅਤੇ ਸਕੂਲ ਦੇ ਕੋਚ ਸੁਖਦੇਵ ਸਿੰਘ ਅਤੇ ਡੀ ਪੀ ਹਰਜੀਤ ਸਿੰਘ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਸਕੂਲ ਲਈ ਬੜੀ ਹੀ ਖੁਸ਼ੀ ਦੀ ਗੱਲ ਹੈ, ਕਿ ਜੋਨ ਪੱਧਰ ਦੇ ਸ਼ਤਰੰਜ ਦੇ ਮੁਕਾਬਲੇ ਵਿੱਚ ਲੜਕੀਆਂ ਨੇ ਸਿਲਵਰ ਮੈਡਲ ਜਿੱਤ ਕੇ ਟੰਡਨ ਸਕੂਲ ਦਾ ਨਾਮ ਰੋਸ਼ਨ ਕੀਤਾ। ਮੈਡਮ ਨੇ ਖੇਵਨਾ ਅਤੇ ਸਗਨਪ੍ਰੀਤ ਕੌਰ ਨੂੰ ਜ਼ਿਲ੍ਹਾ ਪੱਧਰ ਮੁਕਾਬਲੇ ਲਈ ਚੁਣੇ ਜਾਣ ਤੇ ਵਿਦਿਆਰਥਣਾਂ ਦਾ ਹੌਂਸਲਾ ਵਧਾਇਆ ਅਤੇ ਕਿਹਾ ਕਿ ਜ਼ਿਲ੍ਹੇ ਪੱਧਰ ਸ਼ਤਰੰਜ ਦੇ ਮੁਕਾਬਲੇ ਵਿੱਚ ਇਸ ਤੋਂ ਵੀ ਵਧੀਆ ਪ੍ਰਦਰਸ਼ਨ ਕਰਨ ਦੀ ਮੈਂ ਉਮੀਦ ਕਰਦੀ ਹਾਂ। ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਅਤੇ ਖੇਵਨਾ ਅਤੇ ਸਗਨਪ੍ਰੀਤ ਕੌਰ ਨੂੰ ਜ਼ਿਲ੍ਹਾ ਪੱਧਰ ਮੁਕਾਬਲੇ ਲਈ ਚੁਣੇ ਜਾਣ ਦੀ ਵਧਾਈ ਦਿੱਤੀ ਅਤੇ ਭਵਿੱਖ ਲਈ ਹੋਰ ਅਗੇ ਵਧਣ ਦੀ ਪ੍ਰੇਰਨਾ ਵੀ ਦਿੱਤੀ।

# ਸੜਕ ਸੁਰੱਖਿਆ: ਜੁਲਾਈ ਵਿੱਚ 49 ਸਕੂਲੀ ਵੈਨਾਂ ਦੇ ਚਲਾਨ ਕੱਟੇ




ਬਰਨਾਲਾ, 1 ਅਗਸਤ (ਬਘੇਲ ਸਿੰਘ ਧਾਲੀਵਾਲ):ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਵਲੋਂ ਇੱਥੇ ਜ਼ਿਲਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਸੜਕ ਸੁਰੱਖਿਆ ਬਾਰੇ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਖ ਵੱਖ ਵਿਭਾਗਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਉਨ੍ਹਾਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜਾਗਰੂਕਤਾ ਗਤੀਵਿਧੀਆਂ ਅਤੇ ਚੈਕਿੰਗ ਮੁਹਿੰਮ ਦਾ ਜਾਇਜ਼ਾ ਲਿਆ। ਸਬੰਧਤ ਅਧਿਕਾਰੀਆਂ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਜੁਲਾਈ ਮਹੀਨੇ ਵਿੱਚ 49 ਸਕੂਲੀ ਵੈਨਾਂ ਦੇ ਚਲਾਨ ਕੱਟੇ ਗਏ। ਉਨ੍ਹਾਂ ਦੱਸਿਆ ਕਿ ਇਸ ਪਾਲਿਸੀ ਦੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਵੈਨ ਵਿਚ ਸੀ.ਸੀ.ਟੀ.ਵੀ ਕੈਮਰਾ, ਖਿੜਕੀ 'ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਲੇਡੀ ਕੰਡਕਟਰ, ਅੱਗ ਬੁਝਾਊ ਯੰਤਰ, ਲਾਇਸੰਸ ਆਦਿ ਬਾਰੇ ਚੈਕਿੰਗ ਕੀਤੀ ਜਾਂਦੀ ਹੈ ਅਤੇ ਜਾਗਰੂਕਤਾ ਸੈਮੀਨਾਰ ਵੀ ਕਰਵਾਏ ਜਾਂਦੇ ਹਨ।

ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਐਨਕਾਰਡ (ਨੈਸ਼ਨਲ ਨਾਰਕੋਟਿਕਸ ਕੋਆਰਡੀਨੇਸ਼ਨ ਪੋਰਟਲ) ਦੀ ਮੀਟਿੰਗ ਵੀ ਕੀਤੀ ਗਈ। ਇਸ ਮੌਕੇ ਡੀ ਐੱਸ ਪੀ ਕੁਲਵੰਤ ਸਿੰਘ ਨੇ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲਾ ਪੁਲੀਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਦੀ ਅਗਵਾਈ ਹੇਠ ਪਹਿਲੀ ਮਾਰਚ ਤੋਂ 28 ਜੁਲਾਈ 2025 ਤੱਕ ਨਸ਼ਾ ਸਪਲਾਈ ਕਰਨ ਦੇ ਮਾਮਲੇ ਵਿਚ 62 ਮੁਲਜ਼ਮ, ਨਸ਼ਾ ਤਸਕਰੀ ਦੇ ਮਾਮਲੇ ਵਿਚ 114 ਮੁਲਜ਼ਮ ਅਤੇ ਇਸ ਸਬੰਧ ਵਿਚ ਹੋਰ 273 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਉਨਾਂ ਦੱਸਿਆ ਕਿ ਕੁੱਲ 119 ਕੇਸ ਦਰਜ ਕੀਤੇ ਗਏ।

ਇਸ ਤੋਂ ਇਲਾਵਾ ਐਨ ਡੀ ਪੀ ਐਸ ਐਕਟ ਤਹਿਤ ਉਪਰੋਕਤ ਸਮੇਂ ਦੌਰਾਨ 211 ਕੇਸ ਦਰਜ ਕੀਤੇ ਗਏ ਅਤੇ 355 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇਸ ਦੌਰਾਨ 1 ਕਿਲੋ 100 ਗ੍ਰਾਮ ਹੈਰੋਇਨ, 450 ਗ੍ਰਾਮ ਅਫੀਮ, 20 ਕੁਇੰਟਲ 71 ਕਿਲੋ ਪੋਸਤ, 45,524 ਨਸ਼ੀਲੀਆਂ ਗੋਲੀਆਂ ਅਤੇ ਕੈਪਸੂਲ, 1,69,700 ਦੀ ਡਰੱਗ ਮਨੀ ਤੇ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ। ਇਸ ਮੌਕੇ ਡਰੱਗ ਕੰਟਰੋਲ ਅਫ਼ਸਰ ਨੇ ਦੱਸਿਆ ਕਿ ਜੁਲਾਈ ਮਹੀਨੇ ਦੌਰਾਨ 25 ਇੰਸਪੈਕਸ਼ਨਾਂ ਕੀਤੀਆਂ ਗਈਆਂ ਅਤੇ 6 ਦਵਾਈਆਂ ਦੇ ਸੈਂਪਲ ਲਏ ਗਏ।19 ਤਰਾਂ ਦੀਆਂ ਦਵਾਈਆਂ ਸੀਜ਼ ਕੀਤੀਆਂ ਗਈਆਂ ਅਤੇ 10 ਫਰਮਾਂ ਦੇ ਲਾਇਸੈਂਸ ਵੱਖ ਵੱਖ ਸਮੇਂ ਦੌਰਾਨ ਸਸਪੈਂਡ ਕੀਤੇ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਆਰਟੀਓ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਐੱਸ ਡੀ ਐਮ ਤਪਾ ਸਿਮਰਪ੍ਰੀਤ ਕੌਰ, ਡੀ ਪੀ ਓ ਖੁਸ਼ਵੀਰ ਕੌਰ, ਸੀ ਡੀ ਪੀ ਓ ਗੁਰਜੀਤ ਕੌਰ, ਏ ਡੀ ਟੀ ਓ ਜਸ਼ਨਜੋਤ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਰਵਿੰਦਰਜੀਤ ਸਿੰਘ ਬਿੰਦੀ ਦੀ ਸੰਪਾਦਿਤ ਪੁਸਤਕ ਦਾ ਰਿਲੀਜ਼ ਸਮਾਗਮ 4 ਅਗਸਤ ਨੂੰ




ਬਰਨਾਲਾ, 1 ਅਗਸਤ (ਅਮਨਦੀਪ ਸਿੰਘ): ਸੇਂਟ ਬਚਨਪੁਰੀ ਇੰਟਰਨੈਸ਼ਨਲ ਸਕੂਲ ਪੱਖੋ ਕਲਾਂ ਦੇ ਪ੍ਰਮੁੱਖ ਸੰਚਾਲਕ ਰਵਿੰਦਰ ਜੀਤ ਸਿੰਘ ਬਿੰਦੀ ਦੀ ਸੰਪਾਦਿਤ ਪੁਸਤਕ 'ਚੰਬਾ ਚਿੜੀਆਂ ਦਾ' ਰਿਲੀਜ਼ ਸਮਾਗਮ ਚਾਰ ਅਗਸਤ ਨੂੰ ਹੋਵੇਗਾ। ਇੱਥੇ ਜਾਣਕਾਰੀ ਦਿੰਦਿਆਂ ਦੱਸਿਆ ਜਾਂਦਾ ਹੈ ਕਿ ਇਸ ਤੋਂ ਪਹਿਲਾਂ ਰਵਿੰਦਰ ਜੀਤ ਸਿੰਘ ਬਿੰਦੀ ਆਪਣੇ ਵਿੱਛੜੇ ਦਾਨੀ ਅਤੇ ਲੋਕ ਪਿਤਾ ਹੌਲਦਾਰ ਅਜੀਤ ਸਿੰਘ ਪੱਖੋ ਬਾਰੇ ਪੁਸਤਕ 'ਸੀਤ ਹਵਾ ਦੀ ਬੁੱਲਾ- ਹੌਲਦਾਰ ਅਜੀਤ ਸਿੰਘ ਪੱਖੋ' ਦਾ ਵੀ ਸੰਪਾਦਨ ਕਰ ਚੁੱਕੇ ਹਨ, ਜਿਸ ਵਿਚ ਹੌਲਦਾਰ ਪੱਖੋ ਦੀਆਂ ਕਹਾਣੀਆਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਵੱਖ -ਵੱਖ ਪ੍ਰਸਿੱਧ ਲੇਖਕਾਂ ਦੇ ਰੇਖਾ ਚਿੱਤਰ ਸ਼ਾਮਿਲ ਕੀਤੇ ਗਏ ਹਨ। ਹਥਲੀ ਪੁਸਤਕ ਵਿਚ 'ਧੀਆਂ' ਬਾਰੇ ਲੋਕ ਗੀਤ ਅਤੇ ਵੱਖ-ਵੱਖ ਪ੍ਰਸਿੱਧ ਸ਼ਾਇਰਾਂ ਦੇ ਧੀਆਂ ਬਾਰੇ ਲਿਖੇ ਗੀਤ ਸ਼ਾਮਿਲ ਕੀਤੇ ਗਏ ਹਨ।

# ਬੀ.ਵੀ.ਐਮ. ਇੰਟਰਨੈਸ਼ਨਲ ਸਕੂਲ ਵਿੱਚ 'ਬੈਕ ਟੂ ਬੇਸਿਕਸ' ਸਟਾਫ ਵਰਕਸ਼ਾਪ



ਬਰਨਾਲਾ, 1 ਅਗਸਤ (ਕਪਿਲ): ਬੀ ਵੀ ਐਮ ਇੰਟਰਨੈਸ਼ਨਲ ਸਕੂਲ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਮਨਿੰਦਰਜੀਤ ਕੌਰ ਢਾਲੀਵਾਲ ਵੱਲੋਂ ਅਧਿਆਪਕਾਂ ਲਈ ਇੱਕ ਪ੍ਰੇਰਣਾਦਾਇਕ ਅਤੇ ਗਿਆਨਵਰਧਕ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸਦਾ ਸਿਰਲੇਖ ਸੀ "ਬੈਕ ਟੂ ਬੇਸਿਕਸ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਪਹਿਚਾਨਣ, ਪ੍ਰਭਾਵਸ਼ਾਲੀ ਸਿੱਖਣ, ਕਲਾਸ ਅਨੁਸ਼ਾਸਨ, ਮੱਧਮ ਦਰਜੇ ਦੇ ਵਿਦਿਆਰਥੀਆਂ ਨੂੰ ਅੱਗੇ ਵਧਾਉਣ ਅਤੇ ਵਿਦਿਆਰਥੀਆਂ ਦੀ ਛੁਪੀ ਹੋਈ ਪ੍ਰਤਿਭਾ ਨੂੰ ਪਹਿਚਾਨ ਕੇ ਉਸਨੂੰ ਪ੍ਰਦਰਸ਼ਨ ਵਿੱਚ ਬਦਲਣ ਵੱਲ ਜਾਗਰੁਕ ਕਰਨਾ ਸੀ। ਵਰਕਸ਼ਾਪ ਵਿੱਚ ਪ੍ਰਿੰਸੀਪਲ ਮੈਡਮ ਨੇ ਕਿਹਾ, "ਹਰ ਅਧਿਆਪਕ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਸਿਰਫ ਤੇਜ਼ ਵਿਦਿਆਰਥੀਆਂ ਨੂੰ ਅੱਗੇ ਵਧਾਉਣਾ ਨਹੀਂ, ਸਗੋਂ ਉਹ ਮੱਧਮ ਅਤੇ ਸੰਘਰਸ਼ਸ਼ੀਲ ਵਿਦਿਆਰਥੀ ਵੀ ਹਨ ਜਿਨਾਂ ਵਿੱਚ ਅਸੀਮ ਸੰਭਾਵਨਾਵਾਂ ਲੁਕੀਆਂ ਹੁੰਦੀਆਂ ਹਨ, ਉਹਨਾਂ ਨੂੰ ਮਾਰਗਦਰਸ਼ਨ ਦੇਣਾ ਵੀ ਹੈ।' 'ਬੈਕ ਟੂ ਬੇਸਿਕਸ' ਸਿੱਖਣ ਦੇ ਮੁੱਖ ਤੱਤਾਂ ਨੂੰ ਦੁਬਾਰਾ ਸਮਝਣ ਦੀ ਕੋਸ਼ਿਸ਼ ਹੈ। ਇਸ ਸੈਸ਼ਨ ਵਿੱਚ ਅਧਿਆਪਕਾਂ ਨੂੰ ਨਵੀਨਤਮ ਅਤੇ ਪ੍ਰਭਾਵਸ਼ਾਲੀ ਸਿੱਖਣ ਤਕਨੀਕਾਂ ਨਾਲ ਜਾਣੂ ਕਰਵਾਇਆ ਗਿਆ। ਕਿ ਕਿਵੇਂ ਕਲਾਸ ਵਿੱਚ ਅਨੁਸ਼ਾਸਨ ਨੂੰ ਰਚਨਾਤਮਕ ਢੰਗ ਨਾਲ ਬਣਾਇਆ ਜਾ ਸਕਦਾ ਹੈ, ਵਿਦਿਆਰਥੀਆਂ ਨਾਲ ਸਕਾਰਾਤਮਕ ਸੰਵਾਦ ਕਿਵੇਂ ਸਥਾਪਿਤ ਕੀਤਾ ਜਾ ਸਕਦਾ ਹੈ, ਅਤੇ ਵੱਖ-ਵੱਖ ਸਮਰੱਥਾ ਵਾਲੇ ਵਿਦਿਆਰਥੀਆਂ ਦੀ ਸਿੱਖਣ ਦੀ ਪ੍ਰਕਿਰਿਆ ਨੂੰ ਕਿਵੇਂ ਸੰਤੁਲਿਤ ਕੀਤਾ ਜਾ ਸਕਦਾ ਹੈ—ਇਨਾਂ ਸਭ ਪਹਿਲੂਆਂ 'ਤੇ ਵਿਸਥਾਰ ਨਾਲ ਚਰਚਾ ਹੋਈ। ਇਸ ਮੌਕੇ 'ਤੇ ਸਕੂਲ ਦੇ ਚੇਅਰਮੈਨ ਸ੍ਰੀ ਪ੍ਰਮੋਦ ਅਰੋੜਾ ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ ਸ੍ਰੀ ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਵਰਕਸ਼ਾਪ ਦੀ ਸਰਾਹਨਾ ਕਰਦੇ ਹੋਏ ਕਿਹਾ, "ਇਸ ਤਰ੍ਹਾਂ ਦੇ ਪ੍ਰਸ਼ਿਖਣ ਸੈਸ਼ਨਾਂ ਨਾਲ ਨਾ ਸਿਰਫ ਅਧਿਆਪਕਾਂ ਦੀ ਕਾਰਗੁਜ਼ਾਰੀ ਵਿੱਚ ਵਾਧਾ ਹੁੰਦਾ ਹੈ, ਸਗੋਂ ਸਕੂਲ ਦਾ ਪੂਰਾ ਸਿੱਖਿਆਵਾਦੀ ਮਾਹੌਲ ਵੀ ਮਜ਼ਬੂਤ ਹੁੰਦਾ ਹੈ। ਅਸੀਂ ਆਸ ਕਰਦੇ ਹਾਂ ਕਿ ਇਹ ਗਿਆਨ ਅਧਿਆਪਕ ਕਲਾਸ ਵਿੱਚ ਅਪਣਾ ਕੇ ਹਰ ਵਿਦਿਆਰਥੀ ਦੇ ਭਵਿੱਖ ਨੂੰ ਰੋਸ਼ਨ ਬਣਾਉਣਗੇ।

# ਸੁਖਾਨੰਦ ਬਸਤੀ ਦੇ ਵਿੱਚ ਮਨਾਇਆ ਗਿਆ ਤੀਜ ਦਾ ਤਿਉਹਾਰ



ਤਪਾ ਮੰਡੀ, 1 ਅਗਸਤ (ਭੂਸ਼ਨ ਘੜੈਲਾ):ਅੱਜ ਦਿਨ ਵੀਰਵਾਰ ਨੂੰ ਤਪਾ ਦੀ ਸੁੱਖਾ ਨੰਦ ਬਸਤੀ ਦੇ ਵਿੱਚ ਸਾਵਨ ਦੇ ਮਹੀਨੇ ਨੂੰ ਮੁੱਖ ਰੱਖਦਿਆਂ ਹੋਇਆਂ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ ਅਤੇ ਧੂਮਧਾਮ ਨਾਲ ਖੁਸ਼ੀ ਖੁਸ਼ੀ ਮਨਾਇਆ ਗਿਆ। ਇਸ ਮੌਕੇ ਵਾਰਡ ਨੰਬਰ 13 ਦੀ ਕੌਂਸਲਰ ਦੀਪੀਕਾ ਮਿੱਤਲ ਨੇ ਮੁੱਖ ਮਹਿਮਾਨ ਦੇ ਤੌਰ ਤੇ ਸਿਰਕਤ ਕੀਤੀ ਅਤੇ ਪ੍ਰਵੀਨ ਕਪੂਰ ਵੱਲੋ ਰੀਬਨ ਕੱਟਣ ਰਸਮ ਅਦਾ ਕੀਤੀ ਗਈ,ਇਸ ਮੌਕੇ ਔਰਤਾਂ ਅਤੇ ਲੜਕੀਆ ਵੱਲੋਂ ਪੰਜਾਬੀ ਵਿਰਸੇ ਨੂੰ ਯਾਦ ਕਰਦਿਆਂ ਫੁੱਲਕਾਰੀ ਕੱਢਦੀਆਂ ਨਜ਼ਰ ਆਈਆਂ ਉਸ ਤੋਂ ਇਲਾਵਾ ਮਹਿਲਾਵਾ ਨੇ ਪੰਜਾਬੀ ਬੋਲੀਆਂ ਰਾਹੀਂ ਖੂਬਸੂਰਤ ਗਿੱਧਾ ਪਾਇਆ, ਪੰਜਾਬੀ ਬੋਲੀਆਂ ਨਾਲ ਨਾਲ ਦੇ ਡੀਜੇ ਤੇ ਨੱਚ ਟੱਪ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਤੀਆਂ ਦਾ ਤਿਉਹਾਰ ਮਨਾਇਆ।। ਇਸ ਮੌਕੇ ਸੁਖਵਿੰਦਰ ਪੁਰਬਾ ਗੀਤੂ ਤਨੇਜਾ ਅਤੇ ਅੰਨੂ ਸਿੰਗਲਾ ਕਿਹਾ ਕਿ ਸਾਨੂੰ ਆਪਣੇ ਪੰਜਾਬੀ ਵਿਰਸੇ ਵਾਰੇ ਜ਼ਰੂਰ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਤੀਆਂ ਦਾ ਤਿਉਹਾਰ ਲੜਕੀਆਂ ਨੂੰ ਰਲ ਕੇ ਜ਼ਰੂਰ ਮਨਾਉਣਾ ਚਾਹੀਦਾ ਹੈ ਕਿਉਂਕਿ ਤੀਆਂ ਦਾ ਤਿਉਹਾਰ ਹੀ ਹਰ ਇਕ ਲੜਕੀ ਨੂੰ ਇਕੱਠੀਆਂ ਕਰਦਾ ਅਤੇ ਆਪਸ ਵਿੱਚ ਪਿਆਰ ਅਤੇ ਸਤਿਕਾਰ ਵਧਾਉਂਦਾ ਹੈ।

ਇਸ ਮੌਕੇ ਕਾਂਤਾ ਸ਼ਰਮਾ, ਰੇਨੂੰ ਸ਼ਰਮਾ, ਊਸ਼ਾ ਬਾਂਸਲ, ਰੇਨੂੰ, ਸੋਨੀਆ , ਆਰਤੀ ਅਰੋੜਾ, ਨੀਤੂ, ਸੋਨੀਆ, ਕਿਰਨ ਸ਼ਰਮਾ, ਨਿਸ਼ਾ ਛਾਬੜਾ, ਰੰਜੂ ਰਾਣੀ, ਨੀਤੂ ਜਿੰਦਲ, ਪੂਜਾ ਰਾਣੀ, ਬੇਬੀ , ਸਹਿਜ ਸ਼ਰਮਾ , ਮੰਜੂ ਗੁਪਤਾ, ਸਿਨਾਇਆ. ਸ੍ਰਿਸ਼ਟੀ. ਜੈਸੀਕਾ ਅਤੇ ਹੋਰ ਲੜਕੀਆ ਨੇ ਸਮੂਲੀਅਤ ਕੀਤੀ।

# ਤਿੰਨ ਕਰੋੜ ਰੁਪਏ ਦੇ ਕੰਮਾਂ ਨੂੰ ਮਿਲੀ ਹਰੀ ਝੰਡੀ ਜਲਦ ਸ਼ੁਰੂ ਹੋਣਗੇ ਵਿਕਾਸ ਕਾਰਜ : ਸੋਢੀ



ਧਨੌਲਾ, 1 ਅਗਸਤ (ਚਮਕੌਰ ਸਿੰਘ ਗੱਗੀ): ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਸ਼ਹਿਰਾਂ ਕਸਬਿਆਂ ਦੇ ਮੁੱਢਲੇ ਵਿਕਾਸ ਕਾਰਜਾਂ ਲਈ ਵੱਡੀ ਪੱਧਰ 'ਤੇ ਗ੍ਰਾਂਟਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਤਹਿਤ ਧਨੌਲਾ ਨਗਰ ਦੇ ਵਿਕਾਸ ਲਈ ਕਰੋੜਾਂ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ, ਉਸ ਤਹਿਤ ਸੰਸਦ ਮੈਂਬਰ ਮੀਤ ਹੇਅਰ ਹਲਕਾ ਇੰਚਾਰਜ ਹਰਿੰਦਰ ਧਾਲੀਵਾਲ ਵੱਲੋਂ ਧਨੌਲਾ ਦੀਆਂ ਰਹਿੰਦੀਆਂ ਗਲੀਆਂ ਸੀਵਰੇਜ ਲਈ ਕਰੀਬ ਤਿੰਨ ਕਰੋੜ ਰੁਪਏ ਜਾਰੀ ਕੀਤੇ ਗਏ ਹਨ, ਜਿਸ ਨਾਲ ਧਨੌਲਾ ਦੀ ਨੁਹਾਰ ਬਦਲ ਜਾਵੇਗੀ, ਇਹਨਾਂ ਸਬਦਾ ਦਾ ਪ੍ਰਗਟਾਵਾ ਨਗਰ ਕੌਂਸਲ ਧਨੌਲਾ ਦੇ ਪ੍ਰਧਾਨ ਬੀਬਾ ਰਣਜੀਤ ਕੌਰ ਸੋਢੀ ਨੇ ਕੀਤਾ। ਗੱਲਬਾਤ ਕਰਦੇ ਹੋਏ ਬੀਬਾ ਰਣਜੀਤ ਕੌਰ ਸੋਢੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣਾਂ ਤੋਂ ਪਹਿਲਾ ਲੋਕਾਂ ਨਾਲ ਕੀਤੇ ਹਰ ਵਾਅਦੇ ਪੂਰੇ ਕੀਤੇ, ਕਿਹਾ ਕਿ ਧਨੌਲਾ ਦੀਆਂ ਸਾਰੀਆਂ ਗਲੀਆਂ ਨਾਲੀਆਂ ਸੀਵਰੇਜ, ਪਾ ਕੇ ਪੱਕੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ, ਹਲਕਾ ਇੰਚਾਰਜ ਹਰਿੰਦਰ ਧਾਲੀਵਾਲ ਦੇ ਯਤਨਾਂ ਸਦਕਾ ਨਗਰ ਦੇ ਵਿਕਾਸ ਲਈ ਰਹਿੰਦੀਆਂ ਚਾਰ ਗਲੀਆਂ ਵਿੱਚ ਸੀਵਰੇਜ਼ ਸਮੇਤ ਇੰਟਰਲਾਕ ਟਾਈਲ ਨਾਲ ਪੱਕੀਆਂ ਕੀਤੀਆਂ ਜਾਣਗੀਆਂ, ਜਿਨ੍ਹਾਂ ਵਿੱਚ, ਸੰਗਰੂਰ ਬਰਨਾਲਾ, ਰੋਡ 'ਤੇ ਨੇਬੀ ਧਾਲੀਵਾਲ ਦੇ ਘਰ ਤੋਂ ਗੌਰਵ ਐਮ ਸੀ ਦੀ ਦੁਕਾਨ ਤੱਕ ਇੰਟਰਲਾਕ ਦਾ ਕੰਮ 42 ਲੱਖ, ਤੇਜੂ ਬਕਰੀ ਵਾਲਾ ਤੋਂ ਮੇਨ ਰੋਡ ਤੱਕ ਸੀਵਰ ਅਤੇ ਟਾਈਲਾਂ ਵਿਛਾਉਣ ਦਾ ਕੰਮ 120 .830ਲੱਖ ਰੁਪਏ, ਵਾਰਡ ਨੰਬਰ ਦਸ ਦੇ ਸੀਤਾ ਹਾਊਸ ਤੋਂ ਮਨੋਹਰ ਹਾਊਸ ਤਕ ਇੰਟਰਲਾਕ ਟਾਈਲ ਦੇ ਕੰਮ ਲਈ 47.66 ਲੱਖ ਰੁਪਏ ਅਤੇ ਵਾਰਡ ਨੰਬਰ ਪੰਜ ਦੀ ਜੋਧ ਪ੍ਰਧਾਨ ਵਾਲੀ ਗਲੀ ਦਾ ਕੰਮ 84 ਲੱਖ ਨਾਲ ਹੋਵੇਗਾ, ਜਿਸ ਨੂੰ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ, ਉਹਨਾਂ ਕਿਹਾ ਕਿ ਠੇਕੇਦਾਰਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਚੰਗਾ ਕੰਮ ਕਰਨ ਨਹੀਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸ਼ੱਕ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤੀ ਪ੍ਰਗਿਆ ਸਾਧਵੀ ਠਾਕੁਰ ਜੇਲ੍ਹ 'ਚ 17 ਸਾਲ ਤਸੀਹੇ ਝੱਲਣ ਉਪਰੰਤ ਅਦਾਲਤ ਨੇ ਕੀਤੀ ਰਿਹਾਅ

ਬਰਨਾਲਾ, 1 ਅਗਸਤ (ਸੁਖਵਿੰਦਰ ਸਿੰਘ ਭੰਡਾਰੀ): ਸਤੰਬਰ 2008 ਵਿੱਚ ਮਾਲੇਗਾਓਂ ਮਸਜਿਦ ਬੰਬ ਧਮਾਕੇ ਦੇ ਮਾਮਲੇ ਵਿੱਚ ਫ਼ੈਸਲੇ ਤੋਂ ਬਾਅਦ, ਸਾਧਵੀ ਪ੍ਰਗਿਆ ਸਿੰਘ ਠਾਕੁਰ, ਕਰਨਲ ਪ੍ਰਸ਼ਾਦ ਪੁਰੋਹਿਤ, ਮੇਜਰ ਰਮੇਸ਼ ਉਪਾਧਿਆਏ, ਅਜੈ ਰਾਹਿਰਕਾਰ, ਸੁਧਾਕਰ ਦਿਵੇਦੀ, ਸਵਾਮੀ ਦਯਾਨੰਦ ਪਾਂਡੇ ਅਤੇ ਸੁਧੀਰ ਕੁਲਕਰਨੀ ਸਮੇਤ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ ਸੀ ਅਤੇ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਭਗਵਾ ਕਦੇ ਵੀ ਅੱਤਵਾਦ ਨਹੀਂ ਹੋ ਸਕਦਾ। ਸਾਧਵੀ ਪ੍ਰਗਿਆ, ਜਿਸ ਨੂੰ 17 ਸਾਲਾਂ ਤੱਕ ਤਸੀਹੇ ਦਿੱਤੇ ਗਏ ਸਨ, ਦੀ ਜ਼ਿੰਮੇਵਾਰੀ ਕੌਣ ਲਵੇਗਾ ? ਨੀਲਮਣੀ ਸਮਾਧੀਆ ਨੇ ਕਿਹਾ ਕਿ ਹਿੰਦੂ ਹਮੇਸ਼ਾ ਸਹਿਣਸ਼ੀਲਤਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਕਦੇ ਵੀ ਅੱਤਵਾਦੀ ਨਹੀਂ ਹੁੰਦੇ, ਅਸੀਂ ਆਪਣੇ ਧਰਮ ਅਤੇ ਰਾਸ਼ਟਰ ਲਈ ਕੰਮ ਕਰਦੇ ਹਾਂ। ਇਹ ਉਨ੍ਹਾਂ ਲੋਕਾਂ ਦੇ ਮੂੰਹ 'ਤੇ ਚਪੇੜ ਹੈ, ਜਿਨ੍ਹਾਂ ਨੇ ਇਸ ਨੂੰ ਭਗਵਾ ਅੱਤਵਾਦ ਕਿਹਾ। ਪ੍ਰੈੱਸ ਕਾਨਫਰੰਸ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ਿਲ੍ਹਾ ਪ੍ਰਧਾਨ ਯਸ਼ਪਾਲ ਸ਼ਰਮਾ, ਜ਼ਿਲ੍ਹਾ ਉਪ ਪ੍ਰਧਾਨ ਪ੍ਰੇਮ ਰਾਏਸਰ, ਜ਼ਿਲ੍ਹਾ ਸੰਯੁਕਤ ਮੰਤਰੀ ਤੇਜਿੰਦਰ ਪਿੰਟਾ, ਬਜਰੰਗ ਦਲ ਦੇ ਜ਼ਿਲ੍ਹਾ ਕੋਆਰਡੀਨੇਟਰ ਰਾਹੁਲ ਬਾਲੀ, ਸੰਯੁਕਤ ਕੋਆਰਡੀਨੇਟਰ ਵਿਮਲ ਕੁਮਾਰ, ਵੈਭਵ ਦੂਬੇ ਅਤੇ ਖਜ਼ਾਨਚੀ ਦੀਪਕ ਜਿੰਦਲ ਮੌਜੂਦ ਸਨ।

# ਪਰਾਲੀ ਪ੍ਰਬੰਧਨ: ਸਾਂਝੇ ਹੰਭਲੇ ਨਾਲ ਮੁਹਿੰਮ ਸਫ਼ਲ ਬਣਾਉਣ ਦਾ ਸੱਦਾ ਡਿਪਟੀ ਕਮਿਸ਼ਨਰ ਵੱਲੋਂ ਕਿਸਾਨ ਯੂਨੀਅਨਾਂ ਨਾਲ ਮੀਟਿੰਗ



ਬਰਨਾਲਾ, 1 ਅਗਸਤ (ਹਿਮਾਂਸ਼ੂ ਗਰਗ): ਪਰਾਲੀ ਪ੍ਰਬੰਧਨ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਵੱਲੋਂ ਜ਼ਿਲ੍ਹਾ ਬਰਨਾਲਾ ਦੀਆਂ ਵੱਖ ਵੱਖ ਕਿਸਾਨ ਯੂਨੀਅਨਾਂ ਦੇ ਅਹੁਦੇਦਾਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਫ਼ਸਲੀ ਨਾੜ/ ਪਰਾਲੀ ਸਾੜਨ ਨਾਲ ਹੋਣ ਵਾਲਾ ਧੂੰਆ ਜਿੱਥੇ ਵਾਤਾਵਰਨ ਵਿਚ ਪ੍ਰਦੂਸ਼ਣ ਪੈਦਾ ਕਰਦਾ ਹੈ, ਓਥੇ ਮਨੁੱਖੀ ਸਿਹਤ ਅਤੇ ਜੀਵ ਜੰਤੂਆਂ ਦੀ ਸਿਹਤ ਉੱਤੇ ਮਾੜਾ ਅਸਰ ਪੈਂਦਾ ਹੈ ਅਤੇ ਧਰਤੀ ਦੀ ਉਪਜਾਊ ਸ਼ਕਤੀ ਵੀ ਘਟਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਰਾਲੀ ਪ੍ਰਬੰਧਨ ਵਾਸਤੇ ਮਸ਼ੀਨਰੀ 'ਤੇ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਲੱਕੀ ਡਰਾਅ ਸਕੀਮ ਸ਼ੁਰੂ ਕੀਤੀ ਗਈ ਹੈ। ਓਨਾਂ ਕਿਹਾ ਕਿ ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਪਿੰਡਾਂ ਦੀਆਂ ਸਹਿਕਾਰੀ ਸਭਾਵਾਂ ਵਿਚ ਢੁਕਵੀਂ ਮਸ਼ੀਨਰੀ ਉਪਲੱਬਧ ਹੋਵੇ।

ਓਨਾਂ ਕਿਸਾਨਾਂ ਨੂੰ ਇਸ ਮੁਹਿੰਮ ਵਿੱਚ ਸਹਿਯੋਗ ਦੇਣ ਦਾ ਸੱਦਾ ਦਿੱਤਾ ਤਾਂ ਜੋ ਸਾਂਝੇ ਹੰਭਲੇ ਨਾਲ ਜ਼ਿਲੇ ਨੂੰ ਪਰਾਲੀ ਪ੍ਰਬੰਧਨ ਵਿਚ ਮੋਹਰੀ ਬਣਾਇਆ ਜਾ ਸਕੇ।

ਇਸ ਮੌਕੇ ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਜ਼ਿਲਾ ਮਾਲ ਅਫ਼ਸਰ ਗੁਰਜਿੰਦਰ ਸਿੰਘ, ਵੱਖ ਵੱਖ ਕਿਸਾਨ ਯੂਨੀਅਨਾਂ ਦੇ ਆਗੂ ਹਾਜ਼ਰ ਸਨ।

# ਰਾਮ ਸਰੂਪ ਸ਼ਰਮਾ ਦੀ ਪੁਸਤਕ ਸ਼ਾਹ ਮੁਹੰਮਦਾ ਵੇਖ ਪੰਜਾਬ ਆ ਕੇ' ਉੱਪਰ ਗੋਸ਼ਟੀ

ਬਰਨਾਲਾ, 1 ਅਗਸਤ (ਅਮਨਦੀਪ ਸਿੰਘ): ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਵੱਲੋਂ ਬਹੁ-ਪੱਖੀ ਲੇਖਕ ਰਾਮ ਸਰੂਪ ਸ਼ਰਮਾ ਦੀ ਪੁਸਤਕ "ਸ਼ਾਹ ਮਹੰਮਦਾ ਵੇਖ ਪੰਜਾਬ ਆ ਕੇ" 'ਤੇ ਗੋਸ਼ਟੀ ਅਤੇ ਕਵੀ ਦਰਬਾਰ ਕਰਵਾਇਆ ਗਿਆ ਪ੍ਰਧਾਨਗੀ ਮੰਡਲ ਵਿੱਚ ਸਰਕਾਰੀ ਐਮੀਨੈਂਸ ਸਕੂਲ (ਲੜਕੇ) ਬਰਨਾਲਾ ਦੇ ਪ੍ਰਿੰਸੀਪਲ ਹਰੀਸ਼ ਬਾਂਸਲ, ਭਾਰਤੀ ਸਾਹਿਤ ਅਕਾਡਮੀ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਬੂਟਾ ਸਿੰਘ ਚੌਹਾਨ ਸ਼ਾਮਲ ਸਨ।




ਡਾ. ਭੁਪਿੰਦਰ ਸਿੰਘ ਬੇਦੀ ਨੇ ਆਪਣੇ ਖੋਜ ਪੇਪਰ ਵਿੱਚ ਕਿਹਾ ਕਿ ਕਵੀ ਨੇ ਤਾਰਕਿਕ ਤੌਰ ਤੇ ਮੰਗਲਾਚਰਨ ਕਰਦਿਆਂ ਪੰਜਾਬ ਦੇ ਪੀਰਾਂ ਫਕੀਰ ਅਤੇ ਗੁਰੂਆਂ ਨੂੰ ਧਿਆਇਆ ਹੈ। ਪੈਂਤੀ ਨਾਵਾਂ ਹੇਠ ਬੈਂਤ ਛੰਦ ਹੇਠ ਪੰਜਾਬ ਦਾ ਇਤਿਹਾਸ ਪੰਜਾਬੀਆਂ ਦੇ ਖੁੱਲੇ ਡੁੱਲੇ ਸੁਭਾਅ ਅਤੇ ਪੰਜਾਬ ਦੀ ਸਿਫ਼ਤ ਕੀਤੀ ਹੈ। ਪੰਜਾਬ ਰਾਹੀਂ ਦਿੱਲੀ ਤੇ ਹੋਏ ਵਿਦੇਸ਼ੀ ਹਮਲਿਆਂ ਦੌਰਾਨ ਨਿਭਾਈਆਂ ਭੂਮਿਕਾਵਾਂ ਦਾ ਜ਼ਿਕਰ ਕੀਤਾ ਹੈ। ਸਿੱਖ ਗੁਰੂ ਸਹਿਬਾਨ ਅਤੇ ਯੋਧਿਆਂ ਦੀ ਵਡਿਆਈ ਕੀਤੀ ਹੈ। ਮਹਾਰਾਜਾ ਰਣਜੀਤ ਸਿੰਘ ਦੇ ਨਿਆਂਕਾਰੀ ਰਾਜ ਦਾ ਹਾਲ ਲਿਖਿਆ ਹੈ। ਸ਼ਾਹ ਮੁਹੰਮਦ ਦੇ ਫਰੰਗੀਆਂ ਤੇ ਸਿੰਘਾਂ ਦੀ ਜੰਗ ਤੋਂ ਪ੍ਰਭਾਵਿਤ ਹੋ ਕੇ ਰਾਮ ਸਰੂਪ ਸ਼ਰਮਾ ਨੇ ਕਰੁਣਾਮਈ ਭਾਵਨਾ ਨਾਲ ਭਾਰਤ-ਪਾਕ ਵੰਡ ਸਮੇਤ ਹਰਿਮੰਦਰ ਸਾਹਿਬ ਦੇ ਸਾਕੇ ਅਤੇ ਕਿਸਾਨ ਮੋਰਚੇ ਦੇ ਸਾਕੇ 'ਤੇ ਕਲਮ ਚਲਾਈ ਹੈ। ਕਵੀ ਨੇ ਅੱਜ ਦੇ ਪੰਜਾਬ ਵਿੱਚ ਬੇਰੁਜ਼ਗਾਰੀ, ਨਸ਼ਿਆਂ ਤੇ ਪ੍ਰਵਾਸ 'ਤੇ ਦੁੱਖ ਪ੍ਰਗਟ ਕੀਤਾ। ਅੰਤ ਵਿੱਚ ਪੰਜਾਬੀਆਂ ਦੇ ਏਕੇ ਅਤੇ ਅਮਨ ਸ਼ਾਂਤੀ ਲਈ ਦੁਆ ਕੀਤੀ ਹੈ। ਬੂਟਾ ਸਿੰਘ ਚੌਹਾਨ ਨੇ ਪਰਚੇ ਨੂੰ ਸੰਤੁਲਤ ਅਤੇ ਪੂਰਨ ਦੱਸਦੇ ਹੋਇਆਂ ਕੁਝ ਸੁਝਾਅ ਦਿੱਤੇ।

ਡਾ. ਰਾਮਪਾਲ ਸ਼ਾਹਪੁਰੀ ਨੇ ਪੁਸਤਕ ਨੂੰ ਪੜ੍ਹਨਯੋਗ ਦੱਸਿਆ। ਮਾਲਵਿੰਦਰ ਸ਼ਾਇਰ ਨੇ ਕਿੱਸਾ- ਕਾਵਿ ਤੋਂ ਜੰਗਨਾਮੇ ਦੀ ਯਾਤਰਾ ਕਿਹਾ। ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕੁੱਝ ਸੋਧਾਂ ਵੱਲ ਇਸ਼ਾਰਾ ਕਰਦਿਆਂ ਪੁਸਤਕ ਨੂੰ ਇਤਿਹਾਸਿਕ ਪ੍ਰਾਪਤੀ ਦੱਸਿਆ। ਡਾ. ਅਨਿਲ ਸ਼ੋਰੀ ਅਤੇ ਜਗਰਾਜ ਧੌਲੇ ਨੇ ਪਰਚੇ ਬਾਰੇ ਕੁਝ ਸੁਝਾਅ ਦਿੱਤੇ। ਡਾ. ਸੁਰਿੰਦਰ ਭੱਠਲ ਨੇ ਪੁਸਤਕ ਨੂੰ ਪੰਜਾਬ ਸਿਉਂ ਦਾ ਕਾਵਿ-ਚਿਤਰ ਦੱਸਿਆ, ਇਕਬਾਲ ਕੌਰ ਉਦਾਸੀ ਨੇ ਸ਼ਰਮੇ ਨੂੰ ਲੋਕ-ਕਵੀ ਕਿਹਾ, ਮੇਘ ਰਾਜ ਮਿੱਤਰ ਨੇ ਅਜਿਹੀ ਸੁੰਦਰ ਪੁਸਤਕ 'ਤੇ ਗੋਸ਼ਟੀ ਕਰਵਾਉਣ ਲਈ ਸਭਾ ਦਾ ਧੰਨਵਾਦ ਕੀਤਾ। ਕਵੀ ਦੀ ਬੇਟੀ ਜੋਤੀ ਸ਼ਰਮਾ ਨੇ ਆਪਣੇ ਪਾਪਾ ਨੂੰ ਪਰਿਵਾਰ ਦਾ ਹੀਰਾ ਆਖਿਆ। ਇਸ ਦੌਰਾਨ ਹੋਏ ਕਵੀ-ਦਰਬਾਰ ਵਿਚ ਰਜਿੰਦਰ ਸ਼ੌਂਕੀ, ਜਸਕਰਨ ਸਿੰਘ, ਲਛਮਣ ਦਾਸ ਮੁਸਾਫਿਰ, ਪਾਲ ਸਿੰਘ ਲਹਿਰੀ, ਲਖਵਿੰਦਰ ਠੀਕਰੀਵਾਲਾ, ਰਘਬੀਰ ਸਿੰਘ ਗਿੱਲ ਕੱਟੂ ਨੇ ਆਪਣੀਆਂ ਤਾਜ਼ਾ ਰਚਨਾਵਾਂ ਸੁਣਾਈਆਂ ਸਭਾ ਦੇ ਪ੍ਰਧਾਨ ਤੇਜਾ ਸਿੰਘ ਤਿਲਕ ਨੇ ਆਏ ਸਾਹਿਤਕਾਰਾਂ ਦਾ ਸੁਆਗਤ ਕਰਦਿਆਂ ਜੀ ਆਇਆ ਆਖਿਆ, ਸਕੂਲ ਦੇ ਪ੍ਰਿੰਸੀਪਲ ਹਰੀਸ਼ ਬਾਂਸਲ ਨੇ ਪ੍ਰਧਾਨਗੀ ਬੋਲ ਸਾਂਝੇ ਕਰਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਕਹਾਣੀਕਾਰ ਨੇ ਮੰਚ ਸੰਚਾਲਣ ਦਾ ਕਾਰਜ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਪੁਸਤਕ ਲੇਖਕ ਦੀ ਧਰਮ ਪਤਨੀ ਕ੍ਰਿਸ਼ਨਾ ਸ਼ਰਮਾ, ਨੂੰਹ ਅਨੂ ਸ਼ਰਮਾ, ਵਿਰਾਟ ਸ਼ਰਮਾ, ਪਰਮਿੰਦਰ ਸਿੰਘ, ਹੀਰਾ ਲਾਲ, ਮੇਜਰ ਸਿੰਘ ਸਹੌਰ, ਸੋਹਣ ਸਿੰਘ ਮਾਝੀ, ਲਖਵੀਰ ਦਿਹੜ, ਡਾ. ਉਜਾਗਰ ਮਾਨ, ਭੋਲਾ ਸਿੰਘ ਸੰਘੇੜਾ, ਪਰਸ਼ੋਤਮ ਬੱਲੀ, ਦਰਸ਼ਨ ਸਿੰਘ ਗੁਰੂ, ਐਸ.ਐਸ ਗਿੱਲ ਆਦਿ ਬਹੁਤ ਸਾਰੇ ਲੇਖਕ ਅਤੇ ਸਰੋਤੇ ਹਾਜ਼ਰ ਸਨ। ਪ੍ਰਧਾਨਗੀ ਮੰਡਲ ਵੱਲੋਂ ਰਾਮ ਸਰੂਪ ਸ਼ਰਮਾ ਅਤੇ ਪੇਪਰ ਲੇਖਕ ਡਾ. ਭੁਪਿੰਦਰ ਸਿੰਘ ਬੇਦੀ ਦਾ ਸਨਮਾਨ ਕੀਤਾ ਗਿਆ। ਭਾਰੀ ਗਰਮੀ ਦੇ ਦੌਰਾਨ ਸਰੋਤੇ ਮੰਤਰ ਮੁਗਧ ਹੋ ਕੇ ਬੈਠੇ ਰਹੇ।

# ਲੇਖਕ ਨਾਲ ਮੁਲਾਕਾਤ – ਵਿਦਿਆਰਥੀਆਂ ਲਈ ਪ੍ਰੇਰਕ ਅਨੁਭਵ



ਬਰਨਾਲਾ, 1 ਅਗਸਤ (ਹਿਮਾਂਸ਼ੂ ਗਰਗ): ਵਾਈ ਐੱਸ ਸਕੂਲ ਬਰਨਾਲਾ ਵਿੱਖੇ ਜਮਾਤ ਨੌਵੀ ਦੇ ਵਿਦਿਆਰਥੀਆਂ ਲਈ ਪੰਜਾਬੀ ਵਿਸ਼ੇ ਨਾਲ ਸੰਬੰਧਿਤ ਗਤੀਵਿਧੀ ਲੇਖਕ ਨਾਲ ਮੁਲਾਕਾਤ ਆਯੋਜਿਤ ਕੀਤੀ ਗਈ। ਇਸ ਮੌਕੇ ਉੱਤੇ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਈਸ਼ਵਰ ਚੰਦਰ ਨੰਦਾ ਨਾਲ ਮੁਲਾਕਾਤ ਕੀਤੀ ਗਈ, ਜਿਸ ਵਿੱਚ ਵਿਦਿਆਰਥੀ ਰੀਤੇਸ਼ ਗੋਇਲ ਨੇ ਨਾਟਕਕਾਰ ਦੇ ਰੂਪ ਵਿੱਚ ਭੂਮਿਕਾ ਨਿਭਾਈ। ਨਾਟਕਕਾਰ ਨੇ ਆਪਣੇ ਜੀਵਨ ਦੇ ਅਨੁਭਵ, ਲਿਖਣ ਦੀ ਪ੍ਰੇਰਣਾ, ਅਤੇ ਪੰਜਾਬੀ ਸਾਹਿਤ ਦੀ ਮਹੱਤਤਾ ਬਾਰੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ। ਸਕੂਲ ਦੇ ਵਿਦਿਆਰਥੀਆਂ ਦੁਆਰਾ ਨਾਟਕਕਾਰ ਵਜੋਂ ਸਾਂਝੀ ਕੀਤੀ ਸਾਰੀ ਜਾਣਕਾਰੀ ਨੂੰ ਆਪਣੀਆਂ ਕਾਪੀਆਂ 'ਤੇ ਲਿਖਿਆ ਅਤੇ ਵਿਦਿਆਰਥੀਆਂ ਨੇ ਉਹਨਾਂ ਦੀਆਂ ਲਿਖਤਾਂ ਸੰਬੰਧੀ ਕਈ ਸਵਾਲ ਕੀਤੇ। ਬੱਚਿਆਂ ਦੇ ਗਿਆਨ ਅਤੇ ਸਮਝ ਨੂੰ ਪੂਰਾ ਨਿਖਾਰਨ ਲਈ ਸਕੂਲ ਦੁਆਰਾ ਚੁੱਕੇ ਇਹਨਾਂ ਕਦਮਾਂ ਦਾ ਕੋਈ ਮੁੱਲ ਨਹੀਂ ਕਿਉਂਕਿ ਵਿਦਿਆਰਥੀਆਂ ਦੇ ਸਰਵ ਪੱਖੀ ਵਿਕਾਸ ਲਈ ਵਾਈ ਐਸ ਸਕੂਲ ਅਜਿਹੇ ਉਪਰਾਲੇ ਕਰਦਾ ਰਹੇਗਾ ।ਸਕੂਲ ਵੱਲੋਂ ਉਚਾਰੇ ਅਜਿਹੇ ਸਮਾਗਮ ਵਿਦਿਆਰਥੀਆਂ ਦੀ ਸੋਚ ਵਿੱਚ ਨਵੀਂ ਉਡਾਣ ਭਰਦੇ ਹਨ।

# ਪਿੰਡ ਮਾਝੀ ਵਿਖੇ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ



ਭਵਾਨੀਗੜ੍ਹ, 1 ਅਗਸਤ (ਅਮਨਦੀਪ ਸਿੰਘ ਮਾਝਾ ): ਪਿੰਡ ਮਾਝੀ ਵਿਖੇ ਤੀਆਂ ਦਾ ਤਿਉਹਾਰ ਬੜੀ ਹੀ ਧੂਮ ਧਾਮ ਦੇ ਨਾਲ ਮਨਾਇਆ ਗਿਆ, ਜਿਸ ਦੀ ਅਗਵਾਈ ਪਿੰਡ ਦੇ ਮੌਜੂਦਾ ਸਰਪੰਚ ਜਸਵਿੰਦਰ ਕੌਰ ਵੱਲੋਂ ਕੀਤੀ ਗਈ। ਇਸ ਮੌਕੇ ਉਹਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਹਲਕਾ ਵਿਧਾਇਕ ਨਰਿੰਦਰ ਕੌਰ ਭਰਾਜ ਦੀ ਅਗਵਾਈ ਤਹਿਤ ਜਿੱਥੇ ਪਿਛਲੇ ਸਾਲ ਵੀ ਇਹ ਪ੍ਰੋਗਰਾਮ ਤੀਆਂ ਦਾ ਤਿਉਹਾਰ ਕਰਵਾਇਆ ਗਿਆ ਸੀ ਤੇ ਇਸ ਵਾਰ ਵੀ ਕਰਵਾਇਆ ਜਾ ਰਿਹਾ ਹੈ। ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਜਿੱਥੇ ਪਿੰਡ ਦੇ ਵਿੱਚ ਤੀਆਂ ਦਾ ਤਿਉਹਾਰ ਬਾਬਾ ਗੁਲਾਬ ਦਾਸ ਸਟੇਡੀਅਮ ਪਿੰਡ ਮਾਝੀ ਵਿਖੇ ਕਰਵਾਇਆ ਗਿਆ। ਇਸ ਮੌਕੇ ਉਹਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਜਾਤ ਪਾਤ ਤੋਂ ਰਹਿਤ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿੱਥੇ ਕਿ ਬਹੁਤ ਲੋਕਾਂ ਦੇ ਵਿੱਚ ਖੁਸ਼ੀ ਪਾਈ ਜਾ ਰਹੀ ਸੀ ਅਤੇ ਇਸ ਮੌਕੇ ਦੇ ਵਿੱਚ ਜੋ ਪਿੰਡ ਦੀਆਂ ਲੜਕੀਆਂ ਸਹੁਰੇ ਪਰਿਵਾਰ ਗਈ ਹੋਈਆਂ ਸਨ ਉਹ ਵੀ ਪਿੰਡ ਦੇ ਤੀਆਂ ਤਿਉਹਾਰ ਦੇ ਵਿੱਚ ਪਹੁੰਚੀਆਂ ਜਿੱਥੇ ਕਿ ਔਰਤਾਂ ਦੇ ਵਿੱਚ ਖੂਬ ਖੁਸ਼ੀ ਪਾਈ ਜਾ ਰਹੀ ਸੀ, ਜਿਸ ਦੇ ਵਿੱਚ ਕਿ ਖਾਣ ਪੀਣ ਦਾ ਵੀ ਪੂਰਨ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ 'ਤੇ ਪੰਜਾਬ ਦੇ ਮਸ਼ਹੂਰ ਕਲਾਕਾਰ ਬੱਬਣ ਕੌਰ ਵੀ ਪਹੁੰਚੇ ਹੋਏ ਸਨ। ਇਸ ਮੌਕੇ ਉਹਨਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਿੰਡ ਦੀ ਸਰਪੰਚ ਜਸਵਿੰਦਰ ਕੌਰ ਵੱਲੋਂ ਜੋ ਤੀਆਂ ਦਾ ਤਿਉਹਾਰ ਮਨਾਇਆ ਗਿਆ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ ਤੇ ਇਹੋ ਜਿਹੇ ਤਿਉਹਾਰ ਪਿੰਡਾਂ ਦੇ ਵਿੱਚ ਲੱਗਦੇ ਰਹਿਣ ਕਿਉਂਕਿ ਸੱਭਿਆਚਾਰ ਨੂੰ ਅਗਰ ਜਿਉਂਦਾ ਰੱਖਣਾ ਤਾਂ ਇਹੋ ਜਿਹੇ ਪ੍ਰੋਗਰਾਮਾਂ ਨੂੰ ਸਭ ਨੂੰ ਸਾਰਿਆਂ ਨੂੰ ਰਲ ਮਿਲ ਕੇ ਕਰਵਾਉਣੇ ਚਾਹੀਦੇ ਹਨ। ਜਸਵਿੰਦਰ ਕੌਰ ਅਤੇ ਸਮੂਹ ਪੰਚਾਇਤ ਮੁਬਾਰਕਬਾਦ ਦਿੱਤੀ ਗਈ ਅਤੇ ਉਹਨਾਂ ਨੇ ਇਸ ਪ੍ਰੋਗਰਾਮ ਕਰਨ 'ਤੇ ਬਹੁਤ ਹੀ ਸ਼ਲਾਘਾਯੋਗ ਵੀ ਕੀਤੀ। ਇਸ ਮੌਕੇ ਤੇ ਉਹਨਾਂ ਵੱਲੋਂ ਪੰਜਾਬੀ ਸੱਭਿਆਚਾਰ ਦੀਆਂ ਪੁਰਾਣੀਆਂ ਬੋਲੀਆਂ ਪਾ ਕੇ ਜਿੱਥੇ ਖੂਬ ਰੰਗ ਬੰਨ੍ਹਿਆ।

# ਸੜਕ ਹਾਦਸੇ ਵਿੱਚ ਜ਼ਖ਼ਮੀ ਪਤੀ ਪਤਨੀ, ਬਠਿੰਡਾ ਰੈਫਰ

ਸ਼ਹਿਣਾ/ਭਦੌੜ, 1 ਅਗਸਤ (ਸੁਖਵਿੰਦਰ ਪਲਾਹਾ): ਬਰਨਾਲਾ ਬਾਜਾਖਾਨਾ ਰੋਡ ਸਹਿਣਾ ਨੇੜੇ ਵਾਪਰੇ ਸੜਕ ਹਾਦਸੇ ਵਿੱਚ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਪਤੀ ਪਤਨੀ ਨੂੰ ਬਠਿੰਡਾ ਰੈਫਰ ਕਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਸਿੰਘ ਏ ਐਸ ਆਈ ਥਾਣਾ ਸ਼ਹਿਣਾ ਨੇ ਦੱਸਿਆ ਕਿ ਇਸ ਸੜਕ ਹਾਦਸੇ ਵਿੱਚ ਸਕਾਰਪਿਓ ਕਾਰ ਸਵਾਰ ਵੀ ਮਾਮੂਲੀ ਸੱਟਾਂ ਲੱਗਣ ਕਾਰਨ ਜ਼ਖ਼ਮੀ ਹੋ ਗਏ ਹਨ। ਉਨ੍ਹਾਂ ਦੱਸਿਆ ਕਿ ਜਸਵੀਰ ਸਿੰਘ ਪੁੱਤਰ ਲਾਭ ਸਿੰਘ ਵਾਸੀ ਸੁਖਪੁਰਾ ਮੌੜ ਆਪਣੀ ਪਤਨੀ ਜਸਵੀਰ ਕੌਰ ਸਮੇਤ ਪਿੰਡ ਨੂੰ ਆ ਰਹੇ ਸਨ ਤਾਂ ਅਣਪਛਾਤੇ ਵਾਹਨ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਉਕਤ ਪਤੀ ਪਤਨੀ ਸੜਕ 'ਤੇ ਡਿੱਗ ਪਏ ਜ਼ਖ਼ਮੀ ਹੋ ਗਏ। ਪਿੱਛੋਂ ਤੋਂ ਆ ਰਹੀ ਚਿੱਟੇ ਰੰਗ ਦੀ ਸਕਾਰਪਿਓ ਗੱਡੀ ਪੀ ਬੀ 19 ਵੀ 9531, ਜ਼ਿਆਦਾ ਤੇਜ਼ ਹੋਣ ਕਾਰਨ ਸੰਤੁਲਨ ਵਿਗੜ ਗਿਆ ਜਿਸ ਨੂੰ ਹਰਪ੍ਰੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਗਿੱਲ ਕੋਠੇ ਚਲਾ ਰਹੇ ਸਨ, ਇਸ ਸੜਕ ਹਾਦਸੇ ਵਿੱਚ ਸਕਾਰਪਿਓ ਗੱਡੀ ਦਾ ਕਾਫੀ ਨੁਕਸਾਨ ਹੋ ਗਿਆ। ਏ.ਐਸ.ਆਈ ਮਹਿੰਦਰ ਸਿੰਘ ਨੇ ਦੱਸਿਆ ਕਿ ਜ਼ਖ਼ਮੀਆਂ ਦੇ ਬਿਆਨ ਲੈਣ ਉਪਰੰਤ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ।



# ਪਟਿਆਲਾ-ਆਸ/ਪਾਸ



### ਮਾਮਲਾ ਪੁਲਿਸ ਚੌਕੀਆਂ 'ਤੇ ਹੈਂਡ ਗ੍ਰਨੇਡ ਸੁੱਟਣ ਦਾ

## ਚਾਰ ਮੁਲਜ਼ਮਾਂ ਨੂੰ ਪੁਲਿਸ ਨੇ ਲਿਆ ਪ੍ਰੋਡਕਸ਼ਨ ਵਰੰਟ 'ਤੇ, ਪੰਜ ਦਿਨ ਦਾ ਪੁਲਿਸ ਰਿਮਾਂਡ ਹਾਸਲ



ਸਮਾਣਾ, 1 ਅਗਸਤ (ਵਿਜੇ ਕੁਮਾਰ) : ਪੰਜਾਬ ਦੀ ਬਾਦਸ਼ਾਹਪੁਰ ਪੁਲਿਸ ਚੌਕੀ ਅਤੇ ਹਰਿਆਣਾ ਦੀ ਅਜ਼ੀਮਗੜ੍ਹ ਪੁਲਿਸ ਚੌਕੀ 'ਤੇ ਗ੍ਰੇਨੇਡ ਸੁੱਟਣ ਦੀ ਘਟਨਾ ਵਿੱਚ ਲੋੜੀਂਦੇ ਮੁਲਜ਼ਮਾਂ ਨੂੰ ਘੱਗਾ ਪੁਲਿਸ ਵੱਲੋਂ ਸਮਾਣਾ ਦੀ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁੱਛਗਿੱਛ ਲਈ 5 ਅਗਸਤ ਤੱਕ ਪੁਲਿਸ ਰਿਮਾਂਡ 'ਤੇ ਲਿਆ ਗਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਬਾਦਸ਼ਾਹਪੁਰ ਪੁਲਿਸ ਇੰਚਾਰਜ ਏ.ਐਸ.ਆਈ. ਜੈ ਪ੍ਰਕਾਸ਼ ਨੇ ਦੱਸਿਆ ਕਿ ਮੁਲਜ਼ਮਾਂ ਵਿੱਚ ਘਟਨਾ ਦਾ ਮਾਸਟਰਮਾਈਂਡ ਗੁਰਪ੍ਰੀਤ ਸਿੰਘ ਉਰਫ਼ ਬੱਬੂ ਵਾਸੀ ਪਿੰਡ ਨਨ੍ਹੇੜਾ, ਹਰਪ੍ਰੀਤ ਸਿੰਘ ਉਰਫ਼ ਜੱਗਾ ਵਾਸੀ ਪਿੰਡ ਹਰਚੰਦਪੁਰਾ, ਸੰਦੀਪ ਸਿੰਘ ਉਰਫ਼ ਦੀਪੂ ਵਾਸੀ ਪਿੰਡ ਬਾਦਸ਼ਾਹਪੁਰ ਅਤੇ ਹਰਮਨਪ੍ਰੀਤ ਸਿੰਘ ਉਰਫ਼ ਪ੍ਰੀਤ ਵਾਸੀ ਪਿੰਡ ਗੁਰਦਿਆਲਪੁਰਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਤਿੰਨ ਮੁਲਜ਼ਮਾਂ ਨੂੰ ਰੋਪੜ ਜੇਲ੍ਹ ਤੋਂ ਅਤੇ ਇੱਕ ਨੂੰ ਪਟਿਆਲਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਗਿਆ ਸੀ। ਵੀਰਵਾਰ ਨੂੰ ਸਿਵਲ ਹਸਪਤਾਲ ਸਮਾਣਾ ਵਿੱਚ ਮੈਡੀਕਲ ਜਾਂਚ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਪੁੱਛਗਿੱਛ ਲਈ 5 ਦਿਨਾਂ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ, ਜਿਸ ਤੋਂ ਬਾਅਦ ਪੁਲਿਸ ਨੇ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਲਾਕੇ ਵਿੱਚ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਵਿਦੇਸ਼ਾਂ ਵਿੱਚ ਬੈਠੇ ਆਪਣੇ ਆਕਾਵਾਂ ਦੇ ਕਹਿਣ 'ਤੇ 31 ਮਾਰਚ ਅਤੇ 1 ਅਪ੍ਰੈਲ ਦੀ ਦਰਮਿਆਨੀ ਰਾਤ ਨੂੰ ਬਾਦਸ਼ਾਹਪੁਰ ਪੁਲਿਸ ਚੌਕੀ 'ਤੇ ਗ੍ਰੇਨੇਡ ਨਾਲ ਹਮਲਾ ਕਰਕੇ ਫਰਾਰ ਹੋ ਗਏ ਸਨ। ਇਸੇ ਤਰਜ਼ 'ਤੇ ਬਾਅਦ ਵਿੱਚ ਸਮਾਣਾ ਸ਼ਹਿਰ ਨਾਲ ਲੱਗਦੀ ਹਰਿਆਣਾ ਪ੍ਰਦੇਸ਼ ਦੀ ਅਜ਼ੀਮਗੜ੍ਹ ਪੁਲਿਸ ਚੌਕੀ 'ਤੇ ਵੀ ਅੱਧੀ ਰਾਤ ਨੂੰ ਗ੍ਰੇਨੇਡ ਸੁੱਟ ਕੇ ਫਰਾਰ ਹੋ ਗਏ ਸਨ। ਇਨ੍ਹਾਂ ਉਕਤ ਘਟਨਾਵਾਂ ਉਪਰੰਤ ਹਰਿਆਣਾ ਤੇ ਪੰਜਾਬ ਦੀਆਂ ਪੁਲਿਸ ਟੀਮਾਂ ਨੇ ਬਰੀਕੀ ਨਾਲ ਜਾਂਚ ਕਰਨ ਤੋਂ ਬਾਅਦ ਵੀ ਅਣਪਛਾਤੇ ਲੋਕਾਂ ਖਿਲਾਫ ਮਾਮਲਾ ਦਰਜ ਕਰਕੇ ਇਸ ਦੀ ਜਾਂਚ ਸ਼ੁਰੂ ਕੀਤੀ ਹੋਈ ਸੀ।

## ਅਦਾਲਤ ਨੇ ਸਰਕਾਰੀ ਸਕੂਲ ਦੀ ਜਾਇਦਾਦ, ਸਿੱਖਿਆ ਦਫ਼ਤਰ ਦੀਆਂ ਤਨਖ਼ਾਹਾਂ, ਮੁਲਾਜ਼ਮ ਦੇ ਬਕਾਏ ਨਾ ਭਰਨ 'ਤੇ ਕੁਰਕ ਕਰਨ ਦੇ ਹੁਕਮ ਦਿੱਤੇ

ਪਟਿਆਲਾ, 1 ਅਗਸਤ (ਚ.ਨ.ਸ.) : ਪਟਿਆਲਾ ਦੀ ਇੱਕ ਸਿਵਲ ਅਦਾਲਤ ਨੇ ਇੱਕ ਸਾਬਕਾ ਕਰਮਚਾਰੀ ਦੇ ਤਨਖਾਹ ਬਕਾਏ ਅਤੇ ਵਿਆਜ ਦਾ ਭੁਗਤਾਨ ਕਰਨ ਵਿੱਚ ਪੰਜਾਬ ਸਰਕਾਰ ਦੀ ਅਸਫਲਤਾ 'ਤੇ ਇੱਕ ਸਰਕਾਰੀ ਸਕੂਲ ਨਾਲ ਸਬੰਧਤ ਚੱਲ ਜਾਇਦਾਦ ਅਤੇ ਜ਼ਿਲ੍ਹਾ ਸਿੱਖਿਆ ਦਫ਼ਤਰ (ਸੈਕੰਡਰੀ ਸਿੱਖਿਆ), ਪਟਿਆਲਾ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਕੁਰਕ ਕਰਨ ਦੇ ਹੁਕਮ ਦਿੱਤੇ ਹਨ। ਸਿਵਲ ਜੱਜ (ਜੂਨੀਅਰ ਡਿਵੀਜ਼ਨ) ਜਸਪ੍ਰੀਤ ਸਿੰਘ ਮਿਨਹਾਸ ਵੱਲੋਂ 31 ਜੁਲਾਈ ਨੂੰ ਜਾਰੀ ਕੀਤਾ ਗਿਆ ਇਹ ਹੁਕਮ ਸਰਕਾਰੀ ਹਾਈ ਸਕੂਲ ਮੰਜਾਲ ਕਲਾਂ ਦੇ ਸਰੀਰਕ ਸਿੱਖਿਆ ਦੇ ਸਾਬਕਾ ਡਾਇਰੈਕਟਰ ਰਾਜੇਸ਼ ਕੁਮਾਰ ਵੱਲੋਂ ਦਾਇਰ ਪਟੀਸ਼ਨ 'ਤੇ ਸੀ। 23 ਜਨਵਰੀ, 2024 ਨੂੰ, ਅਦਾਲਤ ਨੇ ਕੁਮਾਰ ਦੇ ਹੱਕ ਵਿੱਚ ਫੈਸਲਾ ਸੁਣਾਇਆ ਸੀ, ਜਿਸ ਵਿੱਚ ਰਾਜ ਨੂੰ 3 ਸਤੰਬਰ, 2015 ਤੋਂ 21 ਜੁਲਾਈ, 2018 ਤੱਕ ਤਨਖਾਹ ਨਿਰਧਾਰਨ ਵਿੱਚ ਦੇਰੀ ਲਈ 9%



ਸਾਲਾਨਾ ਵਿਆਜ ਦੇ ਨਾਲ 6.16 ਲੱਖ ਰੁਪਏ ਅਤੇ ਭੁਗਤਾਨ ਤੱਕ ਵਾਧੂ ਵਿਆਜ ਅਦਾ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਨਿਰਦੇਸ਼ ਦੇ ਬਾਵਜੂਦ, ਵਿਆਜ ਦਾ ਹਿੱਸਾ ਬਕਾਇਆ ਨਹੀਂ ਹੈ, ਜਿਸ ਕਾਰਨ ਕੁਮਾਰ ਅਦਾਲਤ ਵਿੱਚ ਦਖਲਅੰਦਾਜ਼ੀ ਦੀ ਮੰਗ ਕਰ ਰਹੇ ਹਨ। ਸਿੱਟੇ ਵਜੋਂ, ਅਦਾਲਤ ਨੇ ਸਕੂਲ ਦੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ ਅਤੇ ਜ਼ਿਲ੍ਹਾ ਖਜ਼ਾਨਾ ਅਫ਼ਸਰ, ਪਟਿਆਲਾ – ਜੋ ਕਿ ਮੁਕੱਦਮੇ ਦੀ ਇੱਕ ਧਿਰ ਹੈ, ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ), ਪਟਿਆਲਾ ਦੇ ਅਧੀਨ ਕਰਮਚਾਰੀਆਂ ਨੂੰ ਅਗਸਤ 2025 ਦੀ ਤਨਖਾਹ ਵੰਡ ਨੂੰ ਰੋਕਣ ਦਾ ਨਿਰਦੇਸ਼ ਦਿੱਤਾ।

**ਕਿਸੇ ਵੀ ਕਰਮਚਾਰੀ ਨੂੰ ਤਨਖ਼ਾਹ ਨਹੀਂ ਮਿਲੇਗੀ :** ਕੁਮਾਰ ਦੇ ਵਕੀਲ ਪੁਨੀਤ ਸ਼ਰਮਾ ਨੇ ਕਿਹਾ ਕਿ ਕੁਰਕੀ ਜ਼ਿਲ੍ਹਾ ਸਿੱਖਿਆ ਦਫ਼ਤਰ (ਸੈਕੰਡਰੀ ਸਿੱਖਿਆ) ਦੇ ਪੂਰੇ ਤਨਖਾਹ ਮੁਖੀ ਨੂੰ ਪ੍ਰਭਾਵਿਤ ਕਰਦੀ ਹੈ। ਇਸਦਾ ਮਤਲਬ ਹੈ ਕਿ ਡੀਈਓ (ਐਸਈ) ਪਟਿਆਲਾ ਦੇ ਅਧੀਨ ਕੋਈ ਵੀ ਕਰਮਚਾਰੀ ਅਗਸਤ ਦੀ ਤਨਖਾਹ ਪ੍ਰਾਪਤ ਨਹੀਂ ਕਰੇਗਾ ਜਦੋਂ ਤੱਕ ਕੁਮਾਰ ਦੇ ਬਕਾਏ ਦਾ ਨਿਪਟਾਰਾ ਨਹੀਂ ਹੋ ਜਾਂਦਾ।

**ਜ਼ਬਤ ਕੀਤੀਆਂ ਜਾਣ ਵਾਲੀਆਂ ਜਾਇਦਾਦਾਂ :** ਸਕੂਲ, ਮੰਜਾਲ ਕਲਾਂ ਦੇ ਅਹਾਤੇ ਤੋਂ ਹੇਠ ਲਿਖੀਆਂ ਚੀਜ਼ਾਂ ਜ਼ਬਤ ਕਰਨ ਲਈ ਸੂਚੀਬੱਧ ਹਨ: 20 ਪੱਖੇ, 30 ਕੁਰਸੀਆਂ, ਚਾਰ ਕੂਲਰ, ਤਿੰਨ ਏਅਰ-ਕੰਡੀਸ਼ਨਰ, 10 ਅਲਮਾਰੀਆਂ, ਪੰਜ ਮੇਜ, ਚਾਰ ਕੰਪਿਊਟਰ ਅਤੇ ਤਿੰਨ ਪ੍ਰਿੰਟਰ ਜ਼ਬਤ ਕਰਨ ਦਾ ਹੁਕਮ ਸਿਵਲ ਪ੍ਰੋਸੀਜਰ ਕੋਡ (ਸੀਪੀਸੀ) ਦੇ ਨਿਯਮ 30 ਦੇ ਤਹਿਤ ਦਿੱਤਾ ਗਿਆ ਸੀ, ਜਿਸ ਵਿੱਚ ਅਦਾਲਤ ਨੇ ਬੇਲੀਫ ਜਾਂ ਇੱਕ ਅਧਿਕਾਰਤ ਅਧਿਕਾਰੀ ਨੂੰ ਸੂਚੀਬੱਧ ਚੀਜ਼ਾਂ ਨੂੰ ਜ਼ਬਤ ਕਰਨ ਦਾ ਨਿਰਦੇਸ਼ ਦਿੱਤਾ ਸੀ। ਜੇਕਰ ਸਰਕਾਰ ਭੁਗਤਾਨ ਕਰਨ ਵਿੱਚ ਅਸਫਲ ਰਹਿੰਦੀ ਹੈ। ਐਗਜ਼ੀਕਿਊਸ਼ਨ ਰਿਪੋਰਟ 11 ਅਗਸਤ ਤੱਕ ਪੇਸ਼ ਕੀਤੀ ਜਾਣੀ ਹੈ। ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਕੁਮਾਰ ਨੇ ਦੋਸ਼ ਲਗਾਇਆ ਕਿ, ਇੱਕ ਹੋਰ ਨਿਯੁਕਤ ਵਿਅਕਤੀ, ਗੁਰਮਨਦੀਪ ਸਿੰਘ ਤੋਂ ਮੈਰਿਟ ਵਿੱਚ ਸੀਨੀਅਰ ਹੋਣ ਦੇ ਬਾਵਜੂਦ, ਉਸਦੀ 2015 ਦੀ ਨਿਯੁਕਤੀ ਤੋਂ ਬਾਅਦ ਉਸਦੀ ਤਨਖਾਹ ਨੂੰ ਉਸ ਅਨੁਸਾਰ ਐਡਜਸਟ ਨਹੀਂ ਕੀਤਾ ਗਿਆ ਸੀ। ਹਾਲਾਂਕਿ ਬਕਾਏ ਤਿੰਨ ਸਾਲਾਂ ਤੋਂ ਵੱਧ ਦੇਰੀ ਤੋਂ ਬਾਅਦ ਅੰਤ ਵਿੱਚ ਅਦਾ ਕੀਤੇ ਗਏ ਸਨ, ਪਰ ਰਕਮ 'ਤੇ ਵਿਆਜ ਕਦੇ ਵੀ ਵੰਡਿਆ ਨਹੀਂ ਗਿਆ। ਸ਼ੁਰੂਆਤੀ ਮੁਕੱਦਮੇ ਦੌਰਾਨ, ਸਕੂਲ ਅਧਿਕਾਰੀਆਂ ਨੇ ਦੇਰੀ ਨੂੰ ਸਵੀਕਾਰ ਕੀਤਾ ਅਤੇ ਮੰਨਿਆ ਕਿ ਕੋਈ ਵਿਆਜ ਅਦਾ ਨਹੀਂ ਕੀਤਾ ਗਿਆ ਸੀ। ਅਦਾਲਤ ਨੇ ਰਾਜ ਅਧਿਕਾਰੀਆਂ ਦੀ ਕਾਰਵਾਈ ਨੂੰ ਗੈਰ-ਕਾਨੂੰਨੀ, ਤਰਕਹੀਣ ਅਤੇ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਉਲਟ ਦੱਸਿਆ। ਐਡਵੋਕੇਟ ਪੁਨੀਤ ਸ਼ਰਮਾ ਨੇ ਨੋਟ ਕੀਤਾ ਕਿ ਕੁਰਕੀ ਦਾ ਹੁਕਮ – ਖਾਸ ਤੌਰ 'ਤੇ ਪੂਰੇ ਸਰਕਾਰੀ ਦਫ਼ਤਰ ਦੇ ਤਨਖਾਹ ਮੁਖੀ ਨੂੰ ਸ਼ਾਮਲ ਕਰਨਾ – ਪ੍ਰਸ਼ਾਸਨ ਨੂੰ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਨਤੀਜਿਆਂ ਬਾਰੇ ਇੱਕ ਸਖ਼ਤ ਯਾਦ ਦਿਵਾਉਂਦਾ ਹੈ।

## ਸਾਂਝਾ ਪੀਰ ਬਾਬਾ ਹਜ਼ੂਰ ਹਜ਼ਰਤ ਇਨਾਇਤ ਸ਼ਾਹਵਲੀ ਚਿਸ਼ਤੀ ਦੀ ਦਰਗਾਹ ਏ-ਟੈਂਕ ਵਿਖੇ ਮਨਾਇਆ ਸਾਲਾਨਾ ਭੰਡਾਰਾ

### ☛ਦੂਰੋਂ-ਦੂਰੋਂ ਆਏ ਸਾਧੂ ਸੰਤਾਂ, ਸਿਆਸੀ ਆਗੂਆਂ, ਸਮਾਜ ਸੇਵੀਆਂ ਤੇ ਸ਼ਰਧਾਲੂਆਂ ਨੇ ਹਾਜ਼ਰੀ ਲਗਵਾਈ



ਪਟਿਆਲਾ, 1 ਅਗਸਤ (ਰੁਪਾਣਾ) : ਸਥਾਨਕ ਏ-ਟੈਂਕ ਅਦਾਲਤ ਬਜ਼ਾਰ 'ਚ ਸਥਿਤ ਸਾਂਝਾ ਪੀਰ ਬਾਬਾ ਹਜ਼ੂਰ ਹਜ਼ਰਤ ਇਨਾਇਤ ਸ਼ਾਹਵਲੀ ਚਿਸ਼ਤੀ ਜੀ ਦੀ ਦਰਗਾਹ ਵਿਖੇ 121ਵਾਂ ਸਾਲਾਨਾ ਉਰਸ ਮੁਬਾਰਕ ਬੜੇ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਦੌਰਾਨ ਝੰਡਾ ਚੜ੍ਹਾਉਣ ਦੀ ਰਸਮ ਸਵੇਰੇ 5 ਵਜੇ ਗੱਦੀ ਨਸ਼ੀਨ ਹਜ਼ੂਰ ਖ਼ਵਾਜਾ ਹਸਨ ਜੀ ਮਹਾਰਾਜ (ਬ੍ਰਹਮਲੀਨ) ਦਾ ਓਟ ਆਸਰਾ ਲੈ ਕੇ ਮੌਜੂਦਾ ਗੱਦੀ ਨਸ਼ੀਨ ਸ. ਕੁਲਦੀਪ ਸਿੰਘ ਵੱਲੋਂ ਅਦਾ ਕੀਤੀ ਗਈ, ਜਦਕਿ ਭੰਡਾਰਾ ਲੰਗਰ ਸਵੇਰੇ 11 ਵਜੇ ਤੋਂ ਸ਼ੁਰੂ ਕੀਤਾ ਗਿਆ ਜੋ ਸਾਰਾ ਦਿਨ ਅਟੁੱਟ ਚੱਲਦਾ ਰਿਹਾ। ਨਜ਼ਰ ਨਿਆਜ਼ ਤੇ ਚਾਦਰਾਂ ਚੜ੍ਹਾਉਣ ਦੀ ਰਸਮ ਸ਼ਾਮ 6 ਵਜੇ ਅਦਾ ਕੀਤੀ ਗਈ। ਸਲਾਨਾ ਉਰਸ ਮੁਬਾਰਕ ਦੌਰਾਨ ਵੱਡੀ ਗਿਣਤੀ ਵਿੱਚ ਦੂਰੋਂ ਦੂਰੋਂ ਪੁੱਜੇ ਸਾਧੂ ਸੰਤਾਂ, ਸਮਾਜ ਸੇਵੀਆਂ, ਸਿਆਸੀ ਸ਼ਖਸੀਅਤਾਂ, ਵਪਾਰੀ ਭਰਾਵਾਂ ਅਤੇ ਸ਼ਰਧਾਲੂਆਂ ਨੇ ਹਾਜ਼ਰੀ ਲਵਾਈ। ਦਰਗਾਹ ਦੇ ਸੇਵਾਦਾਰਾਂ ਵੱਲੋਂ ਦੂਰੋਂ-ਦੂਰੋਂ ਪੁੱਜੇ ਸ਼ਰਧਾਲੂਆਂ ਦੀ ਆਦਰ ਸਤਿਕਾਰ ਸਹਿਤ ਸੇਵਾ ਕੀਤੀ ਗਈ। ਹਰ ਸਾਲ ਦੀ ਤਰ੍ਹਾਂ ਸਾਲਾਨਾ ਭੰਡਾਰੇ ਨੂੰ ਲੈ ਕੇ ਸਾਂਝਾ ਪੀਰ ਦੀ ਦਰਗਾਹ ਨੂੰ ਵੱਖ-ਵੱਖ ਤਰ੍ਹਾਂ ਦੀਆਂ ਰੰਗ-ਬਰੰਗੀਆਂ ਰੋਸ਼ਨੀਆਂ ਨਾਲ ਸਜਾਇਆ ਗਿਆ। ਦਰਗਾਹ 'ਤੇ ਵੱਡੀ ਗਿਣਤੀ ਵਿੱਚ ਆਉਂਦੇ ਸ਼ਰਧਾਲੂਆਂ ਦਾ ਉਤਸ਼ਾਹ ਦੇਖਦਿਆਂ ਹੀ ਬਣਦਾ ਸੀ। ਸਾਰਾ ਦਿਨ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਜਿੱਥੇ ਆਵਾਜਾਈ ਲੱਗੀ ਰਹੀ, ਉੱਥੇ ਹੀ ਦਰਗਾਹ ਦੇ ਸੇਵਾਦਾਰਾਂ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਹਰ ਤਰਾਂ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ। ਇਸ ਮੌਕੇ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਮੇਅਰ ਕੁੰਦਨ ਗੋਗੀਆ, ਪ੍ਰਧਾਨ ਸੁਰਿੰਦਰ ਕੁਮਾਰ ਸੂਦ, ਖਾਦੀ ਬੋਰਡ ਦੇ ਸਾਬਕਾ ਸੀਨੀਅਰ ਵਾਈਸ ਚੇਅਰਮੈਨ ਅਨਿਲ ਕੁਮਾਰ ਮਹਿਤਾ, ਸਮਾਜ ਸੇਵੀ ਡਾ. ਰਾਜੇਸ਼ ਸ਼ਰਮਾ, ਘੱਟ ਗਿਣਤੀ ਕਮਿਸ਼ਨ ਪੰਜਾਬ ਦੇ ਸਾਬਕਾ ਮੈਂਬਰ ਸ਼ੇਰ ਖਾਨ, ਪ੍ਰਵਾਸੀ ਭਾਰਤੀ ਸ. ਗੁਰਮੀਤ ਸਿੰਘ, ਉੱਘੇ ਉਦਯੋਗਤੀ ਤੇ ਸਮਾਜ ਸੇਵੀ ਰੋਹਿਤ ਪੁਰੀ, ਉਦਯੋਗਪਤੀ ਰਾਜੇਸ਼ ਕੁਮਾਰ ਸ਼ਰਮਾ ਰਾਜੂ ਅਤੇ ਦਰਗਾਹ ਦੇ ਸੇਵਾਦਾਰ ਵਿਜੇ ਕੁਮਾਰ ਵਡੇਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਅਤੇ ਸਿਆਸੀ ਸਖਸ਼ੀਅਤਾਂ ਨੇ ਨਤਮਸਤਕ ਹੋ ਕੇ ਆਪਣੀ ਹਾਜ਼ਰੀ ਲਗਵਾਈ।

## ਪੰਜਾਬੀ ਯੂਨੀਵਰਸਿਟੀ 'ਚ ਸਿੱਖਿਆ ਵਿਭਾਗ ਦੇ ਵਿਦਿਆਰਥੀਆਂ ਨੇ ਕੀਤਾ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ ਦਾ ਸਿਖਲਾਈ ਦੌਰਾ

ਪਟਿਆਲਾ, 1 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਸਿੱਖਿਆ ਅਤੇ ਸਮੁਦਾਇ ਸੇਵਾ ਵਿਭਾਗ ਦੇ ਵਿਦਿਆਰਥੀਆਂ ਨੇ ਡਿਜੀਟਲ ਅਕਾਦਮਿਕ ਸਮੱਗਰੀ ਦੀ ਸਿਰਜਣ ਪ੍ਰਕਿਰਿਆ ਨੂੰ ਸਮਝਣ ਦੇ ਉਦੇਸ਼ ਨਾਲ਼ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ (ਈ. ਐੱਮ. ਆਰ. ਸੀ.), ਪਟਿਆਲਾ ਦਾ ਦੌਰਾ ਕੀਤਾ। ਵਿਭਾਗ ਮੁਖੀ ਡਾ. ਜਗਪ੍ਰੀਤ ਕੌਰ ਦੀ ਅਗਵਾਈ ਵਿੱਚ ਇਹ ਦੌਰਾ ਅਤਿ ਜਾਣਕਾਰੀਪੂਰਨ ਅਤੇ ਪ੍ਰੇਰਨਾਦਾਇਕ ਰਿਹਾ। ਈ. ਐੱਮ. ਆਰ. ਸੀ. ਤੋਂ ਅਕਾਦਮਿਕ ਕੋਆਰਡੀਨੇਟਰ ਡਾ. ਨਵਪ੍ਰੀਤ ਕੌਰ ਨੇ ਸਕ੍ਰਿਪਟ ਲੇਖਣ, ਵੀਡੀਓ ਚਿਤਰਣ, ਆਡੀਓ ਰਿਕਾਰਡਿੰਗ, ਐਡੀਟਿੰਗ ਅਤੇ ਪੋਸਟ ਪ੍ਰੋਡਕਸ਼ਨ ਆਦਿ ਦੀ ਪ੍ਰਕਿਰਿਆ ਸਮਝਾਈ। ਵਿਦਿਆਰਥੀਆਂ ਨੂੰ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਡੀ. ਟੀ. ਐੱਚ. ਸਿੱਖਿਆ ਚੈਨਲਾਂ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਗੁਰਸੰਗੀਤ ਕੌਰ ਨੇ ਕਿਹਾ ਕਿ ਅਜਿਹੇ ਦੌਰੇ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਣ ਵਿਧੀਆਂ ਨਾਲ ਜੋੜਦੇ ਹਨ। ਈ. ਐੱਮ. ਆਰ. ਸੀ. ਤੋਂ ਕੈਮਰਾਮੈਨ ਮਨਮੋਹਨ ਸਿੰਘ ਜੋਤੀ ਨੇ ਤਕਨੀਕੀ ਪੱਖ ਸਮਝਾਏ ਅਤੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਡਾ. ਖੁਸ਼ਗੀਤ ਕੌਰ ਅਤੇ ਡਾ. ਪਪਲਦੀਪ ਵੀ ਵਿਦਿਆਰਥੀਆਂ ਨਾਲ਼ ਸਨ।

## ਹੈਰੋਇਨ ਬ੍ਰਾਮਦ

ਪਟਿਆਲਾ, 1 ਅਗਸਤ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਕੁਲਦੀਪ ਸਿੰਘ ਵਾਸੀ ਗਲੀ ਨੰ. 3 ਸਾਹਮਣੇ ਸ਼ਰਮਾ ਸਵੀਟਸ ਮਹਿੰਦਰਾ ਕਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਨਿਰਮਲ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਬਾਰਨ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ 5 ਗ੍ਰਾਮ ਚਿੱਟਾ/ਹੈਰੋਇਨ ਬ੍ਰਾਮਦ ਹੋਈ।

## ਨਵਾਂ ਉਭਰਦਾ ਕ੍ਰਿਕਟਰ ਸਿਤਾਰਾ ਵਿਹਾਨ ਮਲਹੋਤਰਾ

ਭੁਨਰਹੇੜੀ, 1 ਅਗਸਤ (ਗੁਰਜੀਤ ਸਿੰਘ ਢੋਟ): ਪਟਿਆਲਾ (ਪੰਜਾਬ) ਤੋਂ ਕ੍ਰਿਕਟਰ ਵਿਹਾਨ ਮਲਹੋਤਰਾ, ਜਿਸ ਨੇ ਹਾਲ ਹੀ ਵਿੱਚ ਘਰੇਲੂ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਨੇ ਇਕ ਵਾਰ ਫਿਰ ਆਪਣੇ ਆਪ ਨੂੰ ਭਾਰਤੀ ਟੀਮ ਲਈ ਇੱਕ ਉਭਰਦੇ ਹੋਏ ਖਿਡਾਰੀ ਵਜੋਂ ਸਾਬਤ ਕਰ ਦਿੱਤਾ ਹੈ। ਵਿਹਾਨ ਮਲਹੋਤਰਾ ਨੇ ਭਾਰਤੀ ਅੰਡਰ 19 ਟੀਮ ਦੇ ਇੰਗਲੈਂਡ ਦੌਰੇ ਦੌਰਾਨ ਨਿਰੰਤਰ ਚੰਗਾ ਪ੍ਰਦਰਸ਼ਨ ਕੀਤਾ। ਇਹ ਦੌਰਾ 5 ਇੱਕ ਦਿਵਸੀ ਮੈਚਾਂ ਅਤੇ 2 ਟੈਸਟ ਮੈਚਾਂ 'ਤੇ ਮੁਸ਼ਤਮਿਲ ਸੀ। ਭਾਰਤ ਦੀ ਅੰਡਰ 19 ਟੀਮ ਨੇ ਇੱਕ ਦਿਵਸੀ ਮੈਚਾਂ ਦੀ ਸੀਰੀਜ਼ 3-2 ਨਾਲ ਜਿੱਤੀ, ਜਦਕਿ ਟੈਸਟ ਸੀਰੀਜ਼ ਡਰਾਅ ਰਹੀ। ਇਸ ਭਾਰਤ ਅਤੇ ਇੰਗਲੈਂਡ ਅੰਡਰ 19 ਸੀਰੀਜ਼ ਦੌਰਾਨ, ਵਿਹਾਨ ਨੇ 570 ਦੌੜਾਂ ਬਣਾਕੇ ਸਭ ਤੋਂ ਵੱਧ ਸਕੋਰ ਕਰਨ ਵਾਲਾ ਖਿਡਾਰੀ ਬਣਿਆ। ਉਸ ਦੇ ਨਾਲ-ਨਾਲ ਵੈਭਵ ਸੂਰਿਆਵੰਸ਼ੀ ਨੇ 445 ਦੌੜਾਂ, ਟੀ. ਰਿਊ ਨੇ 442, ਫਲਿੰਟੌਫ ਨੇ 374 ਅਤੇ ਮਹਾਤਰੇ ਨੇ 367 ਦੌੜਾਂ ਬਣਾਈਆਂ। ਤਕਨੀਕੀ ਤੌਰ 'ਤੇ ਮਜ਼ਬੂਤ ਬੈਟਸਮੈਨ ਵਿਹਾਨ ਮਲਹੋਤਰਾ ਨੇ ਗੇਂਦਬਾਜ਼ੀ ਅਤੇ ਫੀਲਡਿੰਗ ਦੋਹਾਂ ਵਿੱਚ ਆਪਣੀ ਲਿਆਕਤ ਦਿਖਾਈ। ਉਸ ਨੇ ਸੀਰੀਜ਼ ਦੌਰਾਨ ਦੋ ਸੈਂਚਰੀਆਂ ਵੀ ਬਣਾਈਆਂ–ਚੌਥੇ ਇੱਕ ਦਿਵਸੀ ਮੈਚ ਵਿੱਚ 121 ਗੇਂਦਾਂ 'ਤੇ 129 ਦੌੜਾਂ ਅਤੇ ਦੂਜੇ ਟੈਸਟ ਮੈਚ ਵਿੱਚ 123 ਗੇਂਦਾਂ 'ਤੇ 120 ਦੌੜਾਂ। ਵਿਹਾਨ ਨੇ ਆਪਣੀ ਸੈਂਚਰੀ ਨੂੰ ਸ਼ੁਭਮ ਗਿੱਲ ਦੇ ਅੰਦਾਜ਼ ਵਿੱਚ ਮਨਾਇਆ। ਭਾਰਤ-ਇੰਗਲੈਂਡ ਅੰਡਰ 19 ਸੀਰੀਜ਼ ਦੌਰਾਨ ਉਸ ਦਾ ਪ੍ਰਦਰਸ਼ਨ ਭਵਿੱਖ ਦੀ ਭਾਰਤੀ ਕ੍ਰਿਕਟ ਲਈ ਉਮੀਦ ਦੀ ਕਿਰਨ ਸਾਬਤ ਹੋਇਆ। ਸ਼ੁਭਮ ਗਿੱਲ ਦੇ ਬਾਅਦ, ਕ੍ਰਿਕਟ ਵਿਸ਼ੇਸ਼ਗ ਹੁਣ ਵਿਹਾਨ ਨੂੰ ਪੰਜਾਬ ਤੋਂ ਇੱਕ ਹੋਰ ਉਭਰਦੇ ਸਿਤਾਰੇ ਵਜੋਂ ਦੇਖ ਰਹੇ ਹਨ।



## ਸ਼ਹੀਦਾਂ ਦੇ ਸੁਪਨੇ 'ਤੇ ਦੇਸ਼ ਭਗਤੀ ਦੀ ਭਾਵਨਾ ਨੂੰ ਜਿਊਂਦਾ ਰੱਖਣਾ ਸਾਡਾ ਮੁੱਢਲਾ ਫਰਜ਼ : ਗੁਰਲਾਲ ਘਨੌਰ

ਘਨੌਰ, 1 ਅਗਸਤ (ਮਦਨ ਲਾਲ) : ਸ਼ਹੀਦ ਉਧਮ ਸਿੰਘ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਾਜ ਪੱਧਰੀ ਸਮਾਗਮ ਅੱਜ ਉਨ੍ਹਾਂ ਦੀ ਜਨਮ ਭੂਮੀ ਸੁਨਾਮ ਵਿਖੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ। ਇਸ ਮਹੱਤਵਪੂਰਨ ਮੌਕੇ 'ਤੇ ਹਲਕਾ ਘਨੌਰ ਤੋਂ ਵਿਧਾਇਕ ਗੁਰਲਾਲ ਘਨੌਰ ਨੇ ਸੈਕੜੇ ਕਾਰਾਂ ਅਤੇ ਕਰੀਬ 30 ਬੱਸਾਂ 'ਚ ਪਾਰਟੀ ਆਗੂਆਂ, ਸਰਪੰਚਾਂ, ਪੰਚਾਂ ਅਤੇ ਵਰਕਰਾਂ ਦੇ ਵੱਡੇ ਕਾਫਲੇ ਨਾਲ ਸ਼ਮੂਲੀਅਤ ਕੀਤੀ। ਸਮਾਗਮ ਮੌਕੇ ਗੁਰਲਾਲ ਘਨੌਰ ਨੇ ਸ਼ਹੀਦ ਉਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਕਿਹਾ ਕਿ, ਸਾਡੇ ਸ਼ਹੀਦਾਂ ਦੀ ਬੇਮਿਸਾਲ ਕੁਰਬਾਨੀ ਸਾਡੀ ਅਸਲੀ ਪਹਿਚਾਣ ਹੈ। ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਰੋਡ ਦਾ ਨਾਂ ਸ਼ਹੀਦ ਉਧਮ ਸਿੰਘ ਮਾਰਗ ਰੱਖਣ ਦਾ ਜੋ ਫੈਸਲਾ ਲਿਆ ਗਿਆ ਹੈ, ਉਹ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਵਿਧਾਇਕ ਘਨੌਰ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੇ ਇਸ ਉਪਰਾਲੇ ਦੀ ਤਾਰੀਫ਼ ਕਰਦਿਆਂ ਕਿਹਾ ਕਿ ਜਦੋਂ ਅਸੀਂ ਆਪਣੇ ਸ਼ਹੀਦਾਂ ਦੀ ਜਨਮ ਭੂਮੀ ਵਿੱਚ ਉਹਨਾਂ ਦੀ ਯਾਦ ਵਿੱਚ ਰਾਜ ਪੱਧਰੀ ਸਮਾਗਮ ਕਰਦੇ ਹਾਂ ਤਾਂ ਇਹ ਨਾ ਸਿਰਫ਼ ਉਨ੍ਹਾਂ ਦੀ ਇੱਜ਼ਤ ਵਧਾਉਂਦਾ ਹੈ, ਸਗੋਂ ਨਵੀਂ ਪੀੜ੍ਹੀ ਨੂੰ ਵੀ ਦੇਸ਼ ਭਗਤੀ ਅਤੇ ਇਨਸਾਫ਼ ਦੀ ਪ੍ਰੇਰਣਾ ਦਿੰਦਾ ਹੈ। ਇਸ ਦੌਰਾਨ ਕਾਫਲੇ 'ਚ ਸ਼ਾਮਲ ਹਲਕਾ ਘਨੌਰ ਤੋਂ ਪੰਚਾਂ ਸਰਪੰਚਾਂ ਅਤੇ ਪਾਰਟੀ ਅਹੁਦੇਦਾਰਾਂ ਵਿੱਚ ਬਹੁਤ ਉਤਸ਼ਾਹ ਅਤੇ ਜੋਸ਼ ਵੇਖਣ ਨੂੰ ਮਿਲਿਆ।



## ਜਨ ਹਿੱਤ ਸੰਮਤੀ ਵੱਲੋਂ ਫ਼ਲਦਾਰ ਬਗੀਚੀ ਲਗਾ ਕੇ ਉਹਨਾਂ ਦੀ ਸਾਂਭ ਸੰਭਾਲ ਲਈ ਅੱਗੇ ਆਉਣਾ ਸ਼ਲਾਘਾਯੋਗ: ਪ੍ਰਦੀਪ ਕੁਮਾਰ




ਪਟਿਆਲਾ, 1 ਅਗਸਤ (ਚ.ਨ.ਸ.): ਜ਼ਿਲ੍ਹੇ ਦੀ ਨਾਮਵਰ ਸਮਾਜ ਸੇਵੀ ਸੰਸਥਾ ਜਨ ਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਸਰਕਾਰੀ ਆਈ.ਟੀ.ਆਈ. ਲੜਕੇ ਨਾਭਾ ਰੋਡ ਪਟਿਆਲਾ ਵਿਖੇ ਪ੍ਰਿੰਸੀਪਲ ਹਰਦੀਪ ਕੁਮਾਰ ਟੌਹੜਾ ਅਤੇ ਵਾਇਸ ਪ੍ਰਿੰਸੀਪਲ ਦਵਿੰਦਰਪਾਲ ਸਿੰਘ ਦੀ ਸਰਪ੍ਰਸਤੀ ਅਤੇ ਐਨ.ਸੀ.ਸੀ. ਦੇ ਲੈਫਟੀਨੈਂਟ ਅਤੇ ਟ੍ਰੇਨਿੰਗ ਅਫ਼ਸਰ ਜਗਦੀਪ ਸਿੰਘ ਜੋਸ਼ੀ, ਹੋਸਟਲ ਸੁਪਰਡੈਂਟ ਅਨਿਲ ਖੰਨਾ ਦੀ ਦੇਖ ਰੇਖ ਹੇਠ ਫਲਦਾਰ ਬਗੀਚੀ ਲਗਾਈ ਗਈ, ਜਿਸ ਵਿੱਚ ਮੁੱਖ ਮਹਿਮਾਨ ਐਸ. ਆਈ. ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ-1 ਅਤੇ ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰੋਫੈਸਰ ਅਸ਼ੋਕ ਵਰਮਾ ਅਤੇ ਵਰਿੰਦਰ ਆਹਲੂਵਾਲੀਆ ਨੇ ਕੀਤੀ। ਵਿਸ਼ੇਸ਼ ਤੌਰ 'ਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੀਤ ਪ੍ਰਧਾਨ, ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪ੍ਰੈਸ ਸਕੱਤਰ, ਸਤੀਸ਼ ਜੋਸ਼ੀ, ਐਡਵੋਕੇਟ ਹਰਜਿੰਦਰ ਸਿੰਘ ਜਰਮਨੀ, ਮਨਮੋਹਨ ਕ੍ਰਿਸ਼ਨ ਬਾਂਸਲ, ਸੁਨੀਲ ਵਧਵਾ, ਸੁਰਿੰਦਰ ਸਿੰਘ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਅਰਜੁਨ, ਭਿੰਦਰ ਜਲਵੇੜਾ, ਐਨ.ਸੀ.ਸੀ. ਕੈਡਿਟਸ ਪ੍ਰੀਤੀ, ਅੰਮ੍ਰਿਤਪਾਲ ਕੌਰ, ਸੁਨੀਲ, ਕੁਲਬੀਰ ਸਿੰਘ, ਸੋਰਵ, ਵਿਸ਼ਾਲ ਗੁਪਤਾ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਐਸ.ਆਈ. ਪ੍ਰਦੀਪ ਕੁਮਾਰ ਅਤੇ ਸੀਨੀਅਰ ਐਡਵੋਕੇਟ ਐਚ.ਐਨ. ਮੈਹਸਮਪੁਰੀ ਨੇ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਬਹੁਤ ਹੀ ਪ੍ਰਸੰਸਾਯੋਗ ਹਨ। ਉਹਨਾਂ ਕਿਹਾ ਕਿ ਜਨ ਹਿੱਤ ਸੰਮਤੀ ਵਲੋਂ ਸਰਕਾਰੀ ਆਈ ਟੀ ਆਈ ਲੜਕੇ ਨਾਭਾ ਰੋਡ ਪਟਿਆਲਾ ਵਿਖੇ 50 ਫਲਦਾਰ ਬਗੀਚੀ ਲਗਾ ਕੇ ਉਹਨਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਲੈਣੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ 50 ਦੇ ਕਰੀਬ ਫ਼ਲਦਾਰ ਬੂਟੇ ਲਗਾਏ ਗਏ। ਇਸ ਮੌਕੇ ਜਨ ਹਿੱਤ ਸੰਮਤੀ ਦੇ ਪ੍ਰਧਾਨ ਐਸ.ਕੇ.ਗੌਤਮ ਅਤੇ ਜਰਨਲ ਸਕੱਤਰ ਵਿਨੋਦ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਹਮੇਸ਼ਾ ਲੋੜਵੰਦਾਂ ਦੀ ਮਦਦ ਤਿਆਰ ਹਨ।

## ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀ ਜਾ ਰਹੀ ਜਾਣਕਾਰੀ ਆਮ ਲੋਕਾਂ ਲਈ ਲਾਹੇਵੰਦ ਸਾਬਤ ਹੋਵੇਗੀ : ਪਰਮਜੀਤ ਸਿੰਘ




ਪਟਿਆਲਾ, 1 ਅਗਸਤ (ਚ.ਨ.ਸ.) : ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਕਮ ਸਕੱਤਰ ਜੱਜ ਮੈਡਮ ਅਮਨਦੀਪ ਕੰਬੋਜ ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਸਰਪ੍ਰਸਤੀ ਹੇਠ ਹਿਊਮਨ ਟ੍ਰੈਫਿਕਿੰਗ ਦਿਵਸ ਪਿੰਡ ਚਾਪੜ ਵਿਖੇ ਏ ਐਸ ਆਈ ਭੁਪਿੰਦਰ ਸਿੰਘ ਇੰਚਾਰਜ ਪੁਲਿਸ ਸਾਂਝ ਕੇਂਦਰ ਸਬ ਡਵੀਜਨ ਘਨੌਰ, ਸੁਪਰਵਾਇਜਰ ਮਨਜੀਤ ਕੌਰ, ਸਮਾਜ ਸੇਵੀ ਸੰਸਥਾਵਾਂ ਚਾਇਲਡ ਪ੍ਰੋਟੈਕਸ਼ਨ ਐਂਡ ਓਲਡਏਜ ਹੋਮ ਵੈਲਫ਼ੇਅਰ ਸੋਸਾਇਟੀ, ਯੂਥ ਕਲੱਬ ਬਾਦਸ਼ਾਹਪੁਰ, ਗਰੇਟ ਥਿੰਕਰ ਪਟਿਆਲਾ ਅਤੇ ਯੂਥ ਸੇਵਾਵਾਂ ਸੋਸਾਇਟੀ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਲਈ ਪੀ.ਐਲ.ਵੀ.ਗੁਰਕੀਰਤ ਸਿੰਘ ਮੈਂਬਰ ਲੀਗਲ ਸਰਵਿਸਿਜ ਫਾਰ ਚਾਇਲਡ ਅਤੇ ਪੀ.ਐਲ.ਵੀ ਪਰਮਜੀਤ ਸਿੰਘ ਸਟੇਟ ਐਵਾਰਡੀ ਮੈਂਬਰ ਲੀਗਲ ਸਰਵਿਸਿਜ ਫਾਰ ਚਾਇਲਡ ਵੱਲੋਂ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਮੌਕੇ ਏ. ਐਸ. ਆਈ.ਭੁਪਿੰਦਰ ਸਿੰਘ ਵੱਲੋਂ ਸ਼ਕਤੀ ਐਪ, ਪੀ ਪੀ ਸਾਂਝ, ਸਾਈਬਰ ਕ੍ਰਾਈਮ ਤੇ ਪੁਲਿਸ ਸਾਂਝ ਕੇਂਦਰ ਦੀਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪੀ. ਐਲ. ਵੀ.ਗੁਰਕੀਰਤ ਸਿੰਘ ਅਤੇ ਪੀ.ਐਲ.ਵੀ ਪਰਮਜੀਤ ਸਿੰਘ ਵੱਲੋਂ ਜਾਗਰੂਕਤਾ ਸੈਮੀਨਾਰ ਆਯੋਜਿਤ ਕਰਕੇ ਮਨੁੱਖੀ ਤਸ਼ਕਾਰੀ, ਪੋਸਕੋ ਐਕਟ, ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ, ਲੋਕ ਅਦਾਲਤਾਂ ਦੇ ਲਾਭ, ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ, ਤਿੰਨ ਨਵੇਂ ਕਾਨੂੰਨਾਂ, ਪੰਜਾਬ ਪੀੜਤ ਮੁਆਵਜ਼ਾ ਯੋਜਨਾ, ਜਿਨਸੀ ਹਮਲਾ ਪੀੜਤ ਮੁਆਵਜਾ, ਲੇਬਰ ਕਾਰਡ, ਪੈਨਸ਼ਨਾਂ ਆਦਿ, ਬਾਲ ਵਿਆਹ, ਪੋਕਸੋ ਐਕਟ, ਟੋਲ ਫ੍ਰੀ ਨੰਬਰ 15100 ਬਾਰੇ ਜਾਣਕਾਰੀ ਦਿੱਤੀ, ਪ੍ਰੋਗਰਾਮ ਵਿੱਚ ਆਂਗਨਵਾੜੀ ਵਰਕਰਜ਼ ਹਾਜ਼ਰ ਸਨ।

## ਪੁਰਾਣਾ ਹਾਥੀ ਖਾਨਾ ਤੇ ਮੋਤੀ ਬਾ.ਗ ਦੀਆਂ ਔਰਤਾਂ ਨੇ ਰਲ-ਮਿਲ ਕੇ ਮਨਾਇਆ ਤੀਆਂ ਦਾ ਤਿਉਹਾਰ




ਨਾਭਾ, 1 ਅਗਸਤ (ਬਲਜਿੰਦਰ ਮਾਨ) : ਸਥਾਨਕ ਪੁਰਾਣਾ ਹਾਥੀ ਖਾਨਾ ਅਤੇ ਮੋਤੀ ਬਾਗ ਦੀਆਂ ਔਰਤਾਂ ਵੱਲੋਂ ਰਲ-ਮਿਲ ਕੇ ਚਾਵਾਂ-ਮਲਾਰਾਂ ਨਾਲ ਕੁਲਵੰਤ ਕੌਰ, ਹਰਵਿੰਦਰ ਕੌਰ, ਸੁਰਿੰਦਰ ਕੌਰ, ਹਰਿੰਦਰ ਕੌਰ ਆਦਿ ਦੇ ਸਾਂਝੇ ਉਪਰਾਲੇ ਨਾਲ ਤੀਆਂ ਦਾ ਤਿਉਹਾਰ ਸਥਾਨਕ ਸਿਨੇਮਾ ਰੋਡ ਸਥਿਤ ਪ੍ਰਸਿੱਧ ਪੀਸੀਐਫ ਹੋਟਲ ਵਿਖੇ ਮਨਾਇਆ ਗਿਆ। ਕਰਵਾਏ ਗਏ ਸ਼ਾਨਦਾਰ ਤੇ ਪ੍ਰਭਾਵਸ਼ਾਲੀ ਸਮਾਰੋਹ 'ਚ ਵਾਰਡ ਨੰਬਰ 23 ਤੋਂ ਮਹਿਲਾ ਕੌਂਸਲਰ ਰੋਜ਼ੀ ਨਾਗਪਾਲ ਨੇ ਮੁੱਖ ਮਹਿਮਾਨ ਅਤੇ ਉਨਾਂ ਦੇ ਪਤੀ ਉੱਘੇ ਸਮਾਜ ਸੇਵਕ ਦੀਪਕ ਨਾਗਪਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਭਰੀ। ਮੁੱਖ ਮਹਿਮਾਨ ਰੋਜ਼ੀ ਨਾਗਪਾਲ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਨੌਜਵਾਨ ਪੀੜੀ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਦਾ ਖੂਬਸੂਰਤ ਸਾਧਨ ਹਨ। ਉਨਾਂ ਅਜਿਹੇ ਖੂਬਸੂਰਤ ਸਮਾਰੋਹ ਨੂੰ ਆਪਸੀ ਭਾਈਚਾਰਾ ਅਤੇ ਮਿਲਵਰਤਨ ਵਧਾਉਣ ਦਾ ਜ਼ਰੀਆ ਦੱਸਿਆ। ਸੁਰਿੰਦਰ ਕੌਰ, ਹਰਿੰਦਰ ਹਰਵਿੰਦਰ ਤੇ ਸਤਪਾਲ ਕੌਰ ਨੌਹਰਾ ਨੇ ਦੱਸਿਆ ਕਿ ਸਮਾਰੋਹ 'ਚ ਪੰਜਾਬੀ ਮੁਟਿਆਰਾਂ ਵੱਲੋਂ ਪੇਸ਼ ਕੀਤੇ ਗਏ ਪੰਜਾਬੀ ਲੋਕ ਨਾਚ ਗਿੱਧੇ ਤੇ ਕੁਲਵੰਤ ਕੌਰ ਵੱਲੋਂ ਵਿਸ਼ਵ ਪ੍ਰਸਿੱਧ ਗਾਇਕ ਬੀਬਾ ਰਣਜੀਤ ਕੌਰ ਦੇ ਗਾਏ ਗਾਣਿਆਂ ਨੇ ਸਾਰਿਆਂ ਨੂੰ ਕੀਲ ਕੇ ਰੱਖ ਦਿੱਤਾ। ਉਨਾ ਕਿਹਾ ਕਿ ਅਜੋਕੇ ਸਮੇਂ ਸੱਭਿਆਚਾਰ ਨਾਲ ਜੁੜੇ ਰਹਿਣਾ ਬਹੁਤ ਜ਼ਰੂਰੀ ਹੈ। ਦੌਰਾਨ ਵਿਸ਼ੇਸ਼ ਤੌਰ 'ਤੇ ਵਡੇਰੀ ਉਮਰ ਦੀਆਂ ਔਰਤਾਂ ਨੇ ਅਣਵੰਡੇ ਪੰਜਾਬ ਦੀ ਖ਼ੂਬਸੂਰਤ ਤਸਵੀਰ ਦਾ ਮੰਚਨ ਕੀਤਾ। ਬੋਲੀਆਂ ਗਾਣੇ, ਲੋਕ ਗੀਤਾਂ ਅਤੇ ਫੁਲਕਾਰੀ ਦੇ ਟਾਂਕਿਆਂ ਨੇ ਪੁਰਾਣੇ ਪੰਜਾਬ ਦੀ ਯਾਦ ਤਾਜ਼ਾ ਕੀਤੀ। ਬਰੋਟੇ 'ਤੇ ਪਾਈਆਂ ਹੋਈਆਂ ਪੀਗਾਂ, ਪੱਖੀਆਂ, ਚੁੰਨੀਆਂ, ਫੁਲਕਾਰੀਆਂ, ਬਾਗਾਂ ਨਾਲ ਸਜਾਇਆ ਗਿਆ ਹਾਲ ਖਿੱਚ ਦਾ ਕੇਂਦਰ ਰਿਹਾ। ਔਰਤਾਂ ਵੱਲੋਂ ਪਾਈ ਬੋਲੀ 'ਨੀ ਕਾਹਲੀ ਕਾਹਲੀ ਪੈਰ ਪੱਟ ਲੈ, ਤੀਆਂ ਲੱਗੀਆਂ ਪਿੱਪਲ ਦੀ ਛਾਵੇਂ' ਨੇ ਸਾਰਿਆਂ ਨੂੰ ਨੱਚਣ ਅਤੇ ਗਾਉਣ ਲਈ ਮਜਬੂਰ ਕੀਤਾ। ਸੁਰਿੰਦਰ ਕੌਰ, ਹਰਵਿੰਦਰ ਕੌਰ, ਹਰਿੰਦਰ ਕੌਰ ਤੇ ਸਤਪਾਲ ਕੌਰ ਨੇ ਆਖਿਆ ਕਿ ਪੰਜਾਬ ਦੀ ਵਿਰਾਸਤ ਗਿੱਧਾ ਅਤੇ ਭੰਗੜਾ ਹਨ ਅਤੇ ਸਾਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣਾ ਚਾਹੀਦਾ ਹੈ। ਸੁਰਿੰਦਰ ਕੌਰ ਨੇ ਕਿਹਾ ਕਿ ਅੱਜ ਤੀਆਂ ਦੇ ਪ੍ਰੋਗਰਾਮ ਨੇ ਪੰਜਾਬ ਦੇ ਅਸਲ ਸੱਭਿਆਚਾਰ ਨੂੰ ਚੇਤੇ ਕਰਵਾਇਆ ਹੈ। ਇਸ ਮੌਕੇ ਕੁਲਵੰਤ ਕੌਰ, ਕਿਰਨਜੀਤ ਕੌਰ, ਸੁਰਿੰਦਰ ਕੌਰ, ਹਰਿੰਦਰ ਕੌਰ, ਹਰਵਿੰਦਰ ਕੌਰ, ਜਸਪ੍ਰੀਤ ਕੌਰ, ਤਰਨਜੀਤ ਕੌਰ, ਧਰਵਿੰਦਰ ਕੌਰ, ਰੰਜਨਾ ਰਾਣੀ, ਪਰਮਦੀਪ ਕੌਰ, ਸੱਤਪਾਲ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਜਸਵਿੰਦਰ ਕੌਰ, ਜਸਪਾਲ ਕੌਰ, ਸੁਰਿੰਦਰ ਕੌਰ, ਅੰਮ੍ਰਿਤ ਕੌਰ ਆਦਿ ਹਾਜ਼ਰ ਸਨ।

## ਮਾਤਾ ਸਾਹਿਬ ਕੌਰ ਗਰਲਜ਼ ਕਾਲਜ 'ਚ ਤੀਆਂ ਦੀ ਤਿਉਹਾਰ ਮਨਾਇਆ



ਪਟਿਆਲਾ, 1 ਅਗਸਤ (ਚ.ਨ.ਸ.) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਸਾਹਿਬ ਕੌਰ ਖਾਲਸਾ ਗਰਲਜ਼ ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਦੀ ਪਾਠ ਸਹਾਇਕ ਕਿਰਿਆਵਾਂ ਕਮੇਟੀ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਮੀਤ ਕੌਰ ਆਨੰਦ ਨੇ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਮਨਾਉਣ ਦੇ ਪਿਛੋਕੜ ਬਾਰੇ ਜਾਗਰੂਕ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਤਿਉਹਾਰ ਨੂੰ ਤੀਆਂ ਦਾ ਤਿਉਹਾਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਤਿਉਹਾਰ ਸਾਵਣ ਦੇ ਮਹੀਨੇ ਵਿੱਚ ਤੀਜ ਵਾਲੇ ਦਿਨ ਮਨਾਇਆ ਜਾਂਦਾ ਹੈ। ਇਸ ਲਈ 'ਤੀਜ' ਅਤੇ 'ਧੀਆਂ' ਦੋਨਾਂ ਸ਼ਬਦਾਂ ਨੂੰ ਜੋੜ ਕੇ ਇਸ ਦਾ ਨਾਮ ਤੀਆਂ ਜਾਣਿਆ ਜਾਣ ਲੱਗ ਪਿਆ। ਇਹ ਤਿਉਹਾਰ ਬੜੀਆਂ ਖੁਸ਼ੀਆਂ ਅਤੇ ਜੋਸ਼ ਨਾਲ ਮਨਾਇਆ ਜਾਂਦਾ ਹੈ। ਭਾਵੇਂ ਪੱਛਮੀ ਸਭਿਆਚਾਰ ਦੇ ਪ੍ਰਭਾਵ ਨੇ ਇਸ ਤਿਉਹਾਰ ਨੂੰ ਕੁਝ ਚੋਟ ਪਹੁੰਚਾਈ ਹੈ ਪਰ ਇਸ ਦੀ ਚਮਕ-ਦਮਕ ਅਜੇ ਵੀ ਕਾਇਮ ਹੈ ਅਤੇ ਇਹ ਤਿਉਹਾਰ ਪੰਜਾਬੀਆਂ ਦੇ ਦਿਲਾਂ ਵਿੱਚ ਵੱਸਿਆ ਹੋਇਆ ਹੈ। ਇਸ ਮੌਕੇ ਵਿਦਿਆਰਥਣਾਂ ਨੇ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਵਿਦਿਆਰਥਣਾਂ ਵੱਲੋਂ ਇਸ ਮੌਕੇ 'ਤੇ ਕਾਲਜ ਵੱਲੋਂ ਆਯੋਜਿਤ ਕਈ ਤਰ੍ਹਾਂ ਦੇ ਅੰਤਰ ਕਾਲਜ ਮੁਕਾਬਲਿਆਂ ਵਿੱਚ ਵੀ ਭਾਗੀਦਾਰੀ ਬਣਾਈ ਗਈ। ਇਸ ਪ੍ਰੋਗਰਾਮ ਵਿੱਚ ਸ੍ਰੀਮਤੀ ਰਪਿੰਦਰ ਕੌਰ ਗਰੇਵਾਲ (ਪ੍ਰਿੰਸੀਪਲ, ਸਰਕਾਰੀ ਹਾਈ ਸਕੂਲ, ਕੈਂਟ), ਸ੍ਰੀਮਤੀ ਮਨਜੀਤ ਕੌਰ (ਸਾਬਕਾ ਪ੍ਰਿੰਸੀਪਲ, ਸਰਕਾਰੀ ਸੀਨੀ. ਸਕੈ. ਸਕੂਲ, ਬਹਾਦਰਗੜ੍ਹ), ਡਾ. ਸਰਿਤਾ ਵਰਮਾ, ਸ੍ਰੀਮਤੀ ਨਾਰਾਇਣ ਬਾਲਾ ਆਨੰਦ ਅਤੇ ਸ੍ਰੀਮਤੀ ਰਮਨਜੀਤ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸ੍ਰੀਮਤੀ ਰਪਿੰਦਰ ਕੌਰ ਗਰੇਵਾਲ ਨੇ ਵਿਦਿਆਰਥਣਾਂ ਨੂੰ ਤੀਆਂ ਦੇ ਤਿਉਹਾਰ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਤਿਉਹਾਰ ਦਾ ਸਾਡੇ ਜੀਵਨ ਵਿੱਚ ਇੱਕ ਆਪਣਾ ਹੀ ਮਹੱਤਵ ਹੈ। ਸ੍ਰੀਮਤੀ ਮਨਜੀਤ ਕੌਰ ਨੇ ਕਿਹਾ ਕਿ ਪੰਜਾਬੀ ਸਭਿਆਚਾਰ ਵਿੱਚ ਤੀਆਂ ਦਾ ਤਿਉਹਾਰ ਜੋ ਕਿ ਅਸਲ ਵਿੱਚ 'ਧੀਆਂ' ਦਾ ਤਿਉਹਾਰ ਹੈ, ਇਸ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ ਅਤੇ ਇਹ ਸਾਵਣ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਪ੍ਰੋ. ਕੁਲਵਿੰਦਰ ਕੌਰ (ਪਾਠ ਸਹਾਇਕ ਕਿਰਿਆਵਾਂ ਇੰਚਾਰਜ) ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## 'ਨਟਾਸ' ਦਾ ਮਾਸਿਕ ਗਾਰਡਨ ਨਾਟਕ ਮੇਲਾ ਭਲਕੇ

ਪਟਿਆਲਾ, 1 ਅਗਸਤ (ਚ.ਨ.ਸ.): ਨੈਸ਼ਨਲ ਥੀਏਟਰ ਆਰਟਸ ਸੁਸਾਇਟੀ (ਨਟਾਸ) ਦਮਪਤੀ ਸ਼੍ਰੀਮਤੀ ਸੁਨੀਤਾ ਸੱਭਰਵਾਲ – ਪਦਮਸ਼੍ਰੀ ਪ੍ਰਾਣ ਸੱਭਰਵਾਲ ਵੱਲੋਂ ਦਾਨਵੀਰ ਡਾ: ਐਸ.ਪੀ. ਸਿੰਘ ਉਬਰਾਏ ਮੁਖੀ ਸਰਬਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਬਾਰਾਦਰੀ ਬਾਗ ਵਿਖੇ 3-8-2025 ਸਵੇਰੇ 6-30 'ਤੇ ਆਯੋਜਿਤ ਕੀਤਾ ਜਾ ਰਿਹਾ ਹੈ। ਨੈਸ਼ਨਲ ਥੀਏਟਰ ਸ਼ਖਸੀਅਤ ਸਵ: ਸੁਦਰਸ਼ਨ ਗੌੜ ਬਾਨੀ ਆਲ ਇੰਡੀਆਂ ਆਰਟਿਸਟ ਐਸੋਸੀਏਸ਼ਨ ਸ਼ਿਮਲਾ ਨੂੰ ਸਮਰਪਿਤ ਇਸ ਸਮਾਗਮ ਦਾ ਉਦਘਾਟਨ ਪੰਜਾਬ ਅਤੇ ਹਿਮਾਚਲ ਦੀਆਂ ਪ੍ਰਸਿੱਧ ਸਮਾਜਿਕ ਸ਼ਖਸੀਅਤਾਂ ਸ਼੍ਰੀਮਤੀ ਰੇਖਾ ਗੌੜ ਵਾਇਸ ਪ੍ਰੈਜੀਡੈਂਟ, ਮੈਡਮ ਸੀਮਾ ਸੂਦ ਆਲ ਇੰਡੀਆਂ ਆਰਟਿਸਟ ਐਸੋਸੀਏਸ਼ਨ ਸ਼ਿਮਲਾ, ਕਮਲਪ੍ਰੀਤ ਸਿੰਘ ਸੇਠੀ, ਅਕਸ਼ੇ ਗੋਪਾਲ – ਮੈਡਮ ਮਾਲਾ ਗੋਪਾਲ ਐਮ.ਡੀ. ਹੋਟਲ ਫਲਾਈ ਓਵਰ, ਨਟਾਸ ਪ੍ਰਧਾਨ ਜੀ.ਐਸ. ਕੱਕੜ, ਨਿਰਦੇਸ਼ਕ ਪ੍ਰਾਣ ਸੱਭਰਵਾਲ ਕਰਨਗੇ।

## ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਨੇ ਤੀਆਂ ਦਾ ਤਿਉਹਾਰ ਮਨਾਇਆ



ਪਟਿਆਲਾ, 1 ਅਗਸਤ (ਰੁਪਾਣਾ) : ਅੱਜ ਇੱਥੇ ਸਨੌਰੀ ਅੱਡਾ ਸਰਕਲ ਵਲੋਂ ਸੁਪਰਵਾਈਜ਼ਰ ਮੈਡਮ ਭੋਲੀ ਕੌਰ ਦੀ ਅਗਵਾਈ ਹੇਠ ਸਮੂਹ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੇ ਇਕੱਠੇ ਹੋ ਕੇ ਤੀਆਂ ਦਾ ਤਿਉਹਾਰ ਮਨਾਇਆ। ਤੀਆਂ ਦਾ ਤਿਉਹਾਰ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੋ ਕੇ ਸਾਰਾ ਮਹੀਨਾ ਚੱਲਣ ਵਾਲਾ ਤਿਓਹਾਰ ਹੈ। ਇਸਤਰੀਆਂ ਦੇ ਸਾਉਣ ਮਹੀਨੇ ਦੀ ਤੀਜ ਨੂੰ ਸ਼ੁਰੂ ਹੋਣ ਵਾਲੇ ਇਕ ਮੁੱਖ ਤਿਉਹਾਰ ਨੂੰ ਤੀਆਂ ਕਹਿੰਦੇ ਹਨ। ਇਹ ਤਿਉਹਾਰ ਪੰਦਰਾਂ ਦਿਨ ਚੱਲਦਾ ਹੈ। ਪੂਰਨਮਾਸ਼ੀ ਵਾਲੇ ਦਿਨ ਤੱਕ ਮਨਾਇਆ ਜਾਂਦਾ ਹੈ। ਪੂਰਨਮਾਸ਼ੀ ਦੀ ਸ਼ਾਮ ਨੂੰ ਤੀਆਂ ਖ਼ਤਮ ਹੁੰਦੀਆਂ ਹਨ। ਸੁਪਰਵਾਈਜ਼ਰ ਭੋਲੀ ਨੇ ਕਿਹਾ ਕਿ ਪੰਜਾਬ ਤਿਉਹਾਰਾਂ ਦੀ ਧਰਤੀ ਹੈ। ਪੰਜਾਬੀ ਸੱਭਿਆਚਾਰ ਵਿਚ ਸਾਉਣ ਮਹੀਨੇ ਦੀ ਵਿਸ਼ੇਸ਼ ਮਹੱਤਤਾ ਹੈ। ਸਾਉਣ ਦੇ ਮਹੀਨੇ ਵਿਚ ਤੀਆਂ ਦਾ ਤਿਉਹਾਰ ਬੜੇ ਹੀ ਚਾਵਾਂ ਨਾਲ ਮਨਾਇਆ ਜਾਂਦਾ ਹੈ, ਜਿਸ ਵਿਚ ਮੁਟਿਆਰਾਂ ਗਿੱਧਾ, ਭੰਗੜਾ, ਬੋਲੀਆਂ ਅਤੇ ਪੀਂਘਾਂ ਝੂਟ ਕੇ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਇਸ ਮੌਕੇ 'ਤੇ ਮੁਟਿਆਰਾਂ ਨੇ ਲੋਕ ਗੀਤ 'ਤੇ ਬੋਲੀਆਂ ਪਾਈਆਂ। ਸੁਪਰਵਾਈਜ਼ਰ ਨੇ ਵਧਾਈ ਦਿੰਦਿਆਂ ਕਿਹਾ ਕਿ ਤੀਆਂ ਦਾ ਤਿਉਹਾਰ ਪੂਰੇ ਪੰਜਾਬ ਵਿਚ ਬੜੀ ਹੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਸੱਚ ਦਾ ਸਾਥ ਦੇਣਾ ਚਾਹੀਦਾ ਹੈ।



# ਪਟਿਆਲਾ-ਆਸ/ਪਾਸ



## ਸਫ਼ਾਈ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਕਮਿਸ਼ਨ ਵਚਨਬੱਧ : ਚੇਅਰਮੈਨ ਚੰਦਨ ਗਰੇਵਾਲ

☛ਕਰਮਚਾਰੀਆਂ ਦਾ ਕਿਸੇ ਵੀ ਢੰਗ ਨਾਲ ਸ਼ੋਸ਼ਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ



ਪਟਿਆਲਾ, 1 ਅਗਸਤ (ਰੁਪਾਣਾ/ਅਮਰਜੀਤ): ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਸਫ਼ਾਈ ਕਰਮਚਾਰੀਆਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ ਨੇ ਅੱਜ ਪ੍ਰਬੰਧਕੀ ਕੰਪਲੈਕਸ ਵਿਖੇ ਨਗਰ ਨਿਗਮ ਦੇ ਅਧਿਕਾਰੀਆਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਨਗਰ ਨਿਗਮ ਦੇ ਸਫ਼ਾਈ ਕਰਮਚਾਰੀਆਂ ਨਾਲ ਇਕ ਮੀਟਿੰਗ ਦੌਰਾਨ ਕੀਤਾ।ਉਹਨਾਂ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਸੂਬੇ ਭਰ ਦੇ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸੁਣਨਾ, ਉਹਨਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਸਰਕਾਰੀ ਨੀਤੀਆਂ ਦੀ ਸਮੀਖਿਆ ਕਰਨਾ ਹੈ। ਉਹਨਾਂ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਤਨਦੇਹੀ ਨਾਲ ਪਹੁੰਚਾਇਆ ਜਾਵੇਗਾ ਅਤੇ ਉਹਨਾਂ ਦੀ ਭਲਾਈ ਲਈ ਢੁੱਕਵੇਂ ਫੈਸਲੇ ਲਏ ਜਾਣਗੇ। ਚੇਅਰਮੈਨ ਚੰਦਨ ਗਰੇਵਾਲ ਨੇ ਕਿਹਾ ਕਿ ਸਫ਼ਾਈ ਕਰਮਚਾਰੀਆਂ ਦੀਆਂ ਸਾਰੀਆਂ ਮੁਸ਼ਕਲਾਂ ਪਹਿਲ ਦੇ ਅਧਾਰ 'ਤੇ ਹੱਲ ਕਰਨੀਆਂ ਯਕੀਨੀ ਬਣਾਈਆਂ ਜਾ ਰਹੀਆਂ ਹਨ।ਉਹਨਾਂ ਕਿਹਾ ਕਿ ਕਮਿਸ਼ਨ ਦਾ ਮੁੱਖ ਉਦੇਸ਼ ਰਾਜ ਦੇ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਫ਼ਾਈ ਕਰਮਚਾਰੀਆਂ ਦੀ ਭਲਾਈ ਹੈ ਅਤੇ ਉਹਨਾਂ ਦਾ ਕਿਸੇ ਵੀ ਢੰਗ ਨਾਲ ਸ਼ੋਸ਼ਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ । ਮੀਟਿੰਗ ਦੀ ਸ਼ੁਰੂਆਤ ਵਿੱਚ ਸਫ਼ਾਈ ਕਰਮਚਾਰੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਰੱਖੀਆਂ, ਜਿਹਨਾਂ ਵਿੱਚ ਪੱਕੀ ਨੌਕਰੀ, ਵਧੀਆ ਮਜ਼ਦੂਰੀ, ਰਿਟਾਇਰਮੈਂਟ ਲਾਭ, ਆਊਟਸੋਰਸਿੰਗ ਨੀਤੀ ਦੀ ਸਮੀਖਿਆ, ਸਫ਼ਾਈ ਕਰਮਚਾਰੀਆਂ ਦੀ ਨਿਯਮਿਤ ਭਰਤੀ ਅਤੇ ਉਚਿਤ ਭੱਤਾ ਪ੍ਰਦਾਨ ਕਰਨ ਦੀ ਮੰਗ ਕੀਤੀ ਗਈ। ਚੇਅਰਮੈਨ ਚੰਦਨ ਗਰੇਵਾਲ ਨੇ ਇਹਨਾਂ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਕਮਿਸ਼ਨ ਵੱਲੋਂ ਇਹ ਮੰਗਾਂ ਸਰਕਾਰ ਤੱਕ ਪਹੁੰਚਾਉਣ ਅਤੇ ਜਲਦੀ ਹੱਲ ਕਰਨ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ । ਉਹਨਾਂ ਸਮੂਹ ਕਰਮਚਾਰੀਆਂ ਨੂੰ ਇਹ ਵੀ ਕਿਹਾ ਕਿ ਉਹਨਾਂ ਦੀਆਂ ਸਾਰੀਆਂ ਜਾਇਜ਼ ਮੰਗਾਂ 'ਤੇ ਹਾਂ ਪੱਖੀ ਕਦਮ ਚੁੱਕੇ ਜਾਣਗੇ।ਉਹਨਾਂ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹਿਰ ਦੀ ਸਫ਼ਾਈ ਵਿਵਸਥਾ ਨੂੰ ਹੋਰ ਬਿਹਤਰ, ਸੁਚੱਜਾ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ ਅਤੇ ਨਾਗਰਿਕਾਂ ਨੂੰ ਸਿਹਤਮੰਦ ਅਤੇ ਸਾਫ਼ ਸੁਥਰਾ ਮਾਹੌਲ ਮਿਲ ਸਕੇ ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਅਤੇ ਨਗਰ ਨਿਗਮ ਦੇ ਸਫ਼ਾਈ ਸੇਵਕ ਹਾਜ਼ਰ ਸਨ ।

## ਗਲਤੀ ਨਾਲ ਜ਼ਹਿਰੀਲੀ ਦਵਾਈ ਨਿਗਲਣ ਵਾਲੇ ਨੌਜਵਾਨ ਦੀ ਇਲਾਜ ਦੌਰਾਨ ਮੌਤ

ਸਮਾਣਾ, 1 ਅਗਸਤ (ਵਿਜੇ ਕੁਮਾਰ): 5 ਦਿਨ ਪਹਿਲਾਂ ਗਲਤੀ ਨਾਲ ਜ਼ਹਿਰੀਲੀ ਦਵਾਈ ਨਿਗਲਣ ਕਾਰਨ ਗੰਭੀਰ ਹਾਲਤ ਵਿੱਚ ਇਲਾਜ ਲਈ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਆਂਦੇ ਗਏ ਇੱਕ ਨੌਜਵਾਨ ਦੀ ਬੀਤੀ ਸ਼ਾਮ ਮੌਤ ਹੋ ਗਈ, ਜਿਸ ਤੋਂ ਬਾਅਦ ਉਸਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੀ ਜਾਂਚ ਅਧਿਕਾਰੀ, ਮਵੀਕਲਾਂ ਪੁਲਿਸ ਚੌਕੀ ਦੇ ਇੰਚਾਰਜ ਏ.ਐੱਸ.ਆਈ ਅੰਗਰੇਜ਼ ਸਿੰਘ ਨੇ ਦੱਸਿਆ ਕਿ ਮ੍ਰਿਤਕ ਕੰਮਲਪ੍ਰੀਤ ਸਿੰਘ (29) (ਪੁੱਤਰ ਜਸਪਾਲ ਸਿੰਘ, ਵਾਸੀ ਪਿੰਡ ਮਵੀਕਲਾਂ) ਦੀ ਮਾਤਾ ਪਰਮਿੰਦਰ ਕੌਰ ਵੱਲੋਂ ਦਰਜ ਕਰਵਾਏ ਬਿਆਨ ਅਨੁਸਾਰ, ਉਸ ਦਾ ਪੁੱਤਰ ਨੇੜਲੇ ਪਿੰਡ ਬਾਦਸ਼ਾਹਪੁਰ ਦੇ ਗਰਿੱਡ ਸਟੇਸ਼ਨ 'ਤੇ ਲਾਈਨਮੈਨ ਵਜੋਂ ਕੰਮ ਕਰਦਾ ਸੀ। 26 ਜੁਲਾਈ ਦੀ ਸ਼ਾਮ 7:00 ਵਜੇ ਉਹ ਡਿਊਟੀ ਤੋਂ ਘਰ ਵਾਪਸ ਆਇਆ ਅਤੇ ਉਸਨੇ ਗਲਤੀ ਨਾਲ ਘਰ ਵਿੱਚ ਪਈ ਕੋਈ ਜ਼ਹਿਰੀਲੀ ਦਵਾਈ ਨਿਗਲ ਲਈ। ਹਾਲਤ ਵਿਗੜਨ 'ਤੇ ਉਸਨੂੰ ਤੁਰੰਤ ਇਲਾਜ ਲਈ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਆਇਆ ਗਿਆ। ਇਲਾਜ ਦੌਰਾਨ ਬੀਤੀ ਸ਼ਾਮ ਉਸਦੀ ਮੌਤ ਹੋ ਗਈ। ਅਧਿਕਾਰੀ ਅਨੁਸਾਰ, ਮ੍ਰਿਤਕ ਦੀ ਮਾਤਾ ਦੇ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆਂ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਤੋਂ ਬਾਅਦ ਮ੍ਰਿਤਕ ਦਾ ਸਰੀਰ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤਾ, ਜਦੋਂਕਿ ਵਿਸਰਾ ਜਾਂਚ ਲਈ ਲੈਬ ਭੇਜ ਦਿੱਤਾ ਗਿਆ ਹੈ। ਮ੍ਰਿਤਕ ਆਪਣੇ ਪਿੱਛੇ ਪਤਨੀ ਅਤੇ ਦੋ ਛੋਟੇ ਬੱਚੇ ਛੱਡ ਗਿਆ ਹੈ।

## ਸੜਕ ਹਾਦਸੇ 'ਚ ਕਾਰ ਦਾ ਹੋਇਆ ਨੁਕਸਾਨ

ਪਟਿਆਲਾ, 1 ਅਗਸਤ (ਵਿਨੋਦ ਸ਼ਰਮਾ): ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਕੋਲ ਸ਼ਹਿਨਾਜ਼ ਜੌਲੀ ਪਤਨੀ ਪੰਕਜ ਕੌੜਾ ਵਾਸੀ ਟਰਾਈਕੋਨ ਸਿਟੀ ਸਰਹੰਦ ਰੋਡ ਪਟਿਆਲਾ ਨੇ ਕਥਿਤ ਦੋਸ਼ੀ ਹਾਈਡਰਾ ਮਸ਼ੀਨ ਦਾ ਡਰਾਇਵਰ ਮਨਜੀਤ ਸਿੰਘ ਵਾਸੀ ਪਿੰਡ ਬਲਦ ਖੁਰਦ ਹਾਲ ਨੇੜੇ ਪਾਲ ਚੱਕੀ ਪ੍ਰਤਾਪ ਨਗਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੀ ਕਾਰ 'ਤੇ ਸਵਾਰ ਹੋ ਕੇ ਫੋਕਲ ਪੁਆਇੰਟ ਲਾਇਟਾਂ ਪਾਸ ਜਾ ਰਹੀ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਕਾਰ ਵਿੱਚ ਮਾਰੀ, ਜਿਸ ਕਾਰਨ ਉਸ ਦੀ ਕਾਰ ਦਾ ਕਾਫੀ ਨੁਕਸਾਨ ਹੋ ਗਿਆ। ਪੁਲਿਸ ਨੇ ਧਾਰਾ 281,324(4) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਵਿਧਾਇਕ ਪ੍ਰੋ. ਗੱਜਣਮਾਜਰਾ ਨੇ ਹਲਕੇ ਦੇ ਲੋਕਾਂ ਦੀਆਂ ਸੁਣੀਆਂ ਸਮੱਸਿਆਵਾਂ

☛ਸਮੱਸਿਆ ਦੇ ਤੁਰੰਤ ਹੱਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼



ਮਲੇਰਕੋਟਲਾ, 1 ਅਗਸਤ (ਚ.ਨ.ਸ.): ਅਮਰਗੜ੍ਹ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਪ੍ਰੋਫੈਸਰ ਜਸਵੰਤ ਸਿੰਘ ਗੱਜਣਮਾਜਰਾ ਨੇ ਹਲਕਾ ਨਿਵਾਸੀਆਂ ਦੀ ਭਲਾਈ ਲਈ ਇੱਕ ਵਧੀਆ ਪਹਿਲਕਦਮੀ ਕਰਦਿਆਂ, ਆਪਣੇ ਨਿਵਾਸ ਸਥਾਨ 'ਤੇ ਲੋਕਾਂ ਦੀਆਂ ਰੋਜ਼ਾਨਾ ਸਮੱਸਿਆਵਾਂ ਸੁਣਨ ਲਈ ਵਿਸ਼ੇਸ਼ਉਪਰਾਲਾ ਕੀਤਾ ਹੈ, ਤਾਂ ਜੋ ਵਿਧਾਨ ਸਭਾ ਹਲਕੇ ਦੇ ਲੋਕਾਂ, ਪਿੰਡਾਂ ਅਤੇ ਵਾਰਡਾਂ ਦੀਆਂ ਸਾਂਝੀਆਂ ਅਤੇ ਵਿਅਕਤੀਗਤ (ਨਿੱਜੀ) ਸਮੱਸਿਆਵਾਂ ਤੋਂ ਅਵਗਤ ਹੋ ਸਕਣ । ਲੋਕਾਂ ਦੀ ਸਮੱਸਿਆਵਾਂ ਸੁਣਦਿਆਂ ਪ੍ਰੋਫੈਸਰ ਗੱਜਣਮਾਜਰਾ ਨੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਉਹਨਾਂ ਦੀਆਂ ਹਰੇਕ ਜਾਇਜ਼ ਸਮੱਸਿਆ ਦਾ ਤੁਰੰਤ ਅਤੇ ਢੁੱਕਵਾਂ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਪਿੰਡ ਅਤੇ ਵਾਰਡ ਦੇ ਸਮੁੱਚੇ ਵਿਕਾਸ ਲਈ ਪੂਰੀ ਤਰ੍ਹਾਂ ਤਤਪਰ ਹੈ ਅਤੇ ਸਰਕਾਰ ਕੋਲ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਹਨਾਂ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਕਿ ਹਲਕੇ ਦੇ ਕਿਸੇ ਵੀ ਹਿੱਸੇ ਨੂੰ ਵਿਕਾਸ ਤੋਂ ਪਿੱਛੇ ਨਹੀਂ ਰਹਿਣ ਦਿੱਤਾ ਜਾਵੇਗਾ । ਉਨ੍ਹਾਂ ਕਿਹਾ ਕਿ ਵਧੀਆ ਸ਼ਾਸਨ (ਗੁੱਡ ਗਵਰਨੈਂਸ) ਦੀ ਪਰਿਭਾਸ਼ਾ ਤਦ ਹੀ ਸਫਲ ਹੁੰਦੀ ਹੈ ਜਦੋਂ ਆਮ ਜਨਤਾ ਨੂੰ ਸਰਕਾਰ ਦੀ ਹਾਜ਼ਰੀ ਅਤੇ ਜਵਾਬਦੇਹੀ ਦਾ ਅਹਿਸਾਸ ਹੋਵੇ। ਉਨ੍ਹਾਂ ਦੱਸਿਆ ਕਿ ਉਹ ਹਰ ਰੋਜ਼ ਸਵੇਰੇ 10 ਵਜੇ ਤੱਕ ਆਪਣੇ ਨਿਵਾਸ ਸਥਾਨ 'ਤੇ ਆਮ ਲੋਕਾਂ ਨਾਲ ਮਿਲਦੇ ਹਨ, ਤਾਂ ਜੋ ਉਹਨਾਂ ਦੀਆਂ ਸਮੱਸਿਆਵਾਂ ਨੂੰ ਸੁਣ ਕੇ ਫੌਰੀ ਰਾਹਤ ਦਿੱਤੀ ਜਾ ਸਕੇ। ਪ੍ਰੋਫੈਸਰ ਗੱਜਣਮਾਜਰਾ ਨੇ ਲੋਕਾਂ ਨੂੰ ਉਤਸ਼ਾਹਤ ਕੀਤਾ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀ ਦਿੱਕਤ ਜਾਂ ਸਹੂਲਤ ਦੀ ਘਾਟ ਮਹਿਸੂਸ ਕਰਦੇ ਹਨ ਤਾਂ ਬੇਝਿਜਕ ਹੋ ਕੇ ਉਹਨਾਂ ਤੱਕ ਆਪਣੀ ਗੱਲ ਪਹੁੰਚਾਉਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਲਈ ਹਰੇਕ ਨਾਗਰਿਕ ਮਹੱਤਵਪੂਰਨ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਹਲਕੇ ਨੂੰ ਪੰਜਾਬ ਦਾ ਮਾਡਲ ਹਲਕਾ ਬਣਾਉਣ ਵੱਲ ਵਧ ਰਹੇ ਹਨ। ਉਹਨਾਂ ਹਲਕਾ ਨਿਵਾਸੀਆਂ ਦੀਆਂ ਸੀਵਰੇਜ ਸਿਸਟਮ, ਸਾਫ ਸਫਾਈ, ਪੱਕੀਆਂ ਸੜਕਾਂ, ਨਹਿਰੀ ਪਾਣੀ, ਰਾਸ਼ਨ, ਪੈਨਸ਼ਨ, ਬਿਜਲੀ, ਅਧਾਰ ਕਾਰਡ ਆਦਿ ਸਬੰਧੀ ਸਮੱਸਿਆਵਾਂ ਸੁਣੀਆਂ ਤੇ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਵੀ ਦਿੱਤੇ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਹਰ ਵਾਰਡ ,ਸ਼ਹਿਰ ਅਤੇ ਪਿੰਡ ਦੇ ਵਿਕਾਸ ਲਈ ਉਹ ਦਿਨ ਰਾਤ ਇੱਕ ਕਰ ਰਹੇ ਹਨ ਤਾਂ ਜੋ ਉਨਾਂ ਦਾ ਹਲਕਾ ਵਿਕਾਸ ਪੱਖੋ ਵਾਂਝਾ ਨਾ ਰਹਿ ਜਾਵੇ । ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਕਿਹਾ ਕਿ ਲੋਕ ਭਲਾਈ ਨਾਲ ਸਬੰਧਤ ਕੰਮਾਂ ਵਿੱਚ ਕੋਈ ਵੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਸਰਕਾਰ ਦੀ ਨੀਤੀ ਸਪੱਸ਼ਟ ਹੈ। ਮੌਜੂਦਾ ਪੰਜਾਬ ਸਰਕਾਰ ਦੀ ਮੁੱਖ ਤਰਜ਼ੀਹ ਲੋਕਾਂ ਦੀ ਭਲਾਈ ਹੈ।

## ਸੂਰਾਂ 'ਚ ਅਫਰੀਕਨ ਸਵਾਈਨ ਫੀਵਰ ਤੋਂ ਬੱਚਣ ਲਈ ਸਾਵਧਾਨੀਆਂ ਵਰਤਣ ਪਸ਼ੂ ਪਾਲਕ: ਡੀ.ਸੀ.

ਅਫ਼ਰੀਕਨ ਸਵਾਈਨ ਫੀਵਰ ਦੀ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ : ਡਾ. ਗਰੋਵਰ

ਪਟਿਆਲਾ, 1 ਅਗਸਤ (ਰੁਪਾਣਾ/ਵਿਨੋਦ ਸ਼ਰਮਾ) : ਪਟਿਆਲਾ ਜ਼ਿਲ੍ਹੇ ਦੇ ਪਿੰਡ ਰਵਾਸ ਬ੍ਰਾਹਮਣਾਂ ਦੇ ਇੱਕ ਪਿੱਗ ਫਾਰਮ ਵਿੱਚ ਸੂਰਾਂ ਨੂੰ ਅਫ਼ਰੀਕਨ ਸਵਾਈਨ ਫੀਵਰ ਦੀ ਬਿਮਾਰੀ ਦੀ ਪੁਸ਼ਟੀ ਹੋਣ ਦੇ ਬਾਅਦ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਜ਼ਿਲ੍ਹੇ ਦੇ ਸਮੂਹ ਸੂਰ ਪਾਲਕਾਂ ਨੂੰ ਸਾਵਧਾਨੀਆਂ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਵਿਭਾਗ ਦੇ ਮਾਹਰਾਂ ਮੁਤਾਬਕ ਇਹ ਸੂਰਾਂ ਵਿੱਚ ਪਾਈ ਜਾਣ ਵਾਲੀ ਵਿਸ਼ਾਣੂ ਨਾਲ ਹੋਣ ਵਾਲੀ ਇੱਕ ਛੂਤੀ ਬਿਮਾਰੀ ਹੈ, ਪਰੰਤੂ ਇਹ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਬਿਮਾਰੀ ਬਹੁਤ ਤੇਜ਼ੀ ਨਾਲ ਫੈਲਦੀ ਹੈ ਅਤੇ ਇਸ ਬਿਮਾਰੀ ਨਾਲ ਸੂਰਾਂ ਵਿੱਚ ਮੌਤ ਦੀ ਦਰ 100 ਫੀਸਦੀ ਹੈ, ਇਸ ਲਈ ਸਮੂਹ ਪਸ਼ੂ ਪਾਲਕ ਪਸ਼ੂ ਪਾਲਣ ਵਿਭਾਗ ਵੱਲੋਂ ਦੱਸੀਆਂ ਸਾਵਧਾਨੀਆਂ ਦੀ ਪਾਲਣਾ ਕਰਨੀ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਸਾਵਧਾਨੀਆਂ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਬੰਦੀਆਂ ਦੇ ਆਦੇਸ਼ ਵੀ ਜਾਰੀ ਕੀਤੇ ਗਏ ਹਨ ਅਤੇ ਪਿੰਡ ਰਵਾਸ ਬ੍ਰਹਮਣਾਂ ਵਿਚ ਆਏ ਕੇਸ ਦੇ ਮੱਦੇਨਜ਼ਰ, ਬਿਮਾਰੀ ਦੇ ਕੇਂਦਰ ਤੋਂ 0 ਤੋਂ 1 ਕਿਲੋਮੀਟਰ ਤੱਕ ਦੇ ਖੇਤਰ ਨੂੰ ਲਾਗ ਵਾਲਾ (ਇਨਫੈਕਟਿਡ ਜ਼ੋਨ) ਅਤੇ 1 ਤੋਂ 10 ਕਿਲੋਮੀਟਰ ਤੱਕ ਦੇ ਖੇਤਰ ਨੂੰ ਨਿਗਰਾਨੀ ਜ਼ੋਨ ਐਲਾਨ ਕੀਤਾ ਗਿਆ ਹੈ। ਇਸੇ ਦੌਰਾਨ ਪਸ਼ੂ ਪਾਲਣ ਵਿਭਾਗ ਪਟਿਆਲਾ ਦੇ ਡਿਪਟੀ ਡਾਇਰੈਕਟਰ ਡਾ. ਰਾਜੀਵ ਗਰੋਵਰ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਇੱਕ ਫਾਰਮ 'ਤੇ ਸੂਰਾਂ ਵਿੱਚ ਅਫਰੀਕਨ ਸਵਾਈਨ ਫੀਵਰ ਬਿਮਾਰੀ ਦੀ ਪੁਸ਼ਟੀ ਹੋਈ ਹੈ। ਇਹ ਬਿਮਾਰੀ ਬਿਮਾਰ ਪਸ਼ੂਆਂ ਤੋਂ ਤੰਦਰੁਸਤ ਪਸ਼ੂਆਂ ਤੱਕ ਆਵਾਜਾਈ, ਪਸ਼ੂਆਂ ਦੀ ਫੀਡ ਅਤੇ ਹੋਰ ਸਾਜੋ ਸਮਾਨ ਰਾਹੀਂ ਵੀ ਇੱਕ ਤੋਂ ਦੂਜੀ ਜਗ੍ਹਾ 'ਤੇ ਫੈਲਦੀ ਹੈ ਪਰੰਤੂ ਇਹ ਬਿਮਾਰੀ ਸੂਰਾਂ ਤੋਂ ਮਨੁੱਖਾਂ ਵਿੱਚ ਨਹੀਂ ਫੈਲਦੀ, ਇਸ ਲਈ ਆਮ ਲੋਕਾਂ ਨੂੰ ਇਸ ਤੋਂ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਇਹ ਸੂਰਾਂ ਵਿੱਚ ਹੋਣ ਵਾਲਾ ਇੱਕ ਵਿਸ਼ਾਣੂ ਰੋਗ ਅਫਰੀਕਨ ਸਵਾਈਨ ਬੁਖਾਰ ਹੈ। ਡਿਪਟੀ ਡਾਇਰੈਕਟਰ ਡਾ. ਰਾਜੀਵ ਗਰੋਵਰ ਨੇ ਕਿਹਾ ਕਿ ਪਸ਼ੂ ਪਾਲਣ ਵਿਭਾਗ ਵੱਲੋਂ ਇਸ ਬਿਮਾਰੀ ਨੂੰ ਕੰਟਰੋਲ ਅਤੇ ਸੀਮਤ ਕਰਨ ਲਈ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਸਤਰਕਤਾ ਤਹਿਤ ਸੂਰਾਂ ਵਿੱਚ ਇਸ ਬਿਮਾਰੀ ਦਾ ਪਤਾ ਲਗਾਉਣ ਲਈ ਸੈਂਪਲ ਲਏ ਜਾ ਰਹੇ ਹਨ। ਡਾ. ਗਰੋਵਰ ਨੇ ਸਮੂਹ ਸੂਰ ਪਾਲਕਾਂ ਨੂੰ ਸੁਚੇਤ ਕੀਤਾ ਹੈ ਕਿ ਉਹ ਆਪਣੇ ਫਾਰਮ 'ਤੇ ਪਸ਼ੂ ਪਾਲਣ ਵਿਭਾਗ ਦੁਆਰਾ ਜਾਰੀ ਕੀਤੀਆਂ ਬਾਇਓ ਸਕਿਊਰਟੀ ਸਬੰਧੀ ਦਿਸ਼ਾ ਨਿਰਦੇਸ਼ਾਂ ਨੂੰ ਸਖਤੀ ਨਾਲ ਲਾਗੂ ਕਰਨ ਅਤੇ ਆਪਣੇ ਫਾਰਮ 'ਤੇ ਮਨੁੱਖੀ ਅਤੇ ਸੂਰਾਂ ਜਾਂ ਸੂਰਾਂ ਦੇ ਮੀਟ ਪਦਾਰਥ ਆਦਿ ਦੀ ਅਣਲੋੜੀਂਦੀ ਆਵਾਜਾਈ ਤੋਂ ਗੁਰੇਜ਼ ਕਰਨ।

## ਪੰਜਾਬੀ ਯੂਨੀਵਰਸਿਟੀ ਵਿਖੇ ਡਾ. ਰੀਤੂ ਲਹਿਲ ਨੇ ਡੀਨ ਖੋਜ ਵਜੋਂ ਅਤੇ ਡਾ. ਮਿਨੀ ਸਿੰਘ ਨੇ ਐਸੋਸੀਏਟ ਡੀਨ ਖੋਜ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, 1 ਅਗਸਤ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਯੂਨੀਵਰਸਿਟੀ ਸਕੂਲ ਆਫ਼ ਅਪਲਾਈਡ ਮੈਨੇਜਮੈਂਟ ਦੇ ਪ੍ਰੋਫ਼ੈਸਰ ਡਾ. ਗੀਤੂ ਲਹਿਲ ਨੇ ਡੀਨ ਖੋਜ ਵਜੋਂ ਅਤੇ ਬਾਇਓਟੈਕਨਾਲੋਜੀ ਵਿਭਾਗ ਦੇ ਪ੍ਰੋਫ਼ੈਸਰ ਡਾ. ਮਿਨੀ ਸਿੰਘ ਨੇ ਐਸੋਸੀਏਟ ਡੀਨ ਖੋਜ ਵਜੋਂ ਅਹੁਦਾ ਸੰਭਾਲ਼ ਲਿਆ ਹੈ। ਉਨ੍ਹਾਂ ਵੱਲੋਂ ਅਹੁਦਾ ਸੰਭਾਲ਼ੇ ਜਾਣ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਵਿਸ਼ੇਸ਼ ਤੌਰ ਉੱਤੇ ਸ਼ਾਮਿਲ ਹੋਏ। ਉਨ੍ਹਾਂ ਦੋਹੇਂ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਇਸ ਅਹੁਦੇ ਉੱਤੇ ਕੰਮ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਪ੍ਰੋ. ਗੀਤੂ ਲਹਿਲ, ਜਿਨ੍ਹਾਂ ਕੋਲ 34 ਸਾਲਾਂ ਤੋਂ ਵੱਧ ਦਾ ਅਧਿਆਪਨ, ਖੋਜ ਅਤੇ ਅਕਾਦਮਿਕ ਪ੍ਰਸ਼ਾਸਨ ਦਾ ਤਜਰਬਾ ਹੈ, ਨੇ ਫੈਕਲਟੀ ਡੀਨ, ਵਿਭਾਗ ਮੁਖੀ ਅਤੇ ਨਾਰੀ ਅਧਿਐਨ ਕੇਂਦਰ ਦੇ ਡਾਇਰੈਕਟਰ ਵਰਗੇ ਅਹਿਮ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ।ਉਨ੍ਹਾਂ ਵੱਲੋਂ ਯੂ.ਜੀ.ਸੀ., ਏ.ਆਈ.ਸੀ.ਟੀ. ਈ. ਅਤੇ ਆਈ. ਸੀ. ਐੱਸ. ਐੱਸ. ਆਰ. ਵਰਗੀਆਂ ਵੱਕਾਰੀ ਏਜੰਸੀਆਂ ਦੁਆਰਾ ਫੰਡ ਕੀਤੇ ਕਈ ਖੋਜ ਪ੍ਰੋਜੈਕਟਾਂ ਦੀ ਅਗਵਾਈ ਕੀਤੀ ਗਈ ਹੈ। ਡਾ. ਮਿਨੀ ਸਿੰਘ, ਇੱਕ ਪ੍ਰਮੁੱਖ ਅਕਾਦਮਿਕ ਖੋਜੀ ਹਨ ,ਜਿਨ੍ਹਾਂ ਦੀਆਂ ਖੋਜਾਂ ਟੈਕਨੌਲਜੀ ਟਰਾਂਸਫਰ ਦੇ ਪੱਧਰ ਤੱਕ ਪੁੱਜੀਆਂ ਹਨ। ਉਹ ਅਕਾਦਮਿਕ ਖੇਤਰ ਦੀ ਇੰਡਸਟਰੀ ਨਾਲ਼ ਸਾਂਝੇਦਾਰੀ ਦੀ ਦਿਸ਼ਾ ਵਿੱਚ ਅਹਿਮ ਕਾਰਜ ਕਰ ਚੁੱਕੇ ਹਨ।

## 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਲਈ ਅਰਜ਼ੀਆਂ ਦੀ ਮੰਗ

ਪਟਿਆਲਾ, 1 ਅਗਸਤ (ਚ.ਨ.ਸ.) : ਭਾਰਤ ਸਰਕਾਰ ਵੱਲੋਂ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਲਈ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ, ਜਿਸ ਵਿੱਚ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਦੇਣ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਇਸ ਪੁਰਸਕਾਰ ਨਾਲ ਨਿਵਾਜਿਆ ਜਾਵੇਗਾ। ਭਾਰਤ ਸਰਕਾਰ ਦੀ ਨੈਸ਼ਨਲ ਡਿਜਾਸਟਰ ਮੈਨੇਜਮੈਂਟ ਅਥਾਰਟੀ ਵੱਲੋਂ ਇਸ ਪੁਰਸਕਾਰ ਲਈ 30 ਸਤੰਬਰ 2025 ਤੱਕ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਦੱਸਿਆ ਕਿ ਪੁਰਸਕਾਰ ਲਈ ਯੋਗ ਵਿਅਕਤੀ ਜਾਂ ਸੰਸਥਾਵਾਂ ਵੱਲੋਂ ਆਨਲਾਈਨ ਪੋਰਟਲ https://awards.gov.in 'ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਵਿਅਕਤੀ ਜਾਂ ਸੰਸਥਾਵਾਂ ਜਿਨ੍ਹਾਂ ਵੱਲੋਂ ਆਪਦਾ ਪ੍ਰਬੰਧਨ ਦੇ ਖੇਤਰ ਵਿੱਚ ਵਧੀਆਂ ਸੇਵਾਵਾਂ ਦਿੱਤੀਆਂ ਹਨ ਉਹ ਉਕਤ ਵੈਬਸਾਈਟ 'ਤੇ ਮਿਤੀ 30 ਸਤੰਬਰ ਤੱਕ ਆਨ ਲਾਈਨ ਅਪਲਾਈ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਆਪਦਾ ਪ੍ਰਬੰਧਨ 'ਚ ਵਡਮੁੱਲੇ ਯੋਗਦਾਨ ਤੇ ਨਿਰਸਵਾਰਥ ਸੇਵਾ ਨੂੰ ਮਾਨਤਾ ਦੇਣ ਲਈ 'ਸੁਭਾਸ਼ ਚੰਦਰ ਬੋਸ ਆਪਦਾ ਪ੍ਰਬੰਧਨ ਪੁਰਸਕਾਰ' ਦੀ ਸ਼ੁਰੂਆਤ ਕੀਤੀ ਗਈ ਹੈ, ਜੋ ਹਰੇਕ ਸਾਲ 23 ਜਨਵਰੀ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਵਸ ਮੌਕੇ ਤਿੰਨ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਪਟਿਆਲਾ ਜ਼ਿਲ੍ਹੇ ਦੇ ਵਸਨੀਕਾਂ ਨੂੰ ਜੋ ਇਸ ਪੁਰਸਕਾਰ ਲਈ ਯੋਗ ਹਨ, ਉਨ੍ਹਾਂ ਨੂੰ ਇਸ ਪੁਰਸਕਾਰ ਲਈ ਆਨ ਲਾਈਨ ਅਪਲਾਈ ਕਰਨ ਦੀ ਅਪੀਲ ਕੀਤੀ ਹੈ।

## ਲੈਂਡ ਪੂਲਿੰਗ ਪਾਲਸੀ ਖ਼ਿਲਾਫ ਟਰੈਕਟਰ ਮਾਰਚ

☛ਕਿਸਾਨਾਂ ਦੀਆਂ ਜ਼ਮੀਨਾਂ ਹੜੱਪਣ ਦੀ ਕੋਸ਼ਿਸ਼ ਬਰਦਾਸ਼ਤ ਨਹੀਂ: ਕਾਕੜਾ



ਦੇਵੀਗੜ੍ਹ, 1 ਅਗਸਤ (ਗੁਰਜੀਤ ਸਿੰਘ ਢੋਟ) : ਪੰਜਾਬ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੁਲਿੰਗ ਪਾਲਸੀ ਦੇ ਖ਼ਿਲਾਫ ਅੱਜ ਕਾਂਗਰਸ ਪਾਰਟੀ ਦੇ ਹਲਕਾ ਸਨੌਰ ਤੋਂ ਸੀਨੀਅਰ ਆਗੂ ਹਰਿੰਦਰਪਾਲ ਸਿੰਘ ਹੈਰੀਮਾਨ ਦੀ ਅਗਵਾਈ ਅਤੇ ਜੋਗਿੰਦਰ ਸਿੰਘ ਕਾਕੜਾ ਦੀ ਦੇਖ ਰੇਖ ਹੇਠ ਅੱਜ ਭੁਨਰਹੇੜੀ ਤੋਂ ਪਟਿਆਲਾ ਲਈ ਇੱਕ ਵਿਸ਼ਾਲ ਟਰੈਕਟਰ ਮਾਰਚ ਕੱਢਿਆ ਗਿਆ। ਇਸ ਮੌਕੇ ਕਾਂਗਰਸੀ ਆਗੂ ਜੋਗਿੰਦਰ ਸਿੰਘ ਕਾਕੜਾ ਨੇ ਪੰਜਾਬ ਸਰਕਾਰ 'ਤੇ ਤਿੱਖੇ ਹਮਲੇ ਕਰਦੇ ਹੋਏ ਕਿਹਾ ਕਿ ਇਹ ਨੀਤੀ ਸਿੱਧੀ ਤਰ੍ਹਾਂ ਕਿਸਾਨੀ ਨੂੰ ਖਤਮ ਕਰਨ ਦੀ ਸਾਜ਼ਿਸ਼ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਮਿੱਟੀ ਕਿਸਾਨ ਦੀ ਰੂਹ ਹੈ ਤੇ ਜੇਕਰ ਕਿਸਾਨੀ ਤੇ ਹੱਲ ਚਲਾਉਣ ਦੀ ਕੋਸ਼ਿਸ਼ ਹੋਈ ਤਾਂ ਕਾਂਗਰਸ ਪਾਰਟੀ ਹਰ ਮੰਚ 'ਤੇ ਇਸ ਦਾ ਵਿਰੋਧ ਕਰੇਗੀ।ਉਨ੍ਹਾਂ ਆਰੋਪ ਲਾਏ ਕਿ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨਾਂ ਦੀ ਜ਼ਮੀਨ ਨੂੰ ਉਹਨਾਂ ਤੋਂ ਖੋਹ ਕੇ ਉਨ੍ਹਾਂ ਨੂੰ ਉਜਾੜਿਆ ਜਾ ਰਿਹਾ ਹੈ, ਜੋ ਕਿਸੇ ਵੀ ਹਾਲਤ ਵਿੱਚ ਮਨਜ਼ੂਰ ਨਹੀਂ। ਕਾਕੜਾ ਨੇ ਕਿਹਾ ਕਿ ਪੰਜਾਬ ਸਰਕਾਰ ਜਦੋਂ ਤੱਕ ਇਹ ਨੀਤੀ ਵਾਪਸ ਨਹੀਂ ਲੈਂਦੀ ਜਾਂਦੀ, ਤਦ ਤੱਕ ਸੜਕਾਂ ਤੋਂ ਲੈ ਕੇ ਵਿਧਾਨ ਸਭਾ ਤੱਕ ਸੰਘਰਸ਼ ਕੀਤਾ ਜਾਵੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਇਹ ਨੀਤੀ ਨਾਂ ਸਿਰਫ਼ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕੰਗਾਲ ਕਰੇਗੀ, ਸਗੋਂ ਪੰਜਾਬ ਦੇ ਖੇਤੀ ਨਿਰਭਰ ਅਰਥਚਾਰੇ ਨੂੰ ਵੀ ਗੰਭੀਰ ਝਟਕਾ ਦੇਵੇਗੀ। ਕਾਕੜਾ ਨੇ ਕਿਹਾ ਕਿ ਕਾਂਗਰਸ ਪਾਰਟੀ ਹਰ ਕਿਸਾਨ, ਲਾਭਪਾਤਰੀ ਅਤੇ ਜ਼ਮੀਨ ਮਾਲਕ ਦੇ ਹੱਕ ਵਿੱਚ ਖੜੀ ਹੈ।ਉਨ੍ਹਾਂ ਅਪੀਲ ਕੀਤੀ ਕਿ ਸਰਕਾਰ ਜ਼ਮੀਨ ਨਾਲ ਸੰਬੰਧਤ ਹਰ ਫੈਸਲੇ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਅਤੇ ਪਿੰਡਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰੇ, ਨਾ ਕਿ ਉਨ੍ਹਾਂ ਉੱਤੇ ਇੱਕਤਰਫਾ ਨੀਤੀਆਂ ਥੋਪੇ।

## 15 ਅਗਸਤ ਤੱਕ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ ਵਧਾਈ

ਪਟਿਆਲਾ, 1 ਅਗਸਤ (ਰੁਪਾਣਾ) : ਸ਼ਹਿਰੀ ਵਾਸੀਆਂ ਲਈ ਨਗਰ ਨਿਗਮ ਪਟਿਆਲਾ ਵੱਲੋਂ ਇੱਕ ਵੱਡੀ ਰਾਹਤ ਦੀ ਖ਼ਬਰ ਆਈ ਹੈ।ਨਗਰ ਨਿਗਮ ਨੇ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਪ੍ਰਾਪਰਟੀ ਟੈਕਸ ਭਰਨ ਦੀ ਮਿਤੀ 31 ਜੁਲਾਈ ਤੋਂ ਵਧਾ ਕੇ ਹੁਣ 15 ਅਗਸਤ 2025 ਕਰ ਦਿੱਤੀ ਹੈ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਵੱਲੋਂ ਸਾਂਝੇ ਤੌਰ 'ਤੇ ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਜੋ ਲੋਕ ਆਪਣਾ ਪਿੱਛਲਾ ਬਕਾਇਆ ਪ੍ਰਾਪਰਟੀ ਟੈਕਸ ਭਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਕੋਈ ਪੈਨਲਟੀ ਜਾਂ ਵਿਆਜ ਨਹੀਂ ਲੱਗੇਗਾ। ਇਹ ਮੌਕਾ ਉਨ੍ਹਾਂ ਲਈ ਵਧੀਆ ਹੈ, ਜੋ ਕਿਸੇ ਕਾਰਨ ਕਰਕੇ ਹਾਲੇ ਤੱਕ ਆਪਣਾ ਟੈਕਸ ਨਹੀਂ ਭਰ ਸਕੇ। ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਨੇ ਕਿਹਾ ਕਿ ਸਾਡਾ ਉਦੇਸ਼ ਹੈ ਕਿ ਸ਼ਹਿਰ ਵਾਸੀਆਂ ਨੂੰ ਇਸ ਵਨ ਟਾਈਮ ਸੈਟਲਮੈਂਟ ਦਾ ਲਾਭ ਲੈਣਾ ਚਾਹੀਦਾ ਹੈ।ਅਸੀਂ ਨਗਰ ਨਿਗਮ ਵਿਚ ਵਾਧੂ ਕਾਊਂਟਰ ਲਗਾਏ ਹਨ, ਛੁੱਟੀ ਵਾਲੇ ਦਿਨ ਵੀ ਦਫਤਰ ਖੁੱਲ੍ਹਾ ਰੱਖਿਆ ਗਿਆ ਹੈ ਅਤੇ ਆਨਲਾਈਨ ਭੁਗਤਾਨ ਦੀ ਵੀ ਸਹੂਲਤ ਦਿੱਤੀ ਗਈ ਹੈ, ਤਾਂ ਜੋ ਕੋਈ ਵੀ ਮੁਸ਼ਕਲ ਨਾ ਹੋਵੇ।ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀ ਅਧਿਕਾਰਿਕ ਵੈੱਬਸਾਈਟ ਰਾਹੀਂ ਘਰ ਬੈਠਿਆਂ ਵੀ ਪ੍ਰਾਪਰਟੀ ਟੈਕਸ ਭਰਿਆ ਜਾ ਸਕਦਾ ਹੈ। ਜੋ ਵਸੀਲੇ ਨਹੀਂ ਜਾਣਦੇ, ਉਨ੍ਹਾਂ ਲਈ ਦਫਤਰਾਂ ਵਿੱਚ ਸਹਾਇਤਾ ਡੈਸਕ ਵੀ ਲਗਾਏ ਗਏ ਹਨ।

## ਡੀ.ਸੀ. ਨਾਲ ਮੁਲਾਕਾਤ ਦੌਰਾਨ ਜਥੇਬੰਦੀ ਨੇ ਕੀਤੀਆਂ ਅਹਿਮ ਵਿਚਾਰਾਂ

ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੀ ਭਲਾਈ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ : ਡਾ. ਪ੍ਰੀਤੀ ਯਾਦਵ



ਪਟਿਆਲਾ 1 ਅਗਸਤ (ਅਮਰਜੀਤ) : ਦੇਸ਼ ਦੀ ਆਜ਼ਾਦੀ ਸਮੇਂ ਅਹਿਮ ਯੋਗਦਾਨ ਪਾਉਣ ਵਾਲੇ ਮਹਾਨ ਦੇਸ਼ ਭਗਤਾਂ ਸੁਤੰਤਰਤਾ ਸੰਗਰਾਮੀਆ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।ਅੱਜ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਐਸੋਸੀਏਸ਼ਨ ਪੰਜਾਬ ਰਜਿ. ਨੰ 234 ਦੇ ਵਫ਼ਦ ਵੱਲੋਂ ਡਿਪਟੀ ਕਮਿਸ਼ਨਰ ਪਟਿਆਲਾ ਡਾ ਪ੍ਰੀਤੀ ਯਾਦਵ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਮੁਲਾਕਾਤ ਦੌਰਾਨ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ ਵਲੋ ਜ਼ਿਲ੍ਹਾ ਪਟਿਆਲਾ ਦੇ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਹੇਠਲੇ ਪੱਧਰ ਤੇ ਲਾਗੂ ਕਰਵਾਉਣ ਦੀ ਅਪੀਲ ਕੀਤੀ। ਡਿਪਟੀ ਕਮਿਸ਼ਨਰ ਨੇ ਵਫ਼ਦ ਨੂੰ ਜਾਣੂੰ ਕਰਵਾਇਆ ਕਿ 15 ਅਗਸਤ ਨੂੰ ਸੁਤੰਤਰਤਾ ਦਿਵਸ ਮੌਕੇ ਆਜ਼ਾਦੀ ਘੁਲਾਟੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਵਿਸ਼ੇਸ਼ ਸਨਮਾਨ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤਾ ਜਾਵੇਗਾ। ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦੀਆਂ ਸੁਤੰਤਰਤਾ ਸੰਗਰਾਮੀਆ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਰਕਾਰੀ ਯੋਜਨਾਵਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾਵੇਗਾ। ਸਰਕਾਰੀ ਦਫ਼ਤਰਾਂ ਵਿੱਚ ਸੁਤੰਤਰਤਾ ਸੰਗਰਾਮੀ ਪਰਿਵਾਰਾਂ ਦੇ ਕੰਮ ਪਹਿਲ ਦੇ ਆਧਾਰ ਤੇ ਕਰਨ ਅਤੇ ਪੂਰਾ ਮਾਣ ਸਨਮਾਨ ਦੇਣ ਦੀਆਂ ਹਦਾਇਤਾਂ ਜ਼ਿਲ੍ਹੇ ਦੇ ਸਮੂਹ ਵਿਭਾਗਾਂ ਨੂੰ ਭੇਜੀਆਂ ਜਾ ਚੁਕੀਆਂ ਹਨ। ਅੱਜ ਦੀ ਮੁਲਾਕਾਤ ਦੌਰਾਨ ਸੂਬਾ ਜਨਰਲ ਸਕੱਤਰ ਇੰਦਰਪਾਲ ਸਿੰਘ ਧਾਲੀਵਾਲ ਸੋਨੀ, ਅਮਰਪ੍ਰੀਤ ਸਿੰਘ ਬੋਬੀ ਜ਼ਿਲਾ ਪ੍ਰਧਾਨ, ਕਮਲਦੀਪ ਸਿੰਘ ਗਿੱਲ ਦਫ਼ਤਰ ਇੰਚਾਰਜ, ਨਰਿੰਦਰ ਕੋਹਲੀ ਸੁਤੰਤਰਤਾ ਸੰਗਰਾਮੀ ਉਤਰਾਧਿਕਾਰੀ ਮੌਜੂਦ ਸਨ।

## ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ




ਪਟਿਆਲਾ, 1 ਅਗਸਤ (ਚ.ਨ.ਸ.) : ਸੀਨੀਅਰ ਸੈਕੰਡਰੀ ਮਾਡਲ ਸਕੂਲ ਪੰਜਾਬੀ ਯੂਨੀਵਰਸਿਟੀ ਵਿਖੇ ਸਵੇਰ ਦੀ ਸਭਾ ਵਿਚ ਐਨਸੀਸੀ ਕੈਡਿਟਾਂ ਵੱਲੋਂ ਸ਼ਹੀਦ-ਏ-ਆਜ਼ਮ ਊਧਮ ਸਿੰਘ ਨੂੰ ਸ਼ਹੀਦੀ ਦਿਹਾੜੇ 'ਤੇ ਯਾਦ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਮਸ਼ਹੂਰ ਡਰਾਇੰਗ ਦੇ ਮਾਹਰ ਗੁਰਪ੍ਰੀਤ ਸਿੰਘ ਨਾਮਧਾਰੀ ਨੇ ਸਪੈਸ਼ਲ ਸਕੂਲ ਵਿਖੇ ਵਿਜ਼ਿਟ ਕਰਕੇ ਵਿਦਿਆਰਥੀਆਂ ਨੂੰ ਡਰਾਇੰਗ ਤੇ ਪੇਂਟਿੰਗ ਦੇ ਗੁਣ ਸਿਖਾਏ। ਇਸ ਮੌਕੇ ਐਨਸੀਸੀ ਕੈਡਿਟ ਗੁਰਜੋਤ ਕੌਰ ਤੇ ਗੁਰਲੀਨ ਕੌਰ ਨੇ ਸ਼ਹੀਦ ਊਧਮ ਸਿੰਘ ਨੇ ਅਜ਼ਾਦੀ ਘੁਲਾਟੀਏ ਦੇ ਜੀਵਨ ਤੇ ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਯੋਗਦਾਨ ਬਾਰੇ ਦੱਸਿਆ। ਇਸ ਮੌਕੇ ਵਿਦਿਆਰਥੀਆਂ ਦਾ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ। ਇਸ ਮੌਕੇ ਸਕੂਲ ਇੰਚਾਰਜ ਵੱਲੋਂ ਸ਼ਹੀਦ ਊਧਮ ਸਿੰਘ ਦੇ ਜੀਵਨ ਬਾਰੇ ਦੱਸਦਿਆਂ ਉਨ੍ਹਾਂ ਦੀਆਂ ਮਹੱਤਵਪੂਰਨ ਘੱਟਨਾਵਾਂ 'ਤੇ ਰੌਸ਼ਨੀ ਪਾਈ।

## ਨਗਰ ਨਿਗਮ ਦੀ ਵੱਡੀ ਕਾਰਵਾਈ

## ਚਰਨ ਬਾਗ ਦੇ ਪਾਰਕ 'ਚੋਂ ਨਾਜਾਇਜ਼ ਕਬਜ਼ਾ ਹਟਾਇਆ



ਪਟਿਆਲਾ, 1 ਅਗਸਤ (ਰੁਪਾਣਾ): : ਪਟਿਆਲਾ ਦੇ ਚਰਨ ਬਾਗ ਇਲਾਕੇ ਵਿੱਚ ਇੱਕ ਸਰਕਾਰੀ ਪਾਰਕ 'ਤੇ ਪਿਛਲੇ ਕੁਝ ਸਮੇਂ ਤੋਂ ਨਾਜਾਇਜ਼ ਤੌਰ 'ਤੇ ਕਬਜ਼ਾ ਕੀਤਾ ਗਿਆ ਸੀ, ਜਿਸ ਨੂੰ ਲੰਬੇ ਸਮੇਂ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਨਗਰ ਨਿਗਮ ਵੱਲੋਂ ਵਾਰ-ਵਾਰ ਚੇਤਾਵਨੀ ਦੇਣ ਦੇ ਬਾਵਜੂਦ ਵੀ ਕਬਜ਼ਾਧਾਰੀ ਇਨਸਾਨ ਕਬਜ਼ਾ ਖਾਲੀ ਕਰਨ ਤੋਂ ਇਨਕਾਰ ਕਰ ਰਿਹਾ ਸੀ ਪਰ ਅੱਜ ਨਗਰ ਨਿਗਮ ਨੇ ਮੌਕੇ 'ਤੇ ਪੁੱਜ ਕੇ ਇਹ ਕਬਜ਼ਾ ਹਟਾ ਕੇ ਸਰਕਾਰੀ ਜਾਇਦਾਦ ਨੂੰ ਮੁੜ ਨਿਗਮ ਦੇ ਅਧੀਨ ਲਿਆ।ਇਹ ਕਾਰਵਾਈ ਮਾਨਯੋਗ ਮੇਅਰ ਕੁੰਦਨ ਗੋਗੀਆ ਅਤੇ ਕਮਿਸ਼ਨਰ ਪਰਮਵੀਰ ਸਿੰਘ ਦੀ ਰਹਿਨੁਮਾਈ ਹੇਠ ਕੀਤੀ ਗਈ।ਕਾਰਵਾਈ ਦੀ ਅਗਵਾਈ ਇੰਸਪੈਕਟਰ ਵਿਸ਼ਾਲ ਵਰਮਾ ਅਤੇ ਐਸ.ਡੀ.ਓ.ਅਮਨਿੰਦਰ ਸਿੰਘ ਵੱਲੋਂ ਕੀਤੀ ਗਈ। ਨਗਰ ਨਿਗਮ ਦੀ ਟੀਮ ਨੇ ਮੌਕੇ 'ਤੇ ਪੁੱਜ ਕੇ ਕਾਨੂੰਨੀ ਪ੍ਰਕਿਰਿਆ ਦੇ ਤਹਿਤ ਕਬਜ਼ਾ ਹਟਵਾਇਆ।ਕਾਰਵਾਈ ਦੌਰਾਨ ਨਿਗਮ ਟੀਮ ਦੇ ਨਾਲ ਪੁਲਿਸ ਵੀ ਮੌਜੂਦ ਰਹੀ, ਤਾਂ ਜੋ ਕੋਈ ਵੀ ਰੁਕਾਵਟ ਜਾਂ ਕਾਨੂੰਨ-ਵਿਰੁੱਧ ਹਰਕਤ ਨਾ ਹੋਵੇ। ਕਾਰਵਾਈ ਦੌਰਾਨ ਪਾਰਕ ਵਿੱਚ ਖੜੀ ਨਿਰਮਾਣ ਸਮਗਰੀ ਅਤੇ ਹੋਰ ਸਾਮਾਨ ਨੂੰ ਸਥਾਨ ਤੋਂ ਹਟਾਇਆ ਗਿਆ। ਇੰਸਪੈਕਟਰ ਵਿਸ਼ਾਲ ਵਰਮਾ ਨੇ ਕਿਹਾ ਇਹ ਕਬਜ਼ਾ ਲੰਬੇ ਸਮੇਂ ਤੋਂ ਚੱਲ ਰਿਹਾ ਸੀ ਅਤੇ ਕਈ ਵਾਰ ਨੋਟਿਸ ਜਾਰੀ ਕੀਤੇ ਗਏ, ਪਰ ਕੋਈ ਸਕਾਰਾਤਮਕ ਜਵਾਬ ਨਹੀਂ ਮਿਲਿਆ।ਅੱਜ ਅਸੀਂ ਨਿਗਮ ਟੀਮ ਅਤੇ ਪੁਲਿਸ ਦੇ ਸਹਿਯੋਗ ਨਾਲ ਇਹ ਜਾਇਦਾਦ ਮੁੜ ਕਬਜ਼ਾ ਮੁਕਤ ਕਰਵਾਈ ਹੈ।ਕਮਿਸ਼ਨਰ ਪਰਮਵੀਰ ਸਿੰਘ ਨੇ ਵੀ ਚੇਤਾਵਨੀ ਦਿੰਦਿਆਂ ਕਿਹਾ ਕਿ ਨਗਰ ਨਿਗਮ ਵੱਲੋਂ ਅਗਲੇ ਦਿਨਾਂ ਵਿੱਚ ਹੋਰ ਵੀ ਅਜਿਹੇ ਕਬਜ਼ੇ ਪਛਾਣ ਕੇ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ।

## ਮਿਲੇਨੀਅਮ ਵਰਲਡ ਸਕੂਲ ਨੇ ਜ਼ੋਨਲ ਖੇਡਾਂ 'ਚ ਮਾਰੀ ਬਾਜ਼ੀ



ਸਮਾਣਾ, 1 ਅਗਸਤ (ਵਿਜੇ ਕੁਮਾਰ) : ਮਿਲੇਨੀਅਮ ਵਰਲਡ ਸਕੂਲ, ਸਮਾਣਾ ਨੇ ਇੱਕ ਵਾਰ ਫਿਰ ਖੇਡਾਂ ਦੇ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਦਿੱਤੀ ਹੈ। ਹਾਲ ਹੀ ਵਿੱਚ ਹੋਏ ਸਮਾਣਾ ਜੋਨਲ ਖੇਡ ਟੂਰਨਾਮੈਂਟ ਵਿੱਚ ਮਿਲੇਨੀਅਮ ਦੇ ਵਿਦਿਆਰਥੀਆਂ ਨੇ ਉੱਤਮ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ। ਅੰਡਰ-14 ਗਰਲਜ਼ ਵਾਲੀਬਾਲ ਟੀਮ (ਮੇਹਕ, ਪਰਤੀਕ ਕੌਰ, ਇਸ਼ਿਤਾ, ਹਰਨਿਮ੍ਰਤ ਕੌਰ, ਸੁਰਵੀਨ ਕੌਰ) ਨੇ ਸਮਾਣਾ ਜੋਨ 'ਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਹੁਣ ਉਹ ਜ਼ਿਲ੍ਹਾ ਪੱਧਰ 'ਤੇ ਖੇਡਣ ਲਈ ਚੁਣੀ ਗਈ ਹੈ। ਟੀਮ ਨੇ ਆਪਣੀ ਇਕਜੁੱਟਤਾ, ਮਿਹਨਤ ਅਤੇ ਸ਼ਾਨਦਾਰ ਖੇਡ ਰਾਹੀਂ ਸਭ ਦਾ ਦਿਲ ਜਿੱਤ ਲਿਆ। ਇਸ ਤੋਂ ਇਲਾਵਾ, ਅੰਡਰ-17 ਗਰਲਜ਼ ਬੈਡਮਿੰਟਨ ਟੀਮ (ਰਿਧਮ ਕੌਰ, ਨਵਜੋਤ ਕੌਰ, ਗੁਰਨੂਰ ਕੌਰ, ਅਨਮੋਲ, ਖੁਸ਼ਪ੍ਰੀਤ ਕੌਰ, ਪ੍ਰਿਧੀ, ਗੁਰਲੀਨ ਕੌਰ, ਜਸਮੀਨ ਕੌਰ, ਨਵਦੀਪ ਕੌਰ) ਨੇ ਵੀ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦੀ ਸ਼ਾਨ ਵਧਾਈ।ਉਨ੍ਹਾਂ ਨੇ ਪੂਰੇ ਮੁਕਾਬਲੇ ਦੌਰਾਨ ਸੋਚ-ਵਿਚਾਰ, ਟੈਕਨੀਕ ਅਤੇ ਖੇਡ ਆਤਮਾ ਨਾਲ ਖੇਡ ਦਿਖਾਈ। ਡਾ. ਕੇ.ਕੇ. ਜੋਹਰੀ, ਚੇਅਰਮੈਨ, ਮਿਲੇਨੀਅਮ ਗਰੁੱਪ ਆਫ ਸਕੂਲਜ਼ ਨੇ ਟੀਮਾਂ ਨੂੰ ਵਧਾਈ ਦਿੰਦਿਆਂ ਕਿਹਾ, ਇਹ ਜਿੱਤਾਂ ਮਿਲੇਨੀਅਮ ਦੀ ਅਨੁਸ਼ਾਸਨ ਅਤੇ ਗੁਣਵੱਤਾ ਵਾਲੀ ਨੀਵ ਨੂੰ ਦਰਸਾਉਂਦੀਆਂ ਹਨ। ਸਾਡੇ ਵਿਦਿਆਰਥੀ ਹਰ ਖੇਤਰ ਵਿੱਚ ਚਮਕ ਰਹੇ ਹਨ।ਮਿਸਜ਼ ਸ਼ਾਲਿਨੀ ਕਾਜਲਾ, ਪ੍ਰਿੰਸੀਪਲ, ਮਿਲੇਨੀਅਮ ਵਰਲਡ ਸਕੂਲ ਸਮਾਣਾ ਨੇ ਖੁਸ਼ੀ ਜਤਾਈ, ਸਾਡੀਆਂ ਧੀਆਂ ਨੇ ਆਪਣੇ ਮਨੁੱਖੀ ਗੁਣਾਂ ਅਤੇ ਟੀਮ ਵਰਕ ਰਾਹੀਂ ਸਾਡੇ ਸਕੂਲ ਦੀ ਇੱਜ਼ਤ ਵਧਾਈ ਹੈ।

## ਡੀ.ਐੱਸ.ਪੀ. ਦਫ਼ਤਰ 'ਚ ਤਾਇਨਾਤ ਏ.ਐੱਸ.ਆਈ. ਸਤਨਾਮ ਸਿੰਘ ਦਾ ਦੇਹਾਂਤ



ਸਮਾਣਾ 1 ਅਗਸਤ (ਵਿਜੇ ਕੁਮਾਰ) : ਡੀਐੱਸਪੀ ਦਫ਼ਤਰ ਪਾਤੜਾਂ ਵਿੱਚ ਤਾਇਨਾਤ ਏ.ਐੱਸ.ਆਈ. ਸਤਨਾਮ ਸਿੰਘ ਦਾ ਇਲਾਜ ਦੌਰਾਨ ਦੇਹਾਂਤ ਹੋ ਗਿਆ, ਜਿਸ ਤੋਂ ਬਾਅਦ ਉਨ੍ਹਾਂ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਠਰੂਆ ਪੁਲਿਸ ਚੌਕੀ ਦੇ ਏਐੱਸਆਈ ਜਗਤਾਰ ਰਾਮ ਨੇ ਦੱਸਿਆ ਕਿ ਮ੍ਰਿਤਕ ਏਐੱਸਆਈ ਸਤਨਾਮ ਸਿੰਘ (56) ਪੁੱਤਰ ਅਮਰ ਸਿੰਘ, ਵਾਸੀ ਪਿੰਡ ਸ਼ੇਰਗੜ੍ਹ, ਦੇ ਪੁੱਤਰ ਗੁਰਪਿੰਦਰ ਸਿੰਘ ਦੇ ਬਿਆਨਾਂ ਮੁਤਾਬਕ 25 ਜੁਲਾਈ ਨੂੰ ਅਚਾਨਕ ਉਨ੍ਹਾਂ ਦੇ ਪਿਤਾ ਦੀ ਤਬੀਅਤ ਖ਼ਰਾਬ ਹੋ ਗਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪਟਿਆਲਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਬੀਤੇ ਦਿਨ ਹਸਪਤਾਲ ਵਿੱਚ ਇਲਾਜ ਦੌਰਾਨ ਉਨ੍ਹਾਂ ਦਾ ਦੇਹਾਂਤ ਹੋ ਗਿਆ। ਅਧਿਕਾਰੀ ਅਨੁਸਾਰ, ਦਰਜ ਕੀਤੇ ਗਏ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਪੋਸਟਮਾਰਟਮ ਤੋਂ ਬਾਅਦ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਅਤੇ ਉਨ੍ਹਾਂ ਦੇ ਜੱਦੀ ਪਿੰਡ ਸ਼ੇਰਗੜ੍ਹ ਵਿੱਚ ਸਰਕਾਰੀ ਸਨਮਾਨਾਂ ਨਾਲ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।

## ਸਿਹਤ ਵਿਭਾਗ ਦੀਆਂ ਟੀਮਾਂ ਨੇ ਸਕੂਲਾਂ 'ਚ ਡੇਂਗੂ ਦੀ ਰੋਕਥਾਮ ਲਈ ਕੀਤੀਆਂ ਗਤੀਵਿਧੀਆਂ



ਪਟਿਆਲਾ, 1 ਅਗਸਤ (ਰੁਪਾਣਾ) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸਿਵਲ ਸਰਜਨ ਪਟਿਆਲਾ ਡਾ.ਜਗਪਾਲਇੰਦਰ ਸਿੰਘ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਡੇਂਗੂ ਵਿਰੋਧੀ ਡਰਾਈ ਡੇਅ ਅਭਿਆਨ ਚਲਾਇਆ ਗਿਆ। ਇਸ ਦੌਰਾਨ ਡੇਂਗੂ ਦੀ ਰੋਕਥਾਮ ਤੇ ਜਾਗਰੂਕਤਾ ਫੈਲਾਉਣ ਸਬੰਧੀ ਗਤੀਵਿਧੀਆਂ ਕੀਤੀਆਂ ਗਈਆਂ ਅਤੇ ਨਾਲ ਹੀ ਲਾਰਵੇ ਦੀ ਜਾਂਚ ਕਰਨ ਉਪਰੰਤ ਨਾਲ ਦੀ ਨਾਲ ਹੀ ਉਸ ਨੂੰ ਖਤਮ ਕਰਵਾਇਆ ਗਿਆ। ਸਕੂਲਾਂ ਦੇ ਵਿਦਿਆਰਥੀਆਂ, ਅਧਿਆਪਕਾਂ ਤੇ ਹੋਰ ਅਮਲੇ ਨੂੰ ਡੇਂਗੂ ਬਾਰੇ ਜਾਗਰੂਕ ਕਰਨ ਲਈ ਸਿਹਤ ਅਧਿਕਾਰੀਆਂ ਵੱਲੋਂ ਲੈਕਚਰ ਦਿੱਤੇ ਗਏ ਤੇ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਪਛਾਣ ਵੀ ਕਰਵਾਈ ਗਈ। ਜ਼ਿਲ੍ਹਾ ਐਪੀਡੇਮੋਲੋਜਿਸਟ ਡਾ.ਸੁਮੀਤ ਸਿੰਘ ਨੇ ਆਖਿਆ ਕਿ ਇਸ ਵਾਰ ਬਰਸਾਤ ਦਾ ਮੌਸਮ ਜਲਦ ਸ਼ੁਰੂ ਹੋਣ ਅਤੇ ਬਾਰ-ਬਾਰ ਹੋ ਰਹੀ ਬਰਸਾਤ ਕਾਰਨ ਡੇਂਗੂ ਦਾ ਲਾਰਵਾ ਵੱਧ ਤਾਦਾਦ ਵਿੱਚ ਮਿਲ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਵਾਰੀ ਸਮੁੱਚੇ ਪਟਿਆਲਾ ਜ਼ਿਲ੍ਹੇ ਵਿੱਚ ਹੁਣ ਤੱਕ 15 ਡੇਂਗੂ ਦੇ ਕੇਸ ਪਾਏ ਗਏ ਹਨ। ਉਹਨਾਂ ਤੇਜ਼ ਬੁਖਾਰ ਅਤੇ ਬਦਨ ਦਰਦ ਦੀ ਸ਼ਿਕਾਇਤ ਹੋਣ 'ਤੇ ਡੇਂਗੂ ਜਾਂਚ ਕਰਵਾਉਣ ਦੀ ਸਲਾਹ ਦਿੱਤੀ। ਡੇਂਗੂ ਵਿਰੋਧੀ ਚਲਾਏ ਡਰਾਈ ਡੇਅ ਅਭਿਆਨ ਅਧੀਨ ਸਟਾਫ ਦੀਆਂ ਟੀਮਾਂ, ਨਰਸਿੰਗ ਸਟਾਫ, ਵੀਐਚਐਨਸੀ ਮੈਂਬਰਾਂ ਤੇ ਆਸ਼ਾ ਵਰਕਰਾਂ ਦੇ ਸਹਿਯੋਗ ਨਾਲ ਇਸ ਹਫਤੇ ਜ਼ਿਲ੍ਹੇ ਭਰ ਦੇ 41540 ਘਰਾਂ ਵਿਚ ਪਹੁੰਚ ਕੇ ਡੇਂਗੂ ਲਾਰਵੇ ਦੀ ਚੈਕਿੰਗ ਕੀਤੀ ਗਈ ਅਤੇ 421 ਥਾਵਾਂ 'ਤੇ ਮਿਲੇ ਲਾਰਵੇ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ।ਉਹਨਾਂ ਇਹ ਵੀ ਦੱਸਿਆ ਕਿ ਹੁਣ ਤੱਕ ਸਿਹਤ ਟੀਮਾਂ ਵੱਲੋਂ ਡਰਾਈ ਡੇਅ ਮੁਹਿੰਮ ਤਹਿਤ 507991 ਘਰਾਂ ਦਾ ਸਰਵੇ ਕੀਤਾ ਜਾ ਚੁੱਕਾ ਹੈ, ਜਿਹਨਾਂ ਵਿੱਚ 2789 ਥਾਵਾਂ 'ਤੇ ਮਿਲੇ ਲਾਰਵਾ ਮਿਲਿਆ ਜਿਸ ਨੂੰ ਟੀਮਾਂ ਵੱਲੋਂ ਮੌਕੇ 'ਤੇ ਹੀ ਨਸ਼ਟ ਕਰਵਾ ਦਿੱਤਾ ਗਿਆ ਹੈ ਅਤੇ ਸਬੰਧਿਤ ਪਰਿਵਾਰਾਂ ਨੂੰ ਅਗਾਂਹ ਲਈ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ।